ISSN-0971-8354

# ਯੋਜਨਾ

ਵਿਸ਼ੇਸ਼ ਅੰਕ

ਜਨਵਰੀ 2015 ਇਕ ਵਿਕਾਸ ਮਾਸਿਕ ₹20

# ਸਵੱਛਤਾ, ਵਿਕਾਸ ਤੇ ਸਮਾਜਿਕ ਪਰਿਵਰਤਨ


**ਭਾਰਤ ਵਿਚ ਸਵੱਛਤਾ ਤੇ ਸਮਾਜਿਕ ਪਰਿਵਰਤਨ**
ਵਿਜੇਯਨ ਕੇ. ਪਿੱਲੇ ਤੇ ਰੂਪਾਲ ਪਾਰੇਖ

**ਸੰਪੂਰਨ ਸਵੱਛਤਾ ਵਿਚ ਰੁਕਾਵਟਾਂ**
ਗ੍ਰੇਗਰੀ ਪੀਅਰਜ਼

**ਭਾਰਤ ਵਿਚ ਸ਼ਹਿਰੀ ਸਵੱਛਤਾ : ਇਕ ਵਿਕਾਸ ਦ੍ਰਿਸ਼ਟੀ**
ਤ੍ਰਿਸ਼ਾ ਅਗਰਵਾਲ

ਵਿਸ਼ੇਸ਼ ਲੇਖ
**ਭਾਰਤ ਵਿਚ ਆਮਦਨ ਅਬਰਾਬਰੀ ਦੇ ਕਾਰਕ**
ਤੁਲਸੀ ਜਯਾਕੁਮਾਰ

ਫੋਕਸ
**ਉੱਤਰਾਖੰਡ : ਆਰਥਿਕ ਵਿਕਾਸ ਦਾ ਵਾਤਾਵਰਨ 'ਤੇ ਪ੍ਰਭਾਵ**
ਗੁਰਿੰਦਰ ਕੌਰ




# 'ਕੌਣ' ਦਾ ਸਵਾਲ

ਗੱਲ ਇਕ ਕਹਾਣੀ ਤੋਂ ਸ਼ੁਰੂ ਕਰਦੇ ਹਾਂ, ਅਸਲ ਵਿਚ ਇਹ ਗਾਂਧੀ ਜੀ ਦੇ ਜੀਵਨ ਦੀ ਇਕ ਘਟਨਾ ਹੈ। ਸਾਲ ਸੀ 1898। ਡਰਬਨ, ਦੱਖਣੀ ਅਫ਼ਰੀਕਾ। ਗਾਂਧੀ ਜੀ ਇਕ ਵਕੀਲ ਵਜੋਂ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਦੇ ਦਫ਼ਤਰ ਦੇ ਬਾਬੂ ਉਨ੍ਹਾਂ ਦੇ ਨਾਲ ਹੀ ਘਰ ਵਿਚ ਰਹਿੰਦੇ ਕਰਦੇ ਸਨ। ਇਕ ਵਾਰ 'ਪੰਚਮਾ' ਮਾਪਿਆਂ ਦਾ ਈਸਾਈ ਬੇਟਾ ਵੀ ਉਨ੍ਹਾਂ ਦੇ ਘਰ ਠਹਿਰਿਆ। ਕਮਰਿਆਂ ਵਿਚ ਮਲ਼ ਤਿਆਗ ਲਈ ਛੋਟੇ ਭਾਂਡੇ ਰੱਖੇ ਹੋਏ ਸਨ ਜਿਨ੍ਹਾਂ ਨੂੰ ਹਰ ਰੋਜ਼ ਸਵੇਰੇ ਕਸਤੂਰਬਾ ਗਾਂਧੀ ਸਾਫ਼ ਕਰਿਆ ਕਰਦੇ ਸਨ। ਪਰ, ਉਹ ਇਕ ਨਿਮਨ ਜਾਤ ਵਾਲੇ ਦੇ ਮਲ਼-ਮੂਤਰ ਭਾਂਡੇ ਨੂੰ ਸਾਫ਼ ਕਰ ਕੇ ਖ਼ੁਸ਼ ਨਹੀਂ ਸਨ, ਨਾ ਹੀ ਉਹ ਚਾਹੁੰਦੇ ਸਨ ਕਿ ਗਾਂਧੀ ਜੀ ਇਹ ਕੰਮ ਕਰਨ। ਗਾਂਧੀ ਜੀ ਨੇ ਮਜਬੂਰ ਕੀਤਾ ਕਿ ਉਹ ਖ਼ੁਸ਼ੀ ਨਾਲ ਇਹ ਕੰਮ ਕਰਨ। ਉਹ ਆਪਣੀ ਆਤਮ-ਕਥਾ ਵਿਚ ਲਿਖਦੇ ਹਨ, *"ਮੈਂ ਆਪਣੇ ਆਪ ਨੂੰ ਭੁੱਲ ਗਿਆ, ਅਤੇ ਮੇਰੇ ਅੰਦਰ ਦਇਆ ਦਾ ਸੋਮਾ ਖ਼ੁਸ਼ਕ ਹੋ ਗਿਆ। ਮੈਂ ਉਸ ਦਾ ਹੱਥ ਫੜਿਆ ਅਤੇ ਬੇਚਾਰੀ ਔਰਤ ਨੂੰ ਘੜੀਸ ਕੇ ਦਰਵਾਜ਼ੇ ਤਕ ਲੈ ਗਿਆ, ਜੋ ਪੌੜੀ ਦੇ ਬਿਲਕੁਲ ਸਾਹਮਣੇ ਸੀ ਤੇ ਇਸ ਨੂੰ ਖੋਲ੍ਹਣ ਲਈ ਅੱਗੇ ਵਧਿਆ ਤਾਂ ਜੋ ਉਸ ਨੂੰ ਬਾਹਰ ਕੱਢ ਸਕਾਂ।"* ਗਾਂਧੀ ਜੀ ਸ਼ਰਮ ਦੀ ਭਾਵਨਾ ਨਾਲ ਉਸ ਘਟਨਾ ਨੂੰ ਯਾਦ ਕਰਦੇ ਹਨ।

ਇਹ ਕਹਾਣੀ, ਗਾਂਧੀ ਜੀ ਦੀ ਸਾਫ਼-ਸਫ਼ਾਈ ਅਤੇ ਜਾਤੀ-ਪਸਾਰੇ ਦੇ ਮੁੱਦੇ ਦੇ ਆਪਸੀ ਸੰਬੰਧ 'ਤੇ ਇਕ ਡੂੰਘੀ ਝਾਤ ਪੁਆਉਂਦੀ ਹੈ। ਸਾਫ਼-ਸਫ਼ਾਈ ਦੇ ਮੁੱਦੇ 'ਤੇ ਗਾਂਧੀ ਜੀ ਦੀ ਗਹਿਰੀ ਸ਼ਮੂਲੀਅਤ ਸਿਰਫ਼ ਨਿੱਜੀ ਸਫ਼ਾਈ ਦਾ ਇਕ ਮੁੱਦਾ ਨਹੀਂ ਸੀ, ਪਰ ਇਹ ਉਨ੍ਹਾਂ ਦੀ ਦੁਨੀਆਂ ਸੰਬੰਧੀ ਸੰਪੂਰਨ ਸਮਝ ਨਾਲ ਸੰਬੰਧਿਤ ਸੀ। ਇਹ ਇਕ ਤਰੀਕੇ ਨਾਲ ਨਿੱਜ, ਸਮਾਜ ਅਤੇ ਰਾਜ ਦਰਮਿਆਨ ਬਹੁ-ਪੱਖੀ ਸੰਬੰਧਾਂ ਦੀ ਵਿਆਖਿਆ ਹੈ। ਉਹ ਸਮਝਦੇ ਸਨ ਕਿ ਦੱਖਣੀ ਅਫ਼ਰੀਕਾ ਵਿਚ ਸਵੱਛਤਾ ਇਕ ਰਾਜਨੀਤਕ ਮੁੱਦਾ ਹੈ, ਜਿਸ ਨੇ ਬ੍ਰਤਾਨਵੀ ਸ਼ਾਸਕਾਂ ਨੂੰ ਨਸਲੀ ਭਿੰਨ-ਭੇਦ ਨੂੰ ਜਾਰੀ ਰੱਖਣ ਦਾ ਇਕ ਹਥਿਆਰ ਦੇ ਦਿਤਾ ਹੈ। ਭਾਰਤੀ ਅਤੇ ਕਾਲ਼ੇ ਅਫ਼ਰੀਕਨ ਲੋਕਾਂ ਦੇ ਹੱਕਾਂ ਦੀ ਲੜਾਈ ਨੂੰ ਸਾਫ਼-ਸਫ਼ਾਈ ਅਤੇ ਨਿੱਜੀ ਸਿਹਤ-ਸਵਾਸਥ ਤੋਂ ਨਿਖੇੜਿਆ ਨਹੀਂ ਜਾ ਸਕਦਾ। ਗਾਂਧੀ ਜੀ ਦੇ ਦੱਖਣੀ ਅਫ਼ਰੀਕਾ ਵਿਚ ਬਿਤਾਏ ਦਿਨਾਂ ਅਤੇ 1947-48 ਦੇ ਸਮੇਂ ਤਕ ਇਕ ਨਿਰੰਤਰਤਾ ਨਜ਼ਰ ਆਉਂਦੀ ਹੈ ਜਦੋਂ ਉਨ੍ਹਾਂ ਨੇ ਦਿੱਲੀ ਵਿਚ ਹੱਥੀ ਮੈਲ਼ਾ ਚੁੱਕ ਕੇ ਸਫ਼ਾਈ ਕਰਨ ਵਾਲਿਆਂ ਦੀ ਬਸਤੀ ਵਿਚ ਠਹਿਰਨ ਦਾ ਫ਼ੈਸਲਾ ਕੀਤਾ। ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਸਿਰਫ਼ ਸਵੱਛਤਾ ਬਾਰੇ ਗੱਲਾਂ ਕਰਨ ਨਾਲ ਕੰਮ ਨਹੀਂ ਚੱਲਦਾ ਜਦ ਤਕ ਕਿ ਇਸ ਨਾਲ ਜੁੜੇ ਕਲੰਕਾਂ ਅਤੇ ਸਮਾਜਿਕ ਨਿਖੇੜੇ ਨੂੰ ਚੁਨੌਤੀ ਨਹੀਂ ਦਿਤੀ ਜਾਂਦੀ। ਅਸਲ ਵਿਚ, ਗਾਂਧੀ ਜੀ ਲਈ ਸਵੱਛਤਾ ਇਕ ਬੁਨਿਆਦੀ ਤਬਦੀਲੀ ਲਿਆਉਣ ਵਾਲਾ ਮੁੱਦਾ ਸੀ, ਇਕ ਪਰਿਵਰਤਸ਼ੀਲ ਸੰਭਾਵਨਾ।

ਸਵੱਛਤਾ ਦਾ ਮੁੱਦਾ ਇਕ ਵਾਰ ਫਿਰ ਮੁੱਖ ਧਾਰਾ ਵਿਚ ਆ ਗਿਆ ਹੈ, ਜਦੋਂ ਸਰਕਾਰ ਵਲੋਂ ਦੇਸ਼ ਵਿਆਪੀ ਸਵੱਛਤਾ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਸੱਚ ਹੈ ਕਿ ਲੰਮੇ ਸਮੇਂ ਤੋਂ ਸਵੱਛਤਾ ਪ੍ਰੋਗਰਾਮ ਸਰਕਾਰੀ ਨੀਤੀਆਂ ਦਾ ਹਿੱਸਾ ਰਹੇ ਹਨ ਪਰ ਪਹਿਲਾਂ ਇਸ ਨੂੰ ਪ੍ਰਸ਼ਾਸਕੀ ਅਤੇ ਮੀਡੀਆ ਕਵਰੇਜ਼ ਦਾ 'ਵੱਡਾ ਹੁਲਾਰਾ' ਨਹੀਂ ਮਿਲਿਆ ਸੀ। ਹੁਣ ਸਰਕਾਰ ਆਉਣ ਵਾਲੇ ਕੁਝ ਸਾਲਾਂ ਦੌਰਾਨ ਸ਼ਹਿਰੀ ਕੂੜਾ-ਕਰਕਟ, ਪਖ਼ਾਨਿਆਂ ਦੀ ਉਸਾਰੀ, ਨਿੱਜੀ ਸਫ਼ਾਈ ਲਈ ਲੋਕ-ਚੇਤਨਾ 'ਤੇ ਵੱਡੀ ਰਕਮ ਖਰਚ ਕਰਨ ਲਈ ਪ੍ਰਤਿਬਧ ਹੈ ਜਿਸ ਲਈ ਰਾਜ ਸਰਕਾਰਾਂ, ਨਿੱਜੀ ਖੇਤਰ ਦੇ ਉਦਯੋਗਾਂ, ਕਾਰਪੋਰੇਟ ਘਰਾਣਿਆਂ ਅਤੇ ਗ਼ੈਰ-ਸਰਕਾਰੀ ਸੰਗਠਨਾਂ ਆਦਿ ਦਾ ਸਹਿਯੋਗ ਲਿਆ ਜਾਵੇਗਾ।

ਪਰ, ਉਨ੍ਹਾਂ ਲੋਕਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਦੇ ਮੋਢਿਆਂ 'ਤੇ ਸੀਵਰ, ਪਖ਼ਾਨੇ, ਦਫ਼ਤਰ ਤੇ ਨਗਰ-ਨਿਗਮ ਦੇ ਥਾਵਾਂ ਦੀ ਸਾਫ਼-ਸਫ਼ਾਈ ਦੀ ਜ਼ਿੰਮੇਵਾਰੀ ਹੈ। ਲੱਖਾਂ ਹੀ ਸਫ਼ਾਈ ਕਰਮਚਾਰੀ ਬਹੁਤ ਘੱਟ ਉਜਰਤਾਂ 'ਤੇ ਕੰਮ ਕਰਦੇ ਹਨ ਅਤੇ ਕੰਮ ਦੀਆਂ ਅਮਾਨਵੀ ਹਾਲਤਾਂ ਤੋਂ ਪੀੜਤ ਹਨ। ਸਮਾਜਿਕ ਤੌਰ ਤੇ ਇਹ ਕਾਮੇ ਸਮਾਜ ਦੇ ਕਮਜ਼ੋਰ ਤਬਕੇ ਨਾਲ ਸੰਬੰਧਿਤ ਹੁੰਦੇ ਹਨ। ਵੱਡੀ ਗਿਣਤੀ ਵਿਚ ਕੂੜਾ ਚੁਗਣ ਵਾਲੇ ਲੋਕ ਹਨ ਜੋ 14 ਸਾਲ ਤੋਂ ਘੱਟ ਉਮਰ ਦੇ ਹਨ। ਉਨ੍ਹਾਂ ਦੀ ਕੋਈ ਸਮਾਜਿਕ ਸੁਰੱਖਿਆ ਨਹੀਂ। ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਭਾਰਤ ਦੇ '90 ਪ੍ਰਤਿਸ਼ਤ ਸਫ਼ਾਈ ਕਰਮਚਾਰੀ ਵੱਖ-ਵੱਖ ਛੂਤ ਦੀਆਂ ਬੀਮਾਰੀਆਂ ਲੱਗਣ ਕਰਕੇ 60 ਸਾਲਾਂ ਦੀ ਉਮਰ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ।' ਸਾਫ਼ ਤੌਰ ਤੇ, ਸਾਫ਼-ਸਫ਼ਾਈ ਦੇ ਸੰਦਰਭ ਵਿਚ, ਅਲਿਹਦਗੀ ਅਤੇ ਮਾਣ-ਸਨਮਾਨ ਦੇ ਸਵਾਲ ਸਾਹਮਣੇ ਲਿਆਉਣੇ ਚਾਹੀਦੇ ਹਨ ਅਤੇ ਇਨ੍ਹਾਂ ਦਾ ਟਾਕਰਾ ਉਸੇ ਦ੍ਰਿੜ੍ਹਤਾ ਅਤੇ ਰਾਜਨੀਤਕ ਇੱਛਾ ਸ਼ਕਤੀ ਨਾਲ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਵਿੱਤੀ ਸੰਸਾਧਨਾਂ ਅਤੇ ਪ੍ਰਸ਼ਾਸਨਿਕ ਪ੍ਰੋਗਰਾਮਾਂ ਦੇ ਮਾਮਲੇ ਵਿਚ ਕੀਤਾ ਜਾਂਦਾ ਹੈ।

ਇਸ ਦਾ ਇਕ ਬਹੁਤ ਹੀ ਪ੍ਰਤੀਕਾਤਮਕ ਮੁੱਲ ਹੈ ਕਿ ਸਰਕਾਰ ਵਲੋਂ ਗਾਂਧੀ ਜੀ ਨੂੰ ਇਕ ਪਵਿੱਤਰ ਵਿਅਕਤੀ ਅਤੇ ਪ੍ਰੇਰਨਾ ਸਰੋਤ ਵਜੋਂ ਇਸ ਪ੍ਰੋਗਰਾਮ ਦਾ ਕੇਂਦਰ ਬਿੰਦੂ ਬਣਾਇਆ ਗਿਆ ਹੈ। ਗਾਂਧੀ ਜੀ ਦੀਆਂ ਐਨਕਾਂ ਦਾ ਪ੍ਰਤੀਕਾਤਮਕ ਮੁੱਲ ਤਾਂ ਹੀ ਸਹੀ ਅਰਥਾਂ ਵਿਚ ਸਤਿਕਾਰਿਆ ਜਾਵੇਗਾ ਜਦੋਂ ਦੇਸ਼ ਦੇ ਕਿਸੇ ਵੀ ਸਫ਼ਾਈ ਕਰਮਚਾਰੀ ਦੀ ਮੈਨਹੋਲ ਸਾਫ਼ ਕਰਦਿਆਂ ਜਾਂ ਕੂੜਾ ਚੁਗਣ ਵਾਲੇ ਦੀ ਮੌਤ ਛੂਤ ਦੀ ਬੀਮਾਰੀ ਲੱਗਣ ਨਾਲ ਨਾ ਹੋਵੇ। ਅਤੇ ਹਾਂ, ਜਦੋਂ ਸਾਰੀਆਂ ਜਾਤਾਂ ਦੇ ਵਿਅਕਤੀ ਅਤੇ ਨਾ ਕਿ ਸਿਰਫ਼ ਦਲਿਤ ਹੀ, *ਸਫ਼ਾਈ-ਕਰਮਚਾਰੀ* ਖ਼ੁਸ਼ੀ-ਖ਼ੁਸ਼ੀ ਸੀਵਰ ਸਾਫ਼ ਕਰਨ ਜਾਂ ਨਗਰ-ਨਿਗਮ ਦੀਆਂ ਜਨਤਕ ਥਾਵਾਂ ਸਾਫ਼ ਕਰਨ ਲਈ ਅੱਗੇ ਆਉਣਗੇ ਤਾਂ ਗਾਂਧੀ ਜੀ ਦੀ ਚਿਰਸਥਾਈ ਮੁਸਕਰਾਹਟ ਸਵਾਗਤ ਕਰੇਗੀ। ਸ਼ਾਲਾ, ਬਾਪੂ ਦੇ ਅਸ਼ੀਰਵਾਦ ਸਦਕਾ ਇਸ ਨੂੰ ਜ਼ਿਆਦਾ ਸਮਾਂ ਨਾ ਲੱਗੇ। – ***ਮੁੱਖ ਸੰਪਾਦਕ***

## ਇਕ ਵਿਕਸਤ ਰਾਸ਼ਟਰ ਲਈ ਦ੍ਰਿਸ਼ਟੀ

**ਸੁਸ਼ਾਸਨ ਦਿਵਸ**

ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪੇਈ ਦਾ ਜਨਮ ਦਿਵਸ, 25 ਦਸੰਬਰ 'ਸੁਸ਼ਾਸਨ ਦਿਵਸ' ਵਜੋਂ ਮਨਾਇਆ ਗਿਆ। ਇਸ ਮੌਕੇ ਉਤੇ, ਉਨ੍ਹਾਂ ਦੇ ਭਾਸ਼ਨਾਂ ਵਿਚੋਂ ਕੁੱਝ ਅੰਸ਼ ਹੇਠਾਂ ਛਾਪੇ ਜਾ ਰਹੇ ਹਨ –

**ਸੁਸ਼ਾਸਨ : ਪਾਰਦਰਸ਼ਤਾ, ਜਵਾਬਦੇਹੀ ਅਤੇ ਭਰੋਸੇਯੋਗ**

***... ਸੁਸ਼ਾਸਨ ਦੇ ਜ਼ਰੂਰੀ ਤੱਤ ਹਨ:***

• ਇਕ ਵਿਆਪਕ ਕਾਨੂੰਨੀ ਢਾਂਚਾ, ਜੋ ਇਕ ਕਾਬਲ ਅਤੇ ਨਿਰਪੱਖ ਨਿਆਂ ਪ੍ਰਨਾਲੀ ਵਲੋਂ ਸੁਰੱਖਿਅਤ ਕੀਤਾ ਅਤੇ ਲਾਗੂ ਕੀਤਾ ਜਾਵੇ। • ਇਕ ਜਵਾਬਦੇਹ, ਖੁੱਲ੍ਹੀ ਅਤੇ ਪਾਰਦਰਸ਼ੀ, ਫ਼ੈਸਲੇ ਲੈਣ ਵਾਲੀ ਕਾਰਜਪਾਲਿਕਾ ਜਿਸ ਵਿਚ ਨਿਪੁੰਨ, ਯੋਗ ਅਤੇ ਲੋਕ ਹਿਤ ਨੌਕਰਸ਼ਾਹੀ ਸ਼ਾਮਿਲ ਹੋਵੇ। • ਅਤੇ ਅਖੀਰ ਵਿਚ, ਮਜ਼ਬੂਤ ਸਿਵਲ ਸੋਸਾਇਟੀ ਦੀ ਹਿੱਸੇਦਾਰੀ ...

... ਪਾਰਦਰਸ਼ਤਾ ਅਤੇ ਜਵਾਬਦੇਹੀ ਸੁਸ਼ਾਸਨ ਦੀਆਂ ਅਹਿਮ ਕਸੌਟੀਆਂ ਹਨ। ਇਹ ਨਾ ਸਿਰਫ਼ ਸਰਕਾਰ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ ਦੀ ਪ੍ਰਭਾਵਿਕਤਾ ਯਕੀਨੀ ਬਣਾਉਦੀਆਂ ਹਨ, ਸਗੋਂ ਇਸ ਨੂੰ ਚੁਣਨ ਵਾਲੇ ਲੋਕਾਂ ਅੰਦਰ ਇਸ ਦੀ ਭਰੋਸੇਯੋਗਤਾ ਨੂੰ ਵੀ ਸਥਾਪਿਤ ਕਰਦੀਆਂ ਹਨ। ਭਰੋਸੇਯੋਗਤਾ ਸਰਕਾਰ ਦੀ ਨੈਤਿਕ ਨਿਆਇਪੂਰਨਤਾ ਦਾ ਇਕ ਅਹਿਮ ਭਾਗ ਹੈ ਕਿਉਂਕਿ ਬਹੁ-ਗਿਣਤੀ ਸਮਰਥਨ ਰਾਜਨੀਤਕ ਨਿਆਇਪੂਰਨਤਾ ਲਈ ਹੁੰਦਾ ਹੈ। ਇਸ ਕਰਕੇ, ਭਾਰਤੀ ਲੋਕਤੰਤਰ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਨੇਮਾਂ ਦੀ ਪਾਲਣਾ ਲਈ ਇਕ ਮਜ਼ਬੂਤ ਸੰਸਥਾਗਤ ਢਾਂਚਾ ਉਸਾਰਿਆ ਹੈ। ਸਰਕਾਰ ਨੇ ਕਰਦਾਤਾ ਦਾ ਪੈਸਾ ਕਿੱਥੇ ਅਤੇ ਕਿਵੇਂ ਵਰਤਿਆ ਹੈ, ਇਸ ਦਾ ਹਿਸਾਬ ਰੱਖਣਾ ਵਿਧਾਨਕਾਰਾਂ ਦੇ ਸਭ ਤੋਂ ਅਹਿਮ ਫ਼ਰਜ਼ਾਂ ਵਿਚੋਂ ਇਕ ਹੈ।

**ਰਾਸ਼ਟਰ ਲਈ ਕੰਮ ਕਰੋ: ਤੇਜ਼ ਅਤੇ ਬੇਹਤਰ**

... ਆਰਥਿਕਤਾ ਦੇ ਸਾਰੇ ਖੇਤਰਾਂ ਵਿਚ ਉਤਪਾਦਿਕਤਾ ਵਧਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ। ਜਿਹੜੀ ਅਪੀਲ ਮੈਂ ਸਾਰੇ ਕਾਮਿਆਂ ਅਤੇ ਸੰਗਠਨਾਂ ਨੂੰ ਕਰਨਾ ਚਾਹੁੰਦਾ ਹਾਂ, ਉਹ ਹੈ – 'ਤੇਜ਼ੀ ਨਾਲ ਕੰਮ ਕਰੋ, ਬੇਹਤਰ ਕੰਮ ਕਰੋ, ਰਾਸ਼ਟਰ ਲਈ ਕੰਮ ਕਰੋ।'

**ਨਿਰਪੱਖਤਾ, ਬਰਾਬਰੀ ਤੇ ਸਥਿਰਤਾ**

... ਸ਼ਾਸਨ, ਵਪਾਰ ਅਤੇ ਪ੍ਰਸ਼ਾਸਨ ਦੇ ਸਾਹਮਣੇ ਸਭ ਤੋਂ ਵੱਡੀ ਚੁਨੌਤੀ ਵਿਸ਼ਵ ਵਪਾਰ, ਕਾਰੋਬਾਰ ਅਤੇ ਆਰਥਿਕਤਾ ਵਿਚ ਨਿਰਪੱਖਤਾ, ਬਰਾਬਰੀ ਅਤੇ ਸਥਿਰਤਾ ਨੂੰ ਬਰਕਰਾਰ ਰੱਖਦਿਆਂ ਵਿਕਾਸ ਦੇ ਰਾਹ 'ਤੇ ਅੱਗੇ ਤੋਰਨ ਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਅਗਲੀ ਸਦੀ ਵਿਚ ਵਿਸ਼ਵੀਕਰਨ ਇੱਛਤ ਨਤੀਜੇ ਦੇਵੇ ਤਾਂ ਸਾਡਾ ਨਾਹਰਾ ਹੋਣਾ ਚਾਹੀਦਾ ਹੈ :

• ਸਭ ਦਾ ਭਲਾ, ਨਾ ਸਿਰਫ਼ ਕੁਝ ਦਾ ਲਾਲਚ। • ਲੰਮੇ ਸਮੇਂ ਦਾ ਵਿਕਾਸ ਨਾ ਕਿ ਥੋੜ੍ਹ ਚਿਰੀ ਪ੍ਰਾਪਤੀਆਂ। • ਪੂਰਕ ਤਾਕਤ 'ਤੇ ਆਧਾਰਿਤ ਸਹਿਯੋਗ ਨਾ ਕਿ ਅਸਵਸਥ ਮੁਕਾਬਲੇ ਵਾਲਾ ਤਣਾਅ।

**ਭਾਰਤ ਦੀ ਸਮਰੱਥਾ ਸਹੀ ਸਿੱਧ ਹੋਈ**

... ਵਿਕਸਤ ਅਤੇ ਵਿਕਾਸਸ਼ੀਲ, ਦੋਹਾਂ ਦੇਸ਼ਾਂ ਦੇ ਲੋਕ ਉਦਾਰੀਕਰਨ ਅਤੇ ਵਿਸ਼ਵੀਕਰਨ ਦਾ ਸਮਰਥਨ ਕਰਨ ਦੇ ਇੱਛੁਕ ਹਨ, ਬਸ਼ਰਤੇ ਉਨ੍ਹਾਂ ਨੂੰ ਭਰੋਸਾ ਦਿਆਇਆ ਜਾ ਸਕੇ :

• ਕਿ ਇਹ ਸੁਧਾਰ ਹਰੇਕ ਲਈ ਫ਼ਾਇਦੇਮੰਦ ਹੋਣਗੇ, ਖ਼ਾਸ ਕਰਕੇ ਸਭ ਤੋਂ ਗਰੀਬ ਅਤੇ ਸਭ ਤੋਂ ਵੰਚਿਤ ਵਰਗਾਂ ਦੇ ਲਈ। • ਕਿ ਵਾਤਾਵਰਨ ਦੀ ਰੱਖਿਆ ਕੀਤੀ ਜਾਵੇਗੀ। • ਕਿ ਉਨ੍ਹਾਂ ਦੀਆਂ ਇੱਛਤ ਰਾਸ਼ਟਰੀ ਅਤੇ ਸੱਭਿਆਚਾਰਕ ਪਛਾਣਾਂ ਨੂੰ ਸੰਭਾਲਿਆ ਜਾਵੇਗਾ।

... ਹਰੇਕ ਭਾਰਤ ਵਾਸੀ, ਚਾਹੇ ਉਹ ਭਾਰਤ ਵਿਚ ਰਹਿੰਦਾ ਹੈ ਜਾਂ ਵਿਦੇਸ਼ ਵਿਚ, ਸਭ ਦਾ ਇਹ ਯਕੀਨ ਹੈ ਕਿ ਭਾਰਤ ਇਕ ਮਹਾਨ ਰਾਸ਼ਟਰ ਹੈ ਅਤੇ ਉਹ ਹੈਰਾਨ ਹੁੰਦੇ ਹਨ ਕਿ ਦੁਨੀਆਂ ਨੇ ਇਸ ਅਟਲ ਸਚਾਈ ਨੂੰ ਸਵੀਕਾਰ ਕਿਉਂ ਨਹੀਂ ਕੀਤਾ। ਸ਼ਾਇਦ ਅਸੀਂ ਆਪਣੇ ਆਪ ਨੂੰ ਆਪਣੀ ਸਮਰੱਥਾ ਦੀ ਕਸੌਟੀ 'ਤੇ ਪਰਖਣ ਦੀ ਕੋਸ਼ਿਸ਼ ਕੀਤੀ, ਜਦ ਕਿ ਦੂਜੇ ਲੋਕ ਸਾਡੀ ਕਾਰਗੁਜ਼ਾਰੀ ਤੋਂ ਸਾਨੂੰ ਪਰਖਦੇ ਹਨ। ਪਰ, ਸਾਡੀ ਸਮਰੱਥਾ ਅਤੇ ਕਾਰਗੁਜ਼ਾਰੀ ਵਿਚਲਾ ਇਹ ਖੱਪਾ ਹੁਣ ਭਰਦਾ ਜਾ ਰਿਹਾ ਹੈ। ਭਾਰਤ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਬਦਲਾਅ ਦੀ ਛਾਪ ਜ਼ਿਆਦਾ ਗੂੜ੍ਹੀ ਅਤੇ ਦਿਨ-ਪ੍ਰਤਿ-ਦਿਨ ਧਿਆਨ ਖਿੱਚਣ ਵਾਲੀ ਬਣਦੀ ਜਾ ਰਹੀ ਹੈ। ਦੁਨੀਆਂ ਸੂਚਨਾ ਤਕਨਾਲੋਜੀ ਅਤੇ ਗਿਆਨ ਆਧਾਰਿਤ ਆਰਥਿਕਤਾ ਦੇ ਦੂਜੇ ਖੇਤਰਾਂ ਵਿਚ ਸਾਡੀ ਕਾਬਲੀਅਤ ਨੂੰ ਮੰਨਦੀ ਹੈ। ਸਾਡੇ ਵਿਕਸਤ ਹੋ ਰਹੇ ਬਾਜ਼ਾਰ ਅਤੇ ਤੇਜ਼ੀ ਨਾਲ ਫ਼ੈਲ ਰਹੀ ਆਰਥਿਕਤਾ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਦਾ ਲੋਹਾ ਮੰਨਵਾ ਰਹੀ ਹੈ। ਭਾਰਤੀ ਵਪਾਰ ਨੇ ਵਿਸ਼ਵੀਕਰਨ ਅਤੇ ਤਕਨੀਕੀ ਕ੍ਰਾਂਤੀ ਤੋਂ ਸਬਕ ਲਏ ਹਨ ਜੋ ਵਿਸ਼ਵ ਮੁਕਾਬਲੇਬਾਜ਼ੀ ਵਿਚ ਆਪਣੀ ਥਾਂ ਬਣਾਉਣ ਲਈ ਬੇਹੱਦ ਅਹਿਮ ਹਨ। ਅੱਜ "ਭਾਰਤ ਵਿਚ ਬਣਿਆ" ਜਾਂ "ਭਾਰਤ ਤੋਂ ਮੰਗਵਾਇਆ" ਦੇ ਲੇਬਲ ਰਾਸ਼ਟਰੀ ਮਾਣ ਵਾਲੀ ਗੱਲ ਬਣਦੇ ਜਾ ਰਹੇ ਹਨ।

**ਅਸੀਂ ਕੀ ਕਰ ਸਕਦੇ ਹਾਂ, ਅਸੀਂ ਕਰਾਂਗੇ**

... ਆਉ, ਦੇਸ਼ ਦਾ ਹਰੇਕ ਆਰਥਿਕ ਸੰਗਠਨ ਇਕ ਸਿੱਖਣ ਵਾਲਾ ਸੰਗਠਨ ਬਣਾ ਦਈਏ ਅਤੇ ਭਾਰਤ ਆਪਣੇ ਆਪ ਵਿਚ ਇਕ ਸਿੱਖਣ ਵਾਲਾ ਦੇਸ਼ ਬਣ ਜਾਵੇ। ਨਵਾਂ ਰਾਸ਼ਟਰੀ ਕੰਮ ਸੱਭਿਆਚਾਰ ਵਿਕਸਤ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਤਾਂ ਹੀ ਮਨ-ਇੱਛਤ ਬੂਰ ਪਵੇਗਾ ਜੇ ਇਸ ਦੀਆਂ ਜੜ੍ਹਾਂ ਸਦੀਆਂ ਪੁਰਾਣੇ 'ਸੇਵਾ' ਦੇ ਸੰਕਲਪ ਵਿਚ ਹੋਣਗੀਆਂ। ਕੰਮ ਅਸਲ ਵਿਚ ਨੌਕਰੀ ਤੋਂ ਉੱਚਾ ਬਣ ਜਾਂਦਾ ਹੈ, ਕੰਮ ਪੂਜਾ ਬਣ ਜਾਂਦਾ ਹੈ – ਜਦੋਂ ਇਸ ਨੂੰ ਸਮਾਜ ਸੇਵਾ ਅਤੇ ਰਾਸ਼ਟਰ ਸੇਵਾ ਦੀ ਭਾਵਨਾ ਨਾਲ ਕੀਤਾ ਜਾਵੇ।

... ਅੱਜ ਭਾਰਤ ਦੇ ਸਾਹਮਣੇ ਵੱਡੀ ਚੁਨੌਤੀ ਹੈ। ਇਹ ਸੱਚ ਹੈ ਕਿ ਅਸੀਂ ਹਮੇਸ਼ਾ ਇਕ ਲੋਕਤੰਤਰ ਹੀ ਰਹਾਂਗੇ। ਇਹ ਭਾਰਤ ਦੇ ਮਾਣ ਅਤੇ ਮਜ਼ਬੂਤੀ ਦਾ ਇਕ ਸਥਾਈ ਸਰੋਤ ਹੈ। ਪਰ ਚੁਨੌਤੀ ਇਹ ਹੈ :

• ਕੀ ਸਾਡਾ ਲੋਕਤੰਤਰ ਵਿਕਾਸ ਦੇ ਮੁੱਦੇ 'ਤੇ ਇਕ ਸਾਂਝਾ ਰਾਸ਼ਟਰੀ ਉਦੇਸ਼ ਪੈਦਾ ਕਰ ਸਕਦਾ ਹੈ ਅਤੇ ਸਾਡੇ ਸੁਪਨਿਆਂ ਮੁਤਾਬਕ ਇਸ ਨੂੰ ਅੰਜਾਮ ਦੇ ਸਕਦਾ ਹੈ? • ਕੀ ਅਸੀਂ ਖੇਤੀ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਦੂਰ ਕਰਕੇ ਸ਼ਹਿਰੀ-ਪੇਂਡੂ ਫ਼ਰਕ ਨੂੰ ਤੇਜ਼ੀ ਨਾਲ ਖਤਮ ਕਰ ਸਕਦੇ ਹਾਂ? • ਕੀ ਅਸੀਂ ਆਪਣੇ ਨੌਜਵਾਨਾਂ ਦੀ ਜਨਸੰਖਿਆ ਦੀਆਂ ਉਮੰਗਾਂ, ਸੁਪਨਿਆਂ ਦੇ ਹਾਣ ਦਾ ਹੋਣ ਲਈ ਮੌਕਿਆਂ ਦੀ ਟੋਕਰੀ ਤੇਜ਼ੀ ਨਾਲ ਭਰ ਸਕਾਂਗੇ? • ਸੰਖੇਪ ਵਿਚ, ਕੀ 2020 ਈਸਵੀ ਤਕ ਭਾਰਤ ਨੂੰ ਸੰਪੂਰਨ ਤਰੀਕੇ ਨਾਲ ਇਕ ਵਿਕਸਤ ਦੇਸ਼ ਬਣਾ ਸਕਾਂਗੇ? • ਇਕ ਪੀੜ੍ਹੀ ਦੇ ਜੀਵਨ ਕਾਲ ਦੌਰਾਨ? ਹਾਂ, ਅਸੀਂ ਕਰ ਸਕਦੇ ਹਾਂ ਅਤੇ ਅਸੀਂ ਜ਼ਰੂਰ ਕਰਾਂਗੇ ...

(ਸਰੋਤ : ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪੇਈ ਦੇ ਚੋਣਵੇਂ ਭਾਸ਼ਨ, ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਵਲੋਂ ਪ੍ਰਕਾਸ਼ਿਤ।)


YOJANA (Punjabi) January - 2015 (Total Pages 72+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

*2015 ਮੁਬਾਰਕ !*

# ਯੋਜਨਾ

**ਸਾਲ 30 • ਅੰਕ 6 • ਜਨਵਰੀ 2015 • ਕੁੱਲ ਪੰਨੇ 76**



ਮੁੱਖ ਸੰਪਾਦਕ

**ਰਾਜੇਸ਼ ਕੁਮਾਰ ਝਾ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207

ਫੈਕਸ : 26175516

ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਭਾਰਤ ਵਿਚ ਸਵੱਛਤਾ ਅਤੇ ਸਮਾਜਿਕ ਪਰਿਵਰਤਨ – ਵਿਜੇਯਨ ਕੇ.ਪਿੱਲੇ ਤੇ ਰੂਪਾਲ ਪਾਰੇਖ 4
- ਭਾਰਤ 'ਚ ਸਥਾਨਕ ਤਰੀਕਿਆਂ ਜ਼ਰੀਏ 'ਸੰਪੂਰਨ ਸਵੱਛਤਾ' ਵਿਚ ਰੁਕਾਵਟਾਂ ਦੀ ਵਿਆਖਿਆ – ਗ੍ਰੇਗਰੀ ਪੀਅਰਜ਼ 8
- ਭਾਰਤ ਵਿਚ ਸ਼ਹਿਰੀ ਸਵੱਛਤਾ : ਇਕ ਵਿਕਾਸ ਦ੍ਰਿਸ਼ਟੀ – ਤ੍ਰਿਸ਼ਾ ਅਗਰਵਾਲ 11
- ਸਵੱਛ ਭਾਰਤ ਅਭਿਆਨ : ਪ੍ਰਗਤੀਸ਼ੀਲ ਭਾਰਤ ਲਈ ਇਕ ਔਜ਼ਾਰ – ਕੇ.ਐੱਨ. ਪਾਠਕ 14
- ਭਾਰਤ ਵਿਚ ਆਮਦਨ ਅਬਰਾਬਰੀ ਦੇ ਕਾਰਕ – ਤੁਲਸੀ ਜਯਾਕੁਮਾਰ 19
- ਜੈਵਿਕ ਪਖ਼ਾਨੇ : ਮਨੁੱਖੀ ਮਲ ਦਾ ਕਲਾਮਈ ਪ੍ਰਬੰਧਨ – ਹੁਜ਼ੈਫਾ ਖੋਰਕੀਵਾਲ 24
- ਸਵੱਛ ਭਾਰਤ ਲਈ ਮੁਹਿੰਮ – ਹਰਬੰਸ ਸਿੰਘ ਚਾਹਲ 25
- ਪੰਜਾਬ ਵਿਚ ਵਿਕਾਸ ਅਤੇ ਸਵੱਛਤਾ – ਭਗਵੰਤ ਰਸੂਲਪੁਰੀ 27
- ਸਾਫ਼-ਸਫ਼ਾਈ ਤੇ ਸਵੱਛਤਾ ਲਈ ਸਭ ਦਾ ਸਹਿਯੋਗ – ਰਣਜੀਤ ਸਿੰਘ 30
- ਉੱਤਰਾਖੰਡ : ਆਰਥਿਕ ਵਿਕਾਸ ਦਾ ਵਾਤਾਵਰਨ 'ਤੇ ਪ੍ਰਭਾਵ – ਗੁਰਿੰਦਰ ਕੌਰ 32
- ਭਾਰਤ 'ਚ ਆਰਥਿਕ ਵਿਕਾਸ ਤੇ ਸਮਾਜਿਕ ਭਾਗੀਦਾਰੀ – ਗਿਆਨ ਸਿੰਘ 35
- ਸਮਾਜਿਕ-ਆਰਥਿਕ ਵਿਕਾਸ ਤੇ ਸਮਾਜਿਕ ਪਰਿਵਰਤਨ – ਗੁਰਮੀਤ ਕੌਰ 38
- ਬਾਹਰੀ ਦੁਨੀਆਂ ਨਾਲ ਭਾਰਤ ਦੇ ਆਰਥਿਕ ਰਿਸ਼ਤੇ – ਤ੍ਰਿਦਿਵੇਸ਼ ਸਿੰਘ ਮੈਣੀ 41
- ਵਿਕੇਂਦਰੀਕ੍ਰਿਤ ਖੇਤੀਬਾੜੀ ਖੋਜ ਲਈ ਵਧੀ ਹੋਈ ਪੂੰਜੀ – ਰਾਜੇਸ਼ਵਰੀ ਐੱਸ ਰੈਨਾ, ... 44
- ਨੀਲਾ ਪ੍ਰਕਾਸ਼ ਨਿਕਾਸੀ ਐੱਲ ਈ ਡੀ – ਸਤਬੀਰ ਸਿੰਘ 50
- ਈਂਧਨ ਦੀ ਬੱਚਤ ਅਤੇ ਆਰਥਿਕ ਵਿਕਾਸ – ਰਤਨ ਸਲਦੀ 53
- ਕਾਮਾਗਾਟਾ ਮਾਰੂ ਸਾਕੇ ਦੀ ਪਿੱਠ ਭੂਮੀ 'ਤੇ ਪ੍ਰਭਾਵ – ਚਰੰਜੀ ਲਾਲ ਕੰਗਣੀਵਾਲ 56
- ਸ਼ਹੀਦਾਂ ਦੀ ਚਿਤਾ 'ਤੇ ... – ਜਸਵੰਤ ਸਿੰਘ ਸੈਣੀ 60
- ਮਨੋਰੰਜਨ ਉਦਯੋਗ ਅਤੇ ਨੈਤਿਕਤਾ – ਰਵੇਲ ਸਿੰਘ 63
- ਸਦਾਚਾਰਕ ਸਭਿਆਚਾਰ ਤੇ ਵਿਕਾਸ – ਸੁਰਜੀਤ ਸਿੰਘ ਢਿੱਲੋਂ 65
- ਜੁੱਤੀ : ਬਣਤਰ, ਸ਼ਿਲਪਕਾਰੀ ਤੇ ਉਦਯੋਗ – ਗੁਰਿੰਦਰਬੀਰ ਸਿੰਘ 67
- ਕੀ ਤੁਸੀਂ ਜਾਣਦੇ ਹੋ? – 72
- ਪੁਸਤਕ ਪੜਚੋਲ – ਬਲਬੀਰ ਚੰਦ ਲੌਂਗੋਵਾਲ/ਬਚਿੰਤ ਕੌਰ 73



***ਯੋਜਨਾ* ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. *ਯੋਜਨਾ* ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ ਵਿਚ ਸਵੱਛਤਾ ਅਤੇ ਸਮਾਜਿਕ ਪਰਿਵਰਤਨ

ਵਿਜੇਯਨ ਕੇ. ਪਿੱਲੇ ਤੇ ਰੂਪਾਲ ਪਾਰੇਖ

**2.6** ਅਰਬ ਲੋਕ ਜਿਨ੍ਹਾਂ ਕੋਲ ਪਖ਼ਾਨਿਆਂ ਦੀਆਂ ਸਹੂਲਤਾਂ ਦੀ ਕਮੀ ਹੈ ਉਨ੍ਹਾਂ ਵਿਚੋਂ ਲਗਭਗ 650 ਲੱਖ ਲੋਕ ਭਾਰਤ ਵਿਚ ਰਹਿੰਦੇ ਹਨ। ਸਵੱਛਤਾ ਦੀ ਇਸ ਵਿਆਪਕ ਤੇ ਵੱਡੀ ਸਮੱਸਿਆ ਨਾਲ ਨਿਪਟਣ ਲਈ ਭਾਰਤ ਸਰਕਾਰ ਨੇ 'ਮਹਾਤਮਾ ਗਾਂਧੀ ਕਲੀਨ ਇੰਡੀਆ ਪ੍ਰੋਗਰਾਮ' ਸ਼ੁਰੂ ਕੀਤਾ ਹੈ। ਇਸ ਪ੍ਰੋਗਰਾਮ ਦੀ ਸਫਲਤਾ ਅਤੇ ਵਿਸ਼ੇਸ਼ ਤੌਰ ਤੇ ਜਾਰੀ ਰਹਿਣਯੋਗ ਸਮਾਜਿਕ ਸੰਰਚਨਾਤਮਕ ਤਾਕਤਾਂ ਨਾਲ ਇਸ ਦੀ ਇਕਮੁੱਠਤਾ 'ਤੇ ਨਿਰਭਰ ਕਰਦੀ ਹੈ ਜੋ ਸਵੱਛਤਾ ਦੇ ਮਾੜੇ ਹਾਲਾਤ ਨੂੰ ਪੈਦਾ ਕਰਦੀ ਹੈ। ਭਾਰਤ ਵਿਚ ਸਵੱਛਤਾ ਦੇ ਸਮਾਜਿਕ ਸੰਰਚਨਾਤਮਕ ਸੰਦਰਭ ਦੀ ਖੋਜ ਕਰਨਾ ਇਸ ਅਧਿਐਨ ਦਾ ਉਦੇਸ਼ ਹੈ। ਅਸੀਂ ਸਵੱਛਤਾ ਦਾ ਇਕ ਬਹੁ-ਭਿੰਨ ਮਾਡਲ ਤਜਵੀਜ਼ ਕੀਤਾ ਹੈ ਅਤੇ ਰਾਸ਼ਟਰੀ ਸਿਹਤ ਸਰਵੇਖਣ-3 ਤੋਂ ਅੰਕੜਿਆਂ ਨਾਲ ਅਨੁਭਵ ਸਿੱਧ ਅਤੇ ਰਾਸ਼ਟਰੀ ਸਹੀ ਤੌਰ ਤੇ ਮੁੱਲਾਂਕਣ ਕੀਤਾ ਹੈ। ਅਸੀਂ ਦੇਖਿਆ ਹੈ ਕਿ ਸਵੱਛਤਾ ਹਾਲਾਤ ਵਿਚ ਸੁਧਾਰ ਲਿਆਉਣ ਲਈ ਆਧੁਨਿਕੀਕਰਨ ਇਕ ਵੱਡੀ ਭੂਮਿਕਾ ਨਿਭਾਉਂਦਾ ਹੈ। ਇਸ ਪ੍ਰੋਗਰਾਮ ਨੂੰ ਸਫਲਤਾ ਪੂਰਬਕ ਸਿਰੇ ਚੜ੍ਹਾਉਣ ਵਾਸਤੇ ਸਾਡਾ ਸੁਝਾਅ ਇਹ ਹੈ ਕਿ ਸਾਨੂੰ ਮਜ਼ਬੂਤ ਰਾਜਨੀਤਕ ਇੱਛਾ ਦੀ ਜ਼ਰੂਰਤ ਹੈ ਜੋ ਲੋਕਾਂ ਦੇ ਦਰਵਾਜ਼ਿਆਂ ਤਕ ਆਧੁਨਿਕ ਸਹੂਲਤਾਂ ਅਤੇ ਜਨਤਕ ਸਿਹਤ ਸਿੱਖਿਆ ਨੂੰ ਪਹੁੰਚਾਏ।

ਸਾਲ 2050 ਤਕ ਦੁਨੀਆਂ ਦੀ ਜਨਸੰਖਿਆ 9.6 ਬਿਲੀਅਨ ਤਕ ਪਹੁੰਚਣ ਦੀ ਸੰਭਾਵਨਾ ਹੈ ਅਤੇ ਇਸ ਜਨਸੰਖਿਆ ਦੀ ਲਗਭਗ 66 ਪ੍ਰਤਿਸ਼ਤ ਆਬਾਦੀ ਸ਼ਹਿਰੀ ਖੇਤਰਾਂ ਵਿਚ ਰਹੇਗੀ (ਪੋਰਟਰ, ਡਾਈਬਲ, ਡਸ਼ ਐਂਡ ਮਤਸੁਦਾ, 2014; ਈਵਾਂਨ, 1998) ਭਾਵ 2050 ਤਕ ਸ਼ਹਿਰੀ ਆਬਾਦੀ ਵਿਚ 12 ਪ੍ਰਤਿਸ਼ਤ ਵਾਧੇ ਨਾਲ ਮੌਜੂਦਾ ਜਨਸੰਖਿਆ ਵਿਚ 2.4 ਬਿਲੀਅਨ ਦਾ ਵਾਧਾ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਜਨਸੰਖਿਆ ਦਰ ਕਾਫ਼ੀ ਉੱਚੀ ਹੈ, ਮੌਜੂਦਾ ਦਹਾਕਿਆਂ ਵਿਚ ਮਰਨ ਦਰ ਵਿਚ ਕਾਫ਼ੀ ਕਮੀ ਆਈ ਹੈ ਅਤੇ ਜਨਸੰਖਿਆ ਗਤੀ ਵਿਚ ਤੇਜ਼ੀ ਨਾਲ ਵਾਧਾ ਹੋਣ ਕਰਕੇ ਆਬਾਦੀ ਦਾ ਆਕਾਰ ਲਗਾਤਾਰ ਵਧ ਰਿਹਾ ਹੈ (ਚੰਦਰਸ਼ੇਖਰ, 2013)। ਭਾਵੇਂ ਵਿਕਸਤ ਦੇਸ਼ਾਂ ਨਾਲੋਂ ਵਿਕਾਸਸ਼ੀਲ ਦੇਸ਼ਾਂ ਵਿਚ ਸ਼ਹਿਰੀ ਜਨਸੰਖਿਆ ਘੱਟ ਹੀ ਹੈ ਪਰ ਫਿਰ ਵੀ ਏਸ਼ੀਆ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਦੁਨੀਆਂ ਦੀ 53 ਪ੍ਰਤਿਸ਼ਤ ਸ਼ਹਿਰੀ ਆਬਾਦੀ ਵਸਦੀ ਹੈ। ਸ਼ਾਇਦ ਤੇਜ਼ੀ ਨਾਲ ਵਧ ਰਹੀ ਆਬਾਦੀ ਅਤੇ ਸ਼ਹਿਰੀਕਰਨ ਦੇ ਨਾਮਵਰ ਨਤੀਜਿਆਂ ਵਿਚੋਂ ਇਕ ਹੈ ਸਵੱਛਤਾ ਪ੍ਰਬੰਧ ਦਾ ਢਹਿ-ਢੇਰੀ ਹੋਣਾ ਜਿਸ ਕਰਕੇ ਲੋਕਾਂ ਦੀ ਸਿਹਤ ਖਰਾਬ ਹੋ ਰਹੀ ਹੈ (ਰੇਅਨਰ ਅਤੇ ਲੈਂਗ, 2013)।

ਸਵੱਛਤਾ ਦੇ ਮੂਲ ਮਸਲਿਆਂ ਨੂੰ ਹੱਲ ਕਰਨ ਵਿਚ ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਵਿਚ ਜਨਤਕ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਅਸਫਲਤਾ ਦਾ ਇਸ਼ਾਰਾ ਇਸ ਸਚਾਈ ਵੱਲ ਹੈ ਕਿ 1990 ਅਤੇ 2008 ਵਿਚਕਾਰ ਦੁਨੀਆਂ ਦੀ ਜਨਸੰਖਿਆ ਦੀ ਮੂਲ ਸਵੱਛਤਾ ਤਕ ਪਹੁੰਚ ਸਿਰਫ਼ 54 ਪ੍ਰਤਿਸ਼ਤ ਤੋਂ ਵਧ ਕੇ 61 ਪ੍ਰਤਿਸ਼ਤ ਤਕ ਭਾਗੀਦਾਰੀ ਵਧੀ ਹੈ ਅਤੇ ਇਥੋਂ ਤਕ ਕਿ ਅੱਜ ਵੀ ਸਮੁੱਚੀ ਦੁਨੀਆਂ ਵਿਚ 2.6 ਬਿਲੀਅਨ ਲੋਕਾਂ ਕੋਲ ਪਖ਼ਾਨਿਆਂ ਦੀਆਂ ਸਹੂਲਤਾਂ ਨਹੀਂ ਹਨ (ਮਾਜਰਾ ਅਤੇ ਗੁਰ 2008, ਮੋਇ ਅਤੇ ਰਹੀਨਗਨਸ 2006)। ਇਸ ਮਸਲੇ ਦੀ ਗਹਿਰੀ-ਗੰਭੀਰਤਾ ਨੇ 2000 ਮਿਲੇਨੀਅਮ ਡਿਵੈਲਪਮੈਂਟ ਗੋਲ ਦਾ ਨਿਰਮਾਣ ਕੀਤਾ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਪਖ਼ਾਨਿਆਂ ਦੀਆਂ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਗਿਣਤੀ ਨੂੰ ਘਟਾ ਕੇ ਅੱਧੀ ਕਰ ਦਿਤਾ ਜਾਵੇ (ਕੈਨੇਡੀ, 2011 : ਵਰਟਰਮ ਅਤੇ ਕੇਅਰਨਕਰਾਸ, 2010)।

ਅਨੇਕ ਆਰਥਿਕ ਅਤੇ ਸਮਾਜਿਕ ਮਸਲਿਆਂ ਵਿਚ ਸਵੱਛਤਾ ਦਾ ਮਾੜਾ ਪ੍ਰਬੰਧ ਵੀ ਸ਼ਾਮਿਲ ਹੈ। ਪਾਣੀ ਅਤੇ ਸਵੱਛਤਾ ਪ੍ਰੋਗਰਾਮ ਰਿਪੋਰਟ ਅਨੁਸਾਰ ਸਵੱਛਤਾ ਦੇ ਮਾੜੇ ਪ੍ਰਬੰਧ ਕਾਰਨ 2006 ਵਿਚ 53.8 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ ਜੋ ਕਿ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਾ 6.4 ਪ੍ਰਤਿਸ਼ਤ ਹੈ (ਪਾਣੀ ਅਤੇ ਸਵੱਛਤਾ ਪ੍ਰੋਗਰਾਮ, 2011)। ਇਸ ਪ੍ਰਭਾਵ ਦਾ ਲਗਭਗ 72 ਪ੍ਰਤਿਸ਼ਤ ਸਿਹਤ ਸੰਬੰਧੀ ਕਾਰਨਾਂ ਨਾਲ ਸੰਬੰਧਿਤ ਸੀ। ਸਵੱਛਤਾ ਦੇ ਮਾੜੇ ਪ੍ਰਬੰਧਾਂ ਦੇ ਸਮਾਜਿਕ ਨਤੀਜਿਆਂ ਨੂੰ ਪੂਰੀ ਤਰ੍ਹਾਂ ਘੋਖਿਆ ਨਹੀਂ ਗਿਆ। ਸਵੱਛਤਾ ਦੀ ਮਾੜੀ ਹਾਲਤ ਦੇ ਸਮਾਜਿਕ ਸਿੱਟਿਆਂ ਦੇ ਸਬੂਤ ਨੂੰ ਲਗਦਾ ਹੈ ਸਹੀ ਤਰ੍ਹਾਂ ਦਰਜ ਨਹੀਂ ਕੀਤਾ ਗਿਆ ਅਤੇ ਨਾ ਹੀ ਉੱਚਿਤ ਤਰੀਕੇ ਨਾਲ ਘੋਖਿਆ ਗਿਆ ਹੈ (ਚੂ, 2013)।

ਭਾਰਤ ਵਿਚ ਲਗਭਗ 650 ਮਿਲੀਅਨ ਲੋਕ ਪਖ਼ਾਨਿਆਂ ਤੋਂ ਵਾਂਝੇ ਹਨ। ਸਵੱਛਤਾ ਦੀ ਇਸ ਵਿਸ਼ਾਲ ਸਮੱਸਿਆ ਨੂੰ ਨਜਿੱਠਣ ਦੇ ਯਤਨ ਦੋ ਸ਼ਾਖਾਵੀ ਹਨ ਜਿਸ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨ ਦੋਨੋਂ ਸ਼ਾਮਿਲ ਹਨ। ਸਰਕਾਰੀ ਪ੍ਰੋਗਰਾਮ ਪ੍ਰਮੁੱਖ ਤੌਰ ਤੇ ਸਮੁਦਾਇਕ ਮੁਹਿੰਮਾਂ 'ਤੇ ਕੇਂਦਰਿਤ ਹਨ। ਇਸ ਮੁਹਿੰਮ ਦਾ ਮੁੱਖ ਉਦੇਸ਼ ਹੈ 2017 ਤਕ ਖੁੱਲ੍ਹੇ ਵਿਚ ਮਲ਼ ਤਿਆਗਣ ਦਾ ਖਾਤਮਾ ਜਿਸ ਵਿਚ ਹਮਉਮਰ ਦਬਾਅ ਬਣਾਇਆ ਜਾਵੇਗਾ ਅਤੇ ਸਮੁਦਾਇਆਂ ਨੂੰ ਸਨਮਾਨਤ ਕੀਤਾ ਜਾਵੇਗਾ ਜੋ ਖੁੱਲ੍ਹੇ ਵਿਚ ਪਖ਼ਾਨੇ ਤੋਂ ਮੁਕਤੀ ਦਾ ਦਰਜਾ ਹਾਸਲ ਕਰਨਗੇ। ਲਗਭਗ 1000 ਸ਼ਹਿਰਾਂ ਨੂੰ ਸਾਫ਼ ਕਰਨ ਸਮੇਂ

| ਤਾਲਿਕਾ-1 : ਨਿਰਭਰ ਪਰਿਵਰਤਨ ਦੀ ਬਾਰੰਬਾਰਤਾ (ਅਨੁਪਾਤ) ਸਵੱਛਤਾ ਦਾ ਪੱਧਰ | | |
|---|---|---|
| ਸਵੱਛਤਾ ਵਰਗ | ਵਰਨਨ | ਬਾਰੰਬਾਰਤਾ |
| ਕੋਈ ਸਹੂਲਤ ਨਹੀਂ | ਕੋਈ ਸਹੂਲਤ ਨਹੀਂ/ਖੇਤਾਂ/ਝਾੜੀਆਂ ਦੀ ਵਰਤੋਂ | 50,298 (40.5 ਪ੍ਰਤਿਸ਼ਤ) |
| ਟੋਆ (ਖੱਡਾ) | ਟੋਆ ਪੁੱਟ ਕੇ ਬਣਾਏ ਗਏ ਸ਼ੌਚਾਲਿਆਂ ਦੀਆਂ ਸਾਰੀਆਂ ਕਿਸਮਾਂ | 9,878 (7.9 ਪ੍ਰਤਿਸ਼ਤ) |
| ਫਲੱਸ਼ (ਪਾਣੀ ਰੋੜ੍ਹਨ ਦੀ ਕਿਰਿਆ | ਸ਼ੌਚਾਲਿਆਂ ਦੀਆਂ ਵਿਸ਼ਾਲ ਕਿਸਮਾਂ 'ਚ ਪਾਣੀ ਰੋੜ੍ਹਨਾ। | 64,096 (51.5 ਪ੍ਰਤਿਸ਼ਤ) |

| ਤਾਲਿਕਾ-2 : ਭਾਰਤੀ ਰਾਜਾਂ ਦੁਆਰਾ ਫਲੱਸ਼ ਸ਼ੌਚਾਲਿਆਂ ਨਾਲ ਨਮੂਨਾ ਜਨਸੰਖਿਆ ਦੀ ਪ੍ਰਤਿਸ਼ਤ ਵੰਡ | | |
|---|---|---|
| ਰਾਜ | ਫਲੱਸ਼ ਸ਼ੌਚਾਲਿਆਂ ਨਾਲ ਦਰਜੇ ਦੀ ਪ੍ਰਤਿਸ਼ਤ | ਦਰਜਾ |
| ਕੇਰਲ | 88.3 | 29.0 |
| ਦਿੱਲੀ | 87.9 | 28.0 |
| ਸਿੱਕਮ | 78.2 | 27.0 |
| ਮਿਜ਼ੋਰਮ | 72.1 | 26.0 |
| ਮਹਾਰਾਸ਼ਟਰ | 69.3 | 25.0 |
| ਨਾਗਾਲੈਂਡ | 66.5 | 24.0 |
| ਗੋਆ | 65.9 | 23.0 |
| ਆਂਧਰ ਪ੍ਰਦੇਸ਼ | 62.5 | 22.0 |
| ਪੰਜਾਬ | 62.0 | 21.0 |
| ਪੱਛਮੀ ਬੰਗਾਲ | 61.9 | 20.0 |
| ਉੱਤਰਾਂਚਲ | 57.0 | 19.0 |
| ਤਮਿਲਨਾਡੂ | 53.7 | 18.0 |
| ਗੁਜਰਾਤ | 53.1 | 17.0 |
| ਮਣੀਪੁਰ | 51.3 | 16.0 |
| ਹਿਮਾਚਲ ਪ੍ਰਦੇਸ਼ | 50.9 | 15.0 |
| ਮੇਘਾਲਿਆ | 50.8 | 14.0 |
| ਮੱਧ ਪ੍ਰਦੇਸ਼ | 48.4 | 13.0 |
| ਤ੍ਰਿਪੁਰਾ | 47.8 | 12.0 |
| ਹਰਿਆਣਾ | 45.4 | 11.0 |
| ਅਸਮ | 42.7 | 10.0 |
| ਉੱਤਰ ਪ੍ਰਦੇਸ਼ | 41.7 | 9.0 |
| ਅਰੁਣਾਚਲ ਪ੍ਰਦੇਸ਼ | 36.8 | 8.0 |
| ਕਰਨਾਟਕ | 36.6 | 7.0 |
| ਬਿਹਾਰ | 34.6 | 6.0 |
| ਜੰਮੂ-ਕਸ਼ਮੀਰ | 33.4 | 5.0 |
| ਰਾਜਸਥਾਨ | 32.0 | 4.0 |
| ਝਾਰਖੰਡ | 29.0 | 3.0 |
| ਛੱਤੀਸਗੜ੍ਹ | 24.1 | 2.0 |
| ਓਡੀਸ਼ਾ | 19.6 | 1.0 |

ਹੱਥ ਨਾਲ ਮੈਲ਼ਾ ਚੁੱਕਣ ਦੇ ਅਮਲ ਨੂੰ ਖਤਮ ਕਰਨ ਲਈ ਮੌਜੂਦਾ ਸਰਕਾਰ ਨੇ 'ਮਹਾਤਮਾ ਗਾਂਧੀ ਸਵੱਛਤਾ ਭਾਰਤ ਪ੍ਰੋਗਰਾਮ' ਦਾ ਆਰੰਭ ਕੀਤਾ ਹੈ। ਇਸ ਮੁਹਿੰਮ ਦੀ ਸਫਲਤਾ ਅਤੇ ਸਥਿਰਤਾ ਸਮਾਜਿਕ ਸੰਰਚਨਾ ਤਾਕਤਾਂ ਦੀ ਇਕਜੁੱਟਤਾ 'ਤੇ ਨਿਰਭਰ ਕਰਦੀ ਹੈ ਜੋ ਸਵੱਛਤਾ ਦੇ ਮਾੜੇ ਹਾਲਾਤ ਲਈ ਜ਼ਿੰਮੇਵਾਰ ਹਨ। ਇਸ ਅਧਿਐਨ ਦਾ ਉਦੇਸ਼ ਹੈ ਭਾਰਤੀ ਘਰਾਂ ਵਿਚ ਸਵੱਛਤਾ ਦੇ ਪੱਧਰ ਨਾਲ ਸੰਬੰਧਿਤ ਕਾਰਨਾਂ ਨੂੰ ਖੋਜਣਾ।

ਇਸ ਅਧਿਐਨ ਵਿਚ ਭਾਰਤ ਦੇ ਤੀਸਰੇ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨ ਐੱਫ ਐੱਚ ਐੱਮ-3) ਤੋਂ ਅੰਕੜੇ ਲਏ ਗਏ ਹਨ (ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਾਇੰਸਜ਼, 2006) ਮਾਪਦੰਡ, ਵਿਸ਼ਲੇਸ਼ਣ ਅਤੇ ਨਤੀਜੇ : ਸਿਧਾਂਤਕ ਪੱਧਰ 'ਤੇ ਸਾਡਾ ਸੁਝਾਅ ਹੈ ਕਿ ਸਵੱਛਤਾ ਹਾਲਤਾਂ ਆਧੁਨਿਕੀਕਰਨ ਦੇ ਵਿਸਤਾਰ, ਗਰੀਬੀ ਦੇ ਪੱਧਰ, ਧਾਰਮਿਕ ਸ਼ਮੂਲੀਅਤ ਅਤੇ ਸਿੱਖਿਆ ਦੇ ਪੱਧਰ ਦਾ ਕਾਰਜ ਹਨ। ਇਸ ਅਧਿਐਨ ਦਾ ਕੇਂਦਰ, ਸਵੱਛਤਾ ਦਾ ਪੱਧਰ, ਤਿੰਨ ਵਰਗਾਂ ਦੁਆਰਾ ਦਰਸਾਏ ਗਏ ਨਾਂ ਮਾਤਰ ਪੱਧਰ 'ਤੇ ਮਾਪਿਆ ਗਿਆ ਹੈ, ਪਖ਼ਾਨਾ ਸਹੂਲਤਾਂ ਤਕ ਪਹੁੰਚ, ਕੋਈ ਪਖ਼ਾਨਾ ਸਹੂਲਤ ਨਹੀਂ, ਟੋਆ ਅਤੇ ਫਲੱਸ਼। ਇਨ੍ਹਾਂ ਹਰੇਕ ਵਰਗਾਂ ਵਿਚ ਉੱਤਰਦਾਤਿਆਂ ਦਾ ਅਨੁਪਾਤ ਤਾਲਿਕਾ-1 ਵਿਚ ਪੇਸ਼ ਕੀਤਾ ਗਿਆ ਹੈ। ਨਮੂਨੇ ਦੇ ਲਗਭਗ 51 ਪ੍ਰਤਿਸ਼ਤ ਦੀ ਫਲੱਸ਼ ਸ਼ੌਚਾਲਿਆ ਤਕ ਪਹੁੰਚ ਹੈ ਜਦ ਕਿ 40 ਪ੍ਰਤਿਸ਼ਤ ਕੋਲ ਇਹ ਸਹੂਲਤ ਨਹੀਂ ਹੈ। 29 ਰਾਜਾਂ ਵਿਚ ਫਲੱਸ਼ ਸ਼ੌਚਾਲਿਆਂ ਨਾਲ ਉੱਤਰਦਾਤਾ ਦੀ ਨਮੂਨਾ ਵੰਡ ਪ੍ਰਤਿਸ਼ਤ ਤਾਲਿਕਾ-2 ਵਿਚ ਪੇਸ਼ ਕੀਤੀ ਗਈ ਹੈ। ਫਲੱਸ਼ ਸ਼ੌਚਾਲਿਆਂ ਦੇ ਉੱਚ ਅਨੁਪਾਤ ਨਾਲ ਅੱਗੇ ਰਹਿਣ ਵਾਲੇ ਚਾਰ ਪ੍ਰਦੇਸ਼ ਕੇਰਲ, ਦਿੱਲੀ, ਸਿੱਕਮ ਅਤੇ ਮੀਜ਼ੋਰਮ ਹਨ ਅਤੇ ਸਭ ਤੋਂ ਹੇਠਲੇ ਦਰਜੇ 'ਤੇ ਹਨ ਰਾਜਸਥਾਨ, ਝਾਰਖੰਡ, ਛੱਤੀਸਗੜ੍ਹ ਅਤੇ ਓਡੀਸ਼ਾ।

ਨੌਂ ਪਰਿਵਰਤਨੀ ਸੈੱਟਾਂ ਦੀ ਵਰਤੋਂ ਕਰਕੇ ਸਵੱਛਤਾ ਦੇ ਸੁਝਾਏ ਸਿਧਾਂਤਕ ਨਿਰਧਾਰਕਾਂ ਨੂੰ ਮਾਪਿਆ ਜਾਂਦਾ ਹੈ। ਇਹ ਪੰਜ ਹਨ : ਨਲ ਰਾਹੀਂ ਆਉਂਦੇ ਪਾਣੀ ਦੀ ਉਪਲਬਧਤਾ, ਬਿਜਲੀ, ਟੈਲੀਵੀਜ਼ਨ ਹੋਣਾ, ਪੇਸ਼ੇ ਦੀ ਕਿਸਮ (ਆਧੁਨਿਕ ਬਨਾਮ ਗ਼ੈਰ-ਰਸਮੀ ਖੇਤਰ ਨੌਕਰੀਆਂ) ਅਤੇ ਐੱਚ ਆਈ ਵੀ ਸੰਚਾਰਨ ਬਾਰੇ ਗਿਆਨ, ਆਧੁਨਿਕਤਾ ਦੇ ਪੱਧਰ ਨਾਲ ਸੰਬੰਧਿਤ ਹਨ। ਇਹ ਸੂਚਕ ਆਧੁਨਿਕ ਸਹੂਲਤਾਂ ਦੇ ਉਪਯੋਗ ਨਾਲ ਸੰਬੰਧਿਤ

| ਤਾਲਿਕਾ-3 : ਸਵੱਛਤਾ ਦੇ ਪੱਧਰ ਨਾਲ ਸੰਬੰਧਿਤ ਚੁਣੇ ਹੋਏ ਪਰਿਵਰਤਨਾਂ ਦੇ ਵਰਣਨਾਤਮਕ ਅੰਕੜੇ | | | |
|---|---|---|---|
| ਪਰਿਵਰਤਨੀ ਨਾਮ | ਵਰਨਨ | ਮੁੱਲ | ਬਾਰੰਬਾਰਤਾ ਪ੍ਰਤਿਸ਼ਤ |
| ਸਿੱਖਿਆ | ਪ੍ਰਾਇਮਰੀ ਤੋਂ ਜ਼ਿਆਦਾ | 1 | 66848 (53.7) |
| | ਪ੍ਰਾਇਮਰੀ ਤੋਂ ਘੱਟ | 0 | 57525 (46.3) |
| ਪੀਣਯੋਗ ਪਾਣੀ | ਨਲ ਦਾ ਪਾਣੀ/ਬੋਤਲ ਵਾਲਾ ਪਾਣੀ | 1 | 99382 (79.9) |
| | ਦੂਜੇ ਸਰੋਤ | 0 | 24990 (20.1) |
| ਬਿਜਲੀ | ਉਪਲਬਧ ਬਿਜਲੀ | 1 | 95764 (77.0) |
| | ਬਿਜਲੀ ਦੀ ਅਣ-ਉਪਲਬਧਤਾ | 0 | 28598 (23.0) |
| ਟੈਲੀਵੀਜ਼ਨ | ਘਰ ਵਿਚ ਟੈਲੀਵੀਜ਼ਨ | 1 | 71081 (57.1) |
| | ਕੋਈ ਟੈਲੀਵੀਜ਼ਨ ਨਹੀਂ | 0 | 53304 (42.9) |
| ਹਿੰਦੂ | ਹਿੰਦੂ | 1 | 89957 (72.4) |
| | ਦੂਜੇ ਧਰਮ | 0 | 34270 (27.6) |
| ਧਨ ਸੰਪਤੀ | ਘੱਟ ਜਾਂ ਘੱਟੋ-ਘੱਟ ਆਮਦਨ ਵਾਲਾ ਵਰਗ | 1 | 31729 (25.5) |
| | ਉੱਚ ਜਾਂ ਮੱਧ ਵਰਗੀ ਆਮਦਨ | 0 | 92656 (74.5) |
| ਆਧੁਨਿਕ | ਆਧੁਨਿਕ ਪੇਸ਼ੇ ਵਾਲਾ ਸਾਥੀ | 1 | 33460 (26.9) |
| | ਸਾਥੀ ਦਾ ਆਧੁਨਿਕ ਖੇਤਰ 'ਚ ਨਾ ਹੋਣਾ | 0 | 90634 (72.9) |
| ਹੱਥੀ ਕੰਮ | ਦਸਤੀ ਕੰਮ ਕਰਨ ਵਾਲਾ ਸਾਥੀ | 1 | 34385 (27.7) |
| | ਦਸਤੀ ਕੰਮ ਨਾਲੋਂ ਕੋਈ ਹੋਰ ਕੰਮ ਕਰਨ ਵਾਲਾ ਸਾਥੀ | 0 | 89729 (72.3) |
| ਏਡਜ਼ ਜਾਣਕਾਰੀ | ਐੱਚ ਆਈ ਵੀ/ਏਡਜ਼ ਬਾਰੇ ਜਾਣਕਾਰੀ ਹੋਣਾ | 1 | 71025 (57.1) |
| | ਐੱਚ ਆਈ ਵੀ/ਏਡਜ਼ ਬਾਰੇ ਬਹੁਤ ਘੱਟ ਜਾਂ ਘੱਟ ਹੋਣ ਦੇ ਬਰਾਬਰ ਜਾਣਕਾਰੀ | 0 | 53360 (42.9) |

ਹਨ ਜਿਵੇਂ ਬਿਜਲੀ, ਪਾਣੀ ਅਤੇ ਵਸਤਾਂ ਜਿਵੇਂ ਟੈਲੀਵੀਜ਼ਨ। ਐੱਚ ਆਈ ਵੀ ਦੀ ਜਾਣਕਾਰੀ ਪੱਧਰ ਤੋਂ ਜ਼ਰੂਰੀ ਸਰੀਰਕ ਸਫ਼ਾਈ ਅਤੇ ਆਲੇ-ਦੁਆਲੇ ਦੀ ਸਫ਼ਾਈ ਦੇ ਆਧੁਨਿਕ ਸਿਹਤ ਸੰਕਲਪ ਪ੍ਰਤਿ ਜਾਗਰੂਕਤਾ ਦੇ ਸੂਚਕ ਦੀ ਉਮੀਦ ਕੀਤੀ ਜਾਂਦੀ ਹੈ। ਧਾਰਮਿਕ ਸ਼ਮੂਲੀਅਤ ਨੂੰ ਇਕ ਫ਼ਰਜ਼ੀ ਵਿਭਿੰਨਤਾ ਵਜੋਂ ਜਾਣਿਆ ਜਾਂਦਾ ਹੈ। ਹਿੰਦੂ ਜਾਂ ਨਹੀਂ। ਗਰੀਬੀ ਨੂੰ ਨਾਂ ਮਾਤਰ ਮਾਪਿਆ ਜਾਂਦਾ ਹੈ। ਵਿਚਕਾਰਲੇ ਅਤੇ ਉਪਰਲੇ ਵਰਗਾਂ ਨੂੰ 0 ਕੋਡ ਦਿਤਾ ਗਿਆ ਹੈ ਅਤੇ ਬਾਕੀ ਨੂੰ (ਇਕ)। ਸਿੱਖਿਆ ਨੂੰ ਫ਼ਰਜ਼ੀ ਪਰਿਵਰਤਨੀ ਦੁਆਰਾ ਪੇਸ਼ ਕੀਤਾ ਗਿਆ ਹੈ। ਮੁੱਢਲੀ ਤੋਂ ਜ਼ਿਆਦਾ ਨੂੰ ਕੋਡ 1 ਦਿਤਾ ਗਿਆ ਹੈ ਅਤੇ ਬਾਕੀ ਨੂੰ 0.1। ਇਸ ਅਧਿਐਨ ਵਿਚ ਚੁਣੇ ਗਏ ਨਿਰਧਾਰਕਾਂ ਦੇ ਵੱਖ-ਵੱਖ ਵਰਗਾਂ ਦੌਰਾਨ ਉੱਤਦਾਤਿਆਂ ਦੀ ਪ੍ਰਤਿਸ਼ਤ ਵੰਡ ਤਾਲਿਕਾ-3 ਵਿਚ ਪੇਸ਼ ਕੀਤੀ ਗਈ ਹੈ। ਤਾਲਿਕਾ-4 ਵਿਚ ਨੌਂ ਸੁਤੰਤਰ ਪਰਿਵਰਤਨੀ ਨਾਲ ਫਲੱਸ਼, ਪਿੱਟ ਅਤੇ ਕੋਈ ਸਹੂਲਤ ਨਹੀ ਤਿੰਨ ਨਿਰਭਰ ਪਰਿਵਰਤਨੀ ਵਰਗਾਂ ਦੀ ਕਾਟਵੀਂ ਸੂਚੀਕਰਨ ਪੇਸ਼ ਕੀਤੀ ਗਈ ਹੈ। ਜਦ ਕਿ ਨਤੀਜਾ ਪਰਿਵਰਤਨੀ ਬਹੁ-ਵਰਗੀ ਹਨ। ਸਵੱਛਤਾ ਪੱਧਰ 'ਤੇ ਪਰਿਵਰਤਨੀ ਦੇ ਸੁਤੰਤਰ ਪ੍ਰਭਾਵ ਦੀ ਪਹੁੰਚ ਲਈ ਅਸੀਂ ਬਹੁ-ਪਦੀ ਤਰਕ ਸੰਬੰਧੀ ਪਰਿਵਰਤਨ ਦੀ ਵਰਤੋਂ ਕਰਦੇ ਹਾਂ। ਪਰਿਵਰਤਨੀ ਨਤੀਜੇ ਤਾਲਿਕਾ-5 ਵਿਚ ਪੇਸ਼ ਕੀਤੇ ਗਏ ਹਨ। ਮੂਲ ਵਰਗ ਹੈ 'ਕੋਈ ਸਹੂਲਤ ਨਹੀਂ'। ਸੂਚੀ ਦਾ ਪਹਿਲਾ ਹਿੱਸਾ 'ਕੋਈ ਸਹੂਲਤ ਨਹੀਂ' ਦੇ ਵਿਰੁੱਧ ਟੋਆ ਸ਼ੌਚਾਲਿਆ ਦੇ ਹੋਣ ਨੂੰ ਦਰਸਾਉਂਦਾ ਹੈ। ਛੇਵੇਂ ਖਾਨੇ ਵਿਚ ਦਰਸਾਈ ਗਈ ਅਸਮਾਨ ਦਰ ਸਾਨੂੰ ਸੂਚਿਤ ਕਰਦੀ ਹੈ ਕਿ ਕਿਵੇਂ ਫਲੱਸ਼ ਸ਼ੌਚਾਲਿਆ (ਜਾਂ ਟੋਆ ਸ਼ੌਚਾਲਾ) ਦਾ ਹੋਣਾ, ਹਰੇਕ ਸੁਤੰਤਰ ਪਰਿਵਰਤਨੀ ਤੋਂ ਪ੍ਰਭਾਵਿਤ ਹੈ। ਜਿਨ੍ਹਾਂ ਘਰਾਂ ਵਿਚ ਬਿਜਲੀ ਹੈ ਉਨ੍ਹਾਂ ਘਰਾਂ ਵਿਚ ਬਿਜਲੀ ਨਾ ਹੋਣ ਵਾਲੇ ਘਰਾਂ ਦੇ ਮੁਕਾਬਲੇ ਫਲੱਸ਼ ਸ਼ੌਚਾਲਾ ਹੋਣ ਦੀ ਸੰਭਾਵਨਾ ਤਿੰਨ ਗੁਣਾ ਹੈ। ਬਿਜਲੀ ਦਾ ਹੋਣਾ ਭਾਵ ਟੋਆ ਸ਼ੌਚਾਲਿਆਂ ਦੇ ਵਿਚ ਵਾਧਾ। ਇਸ ਲਈ ਟੋਆ ਸ਼ੌਚਾਲਿਆਂ ਨਾਲੋਂ ਫਲੱਸ਼ ਸ਼ੌਚਾਲਾ ਹੋਣਾ ਵਾਜਬ ਹੈ।

ਮੁੱਢਲੀ ਸਿੱਖਿਆ ਤੋਂ ਜ਼ਿਆਦਾ ਸਿੱਖਿਆ, ਘਰ ਵਿਚ ਨਲ ਦਾ ਪਾਣੀ, ਟੈਲੀਵੀਜ਼ਨ, ਦੂਜੀ ਕਿਸਮ ਦੀਆਂ ਨੌਕਰੀਆਂ ਨਾਲੋਂ ਦਸਤੀ ਕੰਮ ਜਾਂ ਆਧੁਨਿਕ ਖੇਤਰ ਵਿਚ ਰੁਜ਼ਗਾਰ ਯਾਫ਼ਤਾ ਹੋਣਾ ਅਤੇ ਐੱਚ ਆਈ ਵੀ ਸੰਚਾਰਨ ਦੇ ਮਾਰਗ ਬਾਰੇ ਜਾਣਕਾਰੀ ਹੋਣਾ, ਫਲੱਸ਼ ਸ਼ੌਚਾਲਿਆਂ ਦੇ ਹੋਣ ਦੀ ਸੰਭਾਵਨਾ ਨੂੰ ਘਟਾਉਂਦੇ ਹਨ ਉਹ ਹਨ ਹਿੰਦੂ ਅਤੇ ਕਿਸੇ ਵੀ ਗਰੀਬ ਵਰਗ ਨਾਲ ਸੰਬੰਧਿਤ ਹਨ।

ਤਾਲਿਕਾ-4 : ਸਵੱਛਤਾ ਦੇ ਪੱਧਰ ਨਾਲ ਸੁਤੰਤਰ ਪਰਿਵਰਤਨੀ ਵਰਗਾਂ ਦਾ ਕਾਟਵਾਂ ਸੂਚੀਕਰਨ

| ਪਰਿਵਰਤਨੀ | ਵਰਤੋਂ ਵਿਚ ਆਉਣ ਵਾਲੀਆਂ ਸਵੱਛਤਾ ਦੀਆਂ ਸਹੂਲਤਾਂ ਦੀਆਂ ਕਿਸਮਾਂ | | | | |
|---|---|---|---|---|---|
| | ਪ੍ਰਤਿਸ਼ਤ | ਪ੍ਰਤਿਸ਼ਤ | ਪ੍ਰਤਿਸ਼ਤ | ਐੱਨ | |
| | ਕੋਈ ਸਹੂਲਤ ਨਹੀਂ | ਟੋਆ | ਫਲੱਸ਼ | ਕੁੱਲ | ਪੀਅਰਸਨ ਚੀ-ਸਕੇਅਰ (ਪੀ-ਵੈਲਯੂ) |
| ਪ੍ਰਾਰੰਭਿਕ ਸਿੱਖਿਆ ਤੋਂ ਜ਼ਿਆਦਾ | 23.5 | 7.4 | 69.2 | 66,797 | 19050 (0.000) |
| ਨਲ ਵਾਲਾ ਪਾਣੀ/ ਬੋਤਲ ਵਾਲਾ ਪਾਣੀ | 35.8 | 6.5 | 57.7 | 57,296 | 7560(0.000) |
| ਉਪਲਬਧ ਬਿਜਲੀ | 28.4 | 7.5 | 64.0 | 95.687 | 27590(0.000) |
| ਘਰ ਵਿਚ ਟੈਲੀਵੀਜ਼ਨ | 20.4 | 6.2 | 73.4 | 71.020 | 32440(0.000) |
| ਹਿੰਦੂ | 46.1 | 5.2 | 48.7 | 89,878 | 6090(0.000) |
| ਘੱਟ ਜਾਂ ਘੱਟੋ-ਘੱਟ ਆਮਦਨ ਵਰਗ | 84.5 | 9.2 | 6.2 | 31,693 | 37470(0.000) |
| ਆਧੁਨਿਕ ਪੇਸ਼ਿਆਂ ਵਾਲਾ ਸਾਥੀ | 22.9 | 6.5 | 70.6 | 33,452 | 6819(0.000) |
| ਦਸਤੀ ਕੰਮ ਕਰਨ ਵਾਲਾ ਸਾਥੀ | 45.3 | 7.5 | 47.2 | 34,353 | 459(0.000) |
| ਏਡਜ਼ ਜਾਣਕਾਰੀ - ਹਾਂ | 26.0 | 8.4 | 65.6 | 70,971 | 14890(0.000) |

ਤਾਲਿਕਾ-5 : ਨੌਂ ਚੋਣਵੇਂ ਨਿਰਪੇਖ ਸੈੱਟ ਨਾਲ ਸਵੱਛਤਾ ਦੇ ਪੱਧਰ ਦੀ ਬਹੁ-ਨਾਂਮਾਤਰ ਤਰਕ ਪਰਿਵਰਤਨੀ

| ਪਰਿਵਰਤਨੀ | ਬੀ | ਐੱਸ ਈ ਬੀ | ਵਾਲਡ'ਜ਼ ਚੀ ਸਕੇਅਰ (ਡੀ ਐੱਫ=1 | ਪੀ ਮੁੱਲ | ਐਕਸ (ਬੀ) | ਸੀ ਆਈ ਉੱਚਾ | ਸੀ ਆਈ ਨਿਮਨ |
|---|---|---|---|---|---|---|---|
| ਇੰਟਰਸੈਪਟ | -1.825 | .034 | 2892.0 | **0.000** | | | |
| ਸਿੱਖਿਆ | .928 | .018 | 2655.0 | **0.000** | 2.530 | 2.442 | 2.621 |
| ਪੀਣਯੋਗ ਪਾਣੀ | .887 | .021 | 1731.0 | **0.000** | 2.427 | 2.328 | 2.531 |
| ਬਿਜਲੀ | 1.177 | .027 | 1911.0 | **0.000** | 3.245 | 3.078 | 3.421 |
| ਟੈਲੀਵੀਜ਼ਨ | .932 | .019 | 2426.0 | **0.000** | 2.541 | 2.448 | 2.637 |
| ਹਿੰਦੂ | -1.087 | .020 | 3090.0 | **0.000** | .337 | .325 | .350 |
| ਧਨ ਸੰਪਤੀ | -2.067 | .028 | 5476.0 | **0.000** | .127 | .120 | .134 |
| ਆਧੁਨਿਕ | .813 | .020 | 1617.0 | **0.000** | 2.255 | 2.168 | 2.346 |
| ਦਸਤੀ | .420 | .019 | 464.7 | **0.000** | 1.522 | 1.465 | 1.582 |
| ਏਡਜ਼ ਜਾਣਕਾਰੀ | .441 | .018 | 622.5 | **0.000** | 1.554 | 1.501 | 1.609 |
| | | | ਟੋਆ ਬਨਾਮ ਕੋਈ ਸਹੂਲਤ ਨਹੀਂ | | | | |
| ਪਰਿਵਰਤਨੀ | ਬੀ | ਐੱਸ ਈ ਬੀ | ਵਾਲਡ'ਜ਼ ਚੀ ਸਕੇਅਰ (ਡੀ ਐੱਫ=1 | ਪੀ ਮੁੱਲ | ਐਕਸ (ਬੀ) | ਸੀ ਆਈ ਉੱਚਾ | ਸੀ ਆਈ ਨਿਮਨ |
| ਇੰਟਰਸੈਪਟ | -1.038 | .040 | 679.846 | **0.000** | | | |
| ਸਿੱਖਿਆ | .364 | .027 | 184.926 | **0.000** | 1.440 | 1.366 | 1.517 |
| ਪੀਣਯੋਗ ਪਾਣੀ | -.202 | .026 | 60.003 | **0.000** | .817 | .777 | .860 |
| ਬਿਜਲੀ | .449 | .031 | 211.259 | **0.000** | 1.566 | 1.474 | 1.664 |
| ਟੈਲੀਵੀਜ਼ਨ | .249 | .029 | 74.496 | **0.000** | 1.283 | 1.213 | 1.358 |
| ਹਿੰਦੂ | -1.703 | .024 | 4833.0 | **0.000** | .182 | .174 | .191 |
| ਧਨ ਸੰਪਤੀ | -.383 | .031 | 157.795 | **0.000** | .682 | .642 | .724 |
| ਆਧੁਨਿਕ | .271 | .031 | 78.629 | **0.000** | 1.311 | 1.235 | 1.392 |
| ਦਸਤੀ | .002 | .028 | .005 | **0.944** | 1.002 | .948 | 1.058 |
| ਏਡਜ਼ ਜਾਣਕਾਰੀ | .532 | .026 | 406.452 | **0.000** | 1.702 | 1.616 | 1.792 |

ਕੋਈ ਸਹੂਲਤ ਨਹੀਂ ਬਨਾਮ ਟੋਆ ਸ਼ੌਚਾਲੇ ਹੋਣ ਦੀ ਸੰਭਾਵਨਾ ਨਾਲ ਚੁਣੇ ਹੋਏ ਸੁਤੰਤਰ ਪਰਿਵਰਤਨੀ ਦੀ ਹਿੱਸੇਦਾਰੀ ਦੀ ਦਿਸ਼ਾ ਫਲੱਸ਼ ਸ਼ੌਚਾਲੇ ਹੋਣ ਦੀ ਦਿਸ਼ਾ ਦੇ ਬਰਾਬਰ ਹੈ। ਘਰ ਵਿਚ 'ਟੋਆ ਸ਼ੌਚਾਲੇ' ਨਾਲੋਂ ਫਲੱਸ਼ ਸ਼ੌਚਾਲੇ' ਨਾਲ ਸੁਤੰਤਰ ਪਰਿਵਰਤਨੀ ਦਾ ਮਜ਼ਬੂਤ ਸੰਬੰਧ ਹੈ। ਆਮ ਤੌਰ ਤੇ ਸਾਡੇ ਨਤੀਜੇ ਇਸ ਵਿਸਤ੍ਰਿਤ ਵਿਸ਼ਵਾਸ ਦੀ ਪ੍ਰੋੜਤਾ ਕਰਦੇ ਹਨ ਕਿ ਹਿੰਦੂ ਲੋਕ ਘਰ ਨਾਲੋਂ ਬਾਹਰ ਦੀ ਸਫ਼ਾਈ ਵੱਲ ਜ਼ਿਆਦਾ ਤਵੱਜੋ ਨਹੀਂ ਦਿੰਦੇ, ਅਣਡਿੱਠ ਕਰਦੇ ਹਨ। ਅਸੀਂ ਦੇਖਿਆ ਹੈ ਕਿ 'ਕੋਈ ਸਹੂਲਤ ਨਹੀਂ' ਦੀ ਦਰ ਦੂਜੇ ਸਮੁਦਾਇਆਂ ਨਾਲੋਂ ਹਿੰਦੂਆਂ ਵਿਚ ਜ਼ਿਆਦਾ ਹੈ। ਆਧੁਨਿਕੀਕਰਨ ਦੀ ਪ੍ਰਕਿਰਿਆ ਸਵੱਛਤਾ ਦਾ ਪੱਧਰ ਉੱਚਾ ਕਰਨ ਵਿਚ ਜ਼ਿਆਦਾ ਉਪਯੋਗੀ ਹੈ। ਟੈਲੀਵੀਜ਼ਨ, ਨਲ ਦਾ ਪਾਣੀ ਅਤੇ ਬਿਜਲੀ ਵਰਗੀਆਂ ਵਸਤੂਆਂ ਅਤੇ ਸਹੂਲਤਾਂ ਦਾ ਉਪਯੋਗ ਫਲੱਸ਼ ਸ਼ੌਚਾਲਿਆਂ ਲਈ ਜ਼ਿਆਦਾ ਅਨੁਕੂਲ ਹੈ। ਇਸੇ ਤਰ੍ਹਾਂ ਆਧੁਨਿਕ ਖੇਤਰ ਵਿਚ ਕੰਮ ਕਰਨ ਵਾਲੇ ਮਜ਼ਦੂਰ, ਜਿਨ੍ਹਾਂ ਦਾ ਦਿਨ-ਬ-ਦਿਨ ਵਿਗਿਆਨਕ ਅਤੇ ਤਰਕਪੂਰਨ ਚੀਜ਼ਾਂ ਨਾਲ ਵਾਸਤਾ ਪੈਂਦਾ ਹੈ ਅਤੇ ਉਹ ਇਸ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਉਹ ਸਵੱਛਤਾ ਦੇ ਆਧੁਨਿਕ ਤਰੀਕਿਆਂ ਨੂੰ ਅਪਣਾ ਰਹੇ ਹਨ ਅਤੇ ਫਲੱਸ਼ ਸ਼ੌਚਾਲੇ ਨੂੰ ਪਹਿਲ ਦਿੰਦੇ ਹਨ। ਹੈਰਾਨੀ ਵਾਲੀ ਗੱਲ ਨਹੀਂ ਹੈ। ਅਸੀਂ ਦੇਖਿਆ ਹੈ ਕਿ ਸਿੱਖਿਆ ਅਤੇ ਆਮਦਨ ਦੇ ਨਿਮਨ ਵਰਗ ਦੇ ਲੋਕ ਜਿਨ੍ਹਾਂ ਦਾ ਨਿਮਨ ਸਮਾਜਿਕ-ਆਰਥਿਕ ਵਰਗ ਦੇ ਰੂਪ ਵਿਚ ਵਰਗੀਕਰਨ ਕੀਤਾ ਗਿਆ ਹੈ ਉਹ 'ਕੋਈ ਸਹੂਲਤ ਨਹੀਂ' ਸਵੱਛਤਾ ਦੇ ਵਰਗ ਨਾਲ ਸੰਬੰਧਿਤ ਹਨ।

## ਸਿੱਟਾ

ਸਾਧਾਰਨ ਰੂਪ ਵਿਚ, ਸਾਡੇ ਨਤੀਜੇ ਜਨ-ਸਿਹਤ ਦੇ ਖੇਤਰ ਵਿਚ ਸਥਾਪਤ ਕੀਤੇ ਗਏ ਨਤੀਜਿਆਂ ਦਾ ਸਮਰਥਨ ਕਰਦੇ ਹਨ ਜੋ ਸੁਝਾਅ ਦਿੰਦੇ ਹਨ ਕਿ ਆਧੁਨਿਕੀਕਰਨ ਸਵੱਛਤਾ ਵਿਚ ਸੁਧਾਰ ਲਿਆਉਂਦਾ ਹੈ ਜਿਸ ਦੇ ਨਤੀਜੇ ਵਜੋਂ ਵਿਅਕਤੀਗਤ ਰੂਪ ਵਿਚ ਸਿਹਤ ਵਿਚ ਮਹੱਤਵਪੂਰਨ ਲਾਭ ਹੁੰਦਾ ਹੈ। ਭਾਰਤ ਵਿਚ 'ਸੰਪੂਰਨ ਸਵੱਛਤਾ ਅਭਿਆਨ' ਅਤੇ 'ਮਹਾਤਮਾ ਗਾਂਧੀ ਸਵੱਛਤਾ ਭਾਰਤ ਪ੍ਰੋਗਰਾਮ' ਦੀ ਮੌਜੂਦਾ ਮੁਹਿੰਮ ਹਰੇਕ ਘਰ ਨੂੰ ਪਖ਼ਾਨੇ ਦੇਣ ਅਤੇ ਖੁੱਲ੍ਹੇ ਵਿਚ ਮਲ਼ ਤਿਆਗ ਕਰਨ 'ਤੇ ਪੂਰਨ ਰੋਕ ਲਗਾਉਣ ਜਾਂ ਖਾਤਮਾ ਕਰਨ 'ਤੇ ਕੇਂਦਰਿਤ ਹੈ। ਅਜਿਹੀਆਂ ਮੁਹਿੰਮਾਂ ਟੋਆ ਸ਼ੌਚਾਲੇ ਅਤੇ ਫਲੱਸ਼ ਸ਼ੌਚਾਲੇ ਲਈ ਅਮੁਨਾਸਬ ਲੋੜ ਦੀ ਮਨੌਤ 'ਤੇ ਚਲਾਈਆਂ ਜਾਂਦੀਆਂ ਹਨ। ਘਰ ਵਿਚ ਸ਼ੌਚਾਲੇ ਦਾ ਮਾਲਕ ਉਸ ਦੀ ਵਰਤੋਂ ਕਰਦਾ ਹੈ ਕਿ ਨਹੀਂ, ਇਹ ਇਕ ਖੁੱਲ੍ਹਾ ਪ੍ਰਸ਼ਨ ਹੈ। ਇਸ ਤੋਂ ਅੱਗੇ ਇਹ ਪੂਰਨ ਆਭਾਸ ਕਰਨਾ ਕਿ ਸ਼ੌਚਾਲਿਆਂ ਦੀ ਗਿਣਤੀ ਵਧਣ ਨਾਲ ਛੂਤ ਵਾਲੀਆਂ ਬੀਮਾਰੀਆਂ ਜੋ ਖੁੱਲ੍ਹੇ ਮਲ਼ ਤੋਂ ਫੈਲਦੀਆਂ ਹਨ, ਵਿਚ ਕਮੀ ਆਵੇਗੀ, ਇਸ ਦੇ ਬਾਰੇ ਕੋਈ ਪਰਖ ਨਹੀਂ ਕੀਤੀ ਗਈ। ਸਪੱਸ਼ਟ ਤੌਰ ਤੇ ਸਵੱਛਤਾ ਪ੍ਰੋਗਰਾਮ ਨੂੰ ਜਨ ਸਿਹਤ ਲਾਭ ਪ੍ਰਾਪਤ ਕਰਨ ਲਈ ਵਿਹਾਰਕ ਸ਼ਿਸ਼ਟਾਚਾਰ ਨੂੰ ਬਦਲਣ ਨਾਲ ਸੰਯੁਕਤ ਕਰਕੇ ਜੋੜਿਆ ਜਾਵੇ। ਇਸ ਸੰਬੰਧ ਵਿਚ, ਸਾਡੇ ਅਧਿਐਨ ਦੇ ਨਤੀਜੇ ਸਮਾਜਿਕ-ਸੰਰਚਨਾਤਮਕ ਅਤੇ ਸਭਿਆਚਾਰਕ ਸੰਦਰਭ ਲਈ ਲਾਗੂ ਕੀਤੇ ਜਾਣ, ਜਿਨ੍ਹਾਂ 'ਤੇ ਸਵੱਛਤਾ ਮੁਹਿੰਮ ਆਧਾਰਿਤ ਹੈ। ਸਾਡਾ ਅਧਿਐਨ ਸਵੱਛਤਾ ਦੇ ਪੱਧਰਾਂ ਨਾਲ ਸੰਬੰਧਿਤ ਸਭਿਆਚਾਰਕ ਅਤੇ ਸਮਾਜਿਕ-ਸੰਰਚਨਾਤਮਕ ਦੋਵਾਂ ਤਰ੍ਹਾਂ ਦੇ ਅਨੇਕ ਪਰਿਵਰਤਨੀ ਪ੍ਰਸਤੁਤ ਕਰਦਾ ਹੈ। ਪਰਿਵਰਤਨੀ ਜਿਵੇਂ ਸਿੱਖਿਆ ਅਤੇ ਪੇਸ਼ੇ ਦੀਆਂ ਕਿਸਮਾਂ, ਸਵੱਛਤਾ ਪੱਧਰਾਂ ਨਾਲ ਸੰਬੰਧਿਤ ਹਨ। ਸਹੀ ਅਰਥਾਂ ਵਿਚ ਸਮਾਜਿਕ ਸੰਸਥਾਵਾਂ ਜਿਵੇਂ ਸਕੂਲ ਅਤੇ ਮਜ਼ਦੂਰ ਮੰਡੀਆਂ ਦਾ ਸਵੱਛਤਾ ਪੱਧਰ 'ਤੇ ਖ਼ਾਸਾ ਪ੍ਰਭਾਵ ਹੈ। ਮਜ਼ਦੂਰ ਮੰਡੀਆਂ ਸੰਬੰਧੀ ਜਿਵੇਂ ਕਿ ਇਸ ਦੀ ਰਚਨਾ ਰਸਮੀ ਪੇਸ਼ਾ ਤੋਂ ਗ਼ੈਰ-ਰਸਮੀ ਵਿਚ ਪਰਿਵਰਤਿਤ ਹੁੰਦੀ ਹੈ, ਤਾਂ ਇਸ ਨਾਲ ਸਵੱਛਤਾ ਪੱਧਰ 'ਤੇ ਲਾਭ ਹਾਸਲ ਹੁੰਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਸਵੱਛਤਾ ਦੀ ਮੁਹਿੰਮ ਨਾਲ ਧਾਰਮਿਕ ਸਮੂਹਾਂ, ਸਕੂਲਾਂ ਅਤੇ ਮਜ਼ਦੂਰ ਮੰਡੀਆਂ ਨੂੰ ਸ਼ਾਮਿਲ ਕੀਤਾ ਜਾਵੇ, ਜੋੜਿਆ ਜਾਵੇ।

ਅਸੀਂ ਇਹ ਵੀ ਇਸ਼ਾਰਾ ਕੀਤਾ ਹੈ ਕਿ ਸਵੱਛਤਾ ਦੇ ਮਾੜੇ ਹਾਲਾਤ ਤੋਂ ਪੈਦਾ ਹੁੰਦੇ ਸਮਾਜਿਕ ਨਤੀਜਿਆਂ ਬਾਰੇ ਲਿਖਤੀ ਜਾਣਕਾਰੀ ਦੀ ਥੁੜ ਹੈ। ਭਾਵੇਂ ਇਹ ਅਧਿਐਨ ਇਸ ਮਸਲੇ ਨਾਲ ਨਿਪਟਣ ਦੀ ਕੋਈ ਕੋਸ਼ਿਸ਼ ਨਹੀਂ ਕਰਦੀ ਹੈ ਪਰ ਜਨ ਸਿਹਤ ਵਿਚ ਸੁਧਾਰ ਲਈ ਸਵੱਛਤਾ ਦੀ ਮਾੜੀ ਹਾਲਤ ਦੇ ਸਮਾਜਿਕ ਨਤੀਜਿਆਂ 'ਤੇ ਖੋਜ ਜ਼ਰੂਰੀ ਹੈ। ਸਵੱਛਤਾ ਦੇ ਮਾੜੀ ਹਾਲਤ ਦੇ ਸਮਾਜਿਕ ਨਤੀਜਿਆਂ 'ਤੇ ਅਧਿਐਨ ਕਰਨ ਲਈ ਕੁਝ ਸੁਝਾਵਾਂ ਸਮੇਤ ਅਸੀਂ ਪਰਚੇ ਦੀ ਸਮਾਪਤੀ ਕਰਦੇ ਹਾਂ। ਸੁਝਾਅ ਇਸ ਤਰ੍ਹਾਂ ਹਨ : ਉੱਚਿਤ ਸਵੱਛਤਾ ਪ੍ਰਬੰਧ ਪ੍ਰਦਾਨ ਕਰਨ ਵਿਚ ਜਨਤਕ ਖੇਤਰ ਦੀ ਅਸਫਲਤਾ ਕਾਰਨ ਨਿੱਜੀ ਖੇਤਰ ਨੂੰ ਸਵੱਛਤਾ ਦਾ ਕੰਮ ਸੌਂਪੇ ਜਾਣ ਦਾ ਅਵਸਰ ਦੇਣ ਦੀ ਹਿਮਾਇਤ ਕਰਦਾ ਹੈ। ਨਿੱਜੀ ਖੇਤਰ ਸਰਕਾਰੀ ਨਿਯਮਾਂ ਦੀ ਦੇਖ-ਰੇਖ ਵਿਚ ਇਹ ਕੰਮ ਕਰੇ। ਜਨਤਕ ਸਵੱਛਤਾ ਦੇ ਮਾਪਦੰਡਾਂ ਨੂੰ ਲਾਗੂ ਕਰਨ ਅਤੇ ਕਾਇਮ ਰੱਖਣ ਵਿਚ ਅਕਸਰ ਸਰਕਾਰੀ ਅਦਾਰੇ ਬੇਅਸਰ ਸਾਬਤ ਹੁੰਦੇ ਹਨ (ਟਰੇਮੋਲੇਟ, ਕਾਰਡੋਨ ਅਤੇ ਫੋਨਸੈਕਾ 2013) ਇਸ ਨਾਲ ਕਈ ਗ਼ੈਰ ਕਾਨੂੰਨੀ ਢੰਗ ਨਾਲ ਸ਼ਹਿਰੀ ਖੇਤਰਾਂ ਵਿਚ ਗ਼ੈਰ ਕਾਨੂੰਨੀ ਥਾਵਾਂ 'ਤੇ ਕੂੜਾ, ਗੰਦ ਅਤੇ ਮਲਬਾ ਸੁੱਟ ਦਿੰਦੇ ਹਨ ਜਿਸ ਨਾਲ ਕੂੜੇ ਦੇ ਢੇਰ ਲੱਗ ਜਾਂਦੇ ਹਨ ਅਤੇ ਬਦਬੂ ਫ਼ੈਲ ਜਾਂਦੀ ਹੈ। ਗੰਦਗੀ ਦੇ ਢੇਰ ਕਾਰਨ ਆਸ-ਪਾਸ ਰਹਿਣ ਵਾਲੇ ਲੋਕ ਗੰਦੇ ਵਾਤਾਵਰਨ ਦਾ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਨਾਲ ਮਾੜਾ ਵਰਤਾਅ ਕੀਤਾ ਜਾਂਦਾ ਅਤੇ ਉਹ ਸਮਾਜਿਕ ਤੌਰ ਤੇ ਹਾਸ਼ੀਏ 'ਤੇ ਚਲੇ ਜਾਂਦੇ ਹਨ (ਅਗਰਵਾਲ, 2014)।

***ਭੀੜੇ ਸ਼ਹਿਰੀ ਖੇਤਰਾਂ ਵਿਚ ਮਲ-ਮੂਤਰ ਤਿਆਗਣ ਲਈ ਜਨਤਕ ਥਾਵਾਂ ਕਾਫ਼ੀ ਘੱਟ ਹੁੰਦੀਆਂ ਹਨ ਅਤੇ ਬੱਚੇ ਵਿਸ਼ੇਸ਼ ਤੌਰ ਤੇ ਅਸੁਰੱਖਿਅਤ ਅਤੇ ਅਸੁਖਾਵਾਂ ਮਹਿਸੂਸ ਕਰਦੇ ਹਨ। ਅਖੀਰ ਵਿਚ ਅੱਜ ਦੀ ਨੌਜਵਾਨ ਪੀੜ੍ਹੀ ਸਵੱਛਤਾ ਅਤੇ ਸਿਹਤ ਸਿੱਖਿਆ ਬਾਰੇ ਜ਼ਿਆਦਾ ਸੁਚੇਤ ਹੈ ਅਤੇ ਇਸ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਵੀ ਰੱਖਦੀ ਹੈ। ਸਵੱਛਤਾ ਪ੍ਰਤਿ ਵੱਡੇ ਲੋਕਾਂ ਦਾ ਗਲਤ ਵਿਹਾਰ ਅਤੇ ਮੰਦੇ ਹਾਲਾਤ ਬਾਰੇ ਅਣਜਾਣਤਾ ਦਾ ਨਤੀਜਾ, ਸਮੁਦਾਇਆਂ ਦੀ ਸਮਾਜਿਕ ਸੰਬੰਧਤਾ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ।***

*(ਲੇਖਕ ਕ੍ਰਮਵਾਰ ਪ੍ਰੋਫ਼ੈਸਰ, ਸਕੂਲ ਆਫ਼ ਸੋਸ਼ਲ ਵਰਕ ਅਤੇ ਪੀ ਐੱਚ ਡੀ ਵਿਦਿਆਰਥੀ, ਯੂਨੀਵਰਸਿਟੀ ਆਫ਼ ਟੈਕਸਜ਼, ਆਰਲੀਨਗਟਨ ਹਨ।)*

*e-mail :pillai@uta.edu*

*: rupal.parekh@mavs.uta.edu*

# 'ਸੰਪੂਰਨ ਸਵੱਛਤਾ' ਵਿਚ ਰੁਕਾਵਟਾਂ : ਜ਼ਿਲ੍ਹਾ ਪੱਧਰੀ ਘਰੇਲੂ ਸਰਵੇਖਣ ਦੇ ਸਬੂਤ

✍ ਗ੍ਰੇਗਰੀ ਪੀਅਰਜ਼

ਸੰਖੇਪ-ਸਾਰ

ਪਖ਼ਾਨਿਆਂ ਦੀ ਨਾਕਾਫ਼ੀ ਵਰਤੋਂ ਦਾ ਸਿੱਧਾ ਅਸਰ ਭਾਰਤ ਵਿਚ ਰੋਗਾਂ ਦੀ ਦਰ ਅਤੇ ਮੌਤ ਦੀ ਦਰ 'ਤੇ ਪੈਂਦਾ ਹੈ। ਸਵੱਛਤਾ ਦੇ ਤਰੀਕਿਆਂ ਬਾਰੇ ਵਿਆਪਕ ਖੋਜ ਅਤੇ ਭਾਰਤ ਵਿਚ ਪਖ਼ਾਨਿਆਂ ਦੀ ਵਰਤੋਂ ਦੇ ਕਾਰਕਾਂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰਨ ਦੇ ਬਾਵਜੂਦ, ਪਿੰਡ ਪੱਧਰ ਤੋਂ ਜ਼ਿਆਦਾ ਅਤੇ ਰਾਜ ਪੱਧਰ ਤੋਂ ਘੱਟ ਸਥਾਨਕ ਭਿੰਨਤਾ ਦੀ ਵਰਤੋਂ ਦੀ ਸਮਝ ਉੱਘੜਵੇਂ ਰੂਪ ਵਿਚ ਬਹੁਤ ਮਾੜੀ ਹੈ। ਇਹ ਪਰਚਾ ਜ਼ਿਲ੍ਹਾ ਪੱਧਰ 'ਤੇ ਸਵੱਛਤਾ ਦੀ ਵਰਤੋਂ ਵਿਚਲੀ ਭਿੰਨਤਾ ਦੀ ਵਿਆਖਿਆ ਕਰਨ ਲਈ ਸਥਾਨਕ ਮੁੱਲੰਕਣ ਤਕਨੀਕ ਦਾ ਇਸਤੇਮਾਲ ਕਰਦਾ ਹੈ। ਵਿਸ਼ਵ ਸਥਾਨਕ ਸਵੈ-ਸੰਬੰਧ ਦੀ ਪਰਖ ਪੱਕਾ ਕਰਦੀ ਹੈ ਕਿ ਸਵੱਛਤਾ ਦੀ ਵਰਤੋਂ ਭੂਗੋਲਿਕ ਪੱਧਰ 'ਤੇ ਮਜ਼ਬੂਤੀ ਨਾਲ ਸਮੂਹ ਵਿਚ ਬੱਝੀ ਹੋਈ ਹੈ ਅਤੇ ਸਮਾਜਿਕ-ਆਰਥਿਕ ਵਿਆਖਿਆਵਾਂ ਅਤੇ ਰਾਜ ਦੀ ਨੀਤੀ ਵਿਚ ਭਿੰਨਤਾ ਨੂੰ ਕਾਬੂ ਵਿਚ ਕਰਨ ਤੋਂ ਬਾਅਦ ਸਥਾਨਕ ਸਮੂਹ ਕਾਫ਼ੀ ਵਿਆਪਕ ਹਨ। ਨਤੀਜੇ ਸੁਝਾਉਂਦੇ ਹਨ ਕਿ ਸਵੱਛਤਾ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਵਿਚਕਾਰਲੀਆਂ ਪੱਧਰਾਂ ਦੀ ਜ਼ਿਆਦਾ ਸਮਝ ਪ੍ਰਾਪਤ ਕਰਨ ਦਾ ਮੌਕਾ ਹੈ।

## ਜਾਣ-ਪਛਾਣ

ਭਾਰਤ ਵਿਚ ਪਖ਼ਾਨਿਆਂ ਦੀ ਨਾਕਾਫ਼ੀ ਵਰਤੋਂ ਦਾ ਸਿੱਧਾ ਅਸਰ ਰੋਗਾਂ ਅਤੇ ਮੌਤ ਦੀ ਉੱਚੀ ਦਰ 'ਤੇ ਪੈਂਦਾ ਹੈ। ਇਕ ਅਨੁਮਾਨ ਅਨੁਸਾਰ ਸਵੱਛਤਾ ਤੋਂ ਵਿਹੂਣੀ ਦੁਨੀਆਂ ਦੀ ਲਗਭਗ ਇਕ ਚੌਥਾਈ ਜਨਸੰਖਿਆ ਭਾਰਤ ਵਿਚ ਵਸਦੀ ਹੈ ਅਤੇ ਭਾਰਤ ਵਿਚ 600 ਮਿਲੀਅਨ ਤੋਂ ਵੱਧ ਲੋਕ ਖੁੱਲ੍ਹੇ ਵਿਚ ਮਲ਼ ਤਿਆਗਦੇ ਹਨ (ਯੂਨੀਸੈਫ 2012)। ਪਹੁੰਚ ਅਤੇ ਵਰਤੋਂ ਦੀ ਕਮੀ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ ਸਾਲਾਨਾ 6.4 ਪ੍ਰਤਿਸ਼ਤ ਦੀ ਕਮੀ ਕਰ ਦਿੰਦੀ ਹੈ (ਡਬਲਯੂ ਐੱਸ ਪੀ 2011; ਚੈਂਬਰਜ਼ ਅਤੇ ਵਾਨ ਮੇਡੀਅਜ਼ਾ 2013)। ਸਵੱਛਤਾ ਦੇ ਮੁੱਦੇ 'ਤੇ ਕਾਫ਼ੀ ਵਿਆਪਕ ਖੋਜ ਦੇ ਬਾਵਜੂਦ, ਸਵੱਛਤਾ ਦੇ ਨਾਕਾਫ਼ੀ ਕਾਰਕਾਂ ਦੀ ਸਮਝ ਬਹੁਤ ਮਾੜੀ ਹੈ।

ਇਹ ਪੇਪਰ ਭਾਰਤ ਵਿਚ ਜ਼ਿਲ੍ਹਾ ਪੱਧਰ 'ਤੇ ਪਖ਼ਾਨਿਆਂ ਦੀ ਵਰਤੋਂ ਵਿਚ ਅਸਮਾਨਤਾਵਾਂ ਦੀ ਵਿਆਖਿਆ ਕਰਨ ਲਈ ਸਥਾਨਕ ਮੁੱਲੰਕਣ ਤਕਨੀਕ ਦੀ ਵਰਤੋਂ ਕਰਦਾ ਹੈ। ਵਿਸ਼ਵ ਸਵੈ-ਸੰਬੰਧ ਦੀ ਪਰਖ ਇਹ ਸਿੱਧ ਕਰਦੀ ਹੈ ਕਿ ਸਵੱਛਤਾ ਦੀ ਵਰਤੋਂ ਦੇ ਜ਼ਿਲ੍ਹਾ ਪੱਧਰ 'ਤੇ ਮਜ਼ਬੂਤ ਸਮੂਹ ਹਨ। ਸਥਾਨਕ ਸਵੈ-ਸੰਬੰਧਾਂ ਦੀ ਪੜਚੋਲ ਉਨ੍ਹਾਂ ਜ਼ਿਲ੍ਹਿਆਂ ਵਿਚ ਸਵੱਛਤਾ ਵਸੋਂ ਦੀ ਮਾੜੀ ਹਾਲਤ ਉਜਾਗਰ ਕਰਦੀ ਹੈ ਜਿਥੇ ਮੌਤ ਦਰ ਪੰਜ ਤੋਂ ਘੱਟ ਹੈ। ਸਥਾਨਕ ਵਸੋਂ ਦੇ ਜਾਰੀ ਰਹਿਣ ਨੂੰ ਦਰਸਾਉਣ ਲਈ ਦੇਰੀ ਵਾਲਾ ਮਾਡਲ ਅਪਣਾਇਆ ਜਾਂਦਾ ਹੈ, ਜੋ ਪਖ਼ਾਨਿਆਂ ਦੀ ਵਰਤੋਂ ਦੇ ਆਦਰਸ਼ ਸਮਾਜਿਕ-ਆਰਥਿਕ ਅਤੇ ਸੰਸਥਾਗਤ ਸਵੈ-ਸੰਬੰਧਾਂ ਨੂੰ ਧਿਆਨ ਵਿਚ ਰੱਖਣ ਤੋਂ ਬਾਅਦ ਕੀਤਾ ਜਾਂਦਾ ਹੈ। ਇਨ੍ਹਾਂ ਸਮੂਹਾਂ ਦੇ ਸਥਾਨ ਅਤੇ ਜ਼ਿਲ੍ਹਾ ਪੱਧਰ 'ਤੇ ਵਿਆਖਿਆਤਮਕ ਸ਼ਕਤੀ ਉਨ੍ਹਾਂ ਤੰਤਰਾਂ ਵੱਲ ਇਸ਼ਾਰਾ ਕਰਦੇ ਹਨ ਜੋ ਰਾਜ ਪੱਧਰੀ ਮੁੱਲੰਕਣਾਂ ਦੀ ਪਹੁੰਚ ਤੋਂ ਬਾਹਰ ਰਹਿ ਜਾਂਦੇ ਹਨ।

ਸਵੱਛਤਾ ਬਾਰੇ ਸਥਾਨਕ ਖੋਜ ਜ਼ਿਆਦਾਤਰ ਜਾਂ ਤਾਂ ਪਿੰਡ/ਗੁਆਂਢ ਪੱਧਰ ਜਾਂ ਰਾਜ ਜਾਂ ਵੱਡੇ ਰਾਜਾਂ 'ਤੇ ਹੀ ਕੇਂਦਰਿਤ ਰਹਿੰਦੀ ਹੈ (ਮਨੀਕੁਟੀ 1998; ਚੈਂਬਰਜ਼ 2009)। ਇਸ ਅਤਿ ਸੂਖਮ ਜਾਂ ਵਿਆਪਕ ਧਿਆਨ ਦੀ ਇਕ ਹਾਲੀਆ ਛੋਟ ਜ਼ਿਲ੍ਹਾ ਪੱਧਰ 'ਤੇ ਸਵੱਛਤਾ ਦੇ ਸੁਝਾਵਾਂ ਅਤੇ ਨਤੀਜਿਆਂ ਬਾਰੇ ਲਗਾਤਾਰ ਵਧ ਰਿਹਾ ਸਾਹਿਤ ਹੈ। ਭਾਰਤੀ ਕੇਂਦਰ ਸਰਕਾਰ ਸੰਪੂਰਨ ਸਵੱਛਤਾ ਅਭਿਆਨ (ਟੀ ਐੱਸ ਸੀ) ਦੇਸ਼ ਦੇ 95 ਪ੍ਰਤਿਸ਼ਤ ਜ਼ਿਲ੍ਹਿਆਂ ਅਤੇ ਅਖੀਰ ਵਿਚ ਪਿੰਡ ਪੱਧਰ 'ਤੇ ਤਬਦੀਲ ਕੀਤੇ ਜਾਂਦੇ ਹਨ – ਜ਼ਿਆਦਾ ਉਦੇਸ਼ ਸਾਰੇ ਭਾਰਤ ਦੇ ਪਿੰਡਾਂ ਵਿਚ ਖੁੱਲ੍ਹੇ ਵਿਚ ਮਲ਼ ਤਿਆਗਣ ਦੀ ਪ੍ਰਥਾ ਦਾ ਖਾਤਮਾ ਕਰਨਾ ਹੈ – ਪਰ ਬੁਨਿਆਦੀ ਨਿਯੰਤ੍ਰਣ ਅਤੇ ਸਮੀਖਿਆ ਜ਼ਿਲ੍ਹਾ ਪੱਧਰ 'ਤੇ ਹੀ ਰਹਿੰਦੇ ਹਨ।

ਪਿੱਛੇ ਜਿਹੇ ਤਕ, ਭਾਰਤ ਭਰ ਵਿਚ ਨਾਕਾਫ਼ੀ ਸਵੱਛਤਾ ਦੇ ਕਾਰਕਾਂ ਬਾਰੇ ਗਹਿਰੀ ਖੋਜ ਬਹੁਤ ਹੀ ਘੱਟ ਸੀ (ਯੂਨੀਸੈਫ 2008)। ਸਪੀਅਰਜ਼ ਟੀ ਐੱਸ ਸੀ ਦੇ ਜ਼ਿਲ੍ਹਾ ਪੱਧਰੀ ਵੰਡ ਤੋਂ ਪੈਦਾ ਹੋਏ, ਬੱਚਿਆਂ ਦੀ ਲੰਬਾਈ ਅਤੇ ਬੱਚਿਆਂ ਦੀ ਮੌਤ ਦੀ ਦਰ 'ਤੇ ਪੈਣ ਵਾਲੇ ਹਾਂ ਪੱਖੀ ਪ੍ਰਭਾਵਾਂ ਦੀ ਪੜਚੋਲ ਲਈ ਭਾਰਤ ਭਰ ਦੇ ਅੰਕੜਿਆਂ ਦੀ ਵਰਤੋਂ ਕਰਦਾ ਹੈ (2012)। ਦੂਜੇ ਪਾਸੇ, ਸਟੋਪਨਿਤਜ਼ਕੀ (2012) ਇਹ ਸਿੱਟਾ ਕੱਢਦਾ ਹੈ ਕਿ 2008 ਤਕ, ਟੀ ਐੱਸ ਸੀ ਨੇ ਭਾਰਤੀ ਜ਼ਿਲ੍ਹਿਆਂ ਵਿਚ ਪਖ਼ਾਨਿਆਂ ਦੀ ਮਾਲਕੀ ਵਿਚ ਕੋਈ ਖ਼ਾਸ ਵਾਧਾ ਨਹੀਂ ਕੀਤਾ। ਹਿਊਸੋ ਅਤੇ ਬੈੱਲ ਗੁਣਾਤਮਕ ਪਹੁੰਚ ਅਪਣਾ ਕੇ ਟੀ ਐੱਸ ਸੀ ਸਰੋਤਾਂ ਦੀ ਸਥਾਨਕ ਵਰਤੋਂ ਬਾਰੇ ਸ਼ੱਕ ਜ਼ਾਹਿਰ ਕਰਦੇ ਹਨ, ਬਾਵਜੂਦ ਇਸ ਦੇ ਕਿ ਇਹ ਯੋਜਨਾ ਮੰਗ ਨੂੰ ਹੁਲਾਰਾ ਦੇਣ ਲਈ ਹੈ (2013)। ਘੋਸ਼ ਅਤੇ ਕੇਅਰਨਕ੍ਰਾਸ 2001 ਅਤੇ 2011 ਦੇ ਮਦਰਮਸ਼ੁਮਾਰੀ ਦੇ ਅੰਕੜਿਆਂ ਨੂੰ ਇਸਤੇਮਾਲ ਕਰਦੇ ਹੋਏ ਇਹ ਸੁਝਾਅ ਦਿੰਦੇ ਹਨ ਕਿ ਪਖ਼ਾਨਿਆਂ ਤਕ ਪਹੁੰਚ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਖੇਤਰੀ ਅਸਮਾਨਤਾਵਾਂ ਨੂੰ ਔਰਤਾਂ ਦੀ ਸਾਖਰਤਾ ਦਰ ਅਤੇ ਸ਼ਹਿਰੀਕਰਨ ਪ੍ਰਭਾਵਿਤ ਕਰਦੇ

ਹਨ (2013)। ਵਰਤਮਾਨ ਖੋਜ, ਭਾਰਤ ਭਰ ਵਿਚ ਸਥਾਨਕ ਸਵੱਛਤਾ ਦੀ ਅਸਮਾਨਤਾ ਨੂੰ ਜਾਰੀ ਕਰਨ ਤੇ ਪੜਚੋਲ ਕਰਨ ਲਈ ਉੱਭਰ ਰਹੇ ਸਾਹਿਤ ਦੀ ਤਸਦੀਕ ਕਰਦੀ ਹੈ।

## ਸਵੱਛਤਾ ਦੇ ਸਥਾਨਕ ਆਯਾਮ : ਜ਼ਿਲ੍ਹੇ ਲਈ ਭੂਮਿਕਾ?

ਅਜਿਹੀਆਂ ਬਹੁਤ ਘੱਟ ਖੋਜਾਂ ਹਨ ਜੋ ਸਮਾਜਿਕ-ਆਰਥਿਕ ਰੁਤਬੇ ਨੂੰ ਪਖ਼ਾਨਿਆਂ ਦੀ ਵਰਤੋਂ ਵਿਚ, ਭੂਗੋਲਿਕ ਨੇੜਤਾ ਦੇ ਪ੍ਰਭਾਵ ਨੂੰ ਮਾਪਣ ਦੀ ਸਪੱਸ਼ਟ ਕੋਸ਼ਿਸ਼ ਕਰਦੀਆਂ ਹਨ। ਪਰ, ਸਵੱਛਤਾ ਨਾਲ ਨੇੜੇ ਦਾ ਸੰਬੰਧ ਰੱਖਣ ਵਾਲੇ ਸਿਹਤ ਨਤੀਜਿਆਂ ਦੀ ਸਥਾਨਕ ਭਿੰਨਤਾ ਬਾਰੇ ਖੋਜ, ਜਿਵੇਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦੀ ਦਰ ਅਤੇ ਵਰਤਮਾਨ ਖੋਜ ਵਿਚਾਲੇ ਇਕ ਤੁਲਨਾ ਕੀਤੀ ਜਾ ਸਕਦੀ ਹੈ (ਸਿੰਘ, ਪਾਠਕ ਅਤੇ ਚੌਹਾਨ 2011, ਕੁਮਾਰ, ਸਿੰਘ ਅਤੇ ਰਾਇ 2012)।

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਪਿੰਡ ਜਾਂ ਸ਼ਹਿਰ ਵਿਚ ਨਾਕਾਫ਼ੀ ਸਵੱਛਤਾ ਦੇ ਸਥਾਨਕ ਗਣਿਤ ਦਾ ਸੰਕਲਪੀਕਰਨ ਕਰਨਾ ਸਭ ਤੋਂ ਸੌਖਾ ਕੰਮ ਹੈ। ਇਨ੍ਹਾਂ ਪੱਧਰਾਂ 'ਤੇ, ਖੁੱਲ੍ਹੇ ਵਿਚ ਮਲ਼ ਤਿਆਗ ਕਰਨ ਦੇ ਸਿੱਧੇ ਅਤੇ ਹਾਨੀਕਾਰਕ ਪ੍ਰਭਾਵ ਪੈਂਦੇ ਹਨ (ਕਰਨ ਅਤੇ ਹਰਾਦਾ 2002, ਜਾਰਜ 2009)। ਜਦੋਂ ਕੁਝ ਘਰ ਪਰਿਵਾਰ ਖੁੱਲ੍ਹੇ ਵਿਚ ਮਲ਼ ਤਿਆਗਣਾ ਜਾਰੀ ਰੱਖਦੇ ਹਨ ਤਾਂ ਬੀਮਾਰੀ ਦੇ ਕਿਟਾਣੂ ਅਸਾਨੀ ਨਾਲ ਸਾਰੇ ਭਾਈਚਾਰੇ ਵਿਚ ਫੈਲ ਜਾਂਦੇ ਹਨ। ਇਸ ਦੇ ਉਲਟ, ਭਾਰਤ ਦੇ ਉਪ-ਰਾਸ਼ਟਰੀ ਰਾਜਾਂ ਦੀ ਬੁਨਿਆਦੀ ਸੇਵਾ ਨੀਤੀਆਂ 'ਤੇ ਤਕੜੀ ਪਕੜ ਹੁੰਦੀ ਹੈ – ਮੁਕਾਬਲਤਨ ਦੂਸਰੇ ਐੱਲ ਐੱਮ ਆਈ ਸੀ ਐੱਸ ਦੀਆਂ ਉੱਪ-ਰਾਸ਼ਟਰੀ ਇਕਾਈਆਂ ਦੇ; ਇਸ ਕਰਕੇ ਸਵੱਛਤਾ ਦੇ ਨਤੀਜਿਆਂ ਵਿਚ ਫ਼ਰਕ ਲਈ ਅਕਸਰ ਰਾਜ ਦੀ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ (ਐਲਡਨ ਅਤੇ ਕੌਮਿਨਜ਼ 2012; ਘੋਸ਼ ਅਤੇ ਕੇਅਰਨਕ੍ਰਾਸ 2013; ਰਾਉ ਅਤੇ ਸਿੰਘ 2003)। ਜ਼ਿਲ੍ਹੇ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਪ੍ਰਸ਼ਾਸਨਿਕ ਉਪ-ਮੰਡਲ ਹੁੰਦੇ ਹਨ ਜਿਸ ਦੀ ਜ਼ੱਦ ਵਿਚ ਸੈਂਕੜੇ ਸ਼ਹਿਰੀ ਖੇਤਰ ਜਾਂ ਸਥਾਨ ਦੇ ਮੁਤਾਬਕ ਹਜ਼ਾਰਾਂ ਪਿੰਡ ਆ ਸਕਦੇ ਹਨ। ਜ਼ਿਲ੍ਹਾ ਪ੍ਰਤਿ ਜਨਸੰਖਿਆ ਕੁੱਝ ਸੈਂਕੜੇ ਤੋਂ ਲੈ ਕੇ ਕਈ ਲੱਖ ਲੋਕਾਂ ਤਕ ਹੋ ਸਕਦੀ ਹੈ। ਇਸੇ ਅਨੁਸਾਰ, ਜ਼ਿਲ੍ਹਾ ਪੱਧਰੀ ਸਵੱਛਤਾ ਦਾ ਸਥਾਨਕ ਸਿਧਾਂਤ ਇਕਦਮ ਸਾਹਮਣੇ ਨਹੀਂ ਆਉਂਦਾ। ਸਾਫ਼ ਤੌਰ ਤੇ, ਜ਼ਿਲ੍ਹਾ ਪੱਧਰੀ ਪਖ਼ਾਨੇ ਦੀ ਵਰਤੋਂ ਦੇ ਸਥਾਨਕ ਸੰਬੰਧ ਨੂੰ ਸਿਰਫ਼ ਸਰੀਰਕ ਪ੍ਰਸਾਰਣ ਦੀ ਇਕ ਪ੍ਰਕਿਰਿਆ ਵਜੋਂ ਹੀ ਨਹੀਂ ਵੇਖਿਆ ਜਾ ਸਕਦਾ। ਸਗੋਂ ਸਾਰੇ ਜ਼ਿਲ੍ਹਿਆਂ ਵਿਚ ਸੰਭਾਵਿਤ ਸਥਾਨਕ ਸੰਬੰਧ ਨੂੰ ਪੂਰਤੀ ਅਤੇ ਮੰਗ ਵਿਚ ਪਰਿਵਰਤਨ ਅਤੇ ਸਵੱਛਤਾ ਲਈ ਪੂਰਤੀ ਦੇ ਨਤੀਜੇ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਪਖ਼ਾਨਿਆਂ ਦੀ ਮੰਗ ਜ਼ਿਆਦਾਤਰ ਸਮਾਜਿਕ ਨਿਯਮਾਂ ਰਾਹੀਂ ਆਉਂਦੀ ਹੈ, ਜਦ ਕਿ ਪੂਰਤੀ ਲਈ ਵਿਚੋਲਗਿਰੀ ਸੰਸਥਾਗਤ ਪਾਤਰਾਂ ਵਲੋਂ ਕੀਤੀ ਜਾਂਦੀ ਹੈ। ਵਰਤਮਾਨ ਜ਼ਿਲ੍ਹਾ ਪੱਧਰੀ ਸੰਤੁਲਨ ਦੀਆਂ ਘੱਟੋ-ਘੱਟ ਚਾਰ ਸੰਭਾਵਿਤ ਵਿਆਖਿਆਵਾਂ ਹਨ, ਸਿਰਫ਼ ਇਕ ਅਸਲ ਜ਼ਿਲ੍ਹਾ ਪੱਧਰੀ ਤੰਤਰ ਦਾ ਸੁਝਾਅ ਦਿੰਦੀ ਹੈ।

ਜ਼ਿਲ੍ਹਾ ਪੱਧਰ 'ਤੇ ਪਖ਼ਾਨੇ ਦੀ ਵਰਤੋਂ ਵਿਚ ਪਰਿਵਰਤਨ ਸਿੱਧੇ ਤੌਰ ਤੇ ਸੋਧੀ ਹੋਈ, ਅਸਲ ਇਕਾਈ ਦੀ ਸਮੱਸਿਆ ਨੂੰ ਦਰਸਾਉਂਦਾ ਹੈ। ਇਸੇ ਮੁਤਾਬਕ, ਇਕ ਪਾਸੜ ਜ਼ਿਲ੍ਹੇ ਦੀਆਂ ਹੱਦਾਂ ਨਿਰਧਾਰਤ ਕਰਨਾ, ਪਖ਼ਾਨੇ ਦੀ ਵਰਤੋਂ ਦੀ ਅਸਲ ਸਥਾਨਕ ਭਿੰਨਤਾ ਨੂੰ ਵਧਾਉਣ ਅਤੇ ਨਾਪਣ ਨੂੰ ਨਿਰਉਤਸ਼ਾਹ ਕਰ ਸਕਦਾ ਹੈ। ਵਿਕਲਪਿਕ ਤੌਰ ਤੇ, ਜ਼ਿਲ੍ਹਾ ਪੱਧਰੀ ਭਿੰਨਤਾ ਸਿਰਫ਼ ਰਾਜ ਪੱਧਰੀ ਪੂਰਤੀ ਦੇ ਫ਼ਰਕ ਦਾ ਹੀ ਹਿਸਾਬ ਰੱਖ ਸਕਦੀ ਹੈ। ਤੀਜਾ, ਭਾਰਤ ਦੀਆਂ ਵਰਤਮਾਨ ਪ੍ਰਸ਼ਾਸਨਿਕ ਹੱਦਾਂ ਹਾਲ ਹੀ ਵਿਚ ਬਣੀਆਂ ਹਨ ਅਤੇ ਲਗਾਤਾਰ ਬਦਲ ਰਹੀਆਂ ਹਨ। ਇਸੇ ਮੁਤਾਬਕ, ਸਵੱਛਤਾ ਦੀ ਵਰਤੋਂ ਵਸੋਂ ਨੂੰ ਸੱਭਿਆਚਾਰਕ ਪਹਿਲਾਂ ਜਾਂ ਮੰਗ ਵਿਚ ਫ਼ਰਕ – ਜਾਂ ਲੋਕਾਂ ਦੇ ਸਮੂਹ ਜੋ ਰਾਜ ਅਤੇ ਜ਼ਿਲ੍ਹਿਆਂ ਦੀਆਂ ਹੱਦਾਂ ਟੱਪ ਜਾਂਦੇ ਹਨ, ਨਾਲ ਬੇਹਤਰ ਬਿਆਨ ਕੀਤਾ ਜਾ ਸਕਦਾ ਹੈ।

ਅਖੀਰ ਵਿਚ, 'ਅਸਲ' ਜ਼ਿਲ੍ਹਾ ਪ੍ਰਭਾਵ ਦਾ ਇਕ ਵਿਚਾਰਕ ਮਾਮਲਾ ਵੀ ਹੈ ਜੋ ਸਵੱਛਤਾ ਦੀ ਵਰਤੋਂ ਵਿਚ ਸਥਾਨਕ ਪੱਧਤੀਆਂ ਨੂੰ ਬਿਆਨ ਕਰਦਾ ਹੈ। ਜਿਵੇਂ ਕਿ ਟੀ ਐੱਸ ਸੀ ਸਾਹਿਤ ਵਿਚ ਦਿਖਾਇਆ ਗਿਆ ਹੈ। ਜ਼ਿਲ੍ਹਾ ਪੱਧਰ 'ਤੇ ਫ਼ੈਸਲਾ ਲੈਣ ਅਤੇ ਸਾਧਨਾਂ ਦੀ ਵੰਡ ਪਖ਼ਾਨਿਆਂ ਤਕ ਪਹੁੰਚ ਅਤੇ ਵਰਤੋਂ 'ਤੇ ਅਸਰ ਅੰਦਾਜ਼ ਹੋ ਸਕਦੀ ਹੈ। ਨੇਤਾਵਾਂ ਅਤੇ ਪ੍ਰਚਾਰ ਦੀਆਂ ਕੋਸ਼ਿਸ਼ਾਂ ਕਰਕੇ ਇਕ ਜ਼ਿਲ੍ਹਾ ਇਹ ਪਹੁੰਚ ਵੱਡੇ ਪੱਧਰ 'ਤੇ ਸੁਧਾਰ ਸਕਦਾ ਹੈ। ਇਕ ਜ਼ਿਲ੍ਹੇ ਵਿਚ ਸਵੱਛਤਾ ਵਿਚ ਸੁਧਾਰ ਨਾਲ ਲਗਦੇ ਜ਼ਿਲ੍ਹਿਆਂ ਨੂੰ ਇਹ ਸੇਵਾਵਾਂ ਸੁਧਾਰਨ ਲਈ ਉਤਸਾਹਿਤ ਜਾਂ ਮਜਬੂਰ ਕਰ ਸਕਦਾ ਹੈ। ਦੂਜੇ ਪਾਸੇ, ਨੀਤੀਘਾੜੇ ਸਾਧਨਾਂ ਜਾਂ ਕੋਸ਼ਿਸ਼ਾਂ ਦਾ ਮੁਹਾਣ ਆਪਣੇ ਚਹੇਤੇ ਸਮੂਹਾਂ ਜਾਂ ਰਾਜਾਂ ਦੇ ਜ਼ਿਲ੍ਹਿਆਂ ਵੱਲ ਮੋੜ ਸਕਦੇ ਹਨ, ਜਿਸ ਨਾਲ ਵਰਤੋਂ ਵਿਚ ਵੱਡਾ ਫ਼ਰਕ ਆ ਜਾਂਦਾ ਹੈ। ਸੰਖੇਪ ਵਿਚ, ਟੀ ਐੱਸ ਸੀ ਸਵੱਛਤਾ ਵਿਚ ਸਥਾਨਕ ਸੰਬੰਧਾਂ ਨੂੰ ਤਲਾਸ਼ਣ ਲਈ ਤਰਕ ਦਿੰਦਾ ਹੈ ਜਿਨ੍ਹਾਂ ਦੀ ਪੜਤਾਲ ਹੇਠਾਂ ਕੀਤੀ ਗਈ ਹੈ।

## ਢੰਗ-ਤਰੀਕੇ

ਇਸ ਅਧਿਐਨ ਵਿਚ ਆਸ਼ਰਿਤ ਬਦਲਾਅ/ਪਰਿਵਤਨ ਜ਼ਿਲ੍ਹੇ ਅੰਦਰ ਉਨ੍ਹਾਂ ਘਰਾਂ ਦੀ ਪ੍ਰਤਿਸ਼ਤ ਮਾਪਦੇ ਹਨ ਜੋ ਪਖ਼ਾਨੇ ਦਾ ਇਸਤੇਮਾਲ ਕਰਦੇ ਹਨ। ਇਹ ਅੰਕੜੇ 2007–2008 ਦੇ ਜ਼ਿਲ੍ਹਾ ਪੱਧਰੀ ਘਰੇਲੂ ਸਰਵੇਖਣ (ਡੀ ਐੱਲ ਐੱਚ ਐੱਸ-3) ਦੇ ਸਰਵੇਖਣ ਤੋਂ ਲਏ ਗਏ ਹਨ। ਜਿਹੜੇ ਘਰ ਪਖ਼ਾਨੇ ਦਾ ਇਸਤੇਮਾਲ ਨਹੀਂ ਕਰਦੇ, ਉਹ ਜਾਂ ਤਾਂ ਉਨ੍ਹਾਂ ਸਹੂਲਤਾਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਅੰਦਰ ਮਲ਼ ਭੰਡਾਰਨ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੁੰਦੀ ਜਾਂ ਹੋਰ ਜ਼ਿਆਦਾ ਪ੍ਰਚਲਿਤ, ਖੁੱਲ੍ਹੇ ਵਿਚ ਮਲ਼ ਦਾ ਤਿਆਗ ਕਰਦੇ ਹਨ। ਡੀ ਐੱਲ ਐੱਚ ਐੱਸ-3 ਤੋਂ ਤਿੰਨ ਹੋਰ ਆਜ਼ਾਦ ਬਦਲਾਅ ਵੀ ਕੱਢੇ ਗਏ ਹਨ, ਜਿਥੇ ਜ਼ਮੀਨ ਦਾ ਖੇਤਰ ਅਤੇ ਘਣਤਾ 2001 ਦੀ ਕੌਮੀ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਲਏ ਗਏ ਹਨ। ਸਥਾਨਕ ਮੁੱਲੰਕਣ ਕਰਨ ਦੇ ਲਈ, ਇਕ ਚੋਣ ਕੀਤੀ ਜਾਣੀ ਚਾਹੀਦੀ ਹੈ ਕਿ ਜ਼ਿਲ੍ਹਿਆਂ ਦਰਮਿਆਨ ਸਵੱਛਤਾ ਦੇ ਸਥਾਨਕ ਸੰਬੰਧਾਂ ਦਾ ਚਿਤਰਣ ਕਿਵੇਂ ਕੀਤਾ ਜਾਵੇ। ਇਸ ਖੋਜ ਦੇ ਉਦੇਸ਼ ਲਈ 'ਕੁਈਨ ਵਜ਼ਨ ਵਾਲੀ ਤਕਨੀਕ' ਸਭ ਤੋਂ ਜ਼ਿਆਦਾ ਢੁੱਕਵੀ ਮੰਨੀ ਗਈ ਕਿਉਂਕਿ ਦਿਤਾ ਗਿਆ ਜ਼ਿਲ੍ਹਾ ਗੁਆਂਢੀਆਂ ਤੋਂ ਪ੍ਰਭਾਵਿਤ ਹੋਵੇਗਾ ਜੋ ਇਸ ਦੀ ਨੀਤੀ ਘੇਰੇ ਵਿਚ ਰਹਿੰਦੇ ਹਨ, ਭਾਵੇਂ ਉਨ੍ਹਾਂ ਦੀ ਲੰਮੀ ਸਾਂਝੀ ਹੱਦ ਹੈ ਜਾਂ ਉਹ ਕਿਸੇ ਇਕ ਬਿੰਦੂ 'ਤੇ ਮਿਲਦੇ ਹਨ। ਇਹ ਮਾਪਣ ਲਈ ਕਿ ਕੀ ਘਟਨਾਵਾਂ ਸਾਰੇ ਪਾਸੇ ਅੰਤਰ-ਸੰਬੰਧਿਤ ਹਨ, ਸਭ ਤੋਂ ਪ੍ਰਚਲਿਤ ਤਰੀਕਾ ਗਲੋਬਲ ਮੋਰਾਨ ਦਾ 'ਆਈ' ਟੈਸਟ ਹੈ। ਗਲੋਬਲ ਮੋਰਾਨ ਦੀ 'ਆਈ' ਸਥਾਨਕ ਸਵੈ-ਸੰਬੰਧਾਂ ਨੂੰ ਨਾਪਦੀ ਹੈ – ਸਾਰੀ ਵੰਡ ਵਿਚ ਸਥਾਨ ਦੇ ਆਧਾਰ 'ਤੇ ਦਿਲਚਸਪੀ ਦੇ

ਨਤੀਜਿਆਂ ਦੇ ਮੁੱਲ ਆਪਸ ਵਿਚ ਕਿਵੇਂ ਸੰਬੰਧਿਤ ਹਨ। ਇਕ ਸਮਾਨ ਅਤੇ ਵੱਖਰੇ ਸਵੱਛਤਾ ਦੇ ਪੱਧਰਾਂ ਵਾਲੇ ਜ਼ਿਲ੍ਹਿਆਂ ਦੀ ਵਸੋਂ ਦੀ ਪਛਾਣ ਕਰਨ ਲਈ ਸਥਾਨਕ ਸਵੈ-ਸੰਬੰਧ (ਐੱਲ ਆਈ ਐੱਸ ਏ) ਦਾ ਇਕ ਸਥਾਨਕ ਸੂਚਕ ਟੈਸਟ ਵੀ ਕੀਤਾ ਜਾਂਦਾ ਹੈ। ਅੰਤ ਵਿਚ, ਇਕ ਸਥਾਨਕ ਪਿੱਛੇ ਰਹਿਣ ਵਾਲੀ ਵਾਪਸੀ ਨੂੰ ਚਿੰਨ੍ਹਤ ਕੀਤਾ ਗਿਆ ਤਾਂ ਜੋ ਪਰਖਿਆ ਜਾ ਸਕੇ ਕਿ ਕੀ ਸਥਾਨਕ ਸਮਾਜਿਕ-ਆਰਥਿਕ ਨਿਯੰਤ੍ਰਣ ਲਈ ਵਿਆਪਕ ਸਨ।

## ਨਤੀਜੇ ਅਤੇ ਵਿਚਾਰ-ਚਰਚਾ

ਇਕ ਵਿਸ਼ਵੀ ਮੋਰਾਨ ਦਾ 'ਆਈ' ਟੈਸਟ 0.75, ਜੋ 0.01 ਪੱਧਰ 'ਤੇ ਖ਼ਾਸ ਹੈ - ਦਰਸਾਉਂਦਾ ਹੈ ਕਿ ਇਕੋ ਜਿਹੀ ਪਖ਼ਾਨਿਆਂ ਦੀ ਵਰਤੋਂ ਦੀ ਦਰ ਵਾਲੇ ਜ਼ਿਲ੍ਹੇ ਆਸ-ਪਾਸ ਹੁੰਦੇ ਹਨ। ਇਕ ਦੂਸਰਾ ਬਦਲਾਅ ਉਨ੍ਹਾਂ ਜ਼ਿਲ੍ਹਿਆਂ ਦੇ ਘਰਾਂ ਦੀ ਪ੍ਰਤਿਸ਼ਤਤਾ ਨੋਟ ਕਰਦਾ ਹੈ ਜਿਨ੍ਹਾਂ ਕੋਲ 'ਗਰੀਬੀ ਰੇਖਾ ਤੋਂ ਹੇਠਾਂ' ਵਾਲਾ (ਬੀ ਪੀ ਐੱਲ) ਕਾਰਡ ਹੈ। ਜਦ ਕਿ ਬੀ ਪੀ ਐੱਲ ਕਾਰਡ ਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਨੂੰ ਦਿਤੇ ਜਾਂਦੇ ਹਨ, ਪਰ ਇਸ ਵਿਚ ਕਾਫ਼ੀ ਘਪਲੇਬਾਜ਼ੀ ਵੀ ਹੁੰਦੀ ਹੈ (ਬੀਸਲੇ 2011)। ਇਸੇ ਅਨੁਸਾਰ ਬੀ ਪੀ ਐੱਲ ਕਾਰਡ ਦਾ ਰੁਤਬਾ ਪਖ਼ਾਨਿਆਂ ਦੀ ਵਰਤੋਂ ਨਾਲ ਨਾਂਹ ਪੱਖੀ ਜੋੜਿਆ ਜਾਣਾ ਚਾਹੀਦਾ ਹੈ, ਪਰ ਸੰਬੰਧ ਦੀ ਤਾਕਤ ਅਸਪੱਸ਼ਟ ਹੈ। ਜ਼ਿਲ੍ਹੇ ਦਾ ਕੁੱਲ ਖੇਤਰ ਅਤੇ ਜਨਸੰਖਿਆ ਦੀ ਘਣਤਾ ਸ਼ਹਿਰੀਕਰਨ ਦੇ ਪ੍ਰਤਿਨਿਧ ਵਜੋਂ ਕੰਮ ਕਰਦੇ ਹਨ। ਘਣਤਾ ਦੇ ਪ੍ਰਭਾਵ ਜਾਂ ਪਖ਼ਾਨਿਆਂ ਦੀ ਵਰਤੋਂ 'ਤੇ ਸ਼ਹਿਰੀਕਰਨ ਦੇ ਪ੍ਰਭਾਵ ਦੇ ਸਿਧਾਂਤ ਆਪਾ ਵਿਰੋਧੀ ਹਨ। ਸਿਰਫ਼ ਉੱਚ ਸ਼ਹਿਰੀਕਰਨ ਵਾਲੇ ਖੇਤਰ ਹੀ ਸੀਵਰ ਪਾਈਪ ਲਾਈਨ ਵਿਛਾਉਣ ਲਈ ਵਿੱਤ ਮੁਹੱਈਆ ਕਰਵਾ ਪਾਉਂਦੇ ਹਨ। ਘੱਟ ਆਮਦਨ ਵਾਲੇ ਖੇਤਰਾਂ ਵਿਚ ਸੀਵਰ ਪਾਈਪ ਲਾਈਨ ਵਿਛਾਉਣਾ ਕਾਫ਼ੀ ਮਹਿੰਗਾ ਸੌਦਾ ਹੈ ਅਤੇ ਜਨਸੰਖਿਆ ਦੀ ਉੱਚ ਘਣਤਾ ਬੁਨਿਆਦੀ ਸਵੱਛਤਾ ਤਕਨੀਕ ਸਥਾਪਤ ਕਰਨ ਦੇ ਰਾਹ ਵਿਚ ਰੁਕਾਵਟ ਬਣ ਸਕਦੀ ਹੈ (ਮਾਰਾ ਅਤੇ ਇਵਾਂਸ 2011)। ਇਸ ਅਸਪੱਸ਼ਟ ਪ੍ਰਭਾਵ ਦੇ ਚਲਦਿਆਂ, ਘਣਤਾ ਅਤੇ ਸਵੱਛਤਾ ਦੇ ਸੰਬੰਧ ਵਿਚ ਕਿਸੇ ਦਿਸ਼ਾ-ਨਿਰਦੇਸ਼ ਦੀ ਪਰਿਕਲਪਨਾ ਨਹੀਂ ਕੀਤੀ ਜਾ ਸਕਦੀ।

ਤਾਲਿਕਾ-1 ਵਿਚ ਸਥਾਨਕ ਢਿੱਲ-ਮੱਠ ਵਾਲੇ ਮਾਡਲ ਦੇ ਨਤੀਜੇ ਵਿਚਾਰੇ ਗਏ ਹਨ। ਸਥਾਨਕ ਢਿੱਲ-ਮੱਠ ਵਾਲਾ ਸ਼ਬਦ ਅੰਕੜਿਆਂ ਦੇ ਪੱਧਰ 'ਤੇ .001 ਪੱਧਰ 'ਤੇ ਮਹੱਤਵਪੂਰਨ ਵੀ ਹੈ ਅਤੇ ਵਿਆਖਿਆਤਮਕ ਸ਼ਕਤੀ ਨੂੰ ਕਾਫ਼ੀ ਸੁਧਾਰ ਕੇ ਓ ਐੱਲ ਐੱਸ ਮਾਡਲ ਤਕ ਲੈ ਜਾਂਦਾ ਹੈ ਜਿਸ ਵਿਚ ਬਾਕੀ ਆਜ਼ਾਦ ਪਰਿਵਰਤਨ ਵੀ ਸ਼ਾਮਿਲ ਹੁੰਦੇ ਹਨ (ਸੋਧਿਆ ਆਰ-ਸਕੁਏਰਡ = 0.49)।

ਪਖ਼ਾਨਿਆਂ ਦੇ ਇਸਤੇਮਾਲ ਵਿਚ ਇਕ ਚੌਥਾਈ ਭਿੰਨਤਾ ਨੂੰ ਸਥਾਨਕ ਢਿੱਲ-ਮੱਠ ਵਾਲੇ ਨਿਰਧਾਰਨ ਦੁਆਰਾ ਬਿਆਨ ਕੀਤਾ ਜਾਂਦਾ ਹੈ, ਅਤੇ ਇਹ ਮਾਡਲ ਸ਼ੁੱਧ ਰਾਜ ਪ੍ਰਤਿ ਮੁੱਲੰਕਣ ਨਾਲੋਂ ਵਧੀਆ ਹੈ। ਜਦ ਕਿ ਪੀਣ ਵਾਲੇ ਪਾਣੀ ਤਕ ਪਹੁੰਚ, ਐੱਲ ਐੱਨ ਜੀ ਕੁਨੈਕਸ਼ਨ ਅਤੇ ਬੀ ਪੀ ਐੱਲ ਕਾਰਡ ਅੰਕੜਿਆਂ ਦੇ ਤੌਰ ਤੇ ਸਵੱਛਤਾ ਦੀ ਵਰਤੋਂ ਦੇ ਪ੍ਰਮੁੱਖ ਸੂਚਕ ਹਨ, ਭੂਗੋਲਿਕ ਭਿੰਨਤਾਵਾਂ ਇਸ ਮਾਡਲ ਅੰਦਰ ਆਪਣਾ ਮਹੱਤਵ ਗੁਆ ਲੈਂਦੀਆਂ ਹਨ। ਜਦੋਂ ਟੀ ਐੱਸ ਸੀ ਵਿਚ ਜ਼ਿਲ੍ਹਾ ਪ੍ਰਤਿ ਕਾਰਗੁਜ਼ਾਰੀ ਦੇ ਅੰਕੜਿਆਂ ਨੂੰ ਸੁਤੰਤਰ ਭਿੰਨਤਾਵਾਂ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ ਤਾਂ ਉਹ ਨਮੂਨੇ ਦੇ ਨਤੀਜੇ ਨੂੰ ਕੋਈ ਜ਼ਿਆਦ ਨਹੀਂ ਬਦਲ ਪਾਉਂਦੇ। ਸੰਖੇਪ ਵਿਚ, ਇਹ ਲਭਤਾਂ ਸੁਝਾਉਂਦੀਆਂ ਹਨ ਕਿ ਸਥਾਨਕ ਸਮਾਜਿਕ-ਆਰਥਿਕ ਅਤੇ ਟੀ ਐੱਸ ਸੀ ਦੇ ਪ੍ਰਤਿਕਰਮਾਂ ਦੇ ਨਾਲ-ਨਾਲ ਇਕ ਜ਼ਿਲ੍ਹਾ ਪ੍ਰਤਿ ਫੈਲਾਅ ਦੀ ਪ੍ਰਕਿਰਿਆ ਵੀ ਕੰਮ ਕਰਦੀ ਹੈ।

ਤਾਲਿਕਾ-1 : ਸਥਾਨਕ ਮਾਡਲ ਵਲੋਂ ਪਖ਼ਾਨੇ ਤਕ ਪਹੁੰਚ ਦਾ ਅੰਦਾਜ਼ਾ

| ਸੁਤੰਤਰ ਪਰਿਵਰਤਨਸ਼ੀਲ | ਗੁਣਾਂਕ (ਮਾਨਕੀ ਗਲਤੀ) |
|---|---|
| ਪੀਣ ਵਾਲਾ ਪਾਣੀ | -0.12*** (0.03) |
| ਐੱਲ ਐੱਨ ਜੀ ਕੁਨੈਕਸ਼ਨ | 0.67*** (0.04) |
| ਬੀ ਪੀ ਐੱਲ ਕਾਰਡ | -0.07** (0.03) |
| ਰਕਬਾ | -0.0002 (0.000001) |
| ਘਣਤਾ | 1.71 (0.0003) |
| ਦੇਰੀ ਵਾਲੀ ਮਿਆਦ | 0.75*** (0.02) |
| ਸਥਾਈ ਮਿਆਦ | 11.80*** (2.65) |
| ਨਮੂਨੇ ਦੇ ਅੰਕੜੇ | ਆਰ$^2$ 0.85 ਮੋਰਨਜ਼ ਆਈ:0.065** |

ਐੱਨ=591. *ਪੀ < 0.10, **ਪੀ < 0.01, ***ਪੀ<0.001

## ਸਿੱਟਾ

ਇਹ ਅਧਿਐਨ ਦਰਸਾਉਂਦਾ ਹੈ ਕਿ ਭਾਰਤ ਵਿਚ ਸਵੱਛਤਾ ਮਜ਼ਬੂਤੀ ਨਾਲ ਜ਼ਿਲ੍ਹਿਆਂ ਅੰਦਰ ਸਮੂਹ ਦੇ ਰੂਪ ਵਿਚ ਸਥਾਪਿਤ ਹੈ। ਖੁਲਾਸੇ ਇਹ ਵੀ ਪ੍ਰਗਟ ਕਰਦੇ ਹਨ ਕਿ ਰਾਜ ਪੱਧਰ ਤੋਂ ਛੋਟੇ ਅਤੇ ਪਿੰਡ/ਆਲੇ-ਦੁਆਲੇ ਤੋਂ ਵੱਡੇ ਸਥਾਨਕ ਤੰਤਰਾਂ ਅੰਦਰ ਪਖ਼ਾਨੇ ਦੀ ਵਰਤੋਂ ਦੀ ਸੰਵੇਦਨਸ਼ੀਲਤਾ ਇਕ ਅਜਿਹਾ ਖੇਤਰ ਹੈ ਜਿਸ ਉੱਤੇ ਹੋਰ ਧਿਆਨ ਦੇਣ ਦੀ ਲੋੜ ਹੈ। ਜ਼ਿਲ੍ਹਾ/ਸ਼ਹਿਰ/ਤਹਿਸੀਲ ਅਤੇ ਖੇਤੀ-ਵਾਤਾਵਰਨਿਕ ਖੰਡ ਸਥਾਨਕ ਰੁਝਾਨਾਂ ਨੂੰ ਸਮਝਣ ਲਈ ਸਭ ਤੋਂ ਲਾਭਕਾਰੀ ਅਤੇ ਵਿਹਾਰਕ ਰਸਤੇ ਹਨ। ਨਮੂਨੇ ਦੇ ਨਤੀਜੇ ਇਹ ਕਹਿੰਦੇ ਹਨ ਕਿ ਦਖ਼ਲ ਲਈ ਜ਼ਿਲ੍ਹਾ ਪੱਧਰ ਇਕ ਮਹੱਤਵਪੂਰਨ ਪੈਮਾਨਾ ਹੈ ਪਰ ਟੀ ਐੱਸ ਸੀ ਜਿਹੀਆਂ ਯੋਜਨਾਵਾਂ ਨੂੰ ਹੋਰ ਪੁਖ਼ਤਾ ਕਰਨ ਦੀ ਜ਼ਰੂਰਤ ਹੈ। ਹੋਰ, ਖੇਤੀ-ਵਤਾਵਰਨਿਕ ਖੰਡ ਨੂੰ ਮੁੱਲੰਕਣ ਦੀ ਇਕਾਈ ਵਜੋਂ ਵਰਤ ਕੇ ਸਮੂਹੀਕਰਨ ਨੂੰ ਬਿਆਨ ਕਰਨ ਦੀਆਂ ਅਣਤਲਾਸ਼ੀਆਂ ਸੰਭਾਵਨਾਵਾਂ ਮੌਜੂਦ ਹਨ। ਇਸ ਪੱਧਰ 'ਤੇ ਸਮੂਹੀਕਰਨ ਭਾਰਤ ਅੰਦਰ ਵੱਡੇ ਸੱਭਿਆਚਾਰਕ ਮਤਭੇਦਾਂ ਨੂੰ ਪ੍ਰਗਟ ਕਰ ਸਕਦਾ ਹੈ ਜੋ ਰਾਜ ਪੱਧਰੀ ਮੁੱਲੰਕਣਾਂ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੇ ਹਨ। ਅੰਤ ਵਿਚ, ਸੀਵਰੇਜ ਪ੍ਰਣਾਲੀ ਦੇ ਅੰਕੜੇ ਸ਼ਹਿਰ ਪੱਧਰ 'ਤੇ ਉਪਲਬਧ ਹਨ, ਜਿਵੇਂ ਕਿ ਜਨਗਣਨਾ ਸ਼ਹਿਰ ਨਿਰਦੇਸ਼ਕਾ, ਪਰ ਇਹ ਜ਼ਰੂਰਤ ਮੁਤਾਬਕ ਤਲਾਸ਼ੇ ਨਹੀਂ ਜਾਂਦੇ। ਭਾਵੇਂ ਕਿ ਪੇਂਡੂ ਖੇਤਰਾਂ ਦੇ ਮੁਕਾਬਲੇ ਸ਼ਹਿਰਾਂ ਵਿਚ ਪਖ਼ਾਨਿਆਂ ਦੀ ਵਰਤੋਂ ਦਰ ਕਾਫ਼ੀ ਵੱਧ ਹੈ। ਸਵੱਛਤਾ ਦੀ ਘੱਟ ਵਰਤੋਂ ਭਾਰਤੀ ਸ਼ਹਿਰਾਂ ਵਿਚ ਸਿਹਤ ਦੇ ਰਸਤੇ ਵਿਚ ਇਕ ਪ੍ਰਮੁੱਖ ਰੁਕਾਵਟ ਬਣੀ ਹੋਈ ਹੈ, ਅਤੇ ਸ਼ਹਿਰੀ ਖੇਤਰਾਂ ਵਿਚ ਸਥਾਨਕ ਰੁਝਾਨਾਂ ਬਾਰੇ ਅਸੀਂ ਬਹੁਤ ਕੁੱਝ ਨਹੀਂ ਜਾਣਦੇ।

*(ਲੇਖਕ ਅਮਰੀਕਾ ਵਿਚ ਲਾਸ ਏਂਜਲਸ ਵਿਖੇ ਸ਼ਹਿਰੀ ਯੋਜਨਾਬੰਦੀ ਵਿਭਾਗ, ਯੂ ਸੀ ਐੱਲ ਦੇ ਲੁਸਕਿਨ ਸਕੂਲ ਆਫ਼ ਪਬਲਿਕ ਅਫੇਰਜ਼ ਨਾਲ ਸੰਬੰਧਿਤ ਹੈ।)*
*e-mail :gspierce@ucla.edu*

# ਭਾਰਤ ਵਿਚ ਸ਼ਹਿਰੀ ਸਵੱਛਤਾ : ਇਕ ਵਿਕਾਸ ਦ੍ਰਿਸ਼ਟੀ

ਤ੍ਰਿਸ਼ਾ ਅਗਰਵਾਲ

ਇਹ ਇਕ ਜਾਣਿਆ-ਪਛਾਣਿਆ ਸੱਚ ਹੈ ਕਿ ਕਿਸੇ ਦੇਸ਼ ਦੀ ਤਰੱਕੀ ਸਿਰਫ਼ ਉਸ ਦੇ ਆਰਥਿਕ ਸੂਚਕਾਂ ਰਾਹੀਂ ਹੀ ਨਹੀਂ ਸਗੋਂ ਮਨੁੱਖੀ ਵਿਕਾਸ ਦੇ ਸੂਚਕਾਂ ਰਾਹੀਂ ਵੀ ਹੁੰਦੀ ਹੈ। ਭਾਰਤ ਦੇ ਮਾਮਲੇ ਵਿਚ, ਜਿਸ ਨੂੰ ਕਿ ਚੀਨ ਤੋਂ ਬਾਅਦ ਦੂਜੀ ਮਹਾਂ-ਸ਼ਕਤੀ ਵਜੋਂ ਦਰਸਾਇਆ ਜਾ ਰਿਹਾ ਹੈ, ਦੇ ਨਿਰਾਸ਼ਾਜਨਕ ਸਮਾਜਿਕ ਸੂਚਕਾਂ ਨੂੰ ਵੇਖਦਿਆਂ ਅਜਿਹਾ ਸੱਚ ਹੁੰਦਾ ਨਹੀਂ ਲਗਦਾ। ਸੰਯੁਕਤ ਰਾਸ਼ਟਰ ਦੇ ਇਕ ਅਧਿਐਨ ਮੁਤਾਬਕ ਭਾਰਤ ਵਿਚ ਲੋਕਾਂ ਕੋਲ ਮੋਬਾਇਲ ਫ਼ੋਨ ਤਕ ਵਧੇਰੇ ਪਹੁੰਚ ਹੈ ਤੇ ਪਖ਼ਾਨੇ ਅਤੇ ਨਵੀਨ ਸਵੱਛ ਸਾਧਨਾਂ ਤਕ ਘੱਟ। ਭਾਰਤ ਵਿਚ ਅੰਦਾਜ਼ਨ 626 ਮਿਲੀਅਨ ਵਿਅਕਤੀ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਂਦੇ ਹਨ ਜੋ ਕਿ ਪੂਰੀ ਦੁਨੀਆਂ ਵਿਚ ਅਜਿਹਾ ਕਰਨ ਵਾਲਿਆਂ ਦਾ 60 ਪ੍ਰਤਿਸ਼ਤ ਬਣਦਾ ਹੈ। ਇਸ ਤੋਂ ਇਲਾਵਾ, ਭਾਰਤ ਵਿਚ ਸਵੱਛਤਾ ਪ੍ਰਣਾਲੀ ਦੀ ਕਮੀ ਕਾਰਨ ਪੈਣ ਵਾਲੇ ਮਾੜੇ ਅਸਰ ਦਾ ਮਾਲੀ ਮੁੱਲ 2.44 ਟ੍ਰਿਲੀਅਨ (ਖਰਬ) ਰੁਪਏ (53.8 ਅਰਬ ਅਮਰੀਕੀ ਡਾਲਰ) ਸਾਲਾਨਾ ਬਣਦਾ ਹੈ ਜੋ ਕਿ 2006 ਵਿਚ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਾ 6.4 ਪ੍ਰਤਿਸ਼ਤ ਹੈ (ਜਲ ਅਤੇ ਸਵੱਛਤਾ ਪ੍ਰੋਗਰਾਮ 2007)। ਪੀਣ ਯੋਗ ਪਾਣੀ ਅਤੇ ਸਵੱਛਤਾ ਬਾਰੇ ਮੰਤਰਾਲਾ ਨੇ 2020 ਤਕ ਪੂਰੇ ਦੇਸ਼ ਵਿਚ ਖੁੱਲ੍ਹੇ ਵਿਚ ਪਖ਼ਾਨਾ ਜਾਣ ਦੀ ਪਿਰਤ ਪੂਰੀ ਤਰ੍ਹਾਂ ਖਤਮ ਕਰਨ ਦਾ ਅਹਿਦ ਲਿਆ ਹੈ। ਪਰ ਇਸ ਵਿਚ ਕਿੰਨੀ ਸਫਲਤਾ ਹਾਸਲ ਹੁੰਦੀ ਹੈ, ਇਹ ਦੇਖਣ ਵਾਲੀ ਗੱਲ ਹੈ।

ਸੰਯੁਕਤ ਰਾਸ਼ਟਰ ਮਹਾਂ ਸਭਾ ਜੁਲਾਈ 2010 ਵਿਚ ਸਿੱਖਿਆ, ਖੁਰਾਕ ਸੁਰੱਖਿਆ ਅਤੇ ਸਿਹਤ ਬਾਰੇ ਹੱਕਾਂ ਦੀਆਂ ਮੁਹਿੰਮਾਂ ਵਾਂਗ ਪਾਣੀ ਅਤੇ ਸਵੱਛਤਾ ਖੇਤਰ ਨੂੰ ਵੀ ਇਹੀ ਮਹੱਤਤਾ ਦਿਤੀ ਗਈ। ਸਾਫ਼ ਪੀਣ ਯੋਗ ਪਾਣੀ ਅਤੇ ਚੰਗੇਰੀ ਸਵੱਛਤਾ ਗਰੀਬੀ ਦੇ ਖਾਤਮੇ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਸਾਰੇ ਮਨੁੱਖੀ ਹੱਕਾਂ ਦੀ ਪ੍ਰਾਪਤੀ ਦੇ ਟੀਚੇ ਵੱਲ ਲੈ ਜਾਂਦੇ ਹਨ (ਯੂ ਐੱਨ ਡੀ ਪੀ-2011) ਇਸ ਤੋਂ ਇਲਾਵਾ ਜਲ ਅਤੇ ਸਵੱਛਤਾ ਬਾਰੇ ਸਕੀਮਾਂ ਨੂੰ ਸਫਲਤਾ ਪੂਰਬਕ ਢੰਗ ਨਾਲ ਯੋਜਨਾਬਧ ਕਰਨ ਅਤੇ ਲਾਗੂ ਕਰਨ ਲਈ ਚੋਖੀ ਆਰਥਿਕ ਸਹਾਇਤਾ ਦੀ ਗੱਲ ਕਹੀ ਗਈ ਹੈ (ਸੰਯੁਕਤ ਰਾਸ਼ਟਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਪਰਿਸ਼ਦ 2011)।

## ਭਾਰਤ ਵਿਚ ਸ਼ਹਿਰੀ ਸਵੱਛਤਾ ਦੀ ਸਥਿਤੀ

ਪਹਿਲੀ ਪੰਜ ਸਾਲਾ ਯੋਜਨਾ ਤੋਂ ਹੀ ਪੀਣ ਯੋਗ ਪਾਣੀ ਦੀ ਪੂਰਤੀ ਅਤੇ ਸਵੱਛਤਾ ਬਾਰੇ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਰਾਜ ਸਰਕਾਰਾਂ ਉੱਪਰ ਦਿਹਾਤੀ ਖੇਤਰਾਂ ਵਿਚ ਅਤੇ ਸ਼ਹਿਰੀ ਖੇਤਰਾਂ ਵਿਚ ਨਾਗਰਿਕ ਸੰਸਥਾਵਾਂ ਰਾਹੀਂ ਸਵੱਛਤਾ ਕਾਰਜ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਹੈ। ਕੇਂਦਰੀ ਸਰਕਾਰ ਰਾਜ ਸਰਕਾਰਾਂ ਦੀ ਇਸ ਵਿਚ ਹਮਾਇਤ ਅਤੇ ਲੋੜੀਂਦੀ ਮਦਦ ਕਰਦੀ ਹੈ। ਦੂਜੇ ਖੇਤਰਾਂ ਦੇ ਮੁਕਾਬਲੇ ਇਸ ਖੇਤਰ ਨੂੰ ਨਿਵੇਕਲੀ ਤਰਜੀਹ ਨਹੀਂ ਦਿਤੀ ਜਾਂਦੀ। ਇਸ ਤੱਥ ਨੂੰ ਹੋਰ ਸਪੱਸ਼ਟਤਾ ਨਾਲ ਇਹ ਜਾਣ ਕੇ ਵੇਖਿਆ ਜਾ ਸਕਦਾ ਹੈ ਕਿ ਇਸ ਖੇਤਰ ਉਪਰ ਸਰਕਾਰ ਵਲੋਂ ਖਰਚਾ ਨਾ ਸਿਰਫ਼ ਇਕ ਪ੍ਰਤਿਸ਼ਤ ਤੋਂ ਵੀ ਘੱਟ ਹੈ ਸਗੋਂ ਇਹ 2008 ਵਿਚ 0.57 ਪ੍ਰਤਿਸ਼ਤ ਤੋਂ 2010 ਵਿਚ ਘਟ ਕੇ 0.45 ਪ੍ਰਤਿਸ਼ਤ ਰਹਿ ਗਿਆ (ਵਾਟਰ ਏਡ 2011)।

ਇੰਝ ਵੇਖਦਿਆਂ ਸਵੱਛਤਾ ਭਾਰਤ ਵਿਚ ਵਿਕਾਸ ਸਨਮੁਖ ਮੁੱਖ ਚੁਣੌਤੀਆਂ ਵਿਚੋਂ ਇਕ ਹੈ। ਭਾਰਤ ਦੀ ਕੁਲ ਸ਼ਹਿਰੀ ਵਸੋਂ ਦੇ ਇਕ ਚੌਥਾਈ ਹਿੱਸੇ ਦੀ ਸਵੱਛਤਾ ਸਹੂਲਤਾਂ ਤਕ ਪਹੁੰਚ ਨਹੀਂ ਹੈ ਅਤੇ 30 ਤੋਂ 40 ਪ੍ਰਤਿਸ਼ਤ ਵਸੋਂ ਤਕ ਵੀ ਸੀਵਰੇਜ਼ ਅਤੇ ਗੰਦੇ ਪਾਣੀ ਦੀ ਸੋਧ ਲਈ ਸਿਲਸਿਲੇ ਦੀ ਪਹੁੰਚ ਹੈ। ਸ਼ਹਿਰੀਕਰਨ ਦਾ ਪੱਧਰ 2001 ਵਿਚ 27.8 ਪ੍ਰਤਿਸ਼ਤ ਤੋਂ 2001 ਵਿਚ ਵਧ ਕੇ 31.2 ਪ੍ਰਤਿਸ਼ਤ ਤਕ ਪਹੁੰਚ ਗਿਆ ਹੈ (ਮਰਦਮਸ਼ੁਮਾਰੀ 2011)। ਕਈ ਸ਼ਹਿਰਾਂ ਵਿਚ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣਾ ਆਮ ਹੋਣ ਨਾਲ ਵਾਤਾਵਰਨ ਸਵੱਛਤਾ ਅਤੇ ਜਨ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ।

## ਸ਼ਹਿਰੀ ਸਵੱਛਤਾ ਉਪਰ ਨੀਤੀਆਂ ਅਤੇ ਸਕੀਮਾਂ

ਸ਼ਹਿਰੀ ਸਵੱਛਤਾ ਦੀ ਦੇਸ਼ ਵਿਚਲੀ ਸਥਿਤੀ ਦੀ ਸਪੱਸ਼ਟ ਤਸਵੀਰ ਲਈ ਇਸ ਬਾਰੇ ਕੇਂਦਰੀ ਸਰਕਾਰ ਦੀਆਂ ਸਕੀਮਾਂ 'ਤੇ ਝਾਤ ਮਾਰਨੀ ਹੋਵੇਗੀ। ਇਹ ਨੀਤੀਆਂ ਇੰਝ ਹਨ :

- ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵਿਆਉਣ ਮਿਸ਼ਨ (ੳ) ਸ਼ਹਿਰੀ ਗਰੀਬਾਂ ਤਕ ਮੂਲ ਸੇਵਾਵਾਂ (ਅ) ਰਾਜੀਵ ਆਵਾਸ ਯੋਜਨਾ ਅਤੇ (ੲ) ਸੰਗਠਿਤ ਝੁੱਗੀ-ਝੌਂਪੜੀ ਨਿਵਾਸ ਵਿਕਾਸ ਪ੍ਰੋਗਰਾਮ।
- ਸ਼ਹਿਰੀ ਸਵੱਛਤਾ ਬਾਰੇ ਨੀਤੀ (2008)।
- ਰਾਸ਼ਟਰੀ ਸ਼ਹਿਰੀ ਨਿਵਾਸ ਅਤੇ ਮਕਾਨ-ਉਸਾਰੀ ਬਾਰੇ ਨੀਤੀ, 2007।
- ਸੰਗਠਿਤ ਘੱਟ ਲਾਗਤ ਸਵੱਛਤਾ (ਆਈ ਐੱਲ ਸੀ ਐੱਸ) ਪ੍ਰੋਗਰਾਮ ਜੇ ਐੱਨ ਐੱਨ ਯੂ ਆਰ ਮਿਸ਼ਨ ਜੋ ਕਿ ਸ਼ਹਿਰੀ ਵਿਕਾਸ ਮੰਤਰਾਲਾ ਵਲੋਂ ਚਲਾਇਆ ਜਾਂਦਾ ਹੈ, ਸ਼ਹਿਰੀ ਇਲਾਕਿਆਂ ਵਿਚ ਪਾਣੀ ਦੀ ਪੂਰਤੀ ਅਤੇ ਸਵੱਛਤਾ ਲਈ ਸਹੂਲਤਾਂ ਉਪਲਬਧ ਕਰਾਉਣ, ਵਾਜਬ ਕੀਮਤਾਂ ਤੇ

ਮੂਲ ਸੇਵਾਵਾਂ ਦਾ ਸ਼ਹਿਰੀ ਗਰੀਬਾਂ ਤਕ ਵਿਸਥਾਰ ਕਰਨ ਅਤੇ ਸੰਵਿਧਾਨਕ ਤਰਮੀਮ 74 ਦੀਆਂ ਧਾਰਾਵਾਂ ਮੁਤਾਬਕ ਨਾਗਰਿਕ ਸੇਵਾ ਅਦਾਰਿਆਂ ਅਤੇ ਉਨ੍ਹਾਂ ਦੇ ਕੰਮ-ਕਾਜ ਨੂੰ ਮਜ਼ਬੂਤੀ ਦੇਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਇਸ ਮਿਸ਼ਨ ਹੇਠਲੇ ਸ਼ਹਿਰਾਂ ਨੂੰ ਮਿਸ਼ਨ ਦੇ ਟੀਚਿਆਂ ਤਹਿਤ ਯੋਜਨਾਬੰਦੀ ਅਤੇ ਵਚਨਬੱਧਤਾਵਾਂ ਦਰਸਾਉਂਦਿਆਂ ਸ਼ਹਿਰੀ ਵਿਕਾਸ ਯੋਜਨਾ ਤਹਿਤ ਵਿਕਸਤ ਕੀਤਾ ਜਾਣਾ ਹੁੰਦਾ ਹੈ। ਮਿਸ਼ਨ ਤਹਿਤ ਸਾਰੇ ਸ਼ਹਿਰਾਂ ਲਈ ਯੋਜਨਾਵਾਂ ਤਾਂ ਤਿਆਰ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਨੂੰ ਸਮਾਜ ਦੇ ਸਾਰੇ ਵਰਗਾਂ ਨਾਲ ਸਲਾਹ-ਮਸ਼ਵਰੇ ਨਾਲ ਨਹੀਂ ਉਲੀਕਿਆ ਗਿਆ ਹੈ, ਜਿਸ ਦਾ ਮੁੱਖ ਕਾਰਨ ਸ਼ਹਿਰੀ ਸਥਾਨਕ ਅਦਾਰਿਆਂ ਦੀ ਕਮੀ ਹੋਣਾ ਹੈ।

ਜੇ ਐੱਨ ਐੱਨ ਯੂ ਆਰ ਐੱਮ ਤਹਿਤ ਸ਼ਹਿਰੀ ਗਰੀਬਾਂ ਲਈ ਮੂਲ ਸੇਵਾਵਾਂ (ਬੀ ਐੱਸ ਯੂ ਪੀ) ਬਾਰੇ ਸਕੀਮਾਂ ਤਹਿਤ ਪਾਣੀ ਅਤੇ ਸਵੱਛਤਾ ਸਮੇਤ ਮੂਲ ਸੇਵਾਵਾਂ ਤਕ ਸ਼ਹਿਰੀ ਗਰੀਬਾਂ ਦੀ ਪਹੁੰਚ ਬਣਾਉਣ ਉੱਪਰ ਜ਼ੋਰ ਦਿਤਾ ਗਿਆ ਹੈ। ਇਸ ਦਾ ਮੂਲ ਟੀਚਾ ਅਸਾਸੇ ਕਾਇਮ ਕਰਨ ਅਤੇ ਉਨ੍ਹਾਂ ਦੇ ਪ੍ਰਬੰਧਨ ਦਰਮਿਆਨ ਅਸਰਦਾਰ ਸੰਤੁਲਨ ਤੇ ਸੰਪਰਕ ਬਣਾਉਣਾ ਹੈ ਤਾਂ ਜੋ ਉਹ ਆਪਣੇ ਪੈਰੀਂ ਖੜ੍ਹੇ ਹੋ ਕੇ ਲਗਾਤਾਰ ਕੰਮ ਕਰਦੇ ਰਹਿ ਸਕਣ ਦੇ ਸਮਰੱਥ ਹੋਣ। ਪਰ ਇਸ ਸਕੀਮ ਵਿਚ ਪਾਣੀ ਅਤੇ ਸਵੱਛਤਾ ਲਈ ਵੱਖਰੇ ਰਾਖਵੇਂ ਫ਼ੰਡ ਨਹੀਂ ਰੱਖੇ ਗਏ।

ਰਾਜੀਵ ਆਵਾਸ ਯੋਜਨਾ ਝੁੱਗੀ-ਝੌਂਪੜੀ ਦੇ ਮੁਕੰਮਲ ਖਾਤਮੇ ਲਈ ਲਿਆ ਗਿਆ ਸੁਪਨਾ ਹੈ। ਇਸ ਦਾ ਟੀਚਾ ਝੁੱਗੀ-ਝੌਂਪੜੀ ਕਾਇਮ ਕੀਤੇ ਜਾਣ ਦੇ ਡੂੰਘੇਰੇ ਮੁੱਦੇ ਦਾ ਹੱਲ ਲੱਭਦਿਆਂ ਮੌਜੂਦਾ ਝੁੱਗੀ-ਝੌਂਪੜੀਆਂ ਨੂੰ ਰਸਮੀ ਸਿਲਸਿਲੇ ਅੰਦਰ ਲਿਆਉਣਾ ਹੈ। ਸਕੀਮ ਸਥਾਨਕ ਅਦਾਰੇ ਦੇ ਬਜਟ ਦੇ ਅੰਦਰ ਸ਼ਹਿਰੀ ਗਰੀਬਾਂ ਲਈ ਮੂਲ ਸੇਵਾਵਾਂ ਦਿਤੇ ਜਾਣ ਦੀ ਗੱਲ ਕਰਦੀ ਹੈ। ਸੁਧਾਰ ਬਾਰੇ ਇਸ ਦੇ ਉਪਾਵਾਂ ਵਿਚੋਂ ਇਕ ਤਹਿਤ ਇਹ ਸ਼ਹਿਰੀ ਗਰੀਬਾਂ ਤਕ ਮੂਲ ਸੇਵਾਵਾਂ ਦੀ ਪਹੁੰਚ ਤਹਿਤ ਜਲ ਪੂਰਤੀ ਅਤੇ ਸਵੱਛਤਾ ਦੀ ਵੀ ਗੱਲ ਕਰਦੀ ਹੈ। ਇਸ ਸਕੀਮ ਵਿਚ ਵੀ ਇਸ ਟੀਚੇ ਦੀ ਪ੍ਰਾਪਤੀ ਲਈ ਕੋਈ ਰਾਖਵਾਂ ਫ਼ੰਡ ਦਾ ਪ੍ਰਬੰਧ ਨਹੀਂ ਕੀਤਾ ਗਿਆ।

ਸੰਗਠਿਤ ਘੱਟ ਲਾਗਤ ਸਵੱਛਤਾ ਪ੍ਰੋਗਰਾਮ ਤਹਿਤ ਨਵੇਂ ਮਕਾਨ ਉਸਾਰਨ ਅਤੇ ਪੁਰਾਣਿਆਂ ਦਾ ਮਿਆਰ ਉੱਚਾ ਕਰਨ ਤੋਂ ਇਲਾਵਾ ਸਮੁਦਾਇਕ ਪਖ਼ਾਨੇ, ਜਲ ਪੂਰਤੀ, ਵਰਖਾ ਦੇ ਪਾਣੀ ਲਈ ਨਾਲੀਆਂ, ਸਮੁਦਾਇਕ ਇਸ਼ਨਾਨ ਘਰ, ਮੌਜੂਦਾ ਉੱਪ ਸੜਕਾਂ ਦਾ ਚੌੜਾਕਰਨ, ਸੀਵਰ ਅਤੇ ਗਲੀ-ਬਾਜ਼ਾਰਾਂ ਵਿਚ ਰੌਸ਼ਨੀ ਪ੍ਰਬੰਧ ਦਾ ਵਿਸਥਾਰ ਵੀ ਸ਼ਾਮਿਲ ਹੈ। ਝੁੱਗੀ-ਝੌਂਪੜੀ ਦੀ ਸਥਿਤੀ ਦਾ ਸੁਧਾਰ ਮੁੜ-ਵਸੇਬਾ, ਇਸ ਸਕੀਮ ਦਾ ਹਿੱਸਾ ਹਨ ਜੋ ਕਿ ਸਮੁੱਚੀ ਸ਼ਹਿਰੀ ਯੋਜਨਾਬੰਦੀ 'ਤੇ ਧਿਆਨ ਕੇਂਦਰਤ ਕਰਦੀ ਹੈ। ਇਸ ਉਦੇਸ਼ ਲਈ ਰਕਮਾਂ ਰਾਖਵੀਆਂ ਰੱਖੀਆਂ ਗਈਆਂ ਹਨ।

**ਰਾਸ਼ਟਰੀ ਸ਼ਹਿਰੀ ਸਵੱਛਤਾ ਨੀਤੀ (2008)**

**ਇਸ ਨੀਤੀ ਦਾ ਉਦੇਸ਼ ਸ਼ਹਿਰੀ ਭਾਰਤ ਨੂੰ ਸਮੁਦਾਇਕ ਅਗਵਾਈ ਵਾਲੇ ਸਿਹਤਮੰਦ ਅਤੇ ਰਹਿਣ-ਵਸਣ ਯੋਗ ਸ਼ਹਿਰਾਂ ਅਤੇ ਕਸਬਿਆਂ ਵਿਚ ਤਬਦੀਲ ਕਰਨਾ ਹੈ ਜੋ ਪੂਰੀ ਤਰ੍ਹਾਂ ਸਵੱਛ ਹੋਣ। ਨੀਤੀ ਦੇ ਮੁੱਖ ਟੀਚੇ ਜਾਗਰੂਕਤਾ ਪੈਦਾ ਕਰਨਾ ਅਤੇ ਸੁਭਾਅ ਮੂਲਕ ਬਦਲਾਅ ਲਿਆਉਣਾ, ਖੁੱਲ੍ਹੇ ਵਿਚ ਪਖ਼ਾਨਾ ਜਾਣ ਦੀ ਪਿਰਤ ਪੂਰੀ ਤਰ੍ਹਾਂ ਖਤਮ ਕਰਨਾ, ਸ਼ਹਿਰ ਵਿਆਪੀ ਸੰਗਠਿਤ ਸਵੱਛਤਾ ਪ੍ਰਣਾਲੀ ਅਤੇ ਰਹਿੰਦ-ਖੂੰਹਦ ਦਾ ਸੁਰੱਖਿਅਤ ਬਿਲੇ ਲਾਉਣਾ ਅਤੇ ਸਾਰੇ ਸਵੱਛਤਾ ਅਦਾਰਿਆਂ ਦੇ ਢੁਕਵੇਂ ਅਤੇ ਸਰਗਰਮੀ ਨਾਲ ਚੱਲਣ ਅਤੇ ਉਨ੍ਹਾਂ ਦੀ ਮੁਰੰਮਤ ਸੰਭਾਲ ਹਨ।**

ਇਥੇ ਵੀ ਨੀਤੀ ਇਹ ਧਾਰਨਾ ਲੈ ਕੇ ਚਲਦੀ ਹੈ ਕਿ ਰਾਜ ਆਪਣੀਆਂ ਸ਼ਹਿਰੀ ਸਵੱਛਤਾ ਰਣਨੀਤੀਆਂ ਅਤੇ ਸ਼ਹਿਰੀ ਗਰੀਬ ਜ਼ਮੀਨ ਉੱਪਰ ਮਿੱਥੀ ਗਈ ਮਿਆਦ ਤਕ ਦਾ ਹੱਲ ਮਿਲਣ ਦੇ ਮੁੱਦੇ ਦਾ ਵੀ ਸਾਹਮਣਾ ਕਰਦੇ ਹਨ ਜਿਸ ਨਾਲ ਉਨ੍ਹਾਂ ਦੇ ਮਨਾਂ ਵਿਚ ਰਿਹਾਇਸ਼ ਨੂੰ ਲੈ ਕੇ ਅਸੁਰੱਖਿਅਤਾ ਅਤੇ ਬੇਯਕੀਨੀ ਦਾ ਭਾਵ ਉਪਜਦਾ ਹੈ। ਉਨ੍ਹਾਂ ਨੂੰ ਉਜਾੜੇ ਜਾਣ ਦਾ ਡਰ ਸਦਾ ਸਤਾਉਂਦਾ ਹੈ ਅਤੇ ਸੁਰੱਖਿਅਤ ਪੀਣ ਯੋਗ ਪਾਣੀ ਅਤੇ ਸਵੱਛਤਾ ਦੀਆਂ ਬੁਨਿਆਦੀ ਸਹੂਲਤਾਂ ਵਜੂਦ ਵਿਚ ਨਹੀਂ ਹੁੰਦੀਆਂ ਅਤੇ ਘਰ ਚਲਾਉਣ ਤੇ ਪਾਣੀ ਭਰਨ ਦਾ ਭਾਰ ਝੁੱਗੀ-ਝੌਂਪੜੀਆਂ ਵਿਚ ਰਹਿੰਦੀਆਂ ਔਰਤਾਂ ਉੱਪਰ ਪੈਂਦਾ ਹੈ। ਸਵੱਛਤਾ ਬਾਰੇ ਨੀਤੀ ਇਨ੍ਹਾਂ ਮੁੱਦਿਆਂ ਦਾ ਜ਼ਿਕਰ ਤਾਂ ਕਰਦੀ ਹੈ ਪਰ ਇਨ੍ਹਾਂ ਸੇਵਾਵਾਂ ਨੂੰ ਲਾਗੂ ਕਰਨ ਬਾਰੇ ਬਹੁ-ਏਜੰਸੀਆਂ ਅਤੇ ਭਾਈਵਾਲਾਂ ਦੀ ਬਹੁ-ਗਿਣਤੀ ਨਾਲ ਨਜਿੱਠਣ ਦਾ ਰਾਹ ਨਹੀਂ ਸੁਝਾਉਂਦੀ।

**ਰਾਸ਼ਟਰੀ ਸ਼ਹਿਰੀ ਨਿਵਾਸ ਖੇਤਰ ਅਤੇ ਮਕਾਨ-ਉਸਾਰੀ ਨੀਤੀ 2007** ਦਾ ਉਦੇਸ਼ ਸਮਾਜ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਕਿਫ਼ਾਇਤੀ ਕੀਮਤ 'ਤੇ ਜ਼ਮੀਨ, ਆਸਰਾ ਅਤੇ ਸੇਵਾਵਾਂ ਦੀ ਸਾਵੀਂ ਵੰਡ ਯਕੀਨੀ ਬਣਾਉਣਾ ਹੈ। ਇਸ ਦੀ ਯੋਜਨਾ ਵਿਚ ਫ਼ੈਸਲੇ ਲੈਣ ਦੇ ਬਾਰੇ ਪੱਧਰਾਂ 'ਤੇ ਔਰਤਾਂ ਨੂੰ ਸ਼ਾਮਿਲ ਕਰਨਾ ਜ਼ਰੂਰੀ ਹੈ ਜੋ ਕਿ ਮਕਾਨਾਂ ਦੀ ਉਸਾਰੀ ਬਾਰੇ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਅਤੇ ਤਿਆਰ ਕਰਨ ਵਿਚ ਉਨ੍ਹਾਂ ਦੀ ਸ਼ਮੂਲੀਅਤ ਹੋਵੇ। ਇਸ ਤੋਂ ਇਲਾਵਾ, ਇਹ ਸਕੀਮ ਔਰਤ ਦੀ ਅਗਵਾਈ ਵਾਲੇ ਪਰਿਵਾਰਾਂ, ਇਕੱਲੀਆਂ ਅਤੇ ਕੰਮ-ਕਾਜੀ ਔਰਤਾਂ ਅਤੇ ਮੁਸ਼ਕਿਲ ਹਾਲਾਤ ਦੀਆਂ ਸ਼ਿਕਾਰ ਔਰਤਾਂ ਦੇ ਪ੍ਰਸੰਗ ਵਿਚ ਰਿਹਾਇਸ਼ੀ ਸੇਵਾਵਾਂ ਸੰਬੰਧੀ ਵਿਸ਼ੇਸ਼ ਲੋੜਾਂ ਅਤੇ ਸਵੱਛਤਾ ਸ਼ਾਮਿਲ ਹੈ। ਇਹ ਇਕੋ-ਇਕ ਅਜਿਹੀ ਨੀਤੀ ਹੈ ਜਿਸ 'ਚ ਨੀਤੀਗਤ ਸੇਧਾਂ ਦੌਰਾਨ ਔਰਤਾਂ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**ਮਕਾਨ-ਉਸਾਰੀ ਅਤੇ ਸ਼ਹਿਰੀ ਗਰੀਬੀ ਦੂਰ ਕਰਨ ਬਾਰੇ ਮੰਤਰਾਲਾ** (ਐੱਮ ਓ ਐੱਚ ਯੂ ਪੀ ਏ) ਕੇਂਦਰ ਦੀ ਸਹਾਇਤਾ ਹਾਸਲ ਸਕੀਮ ਚਲਾਉਂਦਾ ਹੈ ਜਿਸ ਦਾ ਕੇਂਦਰ ਸ਼ਹਿਰੀ ਇਲਾਕੇ ਹਨ। ਇਸ ਸਕੀਮ ਦੇ ਮੁੱਖ ਉਦੇਸ਼ ਮੌਜੂਦਾ ਖ਼ੁਸ਼ਕ ਪਖ਼ਾਨਿਆਂ ਨੂੰ ਪਾਣੀ ਵਾਲੇ ਪਖ਼ਾਨਿਆਂ ਵਿਚ ਬਦਲਣਾ ਅਤੇ ਦੇਸ਼ ਦੇ ਸ਼ਹਿਰੀ ਇਲਾਕਿਆਂ ਵਿਚ ਆਰਥਿਕ ਰੂਪ ਵਿਚ ਕਮਜ਼ੋਰ ਸ਼੍ਰੇਣੀ ਦੇ ਲੋਕ ਜਿਨ੍ਹਾਂ ਦੇ ਘਰਾਂ ਵਿਚ ਪਖ਼ਾਨੇ ਨਹੀਂ ਹਨ ਉਨ੍ਹਾਂ ਲਈ ਨਵੇਂ ਪਖ਼ਾਨੇ ਤਿਆਰ ਕਰਨਾ ਹੈ। ਇਸ ਨਾਲ ਕਸਬਿਆਂ ਵਿਚ ਸਮੁੱਚੀ ਸਵੱਛਤਾ ਵਿਚ ਸੁਧਾਰ ਆਵੇਗਾ ਅਤੇ ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨਾਲ ਸਿਰ 'ਤੇ ਮੈਲ਼ਾ ਢੋਣ ਦੇ ਗ਼ੈਰ-ਮਨੁੱਖੀ ਚਲਨ ਨੂੰ ਖਤਮ ਕਰਨ ਵਿਚ ਮਦਦ ਮਿਲੇਗੀ। ਆਈ ਐੱਲ ਸੀ ਐੱਸ ਦੀ ਜਾਇਜ਼ਾ ਰਿਪੋਰਟ ਵਿਚ (ਐੱਮ ਓ ਐੱਚ ਯੂ ਪੀ ਏ) 2007) ਇਹ ਪਤਾ ਲੱਗਾ ਕਿ ਸਕੀਮ ਦੇ ਮੁੱਖ ਪ੍ਰਭਾਵਾਂ ਵਿਚੋਂ ਇਕ ਸਾਫ਼

ਪਖ਼ਾਨਿਆਂ ਦੇ ਮਾਲਿਕਾਂ ਦੇ ਸਮਾਜਿਕ ਰਸੂਖ ਵਿਚ ਸੁਧਾਰ ਹੋਣਾ ਸੀ।

ਇਸ ਤੱਥ ਦੇ ਬਾਵਜੂਦ ਕਿ ਨੀਤੀਆਂ ਅਤੇ ਸਕੀਮਾਂ ਸਵੱਛਤਾ ਦੇ ਮੁੱਦੇ ਦਾ ਜ਼ਿਕਰ ਕਰਦੀਆਂ ਹਨ, ਇਹ ਜਾਣਨਾ ਮੁਸ਼ਕਿਲ ਹੈ ਕਿ ਇਨ੍ਹਾਂ ਸਕੀਮਾਂ ਰਾਹੀਂ ਸ਼ਹਿਰੀ ਸਵੱਛਤਾ ਲਈ ਕਿੰਨੀ ਰਕਮ ਦੀ ਵੰਡ ਕੀਤੀ ਜਾਂਦੀ ਹੈ। ਆਈ ਐੱਲ ਸੀ ਐੱਸ ਇਕੋ-ਇਕ ਅਜਿਹਾ ਪ੍ਰੋਗਰਾਮ ਹੈ ਜਿਸ ਦੇ ਬਜਟ ਦਾ ਪਤਾ ਲਾਇਆ ਜਾ ਸਕਦਾ ਹੈ। ਤਾਲਿਕਾ-1, ਇਹ ਦਰਸਾਉਂਦੀ ਹੈ ਕਿ ਐੱਚ ਯੂ ਪੀ ਏ ਤਹਿਤ ਆਈ ਐੱਲ ਸੀ ਐੱਸ ਲਈ ਜਾਰੀ ਕੀਤੀ ਗਈ ਰਕਮ ਕਾਫ਼ੀ ਘੱਟ ਸੀ, ਅਤੇ ਮੌਜੂਦਾ ਵਰ੍ਹੇ ਵਿਚ ਇਸ ਵਿਚ ਹੋਰ ਗਿਰਾਵਟ ਆਈ ਹੈ। ਅੰਕੜਿਆਂ ਮੁਤਾਬਿਕ 2011 ਵਿਚ ਦੇਸ਼ ਵਿਚ ਅਜੇ ਵੀ 7.94 ਲੱਖ ਪਖ਼ਾਨੇ ਮੌਜੂਦ ਹਨ ਜਿਥੋਂ ਕਿ ਮਨੁੱਖਾਂ ਵਲੋਂ ਮਲ਼ ਚੁੱਕਿਆ ਜਾਂਦਾ ਹੈ।

ਸ਼ਹਿਰੀ ਸਵੱਛਤਾ ਨੀਤੀ ਅਤੇ ਸੰਗਠਿਤ ਘੱਟ ਲਾਗਤ ਸਵੱਛਤਾ (ਆਈ ਸੀ ਸੀ ਐੱਸ) ਪ੍ਰੋਗਰਾਮ ਤੋਂ ਇਲਾਵਾ ਇਨ੍ਹਾਂ ਵਿਚੋਂ ਕੋਈ ਵੀ ਨੀਤੀਆਂ ਅਤੇ ਸਕੀਮਾਂ ਸਿੱਧੇ ਰੂਪ ਵਿਚ ਸਵੱਛਤਾ ਅਤੇ ਜਲ-ਪੂਰਤੀ ਦੇ ਮੁੱਦੇ ਨਾਲ ਨਹੀਂ ਨਜਿੱਠਦੀਆਂ, ਪਾਣੀ ਅਤੇ ਸਵੱਛਤਾ ਜਾਂ ਤਾਂ ਗਰੀਬਾਂ ਲਈ ਮਕਾਨਾਂ ਅਤੇ ਜਾਂ ਫਿਰ ਰੁਜ਼ਗਾਰ ਉਪਜਾਉਣ ਨਾਲ ਜੋੜ ਕੇ ਦੇਖੇ ਗਏ ਹਨ ਅਤੇ ਇਨ੍ਹਾਂ ਨੂੰ ਇਕ ਵੱਖਰੇ ਮੁੱਦੇ ਵਜੋਂ ਨਹੀਂ ਲਿਆ ਗਿਆ। ਇਥੋਂ ਪਤਾ ਲਗਦਾ ਹੈ ਕਿ ਨੀਤੀ-ਨਿਰਮਾਤਾਵਾਂ ਨੇ ਖ਼ਾਸ ਕਰਕੇ ਸ਼ਹਿਰੀ ਝੁੱਗੀ-ਝੌਂਪੜੀਆਂ ਵਿਚ ਸ਼ਹਿਰੀ ਗਰੀਬ ਤਬਕੇ ਦੀਆਂ ਜਲ-ਪੂਰਤੀ ਅਤੇ ਸਵੱਛਤਾ ਬਾਰੇ ਲੋੜਾਂ ਵੱਲ ਬਹੁਤਾ ਧਿਆਨ ਨਹੀਂ ਦਿਤਾ।

## ਸ਼ਹਿਰੀ ਗਰੀਬੀ ਅਤੇ ਸਵੱਛਤਾ

ਸ਼ਹਿਰੀ ਝੁੱਗੀ-ਝੌਂਪੜੀ ਇਕ ਤਲਖ਼ ਸਚਾਈ ਅਤੇ ਸ਼ਹਿਰੀ ਗਰੀਬੀ ਦਾ ਸਭ ਤੋਂ ਠੋਸ ਨਮੂਨਾ ਹੈ। ਸ਼ਹਿਰੀ ਝੁੱਗੀ-ਝੌਂਪੜੀ ਦੇ ਮੁੱਖ ਸੂਚਕਾਂ ਬਾਰੇ ਤਾਲਿਕਾ-2 ਵਿਚ ਦੱਸਿਆ ਗਿਆ ਹੈ। ਗ਼ੈਰ ਨੋਟਿਫਾਇਡ ਆਰਜ਼ੀ ਝੁੱਗੀ-ਝੌਂਪੜੀਆਂ 42 ਪ੍ਰਤਿਸ਼ਤ ਹਨ ਜਿਨ੍ਹਾਂ ਵਿਚ 43 ਪ੍ਰਤਿਸ਼ਤ ਵਿਚ ਜਲ-ਨਿਕਾਸ ਸਹੂਲਤਾਂ ਨਹੀਂ ਹਨ ਕਿਉਂਕਿ ਸਵੱਛਤਾ ਸਿਰਫ਼ ਪਖ਼ਾਨੇ ਕਾਇਮ ਕਰਨ ਨਾਲ ਹੀ ਨਹੀਂ ਸਗੋਂ ਸਿਹਤਮੰਦ ਵਾਤਾਵਰਨ ਨਾਲ ਵੀ ਜੁੜੀ ਹੋਈ ਹੈ। ਇਸ ਲਈ ਕੂੜਾ ਬਿਲੇ ਲਾਉਣ ਬਾਰੇ ਸਹੂਲਤਾਂ ਦੀ ਅਣਹੋਂਦ ਵੱਲ ਵੀ ਧਿਆਨ ਦੇਣਾ ਹੋਵੇਗਾ ਜੋ ਕਿ ਗ਼ੈਰ-ਨੋਟਿਫਾਈਡ ਝੁੱਗੀ-ਝੌਂਪੜੀ ਇਲਾਕੇ ਵਿਚ 38 ਪ੍ਰਤਿਸ਼ਤ ਹੈ।

ਸ਼ਹਿਰੀ ਝੁੱਗੀ-ਝੌਂਪੜੀ ਇਲਾਕਿਆਂ ਵਿਚ ਸਵੱਛਤਾ ਬਾਰੇ ਦੱਸਣ ਲੱਗਿਆਂ ਤਮਿਲਨਾਡੂ ਵਿਚ ਤਿਰੁਚਿਰਾਪੱਲੀ ਇਸ ਗੱਲ ਦੀ ਵਧੀਆ ਉਦਾਹਰਣ ਹੈ ਕਿ ਕਿਵੇਂ ਸ਼ਹਿਰੀ ਅਥਾਰਿਟੀ ਸਮੁਦਾਇ ਅਤੇ ਗ਼ੈਰ-ਸਰਕਾਰੀ ਅਦਾਰੇ ਇਕੱਠਿਆਂ ਕੰਮ ਕਰ ਕੇ ਸ਼ਹਿਰ ਦੀ ਸਵੱਛਤਾ ਦੀ ਸਮੱਸਿਆ ਨਾਲ ਨਜਿੱਠ ਸਕੇ। ਸ਼ਹਿਰ ਦੇ ਝੁੱਗੀ-ਝੌਂਪੜੀ ਨਿਵਾਸੀਆਂ ਨੇ ਸਮੁਦਾਇ ਦੇ ਪ੍ਰਬੰਧਨ ਹੇਠ ਇਸ਼ਨਾਨ ਅਤੇ ਸਵੱਛਤਾ ਜਿਹੀਆਂ ਸਹੂਲਤਾਂ ਸਮੇਤ ਪਖ਼ਾਨਿਆਂ ਦਾ ਨਮੂਨਾ ਪੇਸ਼ ਕੀਤਾ (ਵਾਟਰ ਏਡ ਇੰਡੀਆ 2008)। ਇੰਝ ਦੇਖਿਆ ਗਿਆ ਹੈ ਕਿ ਸਾਫ਼ ਅਤੇ ਸਿਹਤ-ਮੂਲਕ ਝੁੱਗੀ-ਝੌਂਪੜੀ ਦਾ ਟੀਚਾ ਹਾਸਿਲ ਕਰਨ ਲਈ ਕੋਈ ਵੱਡੀ ਪੂੰਜੀਕਾਰੀ ਦੀ ਲੋੜ ਨਹੀਂ ਪਈ ਸਗੋਂ ਇਸ ਲਈ ਸ਼ਹਿਰੀ ਅਧਿਕਾਰੀਆਂ ਵਲੋਂ ਝੁੱਗੀ-ਝੌਂਪੜੀ ਵਾਸੀਆਂ ਦੀਆਂ ਸਮੱਸਿਆਵਾਂ ਵਾਲੇ ਸਮੁਦਾਇਕ ਕਾਰਜਾਂ ਅਤੇ ਸਹਾਇਕ ਗ਼ੈਰ-ਸਰਕਾਰੀ ਅਦਾਰਿਆਂ ਵੱਲ ਸੰਵੇਦਨਸ਼ੀਲ ਹੋਣ ਦੀ ਲੋੜ ਸੀ ਕਿਉਂਕਿ ਸਮੁਦਾਇ ਨੇ ਖ਼ੁਦ ਆਪਣੇ ਪਖ਼ਾਨਿਆਂ ਦੀ ਸਾਂਭ-ਸੰਭਾਲ ਕੀਤੀ ਹੁੰਦੀ ਹੈ, ਇਸ ਨਾਲ ਔਰਤਾਂ ਕਈ ਤਰ੍ਹਾਂ ਨਾਲ ਅਖ਼ਤਿਆਰਾਂ ਨਾਲ ਲੈਸ ਹੋਈਆਂ ਅਤੇ ਨਿੱਜੀ ਅਤੇ ਸਮੁਦਾਇ ਵਿਕਾਸ 'ਤੇ ਚੰਗੇਰਾ ਅਸਰ ਪਿਆ ਹੈ।

ਦੂਜੇ ਪਾਸੇ, ਇਕ ਅੰਤਰਰਾਸ਼ਟਰੀ ਵਿਕਾਸ ਅਤੇ ਖੋਜ ਕੇਂਦਰ (ਆਈ ਡੀ ਆਰ ਸੀ) ਦੇ ਏਸ਼ੀਆਈ ਸ਼ਹਿਰਾਂ ਵਿਚ "ਔਰਤਾਂ ਦੇ ਹੱਕਾਂ ਅਤੇ ਪਾਣੀ ਤੇ ਸਵੱਛਤਾ ਸਹੂਲਤਾਂ ਤਕ ਪਹੁੰਚ (2009-11) ਬਾਰੇ ਅਧਿਐਨ ਵਿਚ ਪਤਾ ਲੱਗਾ ਕਿ ਦਿੱਲੀ ਸਰਕਾਰ ਨੇ 2011-12 ਵਿਚ ਜੇ.ਜੇ. ਕਾਲੋਨੀ ਦੇ ਇਕ ਨਿਵਾਸੀ ਦੀ ਸਵੱਛਤਾ ਉੱਪਰ ਮਹਿਜ਼ 80 ਰੁਪਏ ਅਤੇ ਜਲ-ਪੂਰਤੀ ਉੱਪਰ ਕੇਵਲ 30 ਰੁਪਏ ਖਰਚ ਕੀਤੇ (ਆਈ ਡੀ ਆਰ ਸੀ 2011) ਕਿਉਂਕਿ ਦਿੱਲੀ ਵਿਚ ਪਾਣੀ ਅਤੇ ਸਵੱਛਤਾ ਦੀ ਦੇਖਭਾਲ ਵੱਖ-ਵੱਖ ਕਈ ਏਜੰਸੀਆਂ ਕਰਦੀਆਂ ਸਨ, ਇਸ ਕਰਕੇ ਕੋਈ ਜਵਾਬਦੇਹੀ ਨਹੀਂ ਸੀ। ਇਸ ਖੇਤਰ ਵਿਚ ਪੈਸੇ ਦੀ ਇੰਨੀ ਘੱਟ ਵੰਡ ਸ਼ਹਿਰੀ ਪਾਣੀ ਅਤੇ ਸਵੱਛਤਾ ਸੇਵਾਵਾਂ ਵਿਚ ਸੁਧਾਰ ਲਿਆਉਣ ਵਿਚ ਰਾਜਨੀਤਕ ਇੱਛਾ ਸ਼ਕਤੀ ਦੀ ਕਮੀ ਵੱਲ ਸੰਕੇਤ ਕਰਦੀ ਹੈ। ਇਨ੍ਹਾਂ ਦੋ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਇਸ ਮੁੱਦੇ 'ਤੇ ਲੋੜ ਮੁਤਾਬਕ ਵੱਖੋ-ਵੱਖਰੀ ਨੀਤੀ ਦੀ ਲੋੜ ਹੈ।

## ਸਿੱਟਾ

ਭਾਰਤ ਦੀ ਵਿਕਾਸ ਗਾਥਾ, ਦਿਲਚਸਪੀ ਭਰੀਆਂ ਗੱਲਾਂ ਦੇ ਬਾਵਜੂਦ, ਇਸ ਦੇ ਸਵੱਛਤਾ ਸੰਬੰਧੀ ਅੰਕੜਿਆਂ ਦੇ ਮੱਦੇਨਜ਼ਰ, ਅਧੂਰੀ ਨਜ਼ਰ ਆਉਂਦੀ ਹੈ। ਝੁੱਗੀ ਝੌਂਪੜੀ ਵਸੋਂ ਦੇ ਲਗਾਤਾਰ ਵਾਧੇ ਕਾਰਨ ਪਾਣੀ ਅਤੇ ਸਵੱਛਤਾ ਵਰਗੀਆਂ ਮੂਲ ਲੋੜਾਂ 'ਤੇ ਦਬਾਅ ਵਧੇਗਾ। ਪਖ਼ਾਨੇ ਸਵੱਛਤਾ ਸੰਬੰਧਿਤ ਮੁਸ਼ਕਿਲਾਂ ਦੇ ਹੱਲ ਦਾ ਕੇਵਲ ਇਕ ਪੱਖ ਹੈ। ਸੀਵਰੇਜ਼, ਗੰਦਾ ਪਾਣੀ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਨਾਗਰਿਕ ਅਦਾਰਿਆਂ ਵਲੋਂ ਸਰਗਰਮ ਭੂਮਿਕਾ ਨਿਭਾਉਣਾ ਜ਼ਰੂਰੀ ਹੈ।

*ਬਾਕੀ ਸਫ਼ਾ 18 ਉੱਤੇ*

ਤਾਲਿਕਾ-1 ਐੱਮ ਓ ਐੱਚ ਯੂ ਪੀ ਏ ਤਹਿਤ ਆਈ ਸੀ ਸੀ ਐੱਸ ਪ੍ਰੋਗਰਾਮਾਂ ਲਈ ਬਜਟ ਫ਼ੰਡ (ਕਰੋੜ ਰੁਪਏ)

| 2009-10 | 2010-11 | 2011-12 | 2012-13 | | 2013-14 | | 2014-15 |
|---|---|---|---|---|---|---|---|
| | | | ਬੀ ਈ | ਆਰ ਈ | ਬੀ ਈ | ਆਰ ਈ | ਬੀ ਈ |
| 55 | 106.01 | 69.76 | 25 | 100 | 125 | 22 | 5 |

*ਸਰੋਤ : ਕਈ ਸਾਲਾਂ ਲਈ ਐਕਸਪੈਂਡੀਚਰ ਬਜਟ ਵੋਲੀਅਮ-2*

ਤਾਲਿਕਾ-2 : ਭਾਰਤ ਵਿਚ ਸ਼ਹਿਰੀ ਝੁੱਗੀ-ਝੌਂਪੜੀ ਦੇ ਸੂਚਕ (ਪ੍ਰਤਿਸ਼ਤ)

| ਸ਼ਹਿਰੀ ਝੁੱਗੀ-ਝੌਂਪੜੀ ਲਈ ਮੁੱਖ ਸੂਚਕ | ਨੋਟੀਫਾਇਡ | ਗ਼ੈਰ ਨੋਟੀਫਾਇਡ |
|---|---|---|
| ਪਖ਼ਾਨੇ ਦੀ ਸਹੂਲਤ ਦੀ ਅਣਹੋਂਦ | 16 | 42 |
| ਪਾਣੀ ਦੇ ਨਿਕਾਸ ਸਹੂਲਤ ਤੋਂ ਬਿਨਾਂ ਝੁੱਗੀ-ਝੌਂਪੜੀ ਇਲਾਕੇ | 11 | 45 |
| ਕੂੜਾ ਨਸ਼ਟ ਕਰਨ ਦੇ ਪ੍ਰਬੰਧਾਂ ਤੋਂ ਬਿਨਾਂ ਝੁੱਗੀ-ਝੌਂਪੜੀ ਇਲਾਕੇ | 11 | 38 |

ਐੱਨ ਟੀ = ਨੋਟੀਫਾਈਡ; ਐੱਨ ਐੱਨ = ਨਾਨ-ਨੋਟੀਫਾਈਡ

ਸਰੋਤ : ਭਾਰਤ ਵਿਚ ਸ਼ਹਿਰੀ ਝੁੱਗੀ-ਝੌਂਪੜੀਆਂ ਦੇ ਪ੍ਰਮੁੱਖ ਸੂਚਕ, ਰਾਸ਼ਟਰੀ ਸੈਂਪਲ ਸਰਵੇ 69ਵਾਂ ਗੇੜ, ਨੈਸ਼ਨਲ ਸੈਂਪਲ ਸਰਵੇ ਆਫ਼ਿਸ, ਅੰਕੜਾ ਤੇ ਪ੍ਰੋਗਰਾਮ ਲਾਗੂਕਰਨ ਮੰਤਰਾਲਾ, ਭਾਰਤ ਸਰਕਾਰ 2013.

# ਸਵੱਛ ਭਾਰਤ ਅਭਿਆਨ : ਪ੍ਰਗਤੀਸ਼ੀਲ ਭਾਰਤ ਲਈ ਇਕ ਔਜ਼ਾਰ

ਕੇ. ਐਨ. ਪਾਠਕ

ਗਾਂਧੀਵਾਦੀ ਦਰਸ਼ਨ ਸ਼ਾਸਤਰ ਤੋਂ ਸੇਧ ਲੈਂਦਿਆਂ (ਸਫ਼ਾਈ ਭਗਤੀ ਦਾ ਅਗਲਾ ਰੂਪ ਹੈ), ਸਵੱਛ ਭਾਰਤ ਅਭਿਆਨ 'ਤੇ ਜ਼ੋਰ ਦਿਤਾ ਗਿਆ ਹੈ ਜੋ ਬਹੁਤ ਹੀ ਨੇਕ ਕਾਰਜ ਹੈ। ਇਕ ਦੇਸ਼, ਜਿਸ ਦੀ 74 ਪ੍ਰਤਿਸ਼ਤ ਜਨਸੰਖਿਆ ਪੜ੍ਹੀ-ਲਿਖੀ ਹੈ, ਅਜ਼ਾਦੀ ਦੇ 67 ਸਾਲ ਬਾਅਦ ਹਾਲੇ ਵੀ ਸਵੱਛਤਾ ਦੀ ਘਾਟ ਅਤੇ ਸਵੱਛਤਾ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਹ ਦੁਨੀਆਂ ਭਰ 'ਚ ਮੰਨਿਆ ਜਾਂਦਾ ਹੈ ਕਿ ਨਾਕਾਫ਼ੀ ਸਵੱਛਤਾ ਬੀਮਾਰੀਆਂ ਨੂੰ ਜਨਮ ਦਿੰਦੀ ਹੈ, ਇਸ ਵਿਚ ਸੁਧਾਰ ਕਰਨ ਨਾਲ ਸਿਹਤ ਅਤੇ ਰਹਿਣ-ਸਹਿਣ ਵਿਚ ਹਾਂ ਪੱਖੀ ਸੁਧਾਰ ਆਉਂਦੇ ਹਨ।

ਮਿਲੇਨੀਅਮ ਡਿਵੈਲਪਮੈਂਟ ਗੋਲਜ਼ (ਐਮ ਡੀ ਜੀਜ਼) ਮੈਂਬਰ ਦੇਸ਼ਾਂ ਨੂੰ ਨਿਰਦੇਸ਼ ਦਿੰਦੇ ਹਨ ਕਿ 2015 ਤਕ ਅੱਧੀ ਅਤੇ 2025 ਤਕ 100 ਪ੍ਰਤਿਸ਼ਤ ਸ਼ਹਿਰੀ ਵਸੋਂ ਦੀ ਸਵੱਛਤਾ ਦੇ ਹਾਲਾਤ ਵਿਚ ਸੁਧਾਰ ਕੀਤਾ ਜਾਵੇ। ਇਸ ਦਾ ਮਤਲਬ ਹੈ ਉਨ੍ਹਾਂ ਘਰਾਂ ਤਕ ਇਹ ਯੋਜਨਾ ਪਹੁੰਚਾਉਣਾ ਜਿਨ੍ਹਾਂ ਕੋਲ ਚੰਗੀ ਸਵੱਛਤਾ ਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਤਾਂ ਜੋ ਸ਼ਹਿਰਾਂ ਨੂੰ ਖੁੱਲ੍ਹੇ ਵਿਚ ਮਲ਼ ਤਿਆਗਣ ਤੋਂ ਮੁਕਤ ਕੀਤਾ ਜਾ ਸਕੇ। ਪਰ, ਕਦੇ-ਕਦੇ ਇਹ ਮੁੱਲੰਕਣ ਸਾਡੇ ਦੇਸ਼ ਅੰਦਰ ਸਵੱਛਤਾ ਦੇ ਦ੍ਰਿਸ਼ ਸੰਬੰਧੀ ਚਿੰਤਾ ਦਾ ਸਬੱਬ ਬਣ ਜਾਂਦੇ ਹਨ। ਵਿਸ਼ਵ ਸਿਹਤ ਸੰਸਥਾ ਯੂਨੀਸੈਫ਼ ਦੀ ਪਾਣੀ ਦੀ ਪੂਰਤੀ ਅਤੇ ਸਵੱਛਤਾ ਬਾਰੇ ਸਾਂਝੇ ਨਿਗਰਾਨੀ ਪ੍ਰੋਗਰਾਮ ਵਿਚ ਕਿਹਾ ਗਿਆ ਹੈ ਕਿ ਵਰਤਮਾਨ ਰਫ਼ਤਾਰ ਨਾਲ, ਸਵੱਛਤਾ ਬਾਰੇ ਦਹਿਸਦੀ ਵਿਕਾਸ ਟੀਚੇ ਦੀ ਪ੍ਰਾਪਤੀ ਲਈ ਭਾਰਤ ਨੂੰ 2054 ਤਕ ਦਾ ਸਮਾਂ ਲੱਗ ਜਾਵੇਗਾ। ਓਡੀਸ਼ਾ ਸਭ ਤੋਂ ਲੰਮਾ ਸਮਾਂ ਲਵੇਗਾ - 2160 ਤਕ। ਇਹ ਸਭ ਵਿਸ਼ਵ ਭਰ ਵਿਚ ਹੋਏ ਸਰਵੇਖਣ ਵਿਚ ਕਿਹਾ ਗਿਆ ਹੈ ਜੋ 27 ਮਾਰਚ 2012 ਨੂੰ ਜਾਰੀ ਕੀਤਾ ਗਿਆ।

ਕੁਝ ਪ੍ਰਮੁੱਖ ਮੁੱਦੇ ਹਨ ਜਿਨ੍ਹਾਂ ਨੂੰ ਸਵੱਛ ਭਾਰਤ ਮੁਹਿੰਮ ਨੂੰ ਸਫਲ ਬਣਾਉਣ ਲਈ ਧਿਆਨ ਗੋਚਰੇ ਲਿਆਉਣਾ ਬੇਹੱਦ ਅਹਿਮ ਹੈ। ਇਹ ਮੁੱਦੇ ਹੇਠ ਲਿਖੇ ਅਨੁਸਾਰ ਹਨ:

● ਸਾਰੇ ਘਰਾਂ ਵਿਚ ਪਾਣੀ ਦੀ ਉਪਲਬਧਤਾ, ● ਸਾਰੇ ਘਰਾਂ ਵਿਚ ਨਿੱਜੀ ਜਾਂ ਜਨਤਕ ਪਖ਼ਾਨਿਆਂ ਦੀ ਉਪਲਬਧਤਾ, ● ਸੀਵਰੇਜ ਅਤੇ ਕੂੜਾ-ਕਰਕਟ ਦੇ ਬਿਲੇ ਲਾਉਣ ਲਈ ਢੁੱਕਵੀਂ ਪ੍ਰਣਾਲੀ, ● ਸਵੱਛਤਾ ਬਣਾਈ ਰੱਖਣ ਲਈ ਬੁਨਿਆਦੀ ਸਹੂਲਤਾਂ, ● ਅਭਿਆਨ ਨੂੰ ਸਫਲ ਬਣਾਉਣ ਲਈ ਸਮੂਹਿਕ ਜਾਗਰੂਕਤਾ।

## ਪਾਣੀ ਦੀ ਉਪਲਬਧਤਾ

1 ਅਪ੍ਰੈਲ, 2014 ਤਕ, ਦੇਸ਼ ਦੇ 16,96,664 ਘਰਾਂ ਵਿਚੋਂ ਸਿਰਫ਼ 12,49,695 ਪੀਣ ਵਾਲੇ ਪਾਣੀ ਦਾ ਢੁੱਕਵਾਂ ਪ੍ਰਬੰਧ (40 ਲਿਟਰ ਪ੍ਰਤਿ ਵਿਅਕਤੀ ਪ੍ਰਤਿ ਦਿਨ) ਹੈ। ਵੱਡੀ ਗਿਣਤੀ ਵਿਚ ਪਿੰਡ ਹਾਲੇ ਵੀ ਛੱਪੜਾਂ, ਖੂਹਾਂ ਜਾਂ ਦੂਸਰੇ ਕੁਦਰਤੀ ਸਾਧਨਾਂ 'ਤੇ ਨਿਰਭਰ ਕਰਦੇ ਹਨ, ਜੋ ਕਈ ਮਾਮਲਿਆਂ ਵਿਚ ਗਰਮੀਆਂ ਦੀ ਰੁੱਤੇ ਸੁੱਕ ਵੀ ਜਾਂਦੇ ਹਨ। ਅਸਲ ਵਿਚ, ਸਾਡੇ ਕੋਲ ਸ਼ਹਿਰਾਂ ਅੰਦਰ ਗੰਦੇ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਾਉਣ ਦਾ ਕੋਈ ਰਾਹ ਨਹੀਂ, ਕਿਉਂਕਿ ਲੋਕ ਵੱਖ-ਵੱਖ ਤਰੀਕਿਆਂ ਨਾਲ ਪਾਣੀ ਪ੍ਰਾਪਤ ਕਰਦੇ ਹਨ ਅਤੇ ਸੁੱਟਦੇ ਹਨ। ਗੰਦੇ ਪਾਣੀ ਨੂੰ ਮਾਪਣ ਦਾ ਵਰਤਮਾਨ ਤਰੀਕਾ ਬਹੁਤ ਹੀ ਬੁਨਿਆਦੀ ਹੈ। ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਨਗਰ ਨਿਗਮਾਂ ਦੁਆਰਾ ਸਪਲਾਈ ਕੀਤਾ ਜਾਂਦਾ 80 ਪ੍ਰਤਿਸ਼ਤ ਪਾਣੀ ਗੰਦੇ ਪਾਣੀ ਦੇ ਰੂਪ ਵਿਚ ਵਾਪਸ ਆਉਂਦਾ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ (ਐਨ ਐਫ ਐਚ ਐਸ-3) 2005-2006 ਦੇ ਮੌਜੂਦ ਅੰਕੜਿਆਂ ਮੁਤਾਬਕ, ਪਾਈਪ ਵਾਲੇ ਪਾਣੀ ਨਾਲ ਸਿਰਫ਼ 18.8 ਪ੍ਰਤਿਸ਼ਤ ਪਖ਼ਾਨੇ ਜੁੜੇ ਹੋਏ ਹਨ। ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ ਲਈ ਸਾਨੂੰ ਢੁੱਕਵੀਂ ਮਾਤਰਾ ਵਿਚ ਪਾਣੀ ਦੀ ਜ਼ਰੂਰਤ ਹੈ। ਪਾਣੀ ਪੂਰਤੀ ਦੀ ਮਾਤਰਾ ਤੋਂ ਜ਼ਿਆਦਾ ਸਮੱਸਿਆ ਇਸ ਦੇ ਪ੍ਰਬੰਧਨ ਅਤੇ ਸਾਰਿਆਂ ਨੂੰ ਬਰਾਬਰ ਪੂਰਤੀ ਕਰਨ ਦੀ ਹੈ। ਵਰਤਮਾਨ ਜਲ ਪ੍ਰਣਾਲੀ ਵਿਚ ਬਹੁਤ ਸਾਰੇ ਨੁਕਸ ਹਨ - ਮਾੜੇ ਪ੍ਰਬੰਧਨ ਅਤੇ ਰਿਸਾਅ ਕਾਰਨ ਵੰਡ ਪ੍ਰਣਾਲੀ ਦੀਆਂ ਘਾਟਾਂ। ਇਹ ਯਕੀਨੀ ਬਣਾਉਣ ਲਈ ਕਿ ਸ਼ਹਿਰ ਵਿਚ ਹਰੇਕ ਘਰ ਤਕ ਪਾਣੀ ਪਹੁੰਚੇ, ਇਸ ਵਾਸਤੇ ਪ੍ਰਭਾਵੀ ਕਦਮ ਉਠਾਉਣ ਦੀ ਲੋੜ ਹੈ, ਜੇ ਸਵੱਛ ਭਾਰਤ ਮੁਹਿੰਮ ਨੂੰ ਕਾਮਯਾਬ ਬਣਾਉਣਾ ਹੈ।

## ਪਖ਼ਾਨਿਆਂ ਦੀ ਉਪਲਬਧਤਾ

ਦੁਨੀਆਂ ਭਰ ਵਿਚ 2.5 ਮਿਲੀਅਨ ਲੋਕ ਬੁਨਿਆਦੀ ਸਵੱਛਤਾ ਸਹੂਲਤਾਂ ਜਿਵੇਂ ਪਖ਼ਾਨੇ ਤੋਂ ਵਿਰਵੇ ਹਨ, ਜਿਨ੍ਹਾਂ ਵਿਚੋਂ ਹਰੇਕ ਤੀਸਰਾ ਵਿਅਕਤੀ ਭਾਰਤ ਵਿਚ ਰਹਿੰਦਾ ਹੈ। ਸੰਯੁਕਤ ਰਾਸ਼ਟਰ ਦੀ ਐਮ ਡੀ ਜੀ ਰਿਪੋਰਟ ਮੁਤਾਬਕ ਇਹ ਅੰਦਾਜ਼ਾ ਹੈ ਕਿ ਸਾਡੇ ਦੇਸ਼ ਅੰਦਰ ਲਗਭਗ 626 ਮਿਲੀਅਨ ਲੋਕਾਂ ਦੀ ਨੇੜਲੇ ਪਖ਼ਾਨੇ ਤਕ ਪਹੁੰਚ ਨਹੀਂ, ਸਿੱਟੇ ਵਜੋਂ ਉਹ ਖੁੱਲ੍ਹੇ ਵਿਚ ਮਲ਼ ਤਿਆਗ ਕਰਦੇ ਹਨ। ਐਨ ਐਸ ਐਸ ਓ ਦੇ 69ਵੇਂ ਗੇੜ (2012) ਅਨੁਸਾਰ, 59.4 ਪ੍ਰਤਿਸ਼ਤ ਪੇਂਡੂ ਅਤੇ 8.8 ਪ੍ਰਤਿਸ਼ਤ ਸ਼ਹਿਰੀ ਘਰਾਂ ਕੋਲ ਪਖ਼ਾਨੇ ਦੀ ਸਹੂਲਤ ਨਹੀਂ ਹੈ।

## ਸੀਵਰੇਜ ਅਤੇ ਕੂੜੇ ਦੇ ਬਿਲੇ ਲਾਉਣ ਲਈ ਢੁੱਕਵੀਂ ਪ੍ਰਣਾਲੀ

ਇਹ ਨੋਟ ਕਰਨਾ ਅਹਿਮ ਹੈ ਕਿ ਮਨੁੱਖੀ ਮਲ਼-ਮੂਤਰ ਦੇ ਅਸੁਰੱਖਿਅਤ ਤੌਰ ਤੇ ਬਿਲੇ ਲਾਉਣ ਨਾਲ ਵੱਡੇ ਪੱਧਰ 'ਤੇ, ਖ਼ਾਸ ਕਰਕੇ

ਸ਼ਹਿਰੀ ਖੇਤਰਾਂ ਵਿਚ ਜਨ ਸਿਹਤ ਅਤੇ ਵਾਤਾਵਰਨ 'ਤੇ ਦਬਾਅ ਪੈਂਦਾ ਹੈ। ਇਕ ਪੜਚੋਲ ਵਿਚ ਦਰਸਾਇਆ ਗਿਆ ਹੈ ਕਿ ਇਸ 'ਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ 60 ਪ੍ਰਤਿਸ਼ਤ ਖਰਚ ਆਉਂਦਾ ਹੈ। ਜਿਵੇਂ ਕਿ ਰਾਸ਼ਟਰੀ ਸ਼ਹਿਰੀ ਸਵੱਛਤਾ ਨੀਤੀ ਵਿਚ ਇਸ਼ਾਰਾ ਕੀਤਾ ਗਿਆ ਹੈ, ਮਾੜੀ ਸਵੱਛਤਾ ਦਾ ਅਸਰ ਖ਼ਾਸ ਕਰਕੇ ਸ਼ਹਿਰੀ ਗਰੀਬਾਂ (ਸ਼ਹਿਰ ਦੀ ਕੁੱਲ ਵਸੋਂ ਦਾ 22 ਪ੍ਰਤਿਸ਼ਤ), ਔਰਤਾਂ, ਬੱਚਿਆਂ ਤੇ ਬਜ਼ੁਰਗਾਂ 'ਤੇ ਪੈਂਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਅਣਸੋਧੇ ਘਰੇਲੂ/ਨਗਰ ਨਿਗਮ ਦੇ ਪਾਣੀ ਦਾ ਨਾਕਾਫੀ ਨਿਕਾਸ ਨਾ ਹੋਣ ਕਰਕੇ ਭਾਰਤ ਵਿਚ 75 ਪ੍ਰਤਿਸ਼ਤ ਸਤਹੀ ਪਾਣੀ ਦੂਸ਼ਿਤ ਹੋ ਗਿਆ ਹੈ।

## ਸਵੱਛਤਾ ਬਰਕਰਾਰ ਰੱਖਣ ਲਈ ਬੁਨਿਆਦੀ ਸਹੂਲਤਾਂ

ਇਸ ਮੁਹਿੰਮ ਦੀ ਸਫਲਤਾ ਤਾਂ ਹੀ ਯਕੀਨੀ ਬਣਾਈ ਜਾ ਸਕਦੀ ਹੈ ਜੇ ਪਾਣੀ ਦੀ ਪੂਰਤੀ/ਮਲ-ਮੂਤਰ ਦੀ ਨਿਕਾਸੀ/ਕੂੜੇ ਦੇ ਬਿਲੇ ਲਾਉਣ ਆਦਿ ਲਈ ਬੁਨਿਆਦੀ ਸਹੂਲਤਾਂ ਸਾਰੇ ਘਰਾਂ ਲਈ ਮੌਜੂਦ ਹੋਣ। ਕੁਝ ਘਰ ਹਨ ਜਿਨ੍ਹਾਂ ਕੋਲ ਇਹ ਸਹੂਲਤਾਂ ਹਨ, ਕੁਝ ਇਹ ਸਹੂਲਤਾਂ ਲੈ ਸਕਦੇ ਹਨ ਪਰ ਇਨ੍ਹਾਂ ਨੂੰ ਪਹਿਲ ਨਹੀਂ ਦਿੰਦੇ ਅਤੇ ਵੱਡੀ ਗਿਣਤੀ ਵਿਚ ਲੋਕ ਜਾਂ ਤਾਂ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਹਨ ਜਾਂ ਇਹ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਅਜਿਹੇ ਲੋਕਾਂ ਲਈ ਕੁਝ ਵਿਸ਼ੇਸ਼ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ।

## ਜਨਤਕ ਪੱਧਰ 'ਤੇ ਚੇਤਨਾ ਦੀ ਲੋੜ

ਜਨਸੰਖਿਆ ਦਾ ਹਰ ਹਿੱਸਾ ਪ੍ਰਾਇਮਰੀ ਸਕੂਲ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ, ਸਭ ਨੂੰ ਜਨ ਸਿਹਤ ਲਈ ਸਵੱਛਤਾ ਦੇ ਫ਼ਾਇਦਿਆਂ ਲਈ ਜਾਗਰੂਕ ਕਰਨ ਦੀ ਲੋੜ ਹੈ। ਸਿੱਖਿਆ ਸੰਸਥਾਵਾਂ ਨੂੰ ਨਾਲ ਤੋਰਨ ਤੋਂ ਇਲਾਵਾ, ਖ਼ਾਸ ਕਰਕੇ ਸਕੂਲ, ਜਾਗਰੂਕਤਾ ਮੁਹਿੰਮਾਂ ਚਲਾਉਣ ਲਈ ਸੋਸ਼ਲ ਮੀਡੀਆ ਅਤੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦੀ ਭਰਪੂਰ ਵਰਤੋਂ ਕਰਨੀ ਬਣਦੀ ਹੈ ਤਾਂ ਕਿ ਹੇਠਲੇ ਪੱਧਰ ਤਕ ਇਹ ਸੁਨੇਹਾ ਪਹੁੰਚਾਇਆ ਜਾ ਸਕੇ।

ਪ੍ਰਭਾਵੀ ਸਵੱਛਤਾ ਨੀਤੀ ਯਕੀਨੀ ਬਣਾਉਣ ਲਈ ਹੇਠ ਲਿਖੇ ਕਦਮ ਉਠਾਏ ਜਾਣ ਦੀ ਜ਼ਰੂਰਤ ਹੈ।

● ਜਨ-ਚੇਤਨਾ ਦੀ ਲੋੜ, ● ਸਵੱਛਤਾ ਦੇ ਸਮਾਜਿਕ ਤੇ ਕਿੱਤਾਮਈ ਪੱਖ,● ਪ੍ਰਸ਼ਾਸਨਿਕ ਸੰਗਠਨਾਂ/ਸੰਸਥਾਵਾਂ ਵਿਚਾਲੇ ਤਾਲਮੇਲ, ● ਵਿਆਪਕ ਪਹੁੰਚ, ● ਤਕਨੀਕ ਦਾ ਭਰਪੂਰ ਇਸਤੇਮਾਲ, ● ਅਪਹੁੰਚਾਂ ਤਕ ਪਹੁੰਚ ਕਰਨੀ,● ਮੰਗ ਅਤੇ ਪੂਰਤੀ ਦੇ ਖੱਪੇ ਨੂੰ ਭਰਨਾ।

## ਸਵੱਛਤਾ ਦੇ ਸਮਾਜਿਕ ਅਤੇ ਕਿੱਤਾਮਈ ਪੱਖ

ਹੱਥੀਂ ਮੈਲਾ ਚੁੱਕਣ-ਢੋਣ ਦੀ ਪ੍ਰਥਾ ਨੂੰ ਖ਼ਤਮ ਕਰਨ ਲਈ ਬਹੁਤ ਕੁਝ ਕੀਤਾ ਜਾਣਾ ਲੋੜੀਂਦਾ ਹੈ। ਦੇਸ਼ ਭਰ ਵਿਚ ਸਥਾਈ ਕਰਮਚਾਰੀਆਂ ਨੂੰ ਦਰਪੇਸ਼ ਕਿੱਤਾਮੁਖੀ ਖ਼ਤਰਿਆਂ ਦੇ ਨਿਰਮਾਣ ਲਈ ਪ੍ਰਭਾਵੀ ਕਦਮ ਉਠਾਉਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਪਖ਼ਾਨਿਆਂ ਦੀ ਅਣਹੋਂਦ ਵਾਲੇ ਘਰਾਂ ਲਈ ਇਨ੍ਹਾਂ ਦੀ ਉਸਾਰੀ ਯਕੀਨੀ ਬਣਾਵਾਂਗੇ।



## ਪ੍ਰਸ਼ਾਸਨਿਕ ਸੰਗਠਨਾਂ/ ਸੰਸਥਾਵਾਂ ਦਰਮਿਆਨ ਤਾਲਮੇਲ

ਸਵੱਛਤਾ ਨਾਲ ਸੰਬੰਧਿਤ ਪ੍ਰਸ਼ਾਸਕੀ ਸੰਗਠਨਾਂ ਅਤੇ ਸੰਬੰਧਿਤ ਵਿਭਾਗਾਂ ਦੀ ਭੂਮਿਕਾ ਬਿਲਕੁਲ ਸਪੱਸ਼ਟ ਹੋਣੀ ਚਾਹੀਦੀ ਹੈ। ਹਰੇਕ ਸੰਸਥਾ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਬੇਹਤਰ ਨਤੀਜਿਆਂ ਦੀ ਪ੍ਰਾਪਤੀ ਲਈ ਦੁਹਰਾਅ ਨੂੰ ਖ਼ਤਮ ਕਰਨਾ ਚਾਹੀਦਾ ਹੈ।

## ਤਬਦੀਲੀ

ਅਜਿਹੇ ਰਾਸ਼ਟਰ ਵਿਆਪੀ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਬਦੀਲੀ ਜ਼ਰੂਰੀ ਹੈ। ਮਨਰੇਗਾ, ਐਮ ਪੀ ਐੱਲ ਏ ਡੀ ਐੱਸ ਨਾਲ ਤਬਦੀਲੀ ਦੁਆਰਾ ਅਤੇ ਹੋਰ ਯੋਜਨਾਵਾਂ ਨਾਲ ਹੇਠ ਲਿਖੇ ਕਦਮ ਉਠਾਏ ਜਾਣੇ ਚਾਹੀਦੇ ਹਨ :

● ਘਰਾਂ, ਸਕੂਲਾਂ, ਆਂਗਨਵਾੜੀ, ਐੱਸ ਐੱਲ ਡਬਲਯੂ ਐੱਮ ਅਤੇ ਜਨਤਕ ਸਵੱਛ ਭਵਨਾਂ ਅੰਦਰ ਪਖ਼ਾਨਿਆਂ ਦਾ ਨਿਰਮਾਣ।

● ਐੱਮ ਪੀ ਲੈਡ ਏ ਡੀ ਸਕੀਮ ਤਹਿਤ ਨਿੱਜੀ ਘਰਾਂ ਅੰਦਰ ਪਖ਼ਾਨਿਆਂ ਦੀ ਉਸਾਰੀ ਅਤੇ ਸਮੂਹਿਕ ਪਖ਼ਾਨਿਆਂ ਦੇ ਪ੍ਰਚਲਨ ਅਤੇ ਰੱਖ-ਰਖਾਅ ਲਈ ਇਕਮੁਸ਼ਤ ਗਰਾਂਟ।

● ਟੀ ਐੱਸ ਸੀ ਦਾ ਕੇਂਦਰ ਵਲੋਂ ਚਲਾਈਆਂ ਦੂਸਰੀਆਂ ਸਕੀਮਾਂ ਜਿਵੇਂ ਪੀ ਯੂ ਆਰ ਏ, ਆਈ ਏ, ਐੱਨ ਆਰ ਐੱਚ ਐੱਮ, ਆਦਰਸ਼ ਗ੍ਰਾਮ ਯੋਜਨਾ ਅਤੇ ਦੂਜੀਆਂ ਸਕੀਮਾਂ ਅਤੇ ਮੰਤਰਾਲਿਆਂ/ਵਿਭਾਗਾਂ ਨਾਲ ਮਿਸ਼ਰਣ ਦਾ ਅਨੁਕੂਲਣ।

## ਸਵੱਛਤਾ ਸਹੂਲਤਾਂ ਦਾ ਅਮਲ ਅਤੇ ਰੱਖ-ਰਖਾਅ

ਸਵੱਛਤਾ ਸਹੂਲਤਾਂ ਦੇ ਅਮਲ ਅਤੇ ਰੱਖ-ਰਖਾਅ ਨੂੰ ਬਣਦਾ ਮਹੱਤਵ ਦੇਣਾ ਬਣਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਘਰਾਂ, ਸਮੁਦਾਇਕ ਅਤੇ ਜਨਤਕ ਸਵੱਛਤਾ ਸਹੂਲਤਾਂ ਦੀ ਚੋਖੀ ਵਰਤੋਂ, ਨਿਯਮਤ ਸਾਂਭ-ਸੰਭਾਲ ਕੀਤੀ ਜਾਵੇ। ਸ਼ਹਿਰੀ ਸਥਾਨਕ ਸਭਾਵਾਂ ਨੂੰ ਵੀ ਮਜ਼ਬੂਤੀ ਪ੍ਰਦਾਨ ਕਰਨ ਦੀ ਲੋੜ ਹੈ ਤਾਂ ਜੋ ਸਵੱਛਤਾ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

## ਵਿਆਪਕ ਪਹੁੰਚ

ਸਾਡੇ ਦੇਸ਼ ਵਿਚ ਸਵੱਛਤਾ ਵਿਚ ਸੁਧਾਰ ਲਈ ਟੁੱਟਵੀਂ ਜੇਹੀ ਪਹੁੰਚ ਨਹੀਂ ਅਪਣਾਉਣੀ ਚਾਹੀਦੀ। ਰਾਸ਼ਟਰੀ ਸ਼ਹਿਰੀ ਸਵੱਛਤਾ ਨੀਤੀ ਵਿਚ ਦਿਤੇ ਸੁਝਾਅ ਮੁਤਾਬਕ ਸਵੱਛਤਾ ਲਈ ਨਿਵੇਸ਼ ਕਰਨ ਵੇਲੇ ਸੀਵਰੇਜ ਅਤੇ ਕੂੜਾ-ਕਰਕਟ ਦੇ ਭੰਡਾਰਣ, ਸੋਧ ਅਤੇ ਸੁਰੱਖਿਆ ਦੇ ਪੂਰੇ ਚੱਕਰ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਸਵੱਛਤਾ ਪ੍ਰੋਗਰਾਮਾਂ ਵਿਚ ਵੱਖ-ਵੱਖ ਪਹੁੰਚਾਂ ਦਾ ਇਸਤੇਮਾਲ

ਕਰਨਾ ਹੋਵੇਗਾ, ਜਿਵੇਂ ਕਿ ਘਰ ਪੱਧਰ 'ਤੇ ਵਿੱਤ ਪ੍ਰਬੰਧਨ ਅਤੇ ਸੰਭਾਵਿਤ ਖਪਤਕਾਰਾਂ ਲਈ ਸਮਰੱਥਾ ਅਨੁਸਾਰ ਸਵੱਛਤਾ ਦੇ ਵਿਕਲਪਾਂ ਦੀ ਕੜੀ। ਇਸ ਲਈ ਨਵੇਂ ਭਾਈਵਾਲਾਂ ਨਾਲ ਕੰਮ ਕਰਨ ਦੀ ਲੋੜ ਪਵੇਗੀ ਜਿਸ ਵਿਚ ਜਨ ਸਿਹਤ ਅਧਿਕਾਰੀ, ਜ਼ਮੀਨੀ ਪੱਧਰ 'ਤੇ ਸੰਗਠਨ ਅਤੇ ਨਿੱਜੀ ਖੇਤਰ ਸ਼ਾਮਿਲ ਹੋ ਸਕਦੇ ਹਨ, ਜਿਨ੍ਹਾਂ ਨੂੰ ਕਿ ਰੋਕ ਪਾਉਣ ਵਾਲੇ ਨਹੀਂ ਆਖਿਆ ਜਾ ਸਕਦਾ।

## ਤਕਨੀਕੀ ਦਾ ਭਰਪੂਰ ਇਸਤੇਮਾਲ

ਪਾਣੀ ਦੀ ਪੂਰਤੀ ਅਤੇ ਸਵੱਛਤਾ ਲਈ ਬਹੁਤ ਸਾਰੇ ਕਿਫ਼ਾਇਤੀ ਯੰਤਰ ਅਤੇ ਤਕਨੀਕਾਂ ਅੰਤਰਰਾਸ਼ਟਰੀ ਪੱਧਰ 'ਤੇ ਏਜੰਸੀਆਂ ਵਲੋਂ ਈਜ਼ਾਦ ਕੀਤੇ ਗਏ ਹਨ। ਇਸ ਸੰਦਰਭ ਵਿਚ ਇਹ ਸੁਝਾਅ ਦਿਤਾ ਜਾ ਸਕਦਾ ਹੈ ਕਿ ਸੁਲਭ ਇੰਟਰਨੈਸ਼ਨਲ ਵਰਗੀਆਂ ਸੰਸਥਾਵਾਂ ਵਲੋਂ ਪ੍ਰਦਰਸ਼ਿਤ ਕੀਤੇ ਕਿਫ਼ਾਇਤੀ ਉਪਰਾਲਿਆਂ ਅਤੇ ਤਕਨੀਕਾਂ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਜਾਵੇ।

## ਅਪਹੁੰਚਾਂ ਤਕ ਪਹੁੰਚ ਕਰਨਾ

ਇਹ ਵੇਖਿਆ ਗਿਆ ਹੈ ਕਿ ਗ਼ੈਰ-ਰਸਮੀ ਬਸਤੀਆਂ ਵਿਚ ਰਹਿਣ ਵਾਲੇ ਗਰੀਬ ਲੋਕਾਂ ਦੇ ਰਾਹ ਵਿਚ, ਸਵੱਛਤਾ ਪ੍ਰਭਾਵੀ ਕਿਫਾਇਤੀ ਪਹੁੰਚ ਦੇ ਮਾਮਲੇ ਵਿਚ, ਮਾਲੀ, ਥਾਂ ਜਾਂ ਆਰਥਿਕ ਰੁਕਾਵਟਾਂ ਆ ਜਾਂਦੀਆਂ ਹਨ। ਇਸ ਮੁੱਦੇ ਨੂੰ ਪ੍ਰਭਾਵੀ ਤਰੀਕੇ ਨਾਲ ਹੱਲ ਕਰਨ ਦੀ ਲੋੜ ਹੈ, ਖ਼ਾਸ ਕਰਕੇ ਸਮਾਜ ਦੇ ਦਬੇ ਕੁਚਲੇ ਅਤੇ ਗਰੀਬ ਵਰਗਾਂ ਅੰਦਰ ਸਵੱਛ ਭਾਰਤ ਮੁਹਿੰਮ ਨੂੰ ਸਫਲ ਬਣਾਉਣ ਲਈ ਰਾਸ਼ਟਰੀ ਸ਼ਹਿਰੀ ਸਵੱਛਤਾ ਨੀਤੀ ਵਿਚ ਇਹ ਵੀ ਸੁਝਾਅ ਦਿਤਾ ਗਿਆ ਹੈ ਕਿ ਸਵੱਛਤਾ ਖੇਤਰ ਦੇ ਤਕਰੀਬਨ 20 ਪ੍ਰਤਿਸ਼ਤ ਫ਼ੰਡ ਸ਼ਹਿਰੀ ਗਰੀਬਾਂ ਲਈ ਰਾਖਵੇਂ ਰੱਖਣੇ ਚਾਹੀਦੇ ਹਨ। ਇਸੇ ਤਰ੍ਹਾਂ ਹੀ, ਪੇਂਡੂ ਗਰੀਬਾਂ ਨੂੰ ਕੁਝ ਸਬਸਿਡੀ ਦੇਣ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਘਰਾਂ ਵਿਚ ਪਖ਼ਾਨਿਆਂ ਦੀ ਉਸਾਰੀ ਕਰਵਾ ਸਕਣ। ਇਹ ਮੰਨੀ ਹੋਈ ਗੱਲ ਹੈ ਕਿ ਛੋਟੇ ਸ਼ਹਿਰ ਸੀਵਰੇਜ ਨਿਕਾਸੀ ਪ੍ਰਣਾਲੀ ਦਾ ਭਾਰ ਨਹੀਂ ਚੁੱਕ ਸਕਦੇ, ਸੀਵਰੇਜ ਸੋਧਕ ਪ੍ਰਣਾਲੀ ਦੀ ਤਾਂ ਗੱਲ ਹੀ ਛੱਡੋ। ਕੂੜਾ ਕਰਕਟ ਪ੍ਰਣਾਲੀ ਲਈ ਬੁਨਿਆਦੀ ਢਾਂਚੇ ਵਿਚ ਪੂੰਜੀਗਤ ਨਿਵੇਸ਼ ਚਾਹੀਦਾ ਹੈ ਅਤੇ ਇਸ ਤੋਂ ਵੀ ਵੱਧ ਮਹੱਤਵਪੂਰਨ, ਪੰਪਿੰਗ ਅਤੇ ਸੋਧ ਪਲਾਂਟਾਂ ਦੇ ਅਮਲ, ਖ਼ਾਸ ਕਰ ਬਿਜਲੀ ਦੇ ਖਰਚ ਲਈ ਫ਼ੰਡ ਚਾਹੀਦੇ ਹਨ। ਪੂੰਜੀਗਤ ਨਿਵੇਸ਼ ਜਾਂ ਅਮਲ ਦੇ ਖਰਚੇ ਦੀ ਅਦਾਇਗੀ ਅਮੀਰਾਂ ਵਲੋਂ ਵੀ ਨਹੀਂ ਕੀਤੀ ਜਾਂਦੀ ਜੋ ਪਾਣੀ ਵਰਤਦੇ ਹਨ ਅਤੇ ਗੰਦਾ ਪਾਣੀ ਨਿਕਾਸ ਕਰਦੇ ਹਨ। ਆਧੁਨਿਕ ਸ਼ਹਿਰਾਂ ਦੇ ਵੱਡੇ ਭਾਗ ਸੀਵਰੇਜ ਪ੍ਰਣਾਲੀ ਨਾਲ ਨਹੀਂ ਜੁੜੇ ਹੋਏ ਕਿਉਂਕਿ ਇਹ ਲੋਕ ਕੱਚੀਆਂ ਬਸਤੀਆਂ ਜਾਂ ਗ਼ੈਰ-ਕਾਨੂੰਨੀ ਖੇਤਰਾਂ ਜਾਂ ਝੁੱਗੀਆਂ ਵਿਚ ਰਹਿੰਦੇ ਹਨ ਜਿਥੇ ਰਾਜ ਦੀਆਂ ਸੇਵਾਵਾਂ ਨਹੀਂ ਪਹੁੰਚਦੀਆਂ।

## ਮੰਗ ਅਤੇ ਪੂਰਤੀ ਦੇ ਖੱਪੇ ਨੂੰ ਖਤਮ ਕਰਨਾ

ਸਵੱਛਤਾ ਦੀ ਸਮੱਸਿਆ ਦੇ ਹੱਲ ਲਈ ਪੂਰਤੀ ਮੰਗ ਦੇ ਮੁਤਾਬਕ ਹੋਣੀ ਚਾਹੀਦੀ ਹੈ। ਇਸ ਦਾ ਮਤਲਬ ਹੈ ਕਿ ਸ਼ਹਿਰੀ ਸਥਾਨਕ ਸੰਗਠਨਾਂ ਜਾਂ ਪੀ ਆਰ ਆਈਜ਼ ਦੀ ਬਜਾਏ, ਪਛੜੇ ਖੇਤਰਾਂ ਅਤੇ ਜਨਸੰਖਿਆ ਜੋ ਖ਼ਾਸ ਥਾਵਾਂ 'ਤੇ ਰਹਿੰਦੀ ਹੈ, ਨੂੰ ਬੁਨਿਆਦੀ ਸਹੂਲਤਾਂ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

## ਸਮਰਥਾ ਦਾ ਵਿਕਾਸ ਅਤੇ ਸਿਖਲਾਈ

ਪ੍ਰੋਗਰਾਮ ਦੀ ਸਫਲਤਾ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਵੱਡੇ ਪੱਧਰ 'ਤੇ ਜਨ ਸਹਿਇਤਾ ਪ੍ਰਾਪਤ ਕੀਤੀ ਜਾਵੇ। ਇਸ ਕਰਕੇ, ਖ਼ਾਸ ਏਜੰਸੀਆਂ ਦੀ ਚੋਣ ਕਰਨੀ ਚਾਹੀਦੀ ਹੈ ਤਾਂ ਜੋ ਉਹ ਰਾਜ ਪੱਧਰ 'ਤੇ ਪਦ-ਅਧਿਕਾਰੀਆਂ, ਚੁਣੇ ਹੋਏ ਨੁਮਾਇੰਦਿਆਂ ਅਤੇ ਅਫ਼ਸਰਾਂ/ਅਧਿਕਾਰੀਆਂ ਨੂੰ ਸਿਖਲਾਈ ਦੇ ਸਕਣ।

## ਨਿਗਰਾਨੀ ਅਤੇ ਮੁੱਲੰਕਣ

ਰਾਜ, ਜ਼ਿਲ੍ਹਾ ਅਤੇ ਸ਼ਹਿਰ ਪੱਧਰ 'ਤੇ ਸਵੱਛਤਾ ਪ੍ਰੋਗਰਾਮ ਦੀ ਉੱਨਤੀ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਲਈ ਇਕ ਤੰਤਰ ਬਣਾਏ ਜਾਣ ਦੀ ਲੋੜ ਹੈ। ਰਿਪੋਰਟ ਕਾਰਡ ਦੀ ਵਰਤੋਂ ਅਤੇ ਨਾਗਰਿਕਾਂ ਦੀ ਨਿਗਰਾਨ ਕਮੇਟੀ ਦੁਆਰਾ ਉੱਨਤੀ ਤੇ ਪੁਨਰ ਵਿਚਾਰ ਬਾਰੇ ਵੀ ਸੋਚਿਆ ਜਾ ਸਕਦਾ ਹੈ।

## ਸਫਲ ਜ਼ਿਲ੍ਹਿਆਂ/ਸ਼ਹਿਰਾਂ ਨੂੰ ਇਨਾਮ ਦੇਣਾ

ਭਾਵੇਂ ਕਿ ਇਹ ਆਮ ਜਨਤਕ ਹਿਤ ਦਾ ਕੰਮ ਹੈ, ਸਵੱਛਤਾ ਦਾ ਇਕ ਮਿਥਿਆ ਪੱਧਰ ਹਾਸਲ ਕਰਨਾ ਹੈ। ਇਸ ਨਾਲ ਵੱਖ-ਵੱਖ ਜ਼ਿਲ੍ਹਿਆਂ/ਸ਼ਹਿਰਾਂ ਦਰਮਿਆਨ ਸਵੱਛਤਾ ਲਈ ਮੁਕਾਬਲੇ ਦੀ ਭਾਵਨਾ ਉਤਪੰਨ ਹੋਵੇਗੀ।

''ਰਾਸ਼ਟਰੀ ਪੇਂਡੂ ਸਵੱਛਤਾ ਅਤੇ ਸਿਹਤ ਸੰਬੰਧੀ ਰਣਨੀਤੀ 2012-2022, ਜੋ ਮੰਤਰਾਲਾ ਵਲੋਂ ਲੰਮੇ ਵਿਚਾਰ-ਵਟਾਂਦਰੇ ਉਪਰੰਤ ਉਲੀਕੀ ਗਈ ਸੀ, ਨੂੰ ਸਮਾਂਬਧ ਸਾਰਣੀ ਵਿਚ ਸਵੱਛ ਭਾਰਤ ਅਭਿਆਨ ਨੂੰ ਸਫਲ ਬਣਾਉਣ ਲਈ ਉੱਚਿਤ ਧਿਆਨ ਦੇਣਾ ਚਾਹੀਦਾ ਹੈ। ਨਾਲ ਹੀ, ਦੂਜੀਆਂ ਕੋਸ਼ਿਸ਼ਾਂ ਜੋ ਰਾਜਾਂ ਅਤੇ ਜ਼ਿਲ੍ਹਿਆਂ ਦੇ ਕਾਰਗੁਜ਼ਾਰੀ ਮਾਪਦੰਡਾਂ, ਸੁਭਾਅ ਬਦਲਣ ਵਾਲੀਆਂ ਸੰਚਾਰ ਰਣਨੀਤੀਆਂ, ਸਾਰੇ ਪੱਧਰਾਂ 'ਤੇ ਸੰਸਥਾਗਤ ਢਾਂਚਿਆਂ ਦੀ ਮਜ਼ਬੂਤੀ ਅਤੇ ਸਰਲੀਕਰਨ, ਯੋਜਨਾਬੰਦੀ, ਲਾਗੂਕਰਨ ਅਤੇ ਨਿਗਰਾਨੀ ਲਈ ਜ਼ਰੂਰੀ ਹਨ, ਨੂੰ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਪ੍ਰੋਤਸਾਹਨ ਦੇਣ, ਸਮਰਥਾ ਦਾ ਵਿਕਾਸ ਦੇ ਮੁੱਦੇ ਅਤੇ ਵਿਸ਼ੇਸ਼ ਅਤੇ ਮੁਸ਼ਕਿਲ ਵਾਲੇ ਖੇਤਰਾਂ ਵੱਲ ਉਚੇਚਾ ਧਿਆਨ ਦਿਤਾ ਜਾਣਾ ਚਾਹੀਦਾ ਹੈ।

## ਕਰਜ਼ੇ ਦੀ ਸਹੂਲਤ

ਜਦਕਿ ਵੱਡੀ ਗਿਣਤੀ ਵਿਚ ਬੀ ਪੀ ਐੱਲ ਪਰਿਵਾਰ ਅਤੇ ਕਮਜ਼ੋਰ ਤਬਕੇ ਆਪਣੇ ਘਰਾਂ ਅੰਦਰ ਪਖ਼ਾਨੇ ਨਹੀਂ ਉਸਾਰ ਸਕੇ ਹਨ, ਇਹ ਸਲਾਹ ਦਿਤੀ ਜਾਣੀ ਚਾਹੀਦੀ ਹੈ ਕਿ ਪੀਣ ਵਾਲੇ ਪਾਣੀ ਅਤੇ ਸਵੱਛਤਾ ਮੰਤਰਾਲਾ ਜ਼ਾਮਨੀ ਦੇ ਰੂਪ 'ਚ ਇਕ ਪੂੰਜੀ ਬੈਂਕਾਂ ਕੋਲ ਜਮ੍ਹਾਂ ਕਰਵਾਏ ਤਾਂ ਕਿ ਕਮਜ਼ੋਰ ਤਬਕੇ ਦੇ ਲੋਕਾਂ ਲਈ ਪਖ਼ਾਨੇ ਬਣਾਉਣ ਵਾਸਤੇ ਵਿੱਤ ਮੁਹੱਈਆ ਕਰਵਾਇਆ ਜਾ ਸਕੇ।

## ਸੰਚਾਰ ਰਣਨੀਤੀ

ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਇਕ ਰਾਸ਼ਟਰੀ ਸੰਚਾਰ ਰਣਨੀਤੀ ਬਣਾਈ ਜਾਣੀ ਚਾਹੀਦੀ ਹੈ ਜਿਸ ਵਿਚ ਪਹੁੰਚ ਦੀ ਲਚਕ ਹੋਵੇ ਜਿਸ ਅੰਦਰ ਖੇਤਰੀ ਅਤੇ ਉੱਚ-ਖੇਤਰੀ ਰਣਨੀਤੀਆਂ ਵੀ ਸ਼ਾਮਿਲ ਹੋਣ। ਮੁਹਰੈਲ ਕਾਮਿਆਂ, ਸਮੁਦਾਇਕ ਨੇਤਾਵਾਂ ਜਿਵੇਂ ਕਿ ਪੀ ਆਰ ਆਈਜ਼, ਧਾਰਮਿਕ ਆਗੂਆਂ ਆਦਿ ਨੂੰ ਸਵੱਛਤਾ ਅਤੇ ਸਿਹਤ ਸੰਬੰਧੀ ਬਾਰੇ ਬੇਹਤਰ ਸੰਵਾਦ ਦੀ ਸਿਖਲਾਈ ਦੇਣ ਨਾਲ ਯਕੀਨਨ ਹੀ ਸਿਹਤ ਸੰਬੰਧੀ ਅਤੇ ਸਵੱਛਤਾ ਦੀ ਮਹੱਤਤਾ ਬਾਰੇ ਪ੍ਰਚਾਰਕ ਮੈਂਬਰਾਂ ਦੀ ਜਾਣਕਾਰੀ ਅਤੇ ਸਮਝ ਵਿਚ ਵਾਧਾ ਹੋਵੇਗਾ। ਪਖ਼ਾਨੇ ਬਣਾਉਣ ਅਤੇ ਵਰਤਣ ਦੀ ਅਸਲ

ਹਾਲਤ, ਵਰਤਮਾਨ ਸ਼ੋਸ਼ਲ ਨੈੱਟਵਰਕ ਜਾਂ ਪ੍ਰਸਪਰ ਸੰਬੰਧਾਂ ਜਿਵੇਂ ਕਿ ਪਰਿਵਾਰ, ਮਿੱਤਰ, ਜਾਣ-ਪਛਾਣ, ਗੁਆਂਢ ਅਤੇ ਸਹਿਕਰਮੀਆਂ ਦੇ ਪ੍ਰਭਾਵੀ ਵਰਤੋਂ ਦੁਆਰਾ ਪ੍ਰਫੁੱਲਤ ਕੀਤੀ ਜਾ ਸਕਦੀ ਹੈ। ਇਹ ਸੰਬੰਧ ਲੋਕਾਂ ਨੂੰ ਆਪਸ ਵਿਚ ਜੋੜਦੇ ਹਨ ਜਿਸ ਨਾਲ ਸੰਚਾਰ ਪ੍ਰਕਿਰਿਆ ਵਿਚ ਸੁਧਾਰ ਆਉਂਦਾ ਹੈ।

ਸਾਰੀਆਂ ਮੰਡਲ ਪੰਚਾਇਤਾਂ ਨੂੰ ਵਿਸ਼ੇਸ਼ ਯੰਤਰ ਦਿਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਪਿੰਡਾਂ ਵਿਚ ਯੋਜਨਾ ਅਨੁਸਾਰ ਫ਼ਿਲਮਾਂ ਦਿਖਾ ਸਕਣ। ਘੱਟੋ-ਘੱਟ ਹਰੇਕ ਬਲਾਕ ਕੋਲ ਇਕ ਸੱਭਿਆਚਾਰਕ ਟੀਮ ਹੋਣੀ ਚਾਹੀਦੀ ਹੈ, ਜਿਵੇਂ ਨੁੱਕੜ ਨਾਟਕ ਗਰੁੱਪ, ਲੋਕ ਸੰਗੀਤ ਗਰੁੱਪ, ਕੱਠਪੁਤਲੀ ਸ਼ੋਅ ਗਰੁੱਪ, ਸਮਾਜਿਕ ਬਾਜ਼ਾਰੀਕਰਨ ਅਤੇ ਸਮਾਜਿਕ ਲਾਮਬੰਦੀ। ਸੁਭਾਅ ਵਿਚ ਤਬਦੀਲੀ ਲਈ ਨਵੀਨਤਮ ਸੰਚਾਰ ਰਣਨੀਤੀਆਂ ਦੀ ਲੋੜ ਹੈ ਜੋ ਨਤੀਜਾ ਮੁਖੀ ਹੋਵੇ।

## ਵਿਕੇਂਦਰੀਕ੍ਰਿਤ ਪ੍ਰੋਤਸਾਹਨ ਆਧਾਰਿਤ ਪਹੁੰਚ

ਪਿੰਡਾਂ ਵਿਚ ਸਵੱਛਤਾ ਦੇ ਨਤੀਜੇ ਹਾਸਲ ਕਰਨ ਲਈ ਪਿੰਡ ਪੰਚਾਇਤਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੂੰ ਵੱਡੇ ਪੱਧਰ 'ਤੇ ਲੋਕਾਂ ਨੂੰ ਪ੍ਰੋਤਸਾਹਿਤ ਕਰਨਾ ਹੋਵੇਗਾ ਤਾਂ ਕਿ ਪੂਰਨ ਰੂਪ ਵਿਚ ਸਵੱਛਤਾ ਦਾ ਟੀਚਾ ਹਾਸਲ ਕੀਤਾ ਜਾ ਸਕੇ ਅਤੇ ਇਸ ਨੂੰ ਸਮੁਦਾਇਕ ਪਹੁੰਚ ਦੁਆਰਾ ਸਥਿਰ ਰੱਖਿਆ ਜਾ ਸਕੇ। ਨਾਲ ਹੀ, ਪਿੰਡ ਪੰਚਾਇਤਾਂ ਨੂੰ ਫ਼ੰਡ ਵੀ ਮੁਹੱਈਆ ਕਰਵਾਉਣੇ ਚਾਹੀਦੇ ਹਨ ਜਿਨ੍ਹਾਂ ਨੇ ਇਕ ਮਿਥਿਆ ਟੀਚਾ ਹਾਸਲ ਕਰ ਲਿਆ ਹੋਵੇ ਤਾਂ ਕਿ ਥੋੜ੍ਹੇ ਸਮੇਂ ਵਿਚ ਓ ਡੀ ਐੱਫ ਰੁਤਬਾ ਹਾਸਲ ਕਰਨਾ ਯਕੀਨੀ ਬਣਾਇਆ ਜਾ ਸਕੇ।

## ਜਾਰੀ ਰਹਿਣਯੋਗਤਾ ਲਈ ਇਨਾਮ

ਪੰਚਾਇਤਾਂ ਨੂੰ ਪ੍ਰਭਾਵੀ ਤਰੀਕੇ ਨਾਲ ਕੰਮ ਕਰਨ ਲਈ ਉਤਸ਼ਾਹ ਦੇਣ ਲਈ ਪੀ ਆਰ ਆਈਜ਼ ਨੂੰ ਵਿੱਤੀ ਲਾਭ ਦੇਣ ਬਾਰੇ ਵੀ ਸੋਚਿਆ ਜਾਣਾ ਚਾਹੀਦਾ ਹੈ ਤਾਂ ਕਿ ਸਵੱਛਤਾ ਅਤੇ ਪਾਣੀ ਦੀਆਂ ਪ੍ਰਣਾਲੀਆਂ ਦਾ ਪ੍ਰਭਾਵੀ ਪ੍ਰਬੰਧਨ ਹੋ ਸਕੇ, ਸ਼ੁਲਕ ਦੀ ਪ੍ਰਾਪਤੀ ਤਸੱਲੀਬਖ਼ਸ਼ ਹੋ ਸਕੇ।

ਇਹ ਵੀ ਜ਼ਰੂਰੀ ਹੈ ਕਿ ਪਖ਼ਾਨਿਆਂ ਲਈ ਪਾਣੀ ਦੀ ਪੂਰਤੀ ਯਕੀਨੀ ਬਣਾਈ ਜਾਵੇ। ਇਕ ਸਾਲ ਤੋਂ ਵੱਧ ਸਮੇਂ ਲਈ ਸਵੱਛਤਾ ਬਰਕਰਾਰ ਰੱਖਣ ਲਈ ਪ੍ਰੋਤਸਾਹਨ ਦੇ ਤੌਰ ਤੇ ਪਿੰਡ ਪੰਚਾਇਤ ਨੂੰ ਪਾਈਪ ਦੁਆਰਾ ਪਾਣੀ ਦੀ ਪੂਰਤੀ ਕੀਤੀ ਜਾ ਸਕਦੀ ਹੈ ਜਿਸ ਵਿਚ ਪੂਰਤੀ ਦਾ ਪੱਧਰ ਵੀ ਵੱਧ ਹੋਵੇਗਾ।

ਪਿੰਡ ਪੱਧਰ 'ਤੇ ਇਕ ਸਮਰਪਿਤ, ਜ਼ਮੀਨ ਨਾਲ ਕਾਮੇ (ਸਵੱਛਤਾ ਦੂਤ) ਦੀ ਨਿਯੁਕਤੀ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਉਹ ਸਵੱਛਤਾ ਦੇ ਫੈਲਾਅ ਤੇ ਪ੍ਰਭਾਵੀ ਮੰਗ ਉਤਪਾਦਨ ਲਈ ਇਕ ਮਹੱਤਵਪੂਰਨ ਕੜੀ ਸਾਬਤ ਹੋ ਸਕਦੇ ਹਨ।

ਪਿੰਡ ਦੇ ਪਾਣੀ, ਸਿਹਤ ਅਤੇ ਸਵੱਛਤਾ ਕਮੇਟੀਆਂ ਲਈ ਰਾਜਾਂ ਵਲੋਂ ਪਿੰਡ ਪੰਚਾਇਤਾਂ ਦੀ ਇਕ ਸਟੈਂਡਿੰਗ ਕਮੇਟੀ ਬਣਾਉਣੀ ਲਾਜ਼ਮੀ ਕਰਨਾ ਚਾਹੀਦਾ ਹੈ। ਉਹ ਪਿੰਡ ਪੰਚਾਇਤ ਪੱਧਰ 'ਤੇ ਪ੍ਰੋਗਰਾਮ ਨੂੰ ਲਾਗੂ ਕਰਨ ਵਾਲੇ ਹੋਣਗੇ।

## ਸਮੁਦਾਇ ਪਖ਼ਾਨੇ

ਸਮੁਦਾਇ ਪਖ਼ਾਨਿਆਂ ਦੇ ਨਾਲ ਹੀ, ਜੋ ਆਮ ਤੌਰ ਤੇ ਬੇਜ਼ਮੀਨਿਆਂ ਅਤੇ ਪਰਵਾਸੀ ਵਸੋਂ ਲਈ ਜਨਤਕ ਥਾਵਾਂ ਜਿਵੇਂ ਬੱਸ ਅੱਡਿਆਂ ਅਤੇ ਪੇਂਡੂ ਖੇਤਰਾਂ ਦੇ ਬਾਜ਼ਾਰਾਂ ਵਿਚ ਬਣਾਏ ਜਾਂਦੇ ਹਨ, ਨੈਸ਼ਨਲ ਹਾਈਵੇ ਅਥਾਰਿਟੀ ਆਫ਼ ਇੰਡੀਆ ਨਾਲ ਵੀ ਤਾਲਮੇਲ ਕਰਕੇ ਉਨ੍ਹਾਂ ਨੂੰ ਜਰਨੈਲੀ ਸੜਕਾਂ 'ਤੇ ਪਖ਼ਾਨੇ ਉਸਾਰਨ ਲਈ ਕਹਿਣਾ ਚਾਹੀਦਾ ਹੈ। ਪੈਟਰੋਲ ਪੰਪਾਂ, ਰੈਸਤਰਾਂ ਅਤੇ ਢਾਬਿਆਂ 'ਤੇ ਚੋਖੀਆਂ ਸਵੱਛਤਾ ਸਹੂਲਤਾਂ ਦੇਣ ਲਈ ਇਕ ਸਰਕਾਰੀ ਹੁਕਮ ਜਾਰੀ ਹੋਣਾ ਚਾਹੀਦਾ ਹੈ ਕਿਉਂਕਿ ਉਹ ਅਜਿਹੀਆਂ ਸਹੂਲਤਾਂ ਦੇਣ ਦੇ ਸਮਰੱਥ ਹਨ।

## ਸੰਵੇਦਨਸ਼ੀਲ ਬਣਾਉਣਾ

ਰਾਸ਼ਟਰੀ, ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਰਾਜਨੀਤਕ ਨੇਤਾਵਾਂ ਨੂੰ ਸੰਵੇਦਨਸ਼ੀਲ ਬਣਾ ਕੇ ਸੰਪੂਰਨ ਸਵੱਛਤਾ ਲਈ ਰਾਜਨੀਤਕ ਸਹਿਯੋਗ ਹਾਸਲ ਕਰਨਾ ਚਾਹੀਦਾ ਹੈ। ਇਸ ਖੇਤਰ ਵਾਸਤੇ ਢੁੱਕਵੇਂ ਫ਼ੰਡ ਹਾਸਲ ਕਰਨ ਲਈ ਰਾਜਨੀਤਕ ਸਮਰਥਨ ਵੀ ਜ਼ਰੂਰੀ ਹੈ।

ਰਾਜ ਸਰਕਾਰਾਂ ਨੂੰ ਨਿਯਮਨ ਜਾਰੀ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਿਸ ਤਹਿਤ ਪੀ ਆਰ ਆਈਜ਼ ਲਈ ਇਹ ਜ਼ਰੂਰੀ ਹੋ ਜਾਵੇ ਕਿ ਪਿੰਡ ਪੰਚਾਇਤ ਵਿਚ ਸਾਰੇ ਘਰਾਂ ਦੀਆਂ ਸਵੱਛਤਾ ਦੀਆਂ ਸਹੂਲਤਾਂ ਤਕ ਰਸਾਈ ਹੋਵੇ।

ਸਕੂਲੀ ਬੱਚੇ ਇਸ ਮਿਸ਼ਨ ਨੂੰ ਸਫਲ ਬਣਾਉਣ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਹ ਨਾ ਸਿਰਫ਼ ਆਪਣੇ ਜੀਵਨ ਵਿਚ ਸਵੱਛਤਾ ਦੇ ਬੁਨਿਆਦੀ ਸਿਧਾਂਤ ਅਪਣਾਉਣਗੇ, ਸਗੋਂ ਉਹ ਸਾਰੇ ਸਮਾਜ ਵਿਚ ਇਹ ਸੁਨੇਹਾ ਵੀ ਪਹੁੰਚਾਉਣਗੇ। ਇਸ ਪੱਖੋਂ ਜ਼ਰੂਰੀ ਹੈ ਕਿ ਦੇਸ਼ ਭਰ ਦੇ ਸਕੂਲਾਂ ਵਿਚ ਪਖ਼ਾਨਿਆਂ ਦੀ ਸਹੂਲਤ ਪ੍ਰਦਾਨ ਕਰਨ ਨੂੰ ਜ਼ਰੂਰੀ ਕਰਾਰ ਦਿਤਾ ਜਾਵੇ। ਹਾਲ ਹੀ ਵਿਚ ਕਰਵਾਏ 'ਮੇਰਾ ਸਕੂਲ-ਮੇਰੀ ਆਵਾਜ਼-ਬੱਚਿਆਂ ਲਈ ਖੁੱਲ੍ਹੀ ਸੰਸਦ' ਜੋ ਦਿੱਲੀ ਵਿਚ ਹੋਈ, ਵਿਚ ਇਹ ਨੋਟ ਕੀਤਾ ਗਿਆ ਕਿ ਸਕੂਲਾਂ ਵਿਚ ਪਖ਼ਾਨਿਆਂ ਦੀ ਅਣਹੋਂਦ ਅਤੇ ਸਵੱਛਤਾ ਦੀ ਮਾੜੀ ਹਾਲਤ ਦਾ ਬੱਚਿਆਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਸਿੱਟੇ ਵਜੋਂ, ਬਹੁਤ ਸਾਰੇ ਬੱਚੇ ਸਕੂਲ ਵਿਚ ਸਵੱਛਤਾ ਨਾ ਹੋਣ ਕਾਰਨ ਸਕੂਲ ਛੱਡ ਜਾਂਦੇ ਹਨ। ਕੁੱਝ ਬੱਚਿਆਂ ਨੂੰ ਅਲਰਜ਼ੀ ਹੋ ਜਾਂਦੀ ਹੈ, ਜਿਸ ਡਰੋਂ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਸਕੂਲ ਨਹੀਂ ਭੇਜਦੇ ਕਿ ਕਿਤੇ ਉਹ ਬੀਮਾਰ ਨਾ ਹੋ ਜਾਣ।

ਸਿੱਕਮ ਵਿਚ ਚਲਾਏ ਗਏ ਬਾਲ ਪੰਚਾਇਤ ਦੇ ਸੰਕਲਪ ਨੂੰ ਦੇਸ਼ ਦੇ ਦੂਸਰੇ ਭਾਗਾਂ ਵਿਚ ਵੀ ਦੁਹਰਾਉਣ ਦੀ ਲੋੜ ਹੈ। ਇਨ੍ਹਾਂ ਬਾਲ ਪੰਚਾਇਤਾਂ ਨੇ ਬੱਚਿਆਂ ਨੂੰ ਸਕੂਲ ਜਾਣ ਲਈ ਪ੍ਰੇਰਿਆ ਹੋਵੇਗਾ। ਖੇਡ ਮੁਕਾਬਲੇ ਅਤੇ ਸਭਿਆਚਾਰਕ ਪ੍ਰੋਗਰਾਮਾਂ ਤੋਂ ਇਲਾਵਾ ਉਨ੍ਹਾਂ ਵਲੋਂ ਸਵੱਛਤਾ ਮੁਹਿੰਮ ਵੀ ਛੇੜੀ ਗਈ ਹੈ ਜੋ ਪਹਿਲਾਂ ਅਧਿਆਪਕਾਂ ਵਲੋਂ ਚਲਾਈ ਜਾਂਦੀ ਸੀ। ਸਿੱਕਮ ਦੇ ਬੱਚਿਆਂ ਵਲੋਂ ਅਧਿਆਪਕਾਂ, ਸਮੁਦਾਇ, ਪੰਚਾਇਤ ਅਤੇ ਮੰਡਲ ਅਧਿਕਾਰੀਆਂ ਦੀ ਭਾਗੀਦਾਰੀ ਨਾਲ ਪਖ਼ਾਨਿਆਂ ਦੀ ਉਸਾਰੀ ਦੀ ਮਹਿੰਮ ਨੂੰ ਦੇਸ਼ ਦੇ ਦੂਸਰੇ ਭਾਗਾਂ ਵਿਚ ਵੀ ਅਪਣਾਇਆ ਜਾਣਾ ਚਾਹੀਦਾ ਹੈ। ਸਵੱਛ ਭਾਰਤ ਮੁਹਿੰਮ ਨੂੰ ਸਫਲ ਬਣਾਉਣ ਲਈ ਸੰਮਿਲਤ ਪਹੁੰਚ ਅਪਣਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਦੂਜੀ ਅਹਿਮ ਭੂਮਿਕਾ ਔਰਤਾਂ ਦੀ ਹੈ।

ਘਰ ਦਾ ਪ੍ਰਬੰਧਨ ਅਤੇ ਇਸ ਦੀ ਸਵੱਛਤਾ ਮੁੱਖ ਤੌਰ ਤੇ ਔਰਤਾਂ ਦੇ ਜ਼ਿੰਮੇ ਹੁੰਦੀ ਹੈ। ਇਸ ਕਰਕੇ ਜ਼ਰੂਰਤ ਹੈ ਕਿ ਔਰਤਾਂ ਨੂੰ ਸਵੱਛ ਭਾਰਤ ਮੁਹਿੰਮ ਵਿਚ ਉਨ੍ਹਾਂ ਦੀ ਮੁਹਰੈਲ ਭੂਮਿਕਾ ਲਈ ਜਾਗਰੂਕ ਕੀਤਾ ਜਾਵੇ। ਉਹ ਨਾ ਸਿਰਫ਼ ਇਨ੍ਹਾਂ ਨੂੰ ਆਪਣੇ ਆਪ 'ਤੇ ਲਾਗੂ ਕਰਨਗੀਆਂ ਸਗੋਂ

ਬੱਚਿਆਂ ਅਤੇ ਘਰ ਦੇ ਵਡੇਰੇ ਮੈਂਬਰਾਂ ਵਲੋਂ ਇਸ ਦਾ ਸਖਤੀ ਨਾਲ ਪਾਲਣ ਵੀ ਯਕੀਨੀ ਬਣਾਉਣਗੀਆਂ।

ਭਾਵੇਂ ਕਿ ਇਸ ਗੱਲ 'ਤੇ ਜ਼ੋਰ ਦਿਤਾ ਜਾਂਦਾ ਹੈ ਕਿ ਇਕ ਅਜਿਹੇ ਦੇਸ਼, ਜਿਸ ਦੇ 70 ਪ੍ਰਤਿਸ਼ਤ ਪੇਂਡੂ ਘਰਾਂ ਵਿਚ ਪਖ਼ਾਨਾ ਨਹੀਂ, (2011 ਦੀ ਮਰਦਮਸ਼ੁਮਾਰੀ ਦੇ ਮੁਤਾਬਕ), ਉਥੇ ਮੰਦਰਾਂ ਨਾਲੋਂ ਪਖ਼ਾਨਿਆਂ ਦੀ ਵੱਧ ਲੋੜ ਹੈ, ਬੜੇ ਦੁੱਖ ਦੀ ਗੱਲ ਹੈ ਕਿ ਪਖ਼ਾਨਿਆਂ ਤਕ ਪਹੁੰਚ ਰੱਖਣ ਵਾਲੇ ਘਰਾਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਦਾ ਇਸਤੇਮਾਲ ਨਹੀਂ ਕਰ ਰਿਹਾ। ਰਿਸਰਚ ਇੰਸਟੀਚਿਊਟ ਫਾਰ ਕੰਪੈਸ਼ਨੇਟ ਇਕਨਾਮਿਕਸ ਵਲੋਂ ਕਰਵਾਏ ਗਏ ਇਕ ਸਰਵੇਖਣ ਵਿਚ ਇਹ ਖੁਲਾਸਾ ਹੁੰਦਾ ਹੈ ਕਿ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਿਹਾਰ ਦੇ ਸਰਵੇਖਣ ਤਹਿਤ ਆਏ ਘਰਾਂ ਦੇ 40 ਪ੍ਰਤਿਸ਼ਤ ਜਿਨ੍ਹਾਂ ਦੇ ਘਰਾਂ ਵਿਚ ਪਖ਼ਾਨਾ ਹੈ, ਦਾ ਘੱਟੋ-ਘੱਟ ਇਕ ਜੀਅ ਹਾਲੇ ਵੀ ਖੁੱਲ੍ਹੇ ਵਿਚ ਮਲ਼ ਤਿਆਗ ਕਰਦਾ ਹੈ। ਇਹ ਖੋਜ ਉਸ ਧਾਰਨਾ ਨੂੰ ਸਹੀ ਸਿੱਧ ਕਰਦੀ ਹੈ ਕਿ ਸੁਭਾਅ ਵਿਚ ਤਬਦੀਲੀ ਲਿਆਏ ਬਿਨਾਂ ਸਿਰਫ਼ ਪਖ਼ਾਨਿਆਂ ਦੀ ਉਸਾਰੀ ਕਰਨਾ ਹੀ ਕਾਫ਼ੀ ਨਹੀਂ। ਲੋਕਾਂ ਨੂੰ ਚੰਗੀ ਸਿਹਤ ਅਤੇ ਪਖ਼ਾਨੇ ਦੀ ਵਰਤੋਂ ਵਿਚਾਲੇ ਸਾਂਝ ਸਥਾਪਤ ਕਰਨੀ ਪਵੇਗੀ।

## ਨਿਗਰਾਨੀ

ਨਿਗਰਾਨੀ ਅਜਿਹੇ ਵਿਸ਼ਾਲ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਹੈ। ਪ੍ਰਭਾਵੀ ਨਿਗਰਾਨੀ ਦੁਆਰਾ ਨਿਰਜੀਵ/ਦੁਰਵਰਤੋਂ ਹੋ ਰਹੀਆਂ ਸਵੱਛਤਾ ਸਹੂਲਤਾਂ ਦੀ ਪਛਾਣ ਕਰਨਾ ਲਾਜ਼ਮੀ ਹੈ। ਮੰਤਰਾਲਾ ਵਲੋਂ ਬੀ ਪੀ ਐੱਲ ਕਾਰਡ ਨੰਬਰ ਅਤੇ ਆਧਾਰ ਦੀ ਸ਼ਮੂਲੀਅਤ ਨਾਲ ਢੁੱਕਵੀਂ ਨਿਗਰਾਨ ਪ੍ਰਣਾਲੀ ਲਾਗੂ ਕਰਨਾ ਅਵੱਸ਼ਕ ਹੈ।

## ਸਿਵਲ ਸੋਸਾਇਟੀ ਦੀ ਭੂਮਿਕਾ

ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਿਵਲ ਸੋਸਾਇਟੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਅਤੇ ਫ਼ੰਡਾਂ ਦੀ ਵਰਤੋਂ 'ਤੇ ਬਾਜ਼ ਅੱਖ ਰੱਖ ਕੇ ਆਪਣੀ ਸ਼ਮੂਲੀਅਤ ਨਾਲ ਇਕ ਅਹਿਮ ਭੂਮਿਕਾ ਨਿਭਾਅ ਸਕਦੀ ਹੈ।

## ਸਮਰੱਥਾ ਦਾ ਨਿਰਮਾਣ

ਪ੍ਰੋਗਰਾਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਲਈ ਸਮਰੱਥਾ ਦਾ ਨਿਰਮਾਣ ਲਾਜ਼ਮੀ ਹੈ। ਕੇਂਦਰ/ਰਾਜ ਸਰਕਾਰਾਂ ਦੇ ਸਵੱਛਤਾ ਨਾਲ ਸੰਬੰਧਿਤ ਅਧਿਕਾਰੀਆਂ ਦੀ ਸਿਖਲਾਈ ਲਈ ਨਾਮੀ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਭਾਈਵਾਲੀ ਕੀਤੀ ਜਾਣੀ ਚਾਹੀਦੀ ਹੈ। ਇਹ ਚੰਗਾ ਹੋਵੇਗਾ ਜੇ ਮੰਤਰਾਲਾ ਵਲੋਂ ਵੱਖ-ਵੱਖ ਪੱਧਰਾਂ 'ਤੇ ਸਮਰੱਥਾ ਦੇ ਵਿਕਾਸ ਲਈ ਰਾਸ਼ਟਰੀ ਪੇਂਡੂ ਵਿਕਾਸ ਸੰਸਥਾਨ ਦੀ ਤਰਜ਼ 'ਤੇ ਪਾਣੀ ਅਤੇ ਸਵੱਛਤਾ ਬਾਰੇ ਰਾਸ਼ਟਰੀ ਪੱਧਰ ਦੇ ਸੰਸਥਾਨ ਦੀ ਸਥਾਪਨਾ ਕੀਤੀ ਜਾਵੇ। ਇਹ ਸੁਝਾਅ ਪੇਂਡੂ ਵਿਕਾਸ ਜਲ ਅਤੇ ਸਵੱਛਤਾ ਬਾਰੇ ਕਾਰਜ ਦਲ (12ਵੀਂ ਪੰਜ ਸਾਲਾ ਯੋਜਨਾ, 2012-17) ਵਲੋਂ ਵੀ ਦਿਤਾ ਗਿਆ ਹੈ।

ਭਾਰਤ ਸਰਕਾਰ, ਰਾਜ ਸਰਕਾਰਾਂ ਦੇ ਸਹਿਯੋਗ ਨਾਲ ਸਵੱਛਤਾ ਦੇ ਟੀਚੇ ਹਾਸਲ ਕਰਨ ਅਤੇ ਜਨਤਕ, ਨਿੱਜੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਨਾਲ ਸਾਂਝ ਨੂੰ ਉਤਸ਼ਾਹਿਤ ਕਰਨ ਲਈ ਯਤਨ ਕਰ ਰਹੀ ਹੈ ਤਾਂ ਕਿ ਸਵੱਛਤਾ ਸਹੂਲਤਾਂ ਦੇ ਰੱਖ ਰਖਾਅ, ਪ੍ਰਬੰਧਨ ਆਦਿ ਵਿਚ ਸੁਝਾਅ ਦਿਤਾ ਜਾ ਸਕੇ। 2019 ਤਕ ਸੰਪੂਰਨ ਸਵੱਛਤਾ ਦਾ ਟੀਚਾ ਹਾਸਲ ਕਰਨ ਲਈ ਸਰਕਾਰ ਨੂੰ ਸਮਾਜ ਦੇ ਸਾਰੇ ਵਰਗਾਂ ਦੇ ਸਹਿਯੋਗ ਦੀ ਲੋੜ ਹੈ। ਇਹ ਜ਼ਰੂਰੀ ਹੈ ਕਿ ਭਾਰਤ ਦਾ ਕਾਰਪੋਰੇਟ ਜਗਤ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦੇ ਦਾਇਰੇ ਅੰਦਰ ਇਸ ਚੁਣੌਤੀ ਨੂੰ ਸਵੀਕਾਰ ਕਰੇ। ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਾਲ-ਨਾਲ, ਸੀ ਐੱਸ ਆਰ ਅਧੀਨ ਉਪਲਬਧ ਫ਼ੰਡ ਦੁਆਰਾ ਢੁੱਕਵੀਂ ਮਨੁੱਖੀ ਸ਼ਕਤੀ/ਭੌਤਿਕ ਸਹਾਇਤਾ ਉਤਪੰਨ ਕੀਤੀ ਜਾ ਸਕੇ ਤਾਂ ਹੀ 2019 ਤਕ ਸਵੱਛ ਭਾਰਤ ਦੇ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਵੱਡੀ ਮਦਦ ਮਿਲੇਗੀ।

*(ਲੇਖਕ ਸੰਯੁਕਤ ਸਲਾਹਕਾਰ, ਯੋਜਨਾਬੰਦੀ ਕਮਿਸ਼ਨ ਹੈ। ਪ੍ਰਗਟਾਏ ਗਏ ਵਿਚਾਰ ਉਨ੍ਹਾਂ ਦੇ ਆਪਣੇ ਹਨ ਨਾ ਕਿ ਉਸ ਸੰਸਥਾਨ ਦੇ ਜਿਸ ਨਾਲ ਸੰਬੰਧਿਤ ਹਨ।)*

*e-mail :knp.tathak@gmail.com*

***ਸਫ਼ਾ 13 ਦੀ ਬਾਕੀ***

ਸੁਰੱਖਿਆ ਅਤੇ ਲਗਾਤਾਰ ਕੰਮ ਕਰਦੇ ਰਹਿਣ ਯੋਗ ਸਵੱਛਤਾ ਪ੍ਰੋਗਰਾਮ ਅਤੇ ਝੁੱਗੀ-ਝੌਂਪੜੀ ਵਿਚ ਸਰਗਰਮ ਹੋਣ ਨਾਲ ਸਿਹਤ, ਸੁਰੱਖਿਆ, ਨਿੱਜਤਾ ਅਤੇ ਸਵੈਮਾਨ ਪੱਖੋਂ ਔਰਤਾਂ ਅਤੇ ਕੁੜੀਆਂ ਨੂੰ ਉੱਘਾ ਲਾਭ ਪਹੁੰਚਿਆ ਹੈ। ਪਰ ਸ਼ਹਿਰੀ ਸਵੱਛਤਾ ਬਾਰੇ ਲਗਭਗ ਸਾਰੀਆਂ ਸਕੀਮਾਂ ਅਤੇ ਨੀਤੀਆਂ ਵਿਚ ਔਰਤਾਂ ਦੀ ਪ੍ਰਤਿਨਿਧਤਾ ਨਹੀਂ ਹੁੰਦੀ। ਇਹ ਮੰਨਦਿਆਂ ਕਿ ਸਿਰ 'ਤੇ ਮੈਲ਼ਾ ਚੁੱਕਣ ਦਾ ਗ਼ੈਰ-ਮਨੁੱਖੀ ਵਰਤਾਰਾ ਅਜੇ ਵੀ ਮੌਜੂਦ ਹੈ, ਸਾਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਖੁਸ਼ਕ ਪਖ਼ਾਨਿਆਂ ਨੂੰ ਫਲਸ਼ ਵਾਲੇ ਪਖ਼ਾਨਿਆਂ ਵਿਚ ਬਦਲਨ ਲਈ ਕਾਫ਼ੀ ਤੇ ਜ਼ੋਰਦਾਰ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਬਹੁਤ ਵੱਡੇ ਪੱਧਰ 'ਤੇ ਸਵੱਛਤਾ ਦੇ ਹੱਕ ਬਾਰੇ ਮੁਹਿੰਮ ਛੇੜੇ ਜਾਣ ਦੀ ਤੁਰੰਤ ਲੋੜ ਹੈ ਜੋ ਮੁੱਖ ਕਰਕੇ ਸਿਰ 'ਤੇ ਮੈਲ਼ਾ ਚੁੱਕ ਕੇ ਲੈ ਜਾਣ ਦੀ ਪ੍ਰਥਾ ਨੂੰ ਖਤਮ ਕਰੇ। ਸਵੈਇੱਛਕ ਰੂਪ ਵਿਚ ਸਵੱਛਤਾ ਕਾਰਜ ਸਿਰੇ ਚੜ੍ਹਾਉਣ ਲਈ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਨਵੀਨ ਪਖ਼ਾਨਾ ਤਕਨਾਲੋਜੀ ਨੂੰ ਉਤਸ਼ਾਹਿਤ ਕੀਤਾ ਜਾਵੇ।

**ਝੁੱਗੀ-ਝੌਂਪੜੀ ਕਲੋਨੀਆਂ ਵਿਚ ਜ਼ਮੀਨ ਮਿਆਦ ਹੱਕਾਂ, ਜੀਵਨ ਨਿਰਬਾਹ, ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਵੀ ਹੱਲ ਲੱਭਣ ਦੀ ਲੋੜ ਹੈ ਤਾਂ ਕਿ ਸ਼ਹਿਰੀ ਝੁੱਗੀ-ਝੌਂਪੜੀ ਇਲਾਕਿਆਂ ਵਿਚ ਸਵੱਛਤਾ ਸਕੀਮਾਂ ਦਾ ਪ੍ਰਭਾਵ ਪਵੇ (ਪਾਂਡਾ ਅਤੇ ਅਗਰਵਾਲ 2013)। ਸ਼ਹਿਰੀ ਸਵੱਛਤਾ ਬਾਰੇ ਨੀਤੀਆਂ ਨੂੰ ਚੋਖੇ ਮਾਲੀ ਫ਼ੰਡ ਮਿਲਣ ਅਤੇ ਜਿਨ੍ਹਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ ਜਿਸ ਲਈ ਰਾਜ ਅਤੇ ਨਾਗਰਿਕ ਅਦਾਰਿਆਂ ਦੀ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਲੋੜੀਂਦੀ ਹੈ।**

ਜਦ ਆਧੁਨਿਕ ਸ਼ਹਿਰ ਦਾ ਸੰਕਲਪ ਲਿਆ ਹੈ ਤਾਂ ਇਹ ਚੰਗੀ ਗੱਲ ਹੈ ਕਿ ਮੌਜੂਦਾ ਸਰਕਾਰ ਨੇ 'ਸਵੱਛ ਭਾਰਤ ਅਭਿਆਨ' ਅਤੇ ਅਤਿ ਮਹਿੰਗੇ 'ਮਹਾਤਮਾ ਗਾਂਧੀ ਕਲੀਨ ਇੰਡੀਆ ਪ੍ਰੋਗਰਾਮ' ਰਾਹੀ ਸਵੱਛਤਾ ਉਪਰ ਧਿਆਨ ਕੇਂਦਰਿਤ ਕੀਤਾ ਹੈ। ਪਰ ਇਹ ਸਮਾਂ ਦੱਸੇਗਾ ਕਿ ਸਵੱਛਤਾ ਸ਼ਬਦ ਗੰਦਗੀ ਦੇ ਮੂਲ ਨਾਲ ਦਾ ਸੱਬਬ ਬਣਦਾ ਹੈ ਅਤੇ ਦੇਸ਼ ਵਿਚ ਤਰਜੀਹੀ ਖੇਤਰ ਬਣ ਕੇ ਉੱਭਰਦਾ ਹੈ।

*(ਲੇਖਿਕਾ ਪਾਣੀ, ਸਵੱਛਤਾ ਤੇ ਜਲਵਾਯੂ ਨਿਆਂ ਦੇ ਖੇਤਰ ਵਿਚ ਸੁਤੰਤਰ ਖੋਜੀ ਵਜੋਂ ਕੰਮ ਕਰ ਰਹੀ ਹੈ।)*

*e-mail :trisha14@gmail.com*

# ਭਾਰਤ ਵਿਚ ਆਮਦਨ ਅਬਰਾਬਰੀ ਦੇ ਕਾਰਕ : ਰੂਪ-ਰੇਖਾ ਅਤੇ ਪ੍ਰਭਾਵ

ਤੁਲਸੀ ਜਯਾਕੁਮਾਰ

*"ਕੋਈ ਵੀ ਸ਼ਹਿਰ, ਭਾਵੇਂ ਕਿੰਨਾ ਵੀ ਛੋਟਾ ਹੋਵੇ, ਅਸਲ ਵਿਚ ਦੋ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ, ਗਰੀਬਾਂ ਦਾ ਸ਼ਹਿਰ, ਦੂਜਾ ਅਮੀਰਾਂ ਦਾ ਸ਼ਹਿਰ; ਇਹ ਦੋਵੇਂ ਇਕ ਦੂਜੇ ਨਾਲ ਲੜਦੇ ਰਹਿੰਦੇ ਹਨ।" - ਪਲੈਟੋ, ਗ੍ਰੀਸ ਦਾ ਵਿਦਵਾਨ (427-347 ਬੀ.ਸੀ.)।*

ਆਮਦਨ ਦੀ ਵੰਡ 'ਤੇ ਬੌਧਿਕ ਚਰਚਾ (ਅਤੇ ਇਸ ਦੀ ਅਬਰਾਬਰੀ 'ਤੇ) ਅਤੇ ਇਸ ਦੇ ਵਿਕਾਸ ਤੇ ਪ੍ਰਭਾਵਾਂ ਵਿਚ ਨਾਟਕੀ ਤਬਦੀਲੀਆਂ ਆਈਆਂ ਹਨ, ਖ਼ਾਸ ਕਰਕੇ ਪਿਛਲੀ ਸਦੀ ਵਿਚ (ਗੇਲੋਰ, 2011)। ਅਸੀਂ ਦਾਰਸ਼ਨਿਕ ਪੱਖ ਤੋਂ ਇਕ ਮਿਸਾਲੀ ਬਦਲਾਅ ਵੇਖਿਆ ਹੈ ਕਿ ਅਬਰਾਬਰੀ ਦਾ ਵਿਕਾਸ 'ਤੇ ਹਾਂ-ਪੱਖੀ ਪ੍ਰਭਾਵ ਪੈਂਦਾ ਹੈ; ਜੋ ਨਵ-ਦਾਰਸ਼ਨਿਕ ਸੁਝਾਵਾਂ ਤਕ ਪਹੁੰਚਿਆ ਹੈ ਕਿ ਆਮਦਨ ਵੰਡ ਦੀ ਵਿਕਾਸ ਪ੍ਰਕਿਰਿਆ ਵਿਚ ਸੀਮਤ ਭੂਮਿਕਾ ਹੁੰਦੀ ਹੈ; ਵਰਤਮਾਨ ਵਿਚਾਰ ਤਕ ਜਿਸ ਵਿਚ ਅਬਰਾਬਰੀ ਦਾ ਸੰਭਾਵਿਤ ਵਿਕਾਸ 'ਤੇ ਬੁਰਾ ਪ੍ਰਭਾਵ ਪੈਣ 'ਤੇ ਜ਼ੋਰ ਦਿਤਾ ਗਿਆ ਹੈ। ਫਿਰ ਵੀ, ਪਿਕੇਟੀ ਦੀ '12ਵੀਂ ਸਦੀ ਵਿਚ ਪੂੰਜੀ' (ਪਿਕੇਟੀ 2014) ਦੇ ਪ੍ਰਕਾਸ਼ਨ ਅਤੇ ਇਸ ਦੇ ਸੰਚਾਲਨ ਆਮਦਨ ਵੰਡ 'ਤੇ ਜ਼ੋਰ, ਅਜਿਹੀ ਚਰਚਾ ਦਾਰਸ਼ਨਿਕ ਅਰਥਸ਼ਾਸਤਰੀਆਂ ਦੇ ਦਿਨਾਂ ਤੋਂ ਜਾਪਦਾ ਹੈ ਕਿ ਇਕ ਪੂਰਾ ਚੱਕਰ ਕੱਟ ਗਈ ਹੈ। ਜਦ ਕਿ ਦੂਸਰੇ ਵਿਸ਼ਵ ਯੁਧ ਦੇ ਬਾਅਦ ਵਾਲਾ ਸਮਾਂ ਨਿੱਜੀ ਜਾਂ ਘਰੇਲੂ ਆਮਦਨ ਵੰਡ ਦੀ ਅਬਰਾਬਰੀ ਦੀ ਵੰਡ ਦਾ ਰਿਹਾ ਹੈ, ਅਸਲ ਵਿਚ ਦਾਰਸ਼ਨਿਕ ਅਰਥਸ਼ਾਸਤਰ ਦਾ ਜ਼ਿਆਦਾ ਫ਼ਿਕਰ ਮਜ਼ਦੂਰ ਅਤੇ ਵਿੱਤ ਦਰਮਿਆਨ ਆਮਦਨ ਦੀ ਵੰਡ ਨਾਲ ਰਿਹਾ ਹੈ - ਸੰਚਾਲਿਤ ਆਮਦਨ ਦੀ ਵੰਡ।

ਭਾਰਤ ਵਿਚ ਵਿਕਾਸ ਦੀ ਬਹਿਸ ਨੂੰ, ਨਿੱਜੀ ਤੋਂ ਸੰਚਾਲਿਤ ਆਮਦਨ ਵੰਡ (ਅਤੇ ਨਤੀਜਨ ਅਬਰਾਬਰੀ) ਦੇ ਦ੍ਰਿਸ਼ਟੀਕੋਨ ਵਿਚ ਬਦਲਾਅ ਕਿਵੇਂ ਪ੍ਰਭਾਵਿਤ ਕਰਦਾ ਹੈ? ਭਾਰਤ ਵਿਚ ਅਬਰਾਬਰੀ ਨੂੰ ਕਿਵੇਂ ਮਿਣਿਆ ਜਾਂਦਾ ਹੈ ਅਤੇ ਸੰਚਾਲਿਤ ਅਬਰਾਬਰੀ ਦੇ ਕਾਰਕ ਕਿਹੜੇ ਹਨ? ਅਖੀਰ ਵਿਚ, ਅਜਿਹੇ ਬਦਲੇ ਹੋਏ ਦ੍ਰਿਸ਼ਟੀਕੋਨ ਦੇ ਨੀਤੀਗਤ ਪ੍ਰਭਾਵ ਕੀ ਹਨ? ਇਨ੍ਹਾਂ ਮੁੱਦਿਆਂ ਨੂੰ ਇਸ ਲੇਖ ਵਿਚ ਵਿਚਾਰਿਆ ਜਾਵੇਗਾ।

## ਸੰਚਾਲਿਤ ਆਮਦਨ ਵੰਡ ਅਤੇ ਇਸ ਦੀ ਅਬਰਾਬਰੀ ਦੀ ਚਰਚਾ ਬਾਰੇ ਸਾਰਥਿਕਤਾ

ਆਮਦਨ ਅਬਰਾਬਰੀ ਦੇ ਪੱਖਾਂ ਤੋਂ ਮੁੱਲੰਕਣ ਕੀਤਾ ਜਾ ਸਕਦਾ ਹੈ - ਘਰੇਲੂ ਆਮਦਨ ਵੰਡ ਅਤੇ ਸੰਚਾਲਿਤ ਆਮਦਨ ਵੰਡ (ਬਾਕਸ-1) ਜਦ ਕਿ ਪਹਿਲਾ ਆਰਥਿਕਤਾ ਵਿਚ ਘਰੇਲੂ ਆਮਦਨ ਵੰਡ ਦੀ ਪੜਚੋਲ ਕਰਦਾ ਹੈ, ਬਾਅਦ ਵਾਲਾ ਉਤਪਾਦਨ ਦੇ ਵੱਖ-ਵੱਖ ਕਾਰਕਾਂ ਜਿਵੇਂ ਜ਼ਮੀਨ, ਮਜ਼ਦੂਰ ਅਤੇ ਵਿੱਤ ਦਰਮਿਆਨ ਆਮਦਨ ਦੀ ਵੰਡ ਦਾ ਮੁੱਲੰਕਣ ਕਰਦਾ ਹੈ।

ਗਿਨੀ ਗੁਣਾਂਕ, ਜੋ ਆਮਦਨ ਅਬਰਾਬਰੀ ਨੂੰ ਨਾਪਣ ਦਾ ਸਭ ਤੋਂ ਆਮ ਤਰੀਕਾ ਹੈ - ਨਿੱਜੀ (ਘਰੇਲੂ) ਅਬਰਾਬਰੀ ਨੂੰ ਫੜਦਾ ਹੈ, ਜੋ ਆਮ ਤੌਰ ਤੇ ਉਪ ਆਮਦਨ ਵੰਡ (ਕਰ ਅਤੇ ਭੁਗਤਾਨ ਤੋਂ ਬਾਅਦ) 'ਤੇ ਆਧਾਰਿਤ ਹੁੰਦਾ ਹੈ। ਫਿਰ ਵੀ, ਇਹ ਸਪੱਸ਼ਟ ਹੈ ਕਿ ਘਰੇਲੂ ਆਮਦਨ ਦੇ ਸੀਮਤ ਨਜ਼ਰੀਏ ਤੋਂ ਵੀ, ਇਹ ਸੇਵਾਵਾਂ ਦੀ ਆਮਦਨ ਵੰਡ ਹੀ ਹੈ ਜੋ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਜ਼ਿਆਦਾ ਪ੍ਰਸੰਗਿਕ ਹੈ। ਹੋਰ ਮਹੱਤਵਪੂਰਨ, ਨਿੱਜੀ ਅਬਰਾਬਰੀ ਨਾਪਣ ਦੇ ਤਰੀਕੇ ਅਜਿਹੇ ਢੰਗਾਂ ਨੂੰ ਪਕੜ ਵਿਚ ਲਿਆਉਣ ਦੇ ਅਸਮਰਥ ਹਨ ਜਿਨ੍ਹਾਂ ਵਿਚ ਉਤਪਾਦਨ ਪ੍ਰਕਿਰਿਆ ਦੌਰਾਨ ਅਜਿਹੀ ਆਮਦਨ ਪੈਦਾ ਹੁੰਦੀ ਹੈ, ਨਤੀਜਨ ਸੰਚਾਲਿਤ ਅਬਰਾਬਰੀ ਪੈਦਾ ਹੁੰਦੀ ਹੈ। ਮਿਸਾਲ ਲਈ, ਦਾਓਦੀਆ ਅਤੇ ਗਾਰਸੀਆ ਪੇਨਾਲੋਜ਼ਾ (2007) ਨੇ ਇਹ ਸਿੱਧ ਕੀਤਾ ਹੈ ਕਿ ਨਿੱਜੀ ਆਮਦਨ ਵੰਡ ਕਾਰਕ ਆਮਦਨ ਵੰਡ 'ਤੇ ਨਿਰਭਰ ਹੈ ਅਤੇ ਇਹ ਸੰਬੰਧ ਅੰਕੜਿਆਂ ਦੇ ਤੌਰ ਤੇ ਕਾਫ਼ੀ ਮਹੱਤਵਪੂਰਨ ਹੈ। ਸੰਚਾਲਿਤ ਆਮਦਨ ਵੰਡ ਨੂੰ ਸਮਝਣ ਲਈ ਦੂਜੀਆਂ ਦਲੀਲਾਂ ਵਿਆਪਕ ਪੱਧਰ ਦੇ ਰਾਸ਼ਟਰੀ ਆਮਦਨ ਖਾਤਾ ਵੇਰਵਾ, ਸਮਾਜਿਕ ਨਿਆਂ ਆਦਿ ਦੀਆਂ ਧਾਰਨਾਵਾਂ 'ਤੇ ਆਧਾਰਿਤ ਹਨ, ਜੋ ਨਿੱਜੀ ਆਮਦਨ ਵੰਡ ਦੀਆਂ ਅਬਰਾਬਰੀਆਂ ਨੂੰ ਬੇਹਤਰ ਤਰੀਕੇ ਨਾਲ ਸਮਝਣ ਵਿਚ ਸਹਾਇਕ ਹੁੰਦੇ ਹਨ (ਐਟਕਿੰਨਸਨ, 2009, ਗਲੇਨ, 2009)।

ਸੰਚਾਲਿਤ ਅਬਰਾਬਰੀ ਅਤੇ 'ਮਜ਼ਦੂਰ ਆਰਥਿਕਤਾ' ਵਿਚ ਵਿਆਪਕ ਆਰਥਿਕ ਅਬਰਾਬਰੀ ਦੇ ਪ੍ਰਭਾਵਾਂ ਦਾ ਮੁੱਦਾ ਹਾਰਵਰਡ ਅਰਥਸ਼ਾਸਤਰੀ, ਮਾਰਟਿਨ ਵੀਟਜ਼ਮੈਨ (1984) ਵਲੋਂ ਚੁੱਕਿਆ ਗਿਆ ਸੀ। ਵੀਟਜ਼ਮੈਨ ਨੇ ਪੂੰਜੀਗਤ ਅਰਥਚਾਰਿਆਂ ਅੰਦਰ ਮੌਸਮੀ ਬੇਰੁਜ਼ਗਾਰੀ ਦਾ ਕਾਰਨ ਇਕ ਖ਼ਾਸ ਮਜ਼ਦੂਰੀ ਇਵਜ਼ਾਨੇ ਦੀ ਪ੍ਰਣਾਲੀ ਨਾਲ ਜੋੜਿਆ ਸੀ - ਜਿਸ ਨੂੰ ਨਿਰਧਾਰਿਤ ਮਜ਼ਦੂਰੀ ਪ੍ਰਣਾਲੀ ਆਖਿਆ ਜਾਂਦਾ ਹੈ। ਮਜ਼ਦੂਰੀ ਦੀ ਅਜਿਹੀ ਗ਼ੈਰ-ਲਚਕ ਕਾਰਨ ਮੰਦੀ ਦੇ ਦੌਰ ਵਿਚ ਮਜ਼ਦੂਰਾਂ ਨੂੰ ਵਿਹਲੇ ਕਰਨ ਦਾ ਰੁਝਾਨ ਸ਼ੁਰੂ ਹੋ ਗਿਆ, ਜਿਸ ਨੇ ਕੁੱਲ ਮੰਗ ਦੀ ਕਮੀ ਦੀ ਸਮੱਸਿਆ ਨੂੰ ਹਵਾ ਦਿਤੀ ਅਤੇ ਜਿਸ ਨਾਲ ਹੋਰ ਗਿਰਾਵਟ ਹੋਈ। ਉਸ ਨੇ ਜ਼ੋਰ ਦੇ ਕੇ ਆਖਿਆ ਕਿ ਨਿਰਧਾਰਤ ਮਜ਼ਦੂਰੀ ਪ੍ਰਣਾਲੀ ਨੂੰ ਲਾਭ ਵਿਚ ਹਿੱਸੇਦਾਰੀ ਆਧਾਰਤ ਮਜ਼ਦੂਰੀ ਪ੍ਰਣਾਲੀ ਨਾਲ ਬਦਲਣ ਨਾਲ ਸੁਸਤ ਉਤਪਾਦਨ ਮੰਗ ਦੇ ਸਮੇਂ ਦੌਰਾਨ ਮਜ਼ਦੂਰੀ ਦੀ ਲਾਗਤ ਨੂੰ ਘੱਟ ਕੀਤਾ ਜਾ ਸਕਦਾ ਹੈ ਜਿਸ ਨਾਲ ਮਜ਼ਦੂਰਾਂ ਦੀ

### ਬਾਕਸ-1 : ਆਮਦਨ ਅਬਰਾਬਰੀ ਦੇ ਸੰਕਲਪ

***ਆਮਦਨ ਅਬਰਾਬਰੀ :*** *ਇਹ ਕਿਸੇ ਆਰਥਿਕਤਾ ਵਿਚ ਘਰਾਂ ਅਤੇ ਨਿੱਜੀ ਵਿਅਕਤੀਆਂ ਵਿਚਾਲੇ ਆਮਦਨ ਦੀ ਫ਼ੰਡ ਨੂੰ ਨਾਪਦੀ ਹੈ। ਇਹ ਆਮ ਤੌਰ ਤੇ ਗਿਨੀ ਗੁਣਾਂਕ ਦੀ ਵਰਤੋਂ ਕਰਕੇ ਨਾਪਿਆ ਜਾਂਦਾ ਹੈ ਜਿਸ ਦਾ ਮੁੱਲ ਸਿਫਰ ਤੋਂ 1 ਹੁੰਦਾ ਹੈ। ਸਿਫਰ ਸੰਪੂਰਨ ਬਰਾਬਰੀ ਦੀ ਸੂਚਕ ਹੈ ਅਤੇ 1 ਸੰਪੂਰਨ ਅਬਰਾਬਰੀ ਦਾ।*

#### ਅਬਰਾਬਰੀ ਦੇ ਦੋ ਸੰਕਲਪ

***ਘਰੇਲੂ ਆਮਦਨ ਵੰਡ :*** *ਇਹ ਕਿਸੇ ਆਰਥਿਕਤਾ ਵਿਚ ਘਰਾਂ ਦਰਮਿਆਨ ਆਮਦਨ ਦੀ ਵੰਡ ਹੈ। ਇਸ ਨੂੰ ਵੀ ਅੱਗੇ ਵੰਡਿਆ ਜਾ ਸਕਦਾ ਹੈ :*

*1) ਪ੍ਰਾਥਮਿਕ ਆਮਦਨ ਵੰਡ - ਘਰੇਲੂ ਆਮਦਨ ਦੀ ਵੰਡ ਜਿਸ ਵਿਚ ਹਰੇਕ ਘਰ ਵਿਚ ਕਰਾਂ ਅਤੇ ਰਿਆਇਤਾਂ ਤੋਂ ਪਹਿਲਾਂ ਕਾਰਕ ਆਮਦਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਸ ਦਾ ਨਿਰਧਾਰਨ ਬਾਜ਼ਾਰ ਅਤੇ ਬਾਜ਼ਾਰ ਸੰਸਥਾਨਾਂ ਵਲੋਂ ਕੀਤਾ ਜਾਂਦਾ ਹੈ।*

*2) ਉੱਪ ਆਮਦਨ ਵੰਡ - ਕਰ ਕੱਟਣ ਅਤੇ ਭੁਗਤਾਨ ਦੀ ਤਬਦੀਲੀ ਤੋਂ ਬਾਅਦ ਘਰੇਲੂ ਆਮਦਨ ਦੀ ਵੰਡ।*

*3) ਸੇਵਾਵਾਂ ਦੀ ਆਮਦਨ ਦੀ ਵੰਡ - ਘਰੇਲੂ ਆਮਦਨ ਦੀ ਵੰਡ ਜਦੋਂ ਜਨਤਕ ਖਰਚੇ ਤੋਂ ਲਾਭ, ਕਰ ਅਤੇ ਰਿਆਇਤਾਂ ਤੋਂ ਬਾਅਦ ਘਰੇਲੂ ਆਮਦਨ ਵਿਚ ਸ਼ਾਮਿਲ ਕੀਤੇ ਜਾਂਦੇ ਹਨ।*

***ਸੰਚਾਲਿਤ ਆਮਦਨ ਵੰਡ -*** *ਇਹ ਉਤਪਾਦਨ ਦੇ ਵੱਖ-ਵੱਖ ਪਹਿਲੂਆਂ ਵਿਚਾਲੇ ਆਮਦਨ ਦੀ ਵੰਡ ਹੁੰਦੀ ਹੈ, ਜਿਵੇਂ ਕਿ ਜ਼ਮੀਨ, ਮਜ਼ਦੂਰੀ ਅਤੇ ਵਿੱਤ। ਇਸ ਨੂੰ ਖ਼ਾਸ ਤੌਰ ਤੇ ਮਜ਼ਦੂਰੀ ਜਾਂ ਰਾਸ਼ਟਰੀ ਆਮਦਨ ਵਿਚ ਹਿੱਸੇਦਾਰੀ ਵਜੋਂ ਗਿਣਿਆ ਜਾਂਦਾ ਹੈ।*

*- ਸਰੋਤ : ਯੂ ਐੱਨ ਡੀ ਪੀ 2013, ਪੰਨਾ-20*

ਛਾਂਟੀ ਨੂੰ ਰੋਕ ਲੱਗੇਗੀ। ਅਸਲ ਵਿਚ, ਰੁਜ਼ਗਾਰ ਦੇ ਹਿਸਾਬ ਨਾਲ ਪ੍ਰਤਿ ਕਾਮੇ ਔਸਤ ਇਵਜ਼ਾਨੇ ਦਾ ਨਿਰਧਾਰਨ ਕਰਕੇ, ਮਜ਼ਦੂਰਾਂ ਦੀ ਵਾਧੂ ਮੰਗ ਨੂੰ ਹੁਲਾਰਾ ਮਿਲੇਗਾ। ਵੀਟਜ਼ਮੈਨ ਨੇ ਪ੍ਰਸਤਾਵ ਰੱਖਿਆ ਕਿ ਲਾਭ-ਸਾਂਝੇ ਕਰਨ ਵਾਲੀ ਮਜ਼ਦੂਰੀ ਪ੍ਰਣਾਲੀ ਮੁਦਰਾ ਸਫਿਤੀ ਮੰਦੀ ਦਾ ਸਥਾਈ ਹੱਲ ਹੋਵੇਗੀ। ਭਾਵੇਂ ਕਿ ਉਨ੍ਹਾਂ ਦੀ ਸਫਲਤਾ 'ਸਾਰਿਆਂ' (ਜਾਂ ਲਗਭਗ ਸਾਰਿਆਂ) ਫਰਮਾਂ ਦੀ ਮਜ਼ਦੂਰੀ ਆਰਥਿਕਤਾ 'ਤੇ ਨਿਰਭਰ ਹੈ ਜੋ ਨਾਲ ਦੀ ਨਾਲ ਲਾਭ ਸਾਂਝੇ ਕਰਨ ਦੀਆਂ ਯੋਜਨਾਵਾਂ ਵਿਚ ਬਦਲਦੀ ਹੈ (ਵੀਟਜ਼ਮੈਨ, 1985:945)। ਅਜਿਹਾ ਕਰਨ ਲਈ, ਵੀਟਜ਼ਮੈਨ ਨੇ ਸੁਝਾਅ ਦਿਤਾ ਕਿ ਸਰਕਾਰ ਹਿੱਸੇਦਾਰੀ ਆਮਦਨ ਨੂੰ ਤਰਜੀਹੀ ਕਰ ਦੇ ਦਾਇਰੇ ਵਿਚ ਲਿਆ ਕੇ ਲਾਭ ਸਾਂਝੇ ਕਰਨ ਵਾਲੇ ਕਾਮਿਆਂ ਨੂੰ ਇਨਾਮ ਦੇਵੇ। ਅਜਿਹਾ ਅਸੰਭਵ ਜਾਪਦਾ ਹੈ, ਖ਼ਾਸ ਕਰਕੇ ਭਾਰਤੀ ਸੰਦਰਭ ਵਿਚ। ਪਰ, ਉਸ ਦੀ ਮਜ਼ਦੂਰੀ ਇਵਜ਼ਾਨੇ ਦੀ ਬੋਨਸ ਪ੍ਰਣਾਲੀ ਦੀ ਉਦਾਹਰਣ, ਸਾਂਝ ਆਰਥਿਕਤਾ ਦੇ ਅਨੁਸਾਰ, ਡੂੰਘੀ ਪੜਚੋਲ ਦੀ ਹੱਕਦਾਰ ਹੈ ਤਾਂ ਜੋ 1990 ਦੇ ਯੁਗ ਦੇ ਪਹਿਲਾਂ ਦੇ ਨਿਮਨ ਪੱਧਰਾਂ ਦੀ ਬੇਰੁਜ਼ਗਾਰੀ ਨੂੰ ਸਥਿਰਤਾ ਦੇਣ ਲਈ ਇਸ ਦੀ ਭੂਮਿਕਾ ਦਾ ਮੁੱਲੰਕਣ ਕੀਤਾ ਜਾ ਸਕੇ।

ਹਾਲ ਹੀ ਵਿਚ, ਪਿਕੇਟੀ (2014) ਨੇ ਸੰਚਾਲਿਤ ਅਬਰਾਬਰੀ ਦੇ ਵਿਕਾਸ ਨੂੰ ਰੋਕਣ ਲਈ ਦਲੀਲਾਂ ਦਿਤੀਆਂ - ਜੋ ਵਿੱਤ ਤੇ ਵਿਆਜ ਦੀ ਦਰ (ਆਰ) ਅਤੇ ਆਰਥਿਕ ਵਿਕਾਸ ਦਰ (ਜੀ) ਦੀ ਗਤੀ 'ਤੇ ਆਧਾਰਿਤ ਸੀ - ਜਿਸ ਦਾ ਉਦੇਸ਼ ਲੋਕਤੰਤਰ ਦੀ ਰੱਖਿਆ ਸੀ।

ਜਦੋਂ ਪੂੰਜੀ ਦੀ ਵਿਆਜ ਦੀ ਦਰ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵਧ ਜਾਂਦੀ ਹੈ (ਜਿਵੇਂ ਕਿ ਉਨ੍ਹੀਵੀਂ ਸਦੀ ਦੇ ਜ਼ਿਆਦਾਤਰ ਸਮੇਂ ਵਿਚ ਵਾਪਰਿਆ ਅਤੇ ਜਿਸ ਦੇ ਇੱਕੀਵੀਂ ਸਦੀ ਵਿਚ ਵੀ ਜਾਰੀ ਰਹਿਣ ਦੀ ਆਸ ਹੈ), ਤਾਂ ਇਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਵਿਰਸੇ ਵਿਚ ਮਿਲੀ ਹੋਈ ਦੌਲਤ ਉਤਪਾਦਨ ਅਤੇ ਆਮਦਨ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧਦੀ ਹੈ। ਵਿਰਾਸਤੀ ਦੌਲਤ ਵਾਲੇ ਲੋਕਾਂ ਨੂੰ ਪੂੰਜੀ ਦਾ ਸਿਰਫ਼ ਇਕ ਭਾਗ ਬਚਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਵਿੱਤ ਆਰਥਿਕਤਾ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧ-ਫੁਲ ਸਕੇ। ਅਜਿਹੇ ਹਾਲਾਤ ਵਿਚ, ਇਹ ਅਟਲ ਹੈ ਕਿ ਜ਼ਿੰਦਗੀ ਭਰ ਦੀ ਮਿਹਨਤ ਕਰਕੇ ਕਮਾਈ ਦੌਲਤ ਦੇ ਮੁਕਾਬਲੇ ਵਿਰਾਸਤੀ ਦੌਲਤ ਦਾ ਇਕ ਵੱਡੇ ਫ਼ਰਕ ਨਾਲ ਦਬਦਬਾ ਬਣਿਆ ਰਹੇਗਾ ਅਤੇ ਪੂੰਜੀ ਦਾ ਜਮਾਵੜਾ ਉੱਚੇ ਪੱਧਰ ਤਕ ਪਹੁੰਚ ਜਾਵੇਗਾ ਜੋ ਸਰਕਾਰੀ ਪ੍ਰਬੰਧਨ ਮੁੱਲਾਂ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨਾਲ ਸੰਭਾਵਿਤ ਤੌਰ ਤੇ ਅਸੰਗਤ ਹੋਵੇਗਾ ਜੋ ਅਜੋਕੇ ਲੋਕਤੰਤਰਿਕ ਸਮਾਜ ਦੀ ਬੁਨਿਆਦ ਹਨ.... (ਪਿਕੇਟੀ, 2015:26)।

## ਭਾਰਤ ਵਿਚ ਅਬਰਾਬਰੀ

ਭਾਰਤ ਵਿਚ ਦੇਸ਼ ਅਤੇ ਰਾਜ ਪੱਧਰ 'ਤੇ ਅਬਰਾਬਰੀ ਨੂੰ ਗਿਨੀ ਗੁਣਾਂਕ ਦੀ, ਪ੍ਰਤਿ ਵਿਅਕਤੀ ਖਪਤ ਖਰਚੇ ਦੀ ਵਰਤੋਂ ਕਰਕੇ ਮਾਪਿਆ ਗਿਆ ਹੈ (ਤਾਲਿਕਾ-1) 1973-74 ਤੋਂ 2009-10 ਦੇ ਅੰਕੜੇ ਇਹ ਇਸ਼ਾਰਾ ਕਰਦੇ ਹਨ ਕਿ ਖਪਤ ਖਰਚੇ ਦੇ ਮਾਮਲੇ ਵਿਚ ਅਬਰਾਬਰੀ ਵਿਚ ਕੋਈ ਜ਼ਿਆਦਾ ਕਮੀ ਨਹੀਂ ਆਈ। ਪਰ, ਇਸ ਦੀ ਵਿਆਖਿਆ ਵੀ ਸਾਵਧਾਨੀ ਨਾਲ ਕਰਨੀ ਹੋਵੇਗੀ, ਕਿਉਂਕਿ ਖਪਤ ਅਬਰਾਬਰੀ ਆਮ ਤੌਰ ਤੇ ਨਾ-ਬਰਾਬਰੀ ਦੀ ਮਾਤਰਾ ਦਾ ਘਟਾ ਕੇ ਅੰਦਾਜ਼ਾ ਲਾਉਂਦੀਆਂ ਹਨ। ਖਪਤ ਦੇ ਮੁਕਾਬਲੇ ਇਹ ਘਰੇਲੂ ਆਮਦਨ ਦੀ ਅਬਰਾਬਰੀ ਹੁੰਦੀ ਹੈ ਜੋ ਅਬਰਾਬਰੀ ਦੀ ਮਾਤਰਾ ਦੀ ਸਹੀ ਸੂਚਕ ਹੋ ਸਕਦੀ ਹੈ। ਭਾਰਤੀ ਮਾਨਵ ਵਿਕਾਸ ਸਰਵੇਖਣ (ਆਈ ਐੱਚ ਡੀ ਐੱਸ), 2010 ਵਿਚ ਭਾਰਤੀ ਘਰਾਂ ਵਿਚ ਆਮਦਨ ਵੰਡ ਦਾ ਅੰਦਾਜ਼ਾ ਲਾਇਆ ਗਿਆ ਹੈ। ਕੋਈ ਹੈਰਾਨੀ ਨਹੀਂ ਕਿ ਨਤੀਜੇ, ਖਪਤ ਦੇ ਗਿਨੀ ਗੁਣਾਂਕ ਦੇ ਮੁਕਾਬਲੇ ਆਮਦਨ ਦੀ ਜ਼ਿਆਦਾ ਅਬਰਾਬਰੀ ਦਰਸਾਉਂਦੇ ਹਨ। ਇਸ ਤਰ੍ਹਾਂ, ਭਾਰਤ ਲਈ ਗਿਨੀ ਖਪਤ ਅਬਰਾਬਰੀ ਦੀ ਸੂਚੀ 0.38 ਹੈ ਜਦ ਕਿ ਆਮਦਨ ਆਧਾਰਤ ਗਿਨੀ ਸੂਚੀ ਲਗਭਗ 0.52 ਹੈ। ਸਰਵੇਖਣ ਦਾ ਨਤੀਜਾ ਮੁਕਾਬਲਤਨ ਉੱਚ ਸ਼ਹਿਰੀ ਅਬਰਾਬਰੀ ਦੀ ਧਾਰਨਾ ਦਾ ਵੀ ਖੰਡਨ ਕਰਦਾ ਹੈ ਜਦ ਕਿ ਸ਼ਹਿਰੀ ਖੇਤਰ ਦੀ ਆਮਦਨ ਪੇਂਡੂ ਖੇਤਰਾਂ ਨਾਲੋਂ ਵੱਧ ਹੁੰਦੀ ਹੈ, ਉਥੇ ਅਬਰਾਬਰੀ ਘੱਟ ਹੁੰਦੀ ਹੈ - ਗਿਨੀ ਗੁਣਾਂਕ ਸ਼ਹਿਰੀ ਖੇਤਰਾਂ ਵਿਚ 0.48 ਜਦ ਕਿ ਦਿਹਾਤੀ ਖੇਤਰ ਵਿਚ 0.49 ਹੁੰਦਾ ਹੈ। ਹੋਰ, ਪੇਂਡੂ ਖੇਤਰਾਂ ਦੀ ਜ਼ਿਆਦਾ ਆਮਦਨ ਅਬਰਾਬਰੀ ਵਿਚ ਗ਼ੈਰ-ਹੁਨਰਮੰਦ ਮਜ਼ਦੂਰਾਂ ਦਾ ਵੱਡਾ ਹਿੱਸਾ ਹੁੰਦਾ ਹੈ। ਇਸ ਲਈ ਇਹ ਜਾਪੇਗਾ ਕਿ ਸ਼ਹਿਰੀ

| ਤਾਲਿਕਾ-1 : ਖਪਤ ਦੀ ਵੰਡ ਦਾ ਗਿਨੀ ਗੁਣਾਂਕ : 1973-74 ਤੋਂ 2009-10 | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|
| ਰਾਜ | 1973-74 | | 1977-78 | | 1983 | | 1993-94 | | 1999-2000 | | 2004-05 (ਯੂ ਆਰ ਪੀ) | | 2004-05 (ਐੱਮ ਆਰ ਪੀ) | | 2009-10 (ਯੂ ਆਰ ਪੀ) | | 2009-10 ਐੱਮ ਆਰ ਪੀ | |
| | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ |
| ਭਾਰਤ | 0.281 | 0.302 | 0.336 | 0.345 | 0.297 | 0.325 | 0.282 | 0.34 | 0.26 | 0.342 | 0.3 | 0.371 | 0.266 | 0.348 | 0.291 | 0.382 | 0.276 | 0.371 |
| ਆਂਧਰ ਪ੍ਰਦੇਸ਼ | 0.288 | 0.288 | 0.298 | 0.319 | 0.292 | 0.306 | 0.285 | 0.32 | 0.235 | 0.313 | 0.289 | 0.37 | 0.252 | 0.342 | 0.278 | 0.382 | 0.269 | 0.353 |
| ਅਰੁਣਾਚਲ ਪ੍ਰਦੇਸ਼ | | | | | | | | | | | 0.27 | 0.244 | 0.24 | 0.213 | 0.333 | 0.325 | 0.293 | 0.299 |
| ਅਸਮ | 0.2 | 0.296 | 0.179 | 0.323 | 0.192 | 0.248 | 0.176 | 0.286 | 0.201 | 0.309 | 0.195 | 0.316 | 0.182 | 0.301 | 0.244 | 0.324 | 0.22 | 0.328 |
| ਬਿਹਾਰ | 0.273 | 0.265 | 0.258 | 0.304 | 0.255 | 0.297 | 0.222 | 0.307 | 0.207 | 0.319 | 0.205 | 0.33 | 0.185 | 0.312 | 0.226 | 0.332 | 0.215 | 0.319 |
| ਛੱਤੀਸਗੜ੍ਹ | | | | | | | | | | | 0.295 | 0.434 | 0.251 | 0.354 | 0.276 | 0.326 | 0.234 | 0.305 |
| ਦਿੱਲੀ | 0.149 | 0.353 | 0.29 | 0.33 | 0.289 | 0.331 | 0.236 | 0.207 | 0.294 | 0.343 | 0.264 | 0.329 | 0.262 | 0.324 | 0.253 | 0.345 | 0.233 | 0.352 |
| ਗੋਆ | | | | | | | | | | | 0.294 | 0.405 | 0.267 | 0.333 | 0.214 | 0.406 | 0.219 | 0.251 |
| ਗੁਜਰਾਤ | 0.234 | 0.246 | 0.285 | 0.308 | 0.252 | 0.264 | 0.236 | 0.287 | 0.234 | 0.286 | 0.269 | 0.305 | 0.251 | 0.295 | 0.253 | 0.328 | 0.252 | 0.309 |
| ਹਰਿਆਣਾ | 0.291 | 0.31 | 0.288 | 0.313 | 0.271 | 0.304 | 0.301 | 0.28 | 0.239 | 0.287 | 0.322 | 0.36 | 0.295 | 0.326 | 0.301 | 0.36 | 0.278 | 0.357 |
| ਹਿਮਾਚਲ ਪ੍ਰਦੇਸ਼ | 0.243 | 0.273 | 0.255 | 0.297 | 0.266 | 0.313 | 0.276 | 0.435 | 0.235 | 0.295 | 0.296 | 0.318 | 0.26 | 0.261 | 0.305 | 0.399 | 0.283 | 0.351 |
| ਜੰਮੂ-ਕਸ਼ਮੀਰ | 0.224 | 0.224 | 0.222 | 0.334 | 0.221 | 0.235 | 0.234 | 0.281 | 0.173 | 0.224 | 0.237 | 0.245 | 0.197 | 0.241 | 0.235 | 0.305 | 0.221 | 0.307 |
| ਝਾਰਖੰਡ | | | | | | | | | | | 0.225 | 0.351 | 0.199 | 0.326 | 0.24 | 0.358 | 0.212 | 0.343 |
| ਕਰਨਾਟਕ | 0.277 | 0.291 | 0.321 | 0.342 | 0.299 | 0.33 | 0.266 | 0.315 | 0.241 | 0.323 | 0.263 | 0.364 | 0.232 | 0.358 | 0.235 | 0.334 | 0.231 | 0.375 |
| ਕੇਰਲ | 0.314 | 0.37 | 0.353 | 0.356 | 0.33 | 0.371 | 0.288 | 0.338 | 0.27 | 0.321 | 0.341 | 0.4 | 0.294 | 0.353 | 0.417 | 0.498 | 0.35 | 0.4 |
| ਮੱਧ ਪ੍ਰਦੇਸ਼ | 0.286 | 0.27 | 0.331 | 0.377 | 0.292 | 0.29 | 0.277 | 0.327 | 0.242 | 0.315 | 0.265 | 0.393 | 0.237 | 0.351 | 0.292 | 0.364 | 0.276 | 0.36 |
| ਮਹਾਰਾਸ਼ਟਰ | 0.264 | 0.331 | 0.462 | 0.362 | 0.283 | 0.329 | 0.302 | 0.351 | 0.258 | 0.348 | 0.308 | 0.372 | 0.27 | 0.35 | 0.268 | 0.41 | 0.244 | 0.38 |
| ਮਨੀਪੁਰ | | | | | | | | | | | 0.156 | 0.174 | 0.136 | 0.149 | 0.173 | 0.213 | 0.159 | 0.193 |
| ਮੇਘਾਲਿਆ | | | | | | | | | | | 0.157 | 0.258 | 0.136 | 0.24 | 0.2 | 0.256 | 0.17 | 0.243 |
| ਮਿਜ਼ੋਰਮ | | | | | | | | | | | 0.193 | 0.244 | 0.167 | 0.213 | 0.237 | 0.23 | 0.194 | 0.228 |
| ਨਾਗਾਲੈਂਡ | | | | | | | | | | | 0.207 | 0.235 | 0.173 | 0.214 | 0.186 | 0.237 | 0.181 | 0.222 |
| ਓਡੀਸ਼ਾ | 0.262 | 0.342 | 0.301 | 0.324 | 0.266 | 0.294 | 0.243 | 0.304 | 0.244 | 0.292 | 0.281 | 0.35 | 0.254 | 0.33 | 0.262 | 0.389 | 0.247 | 0.375 |
| ਪੰਜਾਬ | 0.27 | 0.287 | 0.303 | 0.38 | 0.279 | 0.321 | 0.265 | 0.276 | 0.239 | 0.29 | 0.279 | 0.393 | 0.263 | 0.323 | 0.288 | 0.371 | 0.285 | 0.358 |
| ਰਾਜਸਥਾਨ | 0.276 | 0.287 | 0.464 | 0.296 | 0.34 | 0.301 | 0.26 | 0.29 | 0.209 | 0.282 | 0.246 | 0.367 | 0.204 | 0.303 | 0.225 | 0.378 | 0.214 | 0.316 |
| ਸਿੱਕਮ | | | | | | | | | | | 0.266 | 0.254 | 0.236 | 0.232 | 0.275 | 0.194 | 0.259 | 0.186 |
| ਤਮਿਲਨਾਡੂ | 0.269 | 0.305 | 0.319 | 0.333 | 0.324 | 0.347 | 0.307 | 0.344 | 0.279 | 0.381 | 0.316 | 0.356 | 0.258 | 0.345 | 0.264 | 0.332 | 0.257 | 0.327 |
| ਤ੍ਰਿਪੁਰਾ | | | | | | | | | | | 0.216 | 0.338 | 0.203 | 0.3 | 0.205 | 0.294 | 0.197 | 0.288 |
| ਉੱਤਰ ਪ੍ਰਦੇਸ਼ | 0.236 | 0.293 | 0.299 | 0.327 | 0.29 | 0.312 | 0.278 | 0.323 | 0.246 | 0.328 | 0.286 | 0.366 | 0.234 | 0.339 | 0.356 | 0.329 | 0.438 | 0.321 |
| ਉੱਤਰਾਖੰਡ | | | | | | | | | | | 0.279 | 0.323 | 0.223 | 0.302 | 0.263 | 0.361 | 0.231 | 0.395 |
| ਪੱਛਮੀ ਬੰਗਾਲ | 0.296 | 0.315 | 0.292 | 0.317 | 0.284 | 0.328 | 0.251 | 0.334 | 0.224 | 0.341 | 0.27 | 0.378 | 0.241 | 0.356 | 0.239 | 0.384 | 0.22 | 0.384 |
| ਅੰ.ਨਿ.ਦੀਪ ਸਮੂਹ | | | | | | | | | | | 0.29 | 0.351 | 0.253 | 0.305 | 0.246 | 0.271 | 0.256 | 0.316 |
| ਚੰਡੀਗੜ੍ਹ | | | | | | | | | | | 0.24 | 0.344 | 0.244 | 0.341 | 0.193 | 0.449 | 0.308 | 0.373 |
| ਦਾ.ਨ.ਹਵੇਲੀ | | | | | | | | | | | 0.351 | 0.296 | 0.324 | 0.295 | 0.206 | 0.208 | 0.22 | 0.224 |
| ਦਮਨ ਤੇ ਦਿਊ | | | | | | | | | | | 0.223 | 0.258 | 0.209 | 0.242 | 0.305 | 0.283 | 0.287 | 0.264 |
| ਲਕਸ਼ਦੀਪ | | | | | | | | | | | 0.24 | 0.383 | 0.167 | 0.236 | 0.32 | 0.336 | 0.314 | 0.279 |
| ਪੁੱਡੂਚੇਰੀ | | | | | | | | | | | 0.337 | 0.312 | 0.281 | 0.302 | 0.307 | 0.307 | 0.254 | 0.378 |

*ਨੋਟ: ਗਿਨੀ ਗੁਣਾਂਕ ਦਾ ਹਿਸਾਬ ਲਾਉਣ ਲਈ ਇਹ ਮੰਨਿਆ ਜਾਂਦਾ ਹੈ ਕਿ ਸਾਰੇ ਰਾਜਾਂ ਅੰਦਰ ਹਰੇਕ ਵਿਅਕਤੀ ਦੀ ਆਮਦਨ ਪ੍ਰਤਿ ਵਿਅਕਤੀ ਜੀ ਐੱਸ ਡੀ ਪੀ ਦੇ ਬਰਾਬਰ ਹੈ। ਇਸ ਤਰੀਕੇ ਵਿਚ ਹਰੇਕ ਰਾਜ ਵਿਚ ਅਬਰਾਬਰੀ 'ਤੇ ਧਿਆਨ ਕੇਂਦਰਿਤ ਕਰਦਾ ਹੈ*

*ਸਰੋਤ:ਭਾਰਤ ਸਰਕਾਰ ਦਾ ਯੋਜਨਾ ਆਯੋਗ* http://planningcommission.nic.in/data/datatable/0814/table_105.pdf.

ਹੁਨਰਮੰਦਾਂ ਦੀਆਂ ਅੰਤਰ-ਕਾਰਕ ਆਮਦਨ (ਅੰਤਰ-ਮਜ਼ਦੂਰੀ) ਅਬਰਾਬਰੀਆਂ, ਉਦਯੋਗ ਮੁਖੀ ਮਜ਼ਦੂਰ ਬਨਾਮ ਗ਼ੈਰ-ਹੁਨਰਮੰਦ, ਖੇਤੀਬਾੜੀ (ਉਦਯੋਗਿਕ ਵੀ) ਮਜ਼ਦੂਰੀ ਅਤੇ ਅੰਤਰ ਕਾਰਕ ਆਮਦਨ ਅਬਰਾਬਰੀ ਮਤਲਬ ਮਜ਼ਦੂਰੀ ਬਨਾਮ ਪੂੰਜੀ-ਵਾਧੇ ਵਾਲੇ ਹੋਣਗੇ।

ਤਾਲਿਕਾ-2 ਉਨ੍ਹਾਂ ਘਰਾਂ ਦੀ ਪ੍ਰਤਿਸ਼ਤ ਦਰਸਾਉਂਦੀ ਹੈ ਜਿਨ੍ਹਾਂ ਨੂੰ ਇਕ ਤੋਂ ਵੱਧ ਸਰੋਤਾਂ ਤੋਂ ਆਮਦਨ ਆਉਂਦੀ ਹੈ। ਇਕ ਪਾਸੇ, ਇਹ ਤਾਲਿਕਾ ਆਮਦਨ ਦੇ ਸਰੋਤਾਂ ਦੀ ਵਿਭਿੰਨਤਾ ਦਰਸਾਉਂਦੀ ਹੈ, ਮਤਲਬ ਭਾਰਤੀ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਵਿਚ 'ਅੰਤਰ-ਸੰਬੰਧ' ਅਤੇ ਸੁਝਾਅ ਦਿੰਦੀ ਹੈ ਕਿ ਆਰਥਿਕਤਾ ਦੇ ਇਕ ਖੇਤਰ 'ਤੇ ਪ੍ਰਭਾਵ ਪਾਉਣ ਵਾਲੀਆਂ ਨੀਤੀਆਂ ਦਾ ਵੱਡੀ ਗਿਣਤੀ ਵਿਚ ਘਰਾਂ ਦੇ ਵਿਆਪਕ ਪ੍ਰਭਾਵ ਪੈ ਸਕਦਾ ਹੈ (ਆਈ ਐੱਚ ਡੀ ਐੱਸ, 2010:17)। ਹੋਰ ਮਹੱਤਵਪੂਰਨ, ਇਹ ਸੰਕੇਤ ਦਿੰਦੀ ਹੈ ਕਿ ਬਹੁ-ਗਿਣਤੀ ਘਰ (ਲਗਭਗ 57.4 ਪ੍ਰਤਿਸ਼ਤ) ਮਜ਼ਦੂਰੀ ਜਾਂ ਖੇਤੀਬਾੜੀ ਤੋਂ ਆਮਦਨ ਪ੍ਰਾਪਤ, ਕਾਰਕ ਆਮਦਨ ਅਬਰਾਬਰੀ ਦਾ ਨਿੱਜੀ ਆਮਦਨ ਅਬਰਾਬਰੀ ਦਾ ਕਾਰਨ ਬਣਨਾ ਬਿਲਕੁਲ ਸੰਭਵ ਹੈ।

## ਅਬਰਾਬਰੀ-ਕਾਰਕ ਦੇ ਵਿਸ਼ਵੀ ਤੇ ਘਰੇਲੂ ਕਾਰਨ

ਕਾਰਕ ਅਬਰਾਬਰੀ ਨੂੰ ਵੱਡੇ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ - ਬਾਹਰੀ (ਵਿਸ਼ਵੀਕਰਨ ਨਾਲ ਸੰਬੰਧਿਤ) ਅਤੇ ਅੰਦਰੂਨੀ

| ਤਾਲਿਕਾ-2 : ਵੱਖ-ਵੱਖ ਸਰੋਤਾਂ ਤੋਂ ਆਮਦਨ ਪ੍ਰਾਪਤ ਕਰਨ ਵਾਲੇ ਘਰ | | | | | | | |
|---|---|---|---|---|---|---|---|
| ਵਾਹੀ | ਮਜ਼ਦੂਰੀ | ਵਪਾਰ | ਹੋਰ | ਪੇਂਡੂ | ਸ਼ਹਿਰੀ | ਕੁੱਲ | ਔਸਤ ਆਮਦਨ |
| ✓ | ✓ | ✓ | ✓ | 1.14 | 0.26 | 0.89 | 35,755 |
| ✓ | ✓ | ✓ | | 2.78 | 0.61 | 2.16 | 32,938 |
| ✓ | ✓ | | ✓ | 8.69 | 1.12 | 6.52 | 25,507 |
| ✓ | ✓ | | | 23.55 | 3.83 | 17.89 | 23,536 |
| ✓ | | ✓ | ✓ | 1.4 | 0.51 | 1.15 | 54,850 |
| ✓ | | ✓ | | 3.9 | 1.28 | 3.15 | 36,000 |
| ✓ | | | ✓ | 5.48 | 0.56 | 4.07 | 31,265 |
| ✓ | | | | 11.27 | 1.03 | 8.33 | 20,964 |
| | ✓ | ✓ | ✓ | 0.81 | 1.61 | 1.04 | 47,400 |
| | ✓ | ✓ | | 2.43 | 5.98 | 3.45 | 40,900 |
| | ✓ | | ✓ | 6.33 | 12.1 | 7.98 | 33,600 |
| | ✓ | | | 24.23 | 48.46 | 31.18 | 27,000 |
| ✓ | | ✓ | ✓ | 0.99 | 3.71 | 1.77 | 52,000 |
| | | ✓ | | 3.39 | 14.1 | 6.47 | 40,000 |
| | | | ✓ | 1.98 | 4.15 | 2.6 | 18,000 |
| ਨਾਂਹਵਾਚਕ ਜਾਂ ਕੋਈ ਆਮਦਨ ਨਹੀਂ | | | | 1.61 | 0.69 | 1.35 | −985 |
| ਕੁੱਲ | | | | 100 | 100 | 100 | |

*ਨੋਟ: ਮਜ਼ਦੂਰੀ ਦੇ ਕੰਮ ਵਿਚ ਖੇਤੀਬਾੜੀ ਅਤੇ ਗ਼ੈਰ-ਖੇਤੀਬਾੜੀ ਮਜ਼ਦੂਰੀ ਅਤੇ ਤਨਖਾਹ ਵਾਲਾ ਕੰਮ ਸ਼ਾਮਿਲ ਹੈ। ਦੂਜੇ ਸਰੋਤਾਂ ਵਿਚ ਪੈਨਸ਼ਨ, ਪਰਿਵਾਰਕ ਤਬਦੀਲੀਆਂ ਅਤੇ ਸਰਕਾਰੀ ਪ੍ਰੋਗਰਾਮਾਂ ਤੋਂ ਆਮਦਨ ਸ਼ਾਮਿਲ ਹੈ।*

*ਸਰੋਤ : ਆਈ ਐੱਚ ਡੀ ਐੱਸ (2010) ਪੰਨਾ-17*

| ਤਾਲਿਕਾ-3 : ਪੂੰਜੀ-ਮਜ਼ਦੂਰੀ ਅਨੁਪਾਤ ਅਤੇ ਭਾਰਤ ਵਿਚ ਮਜ਼ਦੂਰੀ ਆਮਦਨ ਦਾ ਹਿੱਸਾ : 1991-2011 | | | | | | |
|---|---|---|---|---|---|---|
| ਸਾਲ | ਲੈਬਸ਼ | ਇੰਪ | ਐੱਚ ਸੀ | ਐੱਲ ਇੰਨਪੁਟ | ਆਰਕਨਾ | ਕੇ/ਐੱਲ |
| 1991 | 0.650768518 | 332.6175537 | 1.601656795 | 532.7391649 | 2419680.25 | 4541.960512 |
| 1992 | 0.643848956 | 341.3132935 | 1.616979837 | 551.8967138 | 2537396.5 | 4597.593058 |
| 1993 | 0.630940259 | 350.0163879 | 1.632449389 | 571.3840385 | 2656039.75 | 4648.431827 |
| 1994 | 0.617426753 | 356.3805847 | 1.648066998 | 587.3390802 | 2798128.75 | 4764.07725 |
| 1995 | 0.600267887 | 361.8991699 | 1.663833976 | 602.1401347 | 2989167.5 | 4964.238933 |
| 1996 | 0.598698258 | 367.3492737 | 1.682567358 | 618.0898969 | 3171277.25 | 5130.770242 |
| 1997 | 0.59725076 | 372.7568359 | 1.701511621 | 634.2500883 | 3346763 | 5276.724531 |
| 1998 | 0.585653543 | 378.1624756 | 1.717826843 | 649.6176517 | 3547055 | 5460.219547 |
| 1999 | 0.577172458 | 383.5910645 | 1.732384801 | 664.5273298 | 3776547.75 | 5683.05859 |
| 2000 | 0.570156574 | 391.8108521 | 1.747066259 | 684.5195197 | 3989632.5 | 5828.369221 |
| 2001 | 0.558769822 | 401.0491333 | 1.76388669 | 707.4052283 | 4225362.5 | 5973.043923 |
| 2002 | 0.534032524 | 410.5091553 | 1.780869007 | 731.0630318 | 4481763.5 | 6130.474809 |
| 2003 | 0.526317477 | 420.1240234 | 1.798014879 | 755.3892453 | 4802591 | 6357.769892 |
| 2004 | 0.491828084 | 434.0855408 | 1.815325737 | 788.0066542 | 5217105.5 | 6620.636351 |
| 2005 | 0.480967939 | 439.8279419 | 1.832803369 | 806.1181335 | 5725997.5 | 7103.174165 |
| 2006 | 0.464551449 | 449.974823 | 1.851765513 | 833.2478591 | 6327201.5 | 7593.42065 |
| 2007 | 0.465148509 | 460.3553772 | 1.870923877 | 861.289867 | 7044530 | 8179.046648 |
| 2008 | 0.483262241 | 467.7654724 | 1.890280485 | 884.2079441 | 7770282.5 | 8787.845157 |
| 2009 | 0.488592803 | 475.3091431 | 1.909837365 | 907.7631614 | 8561358 | 9431.268379 |
| 2010 | 0.485937476 | 485.173584 | 1.929596543 | 936.1892706 | 9407726 | 10048.9573 |
| 2011 | 0.485937476 | 495.7492371 | 1.929596543 | 956.5960142 | 10298478 | 10765.75466 |

ਸਰੋਤ: ਲੇਖਕ ਦੀ ਗਣਨਾ (ਪੀ ਈ ਐੱਨ ਐੱਨ ਵਰਲਡ ਟੇਬਲਸ ਕਿਸਮ 8.0 'ਤੇ ਆਧਾਰਿਤ, ਫੀਨੇਸਟਰਾ, ਰਾਬਰਟ ਸੀ, ਰਾਬਰਟ ਇਨਲੀਅਰ ਅਤੇ ਮਾਰਸਲ ਪੀ.ਟਿੰਮਰ (2013), ਪੀ ਈ ਐੱਨ ਐੱਨ ਵਰਲਡ ਟੇਬਲ ਦੀ ਅਗਲੀ ਪੀੜ੍ਹੀ)।


(ਘਰੇਲੂ ਨੀਤੀਆਂ ਦਾ ਨਤੀਜਾ)। ਵਪਾਰਕ ਖੁੱਲ੍ਹ ਦੀ ਦਰ, ਵਿੱਤੀ ਬਾਜ਼ਾਰ ਦਾ ਉਦਾਰੀਕਰਨ (ਪੂੰਜੀਗਤ ਖੁੱਲ੍ਹ) ਅਤੇ ਤਕਨੀਕੀ ਬਦਲਾਅ ਨੂੰ ਕਾਰਕ ਅਬਰਾਬਰੀਆਂ ਦੇ ਬਾਹਰੀ ਕਾਰਨਾਂ ਵਜੋਂ ਜਾਣਿਆ ਗਿਆ ਹੈ। ਨਾਲ ਹੀ, ਵਿੱਤੀ, ਤਕਨੀਕੀ ਦਰ ਅਤੇ ਵਿੱਤੀ ਨੀਤੀਆਂ ਅਜਿਹੀਆਂ ਅਬਰਾਬਰੀਆਂ ਦੇ ਅੰਦਰੂਨੀ ਕਾਰਨ ਬਣਦੇ ਹਨ ਜੋ ਵਿਕਾਸ, ਨਿਵੇਸ਼ ਅਤੇ ਰੁਜ਼ਗਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ (ਯੂ ਐੱਨ ਡੀ ਪੀ, 2013)।

ਅਸੀਂ ਨਿਰਯਾਤ+ਆਯਾਤ (ਵਪਾਰ) ਦੇ ਅੰਕੜਿਆਂ ਨੂੰ ਵਪਾਰਕ ਖੁੱਲ੍ਹੇਪਨ ਨੂੰ ਮਾਪਣ ਲਈ ਅਸਲ ਕੁੱਲ ਘਰੇਲੂ ਉਤਪਾਦ ਦੀ ਪ੍ਰਤਿਸ਼ਤਤਾ ਵਜੋਂ ਵਰਤਦੇ ਹਾਂ। ਵਿੱਤੀ ਉਦਾਰੀਕਰਨ ਭਾਰਤ ਅੰਦਰ ਸ਼ੁੱਧ ਪੂੰਜੀ ਵਹਾਅ ਦੀ ਦਰ ਨਾਲ ਮਾਪਿਆ ਜਾਂਦਾ ਹੈ, ਜਦ ਕਿ ਤਕਨੀਕੀ ਬਦਲਾਅ ਪੂੰਜੀ-ਮਜ਼ਦੂਰ ਅਨੁਪਾਤ ਰਾਹੀਂ ਨਾਪੇ ਜਾਂਦੇ ਹਨ। ਚਿੱਤਰ-1 ਵਿਚ ਵਪਾਰਕ ਖੁੱਲ੍ਹ ਅਤੇ ਮਜ਼ਦੂਰੀ ਦੇ ਹਿੱਸੇ ਵਿਚਕਾਰ ਸੰਬੰਧ ਨੂੰ ਦਰਸਾਇਆ ਗਿਆ ਹੈ, ਜਦ ਕਿ ਚਿੱਤਰ-2 ਵਿਚ ਵਿੱਤੀ ਖੁੱਲ੍ਹ ਅਤੇ ਮਜ਼ਦੂਰੀ ਦੇ ਹਿੱਸੇ ਵਿਚਕਾਰ ਸੰਬੰਧਾਂ ਨੂੰ ਦਰਸਾਇਆ ਗਿਆ ਹੈ। ਜਿਵੇਂ ਕਿ ਵੇਖਿਆ ਗਿਆ ਹੈ, ਭਾਵੇਂ ਭਾਰਤ ਵਪਾਰ ਅਤੇ ਪੂੰਜੀ ਦੀ ਆਮਦ ਲਈ ਕਾਫ਼ੀ ਖੁੱਲ੍ਹਾ-ਖੁਲਾਸਾ ਹੋ ਗਿਆ ਹੈ, ਮਜ਼ਦੂਰੀ ਦੀ ਹਿੱਸੇਦਾਰੀ ਵਿਚ ਨਿਘਾਰ ਆਇਆ ਹੈ।

ਫਿਰ, ਸਾਨੂੰ ਤਕਨੀਕੀ ਬਦਲਾਅ ਦਾ ਅੰਦਾਜ਼ਾ ਲਾਉਣ ਦੀ ਲੋੜ ਸੀ। ਅਸੀਂ ਮਜ਼ਦੂਰੀ ਲਾਗਤ ਦਾ ਅੰਦਾਜ਼ਾ ਲਾਉਣ ਲਈ ਫੀਨਸਟਰਾ ਵਲੋਂ ਵਰਤੀ ਗਈ ਵਿਧੀ ਦੀ ਵਰਤੋਂ ਕੀਤੀ ਜਿਸ ਵਿਚ ਆਰਥਿਕਤਾ ਵਿਚ ਕਾਮਿਆਂ ਦੀ ਗਿਣਤੀ ਦੇ ਉਤਪਾਦ 'ਈ' ਦੇ ਗੁਣਾਂਕ ਵਿਚ ਔਸਤ ਮਾਨਵੀ ਪੂੰਜੀ ਨੂੰ 'ਐੱਚ ਸੀ' ਵਜੋਂ ਨਿਸਚਿਤ ਕੀਤਾ ਗਿਆ। ਨਤੀਜੇ ਵਿਚ ਪ੍ਰਾਪਤ 'ਐੱਲ' ਮਜ਼ਦੂਰੀ ਲਾਗਤ ਦੇ ਰੁਝਾਨ ਜੋ *ਸਟੈਂਡਰਡ ਕਾਬ ਡਗਲਸ* ਉਤਪਾਦਨ ਪ੍ਰਕਿਰਿਆ ਲਈ ਵਰਤੇ ਗਏ, ਨੂੰ ਫੜਦਾ ਹੈ। ਅਸੀਂ ਇਸ 'ਐੱਲ' ਨੂੰ 'ਕੇ' ਨਾਲ ਜੋੜ ਦਿਤਾ – ਪੂੰਜੀ ਲਾਗਤ, ਤਾਂ ਜੋ ਭਾਰਤੀ ਆਰਥਿਕਤਾ ਵਿਚ ਪੂੰਜੀ/ਮਜ਼ਦੂਰੀ ਅਨੁਪਾਤ ਦਾ ਹਿਸਾਬ ਲਾਇਆ ਜਾ ਸਕੇ। ਤਾਲਿਕਾ-3 ਵਿਚਲਾ ਨਤੀਜਾ ਸੰਕੇਤ ਕਰਦਾ ਹੈ ਕਿ ਭਾਰਤ ਵਿਚ ਪੂੰਜੀ/ਮਜ਼ਦੂਰੀ ਦਾ ਅਨੁਪਾਤ 1991 ਤੋਂ 2.37 ਗੁਣਾ ਵਧਿਆ ਹੈ। ਇਸੇ ਸਮੇਂ ਹੀ, ਕੁੱਲ ਘਰੇਲੂ ਉਤਪਾਦ ਵਿਚ ਮਜ਼ਦੂਰੀ ਇਵਜ਼ਾਨੇ ਦਾ ਹਿੱਸਾ (ਵਰਤਮਾਨ ਰਾਸ਼ਟਰੀ ਕੀਮਤਾਂ 'ਤੇ) ਅਸਲ ਵਿਚ 0.65 ਤੋਂ ਘਟ ਕੇ 0.485 ਹੋ ਗਿਆ ਹੈ। ਤਾਲਿਕਾ-3 ਸਥਿਰ ਰਾਸ਼ਟਰੀ ਕੀਮਤਾਂ 'ਤੇ, ਕੁੱਲ ਕਾਰਕ ਉਤਪਾਦਨ ਵਿਚ 0.77 ਤੋਂ 1.07 (ਬੇਸ 2005=1) ਦਾ ਚੜ੍ਹਾਅ ਵੀ ਦਿਖਾਉਂਦਾ ਹੈ। ਇਸ ਕਰਕੇ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ ਕੁੱਲ ਕਾਰਕ ਉਤਪਾਦਿਕਤਾ ਵਿਚਲੀਆਂ ਜ਼ਿਆਦਾ ਪ੍ਰਾਪਤੀਆਂ ਦਾ ਲਾਭ ਪੂੰਜੀ ਦੇ ਮਾਲਕਾਂ ਨੂੰ ਪ੍ਰਾਪਤ ਹੋਇਆ ਹੋਵੇਗਾ ਬਜਾਇ ਕਿ ਮਜ਼ਦੂਰਾਂ ਨੂੰ।


ਇਸ ਕਰਕੇ, ਭਾਰਤ ਲਗਾਤਾਰ ਬਾਕੀ ਦੁਨੀਆਂ ਨਾਲ ਏਕੀਕ੍ਰਿਤ ਹੋਇਆ, ਜੇ ਵਸਤਾਂ, ਸੇਵਾਵਾਂ ਅਤੇ ਪੂੰਜੀ ਦੀ ਗੱਲ ਕਰੀਏ। ਇਸ ਨੇ ਤਕਨੀਕੀ ਖੋਜਕਾਰਾਂ ਤੋਂ ਵੀ ਲਾਭ ਉਠਾਇਆ ਹੈ। ਮਜ਼ਦੂਰੀ ਹਿੱਸੇ 'ਤੇ ਪ੍ਰਭਾਵ 1991-2011 ਦੇ ਸਮੇਂ ਦੌਰਾਨ ਹੋਰ ਜ਼ਿਆਦਾ ਮਾੜਾ ਪ੍ਰਭਾਵ ਪਿਆ ਹੈ। ਤਾਂ ਵੀ, ਉਪਲਬਧ ਅੰਕੜੇ ਹੁਨਰਮੰਦ ਅਤੇ

ਚਿੱਤਰ-1 : ਭਾਰਤ ਵਿਚ ਵਪਾਰ ਖੁੱਲ੍ਹ ਅਤੇ ਕਾਰਕ ਅਬਰਾਬਰੀ




*ਸਰੋਤ:ਪੀ ਈ ਐੱਨ ਐੱਨ ਵਰਲਡ ਟੇਬਲ, ਕਿਸਮ 7.1,8.0 ਦੇ ਅੰਕੜੇ*

ਚਿੱਤਰ-2 : ਵਿੱਤੀ ਉਦਾਰੀਕਰਨ ਅਤੇ ਅਬਰਾਬਰੀ




*ਸਰੋਤ:ਭਾਰਤੀ ਰਿਜ਼ਰਵ ਬੈਂਕ ਦੀਆਂ ਸਾਲਾਨਾ ਰਿਪੋਰਟਾਂ, ਪੀ ਈ ਐੱਨ ਐੱਨ ਵਰਲਡ ਟੇਬਲ, ਕਿਸਮ 8.0 ਦੇ ਅੰਕੜੇ*

ਅਸਿੱਖਿਅਤ ਮੁਜ਼ਦੂਰੀ-ਅੰਤਰ ਕਾਰਕ ਅਬਰਾਬਰੀ ਵਿਚਾਲੇ, ਭਾਰਤੀ ਸੰਦਰਭ ਵਿਚ ਅਬਰਾਬਰੀ ਵੱਲ ਇਸ਼ਾਰਾ ਕਰਨ ਵਿਚ ਅਸਫਲ ਦਿਸਦੇ ਹਨ।

ਵਡੇਰੇ ਰੁਝਾਨ ਵਿਸ਼ਵ ਤਜਰਬੇ, ਜੋ ਖੁੱਲ੍ਹੇਪਨ ਅਤੇ ਤਕਨੀਕੀ ਬਦਲਾਅ (ਮਜ਼ਦੂਰੀ ਹਿੱਸੇ) ਨਾਲ ਸੰਬੰਧ ਰੱਖਦੇ ਹਨ, ਨਾਲ ਮੇਲ ਖਾਂਦੇ ਦਿਖਾਈ ਦਿੰਦੇ ਹਨ। ਅਸਲ ਵਿਚ, ਜਿਸ ਤਰ੍ਹਾਂ ਕਿ ਵਪਾਰ ਅਤੇ ਵਿਕਾਸ ਰਿਪੋਰਟ (ਯੂ ਐੱਨ ਸੀ ਟੀ ਏ ਡੀ) 2013 ਵਿਚ ਦਿਖਾਇਆ ਗਿਆ ਹੈ, ਜਦ ਕਿ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਮਜ਼ਦੂਰੀ ਦੇ ਹਿੱਸੇ 1995-2013 ਦੇ ਸਮੇਂ ਦੌਰਾਨ ਤਕਰੀਬਨ ਦੁਨੀਆਂ ਭਰ ਵਿਚ ਡਿੱਗੇ, ਭਾਰਤ ਇਸ ਸੰਬੰਧ ਵਿਚ ਖੇਤਰੀ ਸਾਥੀਆਂ ਵਿਚੋਂ ਸਭ ਤੋਂ ਫਾਡੀ ਰਿਹਾ। ਮਜ਼ਦੂਰੀ ਦੇ ਅਜਿਹੇ ਨਿਮਨ ਅਤੇ ਘਟਦੇ ਹਿੱਸਿਆਂ ਦਾ ਪ੍ਰਭਾਵ ਨਿੱਜੀ ਖਪਤ ਖਰਚੇ 'ਤੇ ਵੀ ਪਿਆ ਹੈ ਜਿਸ ਨੇ ਅੱਗੇ ਚੱਲ ਕੇ ਭਾਰਤ ਦੇ ਵਿਕਾਸ ਦੀ ਕਹਾਣੀ 'ਤੇ ਵੀ ਅਸਰ ਪਾਇਆ ਹੈ।

ਘਰੇਲੂ ਕਾਰਕ, ਕਾਰਕ ਆਮਦਨ ਅਬਰਾਬਰੀ 'ਤੇ ਕਿਵੇਂ ਅਸਰਅੰਦਾਜ਼ ਹੁੰਦੇ ਹਨ? 1980ਵਿਆਂ ਤੋਂ ਬਾਅਦ, ਕਰਜ਼ਾ ਸੰਕਟ ਦੇ ਚਲਦਿਆਂ, ਜ਼ੋਰ ਦੇਣ ਵਿਚ ਬਦਲਾਅ ਆਇਆ, ਜੋ ਕੀਨੇਸੀਅਨ ਵਿਆਪਕ ਸਥਿਰਤਾ ਤੋਂ ਵਧੇਰੇ ਵਿੱਤੀ ਸੰਤੁਲਨ ਅਤੇ ਕੀਮਤਾਂ ਦੀ ਸਥਿਰਤਾ ਵੱਲ ਚਲਾ ਗਿਆ। ਮਹੱਤਵ ਵਿਚ ਅਜਿਹਾ ਬਦਲਾਅ, ਵਧਦੀ ਅਬਰਾਬਰੀ ਦਾ ਕਾਰਕ ਸਿੱਧ ਹੋਇਆ ਹੈ। ਇਸ ਲਈ, ਸੰਕੁਚਿਤ ਵਿਤੀ ਨੀਤੀਆਂ, ਵਿਆਜ ਦਰਾਂ, ਨਿਵੇਸ਼ ਅਤੇ ਵਿਕਾਸ 'ਤੇ ਪੈਣ ਵਾਲੇ ਆਪਣੇ ਮਾੜੇ ਪ੍ਰਭਾਵ ਸਦਕਾ, ਬੇਰੁਜ਼ਗਾਰੀ ਵਿਚ ਵਾਧੇ ਦਾ ਕਾਰਨ ਬਣੀਆਂ। ਵਿੱਤੀ ਉਦਾਰੀਕਰਨ ਦਾ ਰੀਅਲ ਇਫੈਕਟਿਵ ਐਕਸਚੇਂਜ ਰੇਟ 'ਤੇ ਪ੍ਰਭਾਵ ਪਿਆ, ਜੋ ਵਧਦਾ ਗਿਆ, ਜਿਸ ਨਾਲ ਜ਼ਿਆਦਾ ਆਯਾਤ ਕਰਨਾ ਪਿਆ। ਸਿੱਟੇ ਵਜੋਂ, ਘਰੇਲੂ ਉਤਪਾਦਨ ਅਤੇ ਰੁਜ਼ਗਾਰ 'ਤੇ ਮਾੜਾ ਅਸਰ ਪਿਆ। ਇਸੇ ਤਰ੍ਹਾਂ ਹੀ, ਬੁਨਿਆਦੀ ਢਾਂਚੇ, ਸਿੱਖਿਆ ਅਤੇ ਸਿਹਤ ਖੇਤਰ ਦੇ ਖਰਚਿਆਂ ਵਿਚ ਕਟੌਤੀ ਕਰਕੇ ਵਿੱਤੀ ਸੰਤੁਲਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੇ ਗਰੀਬਾਂ ਦੇ ਆਮਦਨ ਕਮਾਉਣ ਦੀ ਸੰਭਾਵਨਾ ਅਤੇ ਸਮਾਜਿਕ ਗਤੀਸ਼ੀਲਤਾ 'ਤੇ ਪ੍ਰਭਾਵ ਪਾਇਆ (ਯੂ ਐੱਨ ਡੀ ਪੀ, 2013)।

ਇਸ ਤਰ੍ਹਾਂ, ਕੀਮਤ ਸਥਿਰਤਾ ਅਤੇ ਵਿੱਤੀ ਸੰਤੁਲਨ ਪ੍ਰਾਪਤ ਕਰਨ ਲਈ ਬਣਾਈਆਂ ਰਾਸ਼ਟਰੀ ਨੀਤੀਆਂ ਦਾ, ਅਣਇੱਛਤ ਤੌਰ ਤੇ ਕੁੱਲ ਘਰੇਲੂ ਉਤਪਾਦ ਵਿਚ ਮਜ਼ਦੂਰੀ ਦੇ ਹਿੱਸੇ ਘੱਟ ਕਰਨ ਦਾ ਸਿੱਟਾ ਨਿਕਲਿਆ।

ਭਾਰਤ, ਖ਼ਾਸ ਕਰਕੇ 2010 ਤੋਂ ਬਾਅਦ ਦੇ ਵਿੱਤੀ ਸੰਕਟ ਦੇ ਸੰਦਰਭ ਵਿਚ, ਨੇ ਸਖ਼ਤ ਵਿੱਤੀ ਨੀਤੀਆਂ ਅਪਣਾਈਆਂ ਹਨ ਜਿਨ੍ਹਾਂ ਦਾ ਮਕਸਦ ਮਜ਼ਬੂਤੀ ਪ੍ਰਾਪਤ ਕਰਨਾ ਸੀ। ਅਜਿਹੀਆਂ ਨੀਤੀਆਂ ਦਾ, ਮਿੱਥੇ ਉਦੇਸ਼ ਪ੍ਰਾਪਤ ਕਰਨ ਵਿਚ ਸੀਮਤ ਪ੍ਰਭਾਵ ਰਿਹਾ, ਮਤਲਬ ਕੀਮਤ ਸਥਿਰਤਾ ਬਣਾਈ ਰੱਖਣਾ ਅਤੇ ਵਿੱਤੀ ਘਾਟੇ ਨੂੰ ਘਟਾਉਣਾ। ਪਰ ਅਜਿਹਾ ਵਿਕਾਸ ਅਤੇ ਰੁਜ਼ਗਾਰ ਦੀ ਕੀਮਤ 'ਤੇ ਹੋਇਆ, ਜੋ ਘਟਦੇ ਹੋਏ ਮਜ਼ਦੂਰੀ ਹਿੱਸੇ ਦੀ ਸ਼ਕਲ ਵਿਚ ਵਧਦੀਆਂ ਕਾਰਕ ਅਬਰਾਬਰੀਆਂ ਵਜੋਂ ਦਰਸਾਇਆ ਗਿਆ। ਪਰ ਅਜਿਹੀਆਂ ਰਾਸ਼ਟਰੀ ਨੀਤੀਆਂ ਦਾ ਮੁੱਖ ਉਦੇਸ਼ ਬਾਹਰੀ ਝਟਕਿਆਂ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨਾ ਹੋਣਾ ਚਾਹੀਦਾ ਹੈ ਜੋ ਕਾਰਕ ਨਾ-ਬਰਾਬਰੀ ਦੇ ਵਿਸ਼ਵ ਕਾਰਕਾਂ ਵਜੋਂ ਕੰਮ ਕਰਦੇ ਹਨ।

## ਨੀਤੀਗਤ ਪ੍ਰਭਾਵ

ਇਹ ਸਮਾਂ ਹੈ ਕਿ ਮਜ਼ਦੂਰੀ ਇਵਜ਼ਾਨੇ ਅਤੇ ਰਾਸ਼ਟਰੀ ਆਮਦਨ ਵਿਚ ਮਜ਼ਦੂਰੀ ਹਿੱਸੇ ਦੇ ਨਜ਼ਰੀਏ ਤੋਂ ਅਬਰਾਬਰੀ ਦੇ ਅਫਸੋਸਨਾਕ ਮੁੱਦੇ ਦੀ ਪੜਤਾਲ ਕੀਤੀ ਜਾਵੇ। ਨੀਤੀਗਤ ਵਿਚਾਰ ਇਸ ਟੇਢੇ ਸਵਾਲ ਤੋਂ ਕੇਂਦਰਿਤ ਹੋਣੇ ਚਾਹੀਦੇ ਹਨ ਕਿ ਅਜਿਹੀਆਂ ਅਬਰਾਬਰੀਆਂ ਨਾਲ ਕਿਵੇਂ ਸਿੱਝਿਆ ਜਾਵੇ ਅਤੇ ਇਸ ਵਿਚ ਸਰਕਾਰ ਦੀ ਕੀ ਭੂਮਿਕਾ ਹੋਵੇ। ਭਾਰਤ ਦੇ ਪ੍ਰਾਚੀਨ ਮਜ਼ਦੂਰੀ ਕਾਨੂੰਨ ਜਿਵੇਂ, ਮਜ਼ਦੂਰੀ ਦੇ ਹਿੱਸੇ ਨੂੰ ਸੁਰੱਖਿਅਤ ਕਰਨ ਵਾਲੇ ਸਰਕਾਰੀ ਨਿਯਮਕ ਸਫਲ ਨਹੀਂ ਹੋਣਗੇ, ਜਿਸ ਨਾਲ ਜਾਂ ਤਾਂ ਬੇਰੁਜ਼ਗਾਰੀ ਜ਼ਿਆਦਾ ਵਧੇਗੀ (ਠੇਕੇਦਾਰੀ ਮਜ਼ਦੂਰੀ ਦੇ ਰੂਪ ਵਿਚ) ਜਾਂ ਸਵੈਚਾਲਕ ਹੋਰ ਵਧ ਜਾਵੇਗਾ। ਵਿੱਤ ਦੇ ਵਧਦੇ ਕਰ ਦੀ ਪ੍ਰਣਾਲੀ ਵੀ ਕੰਮ ਨਹੀਂ ਕਰੇਗੀ ਅਤੇ ਕਰ ਚੋਰੀ ਹੋਰ ਵਧੇਗੀ।

ਇਕ ਪਾਸੇ ਤਾਂ ਅਸੀਂ ਸਰਕਾਰ ਵਲੋਂ ਕਰ ਰਿਆਇਤਾਂ/ਛੋਟਾਂ ਵਰਗੇ ਸਮਾਜਿਕ ਨੁੰਮਣੇ ਉਨ੍ਹਾਂ ਫਰਮਾਂ ਨੂੰ ਦੇਣ ਦੀ ਵਕਾਲਤ ਕਰਦੇ ਹਾਂ ਜੋ ਲਾਭ ਸਾਂਝੇ ਕਰਨ ਦੇ ਮਜ਼ਦੂਰੀ ਪ੍ਰਬੰਧਨ ਦੀਆਂ ਵੱਖ-ਵੱਖ ਕਿਸਮਾਂ ਦਾ ਇਸਤੇਮਾਲ ਕਰਦੀਆਂ ਹਨ। ਇਸ ਨਾਲ ਨਾ ਸਿਰਫ਼ ਅਬਰਾਬਰੀ ਘਟੇਗੀ, ਸਗੋਂ ਨਿਰੰਤਰ ਨਿੱਜੀ ਖਪਤ ਪੈਦਾ ਕਰਕੇ ਅਤੇ ਕੁੱਲ ਮੰਗ ਬਣਾਈ ਰੱਖ ਕੇ ਬੇਹਤਰ ਵਿਆਪਕ ਆਰਥਿਕ ਨਤੀਜੇ ਵੀ ਯਕੀਨੀ ਬਣਾਏ ਜਾ ਸਕਣਗੇ (ਜਯਾਕੁਮਾਰ, 2014, ਅਪ੍ਰੈਲ 30)। ਦੂਜੇ ਪਾਸੇ, ਸਰਕਾਰੀ ਵਿਆਪਕ ਨੀਤੀਆਂ ਦਾ ਕੇਂਦਰ ਵਿਕਾਸ ਤੇ ਮਹਿੰਗਾਈ ਦਰ ਤੋਂ ਹਟਾ ਕੇ ਰੁਜ਼ਗਾਰ ਅਤੇ ਹੁਨਰ ਪੈਦਾ ਕਰਨ ਵੱਲ ਮੋੜਨਾ ਪਵੇਗਾ ਤਾਂ ਜੋ ਵਿਸ਼ਵੀਕਰਨ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘੱਟ ਕੀਤਾ ਜਾ ਸਕੇ (ਖ਼ਾਸ ਕਰਕੇ ਵਿੱਤੀ ਵਿਸ਼ਵੀਕਰਨ) ਅਤੇ ਕਾਰਕ ਹਿੱਸੇਦਾਰੀ ਵਿਚ ਤਕਨੀਕੀ ਬਦਲਾਅ/ਨਿਕਟ ਭੁਗਤਾਨ, ਖ਼ਾਸ ਕਰਕੇ ਜੋ ਪੇਂਡੂ ਮਜ਼ਦੂਰੀ ਕਮਾਉਣ ਵਾਲਿਆਂ ਵੱਲ ਸੇਧਿਤ ਹੋਣ, ਭਾਰਤ ਵਿਚ ਸੰਚਾਲਿਤ ਅਬਰਾਬਰੀ ਘੱਟ ਕਰਨ ਵਿਚ ਸਹਾਇਕ ਹੋਣਗੇ।

ਕੁੱਲ ਮਿਲਾ ਕੇ, ਸੰਚਾਲਿਤ, ਨਾ ਕਿ ਨਿੱਜੀ ਅਬਰਾਬਰੀ ਨੂੰ ਘੱਟ ਕਰਨ ਦੇ ਉਪਾਵਾਂ ਦਾ ਅਬਰਾਬਰੀ ਘੱਟ ਕਰਨ ਵਿਚ ਲੰਮੇ ਸਮੇਂ ਦਾ ਪ੍ਰਭਾਵ ਪਵੇਗਾ।

*(ਲੇਖਿਕਾ ਮੁੰਬਈ ਸਥਿਤ ਐੱਸ. ਪੀ. ਜੈਨ ਇੰਸਟਚਿਊਟ ਆਫ਼ ਮੈਨੇਜਮੈਂਟ ਐਂਡ ਰਿਸਰਚ ਵਿਚ ਅਰਥਚਾਰੇ ਦੀ ਐਸੋਸ਼ੀਏਟ ਪ੍ਰੋਫੈਸਰ ਹੈ।)*

*e-mail :tulsi.jayakumar@spjimr.org*

# ਜੈਵਿਕ ਪਖ਼ਾਨੇ : ਮਨੁੱਖੀ ਮਲ਼ ਦਾ ਕਲਾਮਈ ਪ੍ਰਬੰਧਨ

ਹੁਜ਼ੈਫਾ ਖੋਰਕੀਵਾਲ

ਗਾਹੇ-ਬਗਾਹੇ, ਅਸੀਂ ਦੇਸ਼ ਅੰਦਰ ਖੁੱਲ੍ਹੇ ਵਿਚ ਮਲ਼ ਤਿਆਗਣ ਦੀ ਸਮੱਸਿਆ ਬਾਰੇ ਖ਼ਬਰਾਂ ਪੜ੍ਹਦੇ ਰਹਿੰਦੇ ਹਾਂ। ਅਸਲ ਵਿਚ, ਇਹ ਭੂਤਕਾਲ ਦੇ ਹਾਥੀਆਂ ਜਾਂ ਸਪੇਰਿਆਂ ਵਾਂਗ ਇਕ ਰਾਸ਼ਟਰੀ ਲੱਛਣ ਵਜੋਂ ਜਾਣਿਆ ਜਾਣ ਲੱਗਾ ਹੈ। ਭਾਰਤ ਅੰਦਰ ਦੁਨੀਆਂ ਭਰ ਦੇ ਖੁੱਲ੍ਹੇ ਵਿਚ ਮਲ਼ ਤਿਆਗਣ ਵਾਲਿਆਂ ਦੀ 60 ਪ੍ਰਤਿਸ਼ਤ ਵਸੋਂ ਰਹਿੰਦੀ ਹੈ। 62 ਕਰੋੜ ਤੋਂ ਵੱਧ ਜਾਂ ਅੰਦਾਜ਼ਨ ਭਾਰਤ ਦੀ ਅੱਧੀ ਜਨਸੰਖਿਆ ਖੁੱਲ੍ਹੇ ਵਿਚ ਮਲ਼ ਤਿਆਗ ਕਰਦੀ ਹੈ ਅਤੇ ਨਿਕਟ ਭਵਿੱਖ ਵਿਚ ਇਹ ਸੰਖਿਆ ਘਟਦੀ ਨਜ਼ਰ ਨਹੀਂ ਆਉਂਦੀ। ਇਥੋਂ ਤਕ ਕਿ ਸ਼ਹਿਰੀ ਭਾਰਤ ਵਿਚ ਵੀ 18 ਪ੍ਰਤਿਸ਼ਤ ਲੋਕ ਖੁੱਲ੍ਹੇ ਵਿਚ ਮਲ਼ ਤਿਆਗਦੇ ਹਨ ਜਦ ਕਿ ਪੇਂਡੂ ਖੇਤਰਾਂ ਵਿਚ ਇਹ ਗਿਣਤੀ 69 ਪ੍ਰਤਿਸ਼ਤ ਹੈ।

ਪਖ਼ਾਨੇ ਦੀ ਸਹੂਲਤ ਦੀ ਕਮੀ ਸਿੱਖਿਆ ਖੇਤਰ ਵਿਚ ਵੀ ਸਮੂਹਿਕ ਨੁਕਸਾਨ ਪਹੁੰਚਾਉਂਦੀ ਹੈ। ਪੇਂਡੂ ਖੇਤਰਾਂ ਵਿਚ ਜ਼ਿਆਦਾਤਰ ਸਕੂਲ ਸਹਿ-ਸਿੱਖਿਆ ਵਾਲੇ ਹਨ ਜਿਥੇ ਮੁੰਡੇ ਅਤੇ ਕੁੜੀਆਂ ਇਕੱਠੇ ਸਿੱਖਿਆ ਪ੍ਰਾਪਤ ਕਰਦੇ ਹਨ ਕਿਉਂਕਿ ਪਿੰਡਾਂ ਵਾਲੇ ਵੱਖਰੇ-ਵੱਖਰੇ ਸਕੂਲ ਅਤੇ ਅਧਿਆਪਕ ਮੁਹੱਈਆ ਨਹੀਂ ਕਰਵਾ ਸਕਦੇ। ਜ਼ਿਆਦਾਤਰ ਸੈਕੰਡਰੀ ਸਕੂਲਾਂ 'ਚ ਲੜਕੀਆਂ ਜਦੋਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦੀਆਂ ਹਨ ਤਾਂ ਸਕੂਲ ਛੱਡ ਦਿੰਦੀਆਂ ਹਨ ਕਿਉਂਕਿ ਸਕੂਲਾਂ 'ਚ ਪਖ਼ਾਨਿਆਂ ਦਾ ਪ੍ਰਬੰਧ ਨਹੀਂ ਹੁੰਦਾ ਜਿਥੇ ਉਹ ਆਪਣੇ ਸਰੀਰ ਦੀ ਸਾਫ਼-ਸਫ਼ਾਈ ਦਾ ਧਿਆਨ ਰੱਖ ਸਕਣ।

## ਇਕੱਲਾ ਸੁਹਜ ਹੀ ਨਹੀਂ

ਜੇ ਸੁਹਜ ਦੇ ਪੱਖ ਨੂੰ ਛੱਡ ਵੀ ਦਈਏ, ਤਾਂ ਖੁੱਲ੍ਹੇ ਵਿਚ ਮਲ਼ ਤਿਆਗਣ ਨਾਲ ਜਨਤਕ ਸਿਹਤ ਲਈ ਇਕ ਵੱਡਾ ਖ਼ਤਰਾ ਖੜ੍ਹਾ ਹੋ ਜਾਂਦਾ ਹੈ। ਮਲ਼ ਦਾ ਪਾਣੀ ਦੇ ਸਰੋਤਾਂ ਜਿਵੇਂ ਨਦੀਆਂ, ਛੱਪੜ, ਤਾਲਾਬਾਂ, ਖ਼ਾਸ ਕਰਕੇ ਬਰਸਾਤ ਦੇ ਮੌਸਮ ਵਿਚ, ਅਸਾਨੀ ਨਾਲ ਮਿਲਣ ਕਾਰਨ ਪਾਣੀ ਬੁਰੀ ਤਰ੍ਹਾਂ ਅਸ਼ੁੱਧ ਹੋ ਜਾਂਦਾ ਹੈ ਕਿਉਂਕਿ ਪੇਂਡੂ ਖੇਤਰਾਂ ਵਿਚ ਆਧੁਨਿਕ ਪਾਣੀ ਸੋਧਕ ਯੰਤਰ ਲਾਉਣੇ ਸੌਖੇ ਨਹੀਂ ਹਨ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਟਾਈਫਾਇਡ, ਪੇਚਸ਼, ਹੈਪਾਟਾਟਿਸ, ਅੰਤੜੀਆਂ ਦੇ ਕੀੜੇ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਹੋਰ ਬੀਮਾਰੀਆਂ ਦੂਰ-ਦੁਰਾਡੇ ਖੇਤਰਾਂ ਵਿਚ ਖ਼ਤਮ ਹੋਣ ਦਾ ਨਾਮ ਨਹੀਂ ਲੈਂਦੀਆਂ।

## ਸੈਪਟਿਕ ਟੈਂਕ ਵੀ ਸੁਰੱਖਿਅਤ ਨਹੀਂ

ਹਰੇਕ ਘਰ ਅੰਦਰ ਇਕ ਪਖ਼ਾਨਾ ਉਸਾਰਨਾ ਬੇਸ਼ਕ ਸ਼ਲਾਘਾਯੋਗ ਉੱਦਮ ਹੈ ਪਰ ਗੱਲ ਇਸ ਤੋਂ ਅੱਗੇ ਤਕ ਜਾਂਦੀ ਹੈ। ਬੁਨਿਆਦੀ ਸੈਪਟਿਕ ਟੈਂਕ ਸਾਨੂੰ ਸੌਖੇ ਅਤੇ ਸਸਤੇ ਹੱਲ ਜ਼ਰੂਰ ਪ੍ਰਤੀਤ ਹੁੰਦੇ ਹਨ ਪਰ ਇਹ ਮਲ਼ ਦੇ ਮਿੱਟੀ ਵਿਚ ਜਜ਼ਬ ਹੋਣ ਦੇ ਖ਼ਤਰੇ ਨਾਲ ਭਰੇ ਪਏ ਹਨ ਕਿਉਂਕਿ ਇਨ੍ਹਾਂ ਦਾ ਡਿਜ਼ਾਈਨ ਅਤੇ ਨਿਰਮਾਣ ਢੁਕਵਾਂ ਨਹੀਂ ਹੁੰਦਾ। ਰਿਸਾਅ ਸਾਰਾ ਸਾਲ ਹੁੰਦਾ ਰਹਿੰਦਾ ਹੈ ਅਤੇ ਇਸ ਨੂੰ ਰੋਕਣਾ ਵੀ ਸੌਖਾ ਨਹੀਂ ਕਿਉਂਕਿ ਇਹ ਪ੍ਰਤੱਖ ਤੌਰ ਤੇ ਵੇਖਣ ਵਾਲਿਆਂ ਨੂੰ ਨਜ਼ਰ ਨਹੀਂ ਆਉਂਦਾ ਅਤੇ ਉਹ ਝੂਠੀ ਸੁਰੱਖਿਆ ਦੇ ਭਰਮ ਜਾਲ ਵਿਚ ਫਸ ਜਾਂਦੇ ਹਨ ਜੋ ਜਨਤਕ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ।

## ਜੈਵਿਕ ਪਖ਼ਾਨੇ ਦੀ ਆਮਦ

ਇਸੇ ਪਿਛੋਕੜ ਵਿਚ ਜੈਵਿਕ ਪਖ਼ਾਨਿਆਂ ਦੀ ਆਮਦ ਹੋਈ ਜਿਸ ਦਾ ਹੁੰਗਾਰਾ ਹਾਂ ਪੱਖੀ ਹੈ। ਸੈਪਟਿਕ ਟੈਂਕ ਦੇ ਮੁਕਾਬਲੇ ਜੈਵਿਕ ਪਖ਼ਾਨੇ ਵਿਚ ਜੈਵਿਕ ਸੋਖਣ ਟੈਂਕ ਲਾਇਆ ਜਾਂਦਾ ਹੈ ਕਿਉਂਕਿ ਇਹ ਆਧੁਨਿਕ ਜੈਵਿਕ ਸਿਧਾਂਤ ਅਨੁਸਾਰ ਮਲ਼ ਨੂੰ ਜਜ਼ਬ ਕਰਨ ਵਿਚ ਮਦਦ ਕਰਦਾ ਹੈ। ਜਦ ਕਿ ਸੈਪਟਿਕ ਟੈਂਕ ਸਮੇਂ ਦੇ ਨਾਲ ਮਲ਼ ਦੇ ਗਾਰ ਜਾਂ ਖਾਦ ਵਿਚ ਬਦਲਣ ਦੀ ਸਿਰਫ਼ ਉਡੀਕ ਹੀ ਕਰਦਾ ਹੈ ਅਤੇ ਜਿਸ ਦੌਰਾਨ ਬਿਨਾਂ ਕਿਸੇ ਰੁਕਾਵਟ ਦੇ ਰਿਸਾਅ ਜਾਰੀ ਰਹਿੰਦਾ ਹੈ। ਜੈਵਿਕ ਪਖ਼ਾਨਾ ਆਪਣੇ ਤੌਰ ਤੇ ਮਲ਼ ਨਾਲ ਢੁਕਵੇਂ ਤਰੀਕੇ ਨਾਲ ਨਜਿੱਠਦਾ ਹੈ। ਉਹ ਅਜਿਹਾ ਆਕਸੀਜਨ ਦੀ ਅਣਹੋਂਦ ਵਿਚ ਪਲਣ ਵਾਲੇ ਬੈਕਟੀਰੀਆ ਦੀ ਮਦਦ ਨਾਲ ਕਰਦਾ ਹੈ ਜੋ ਆਕਸੀਜਨ ਦੀ ਗ਼ੈਰ-ਮੌਜੂਦਗੀ ਵਿਚ ਬੰਦ ਟੈਂਕ ਵਿਚ ਵੱਡੀ ਗਿਣਤੀ ਵਿਚ ਤੇਜ਼ੀ ਨਾਲ ਵਧਦੇ ਹਨ। ਇਹ ਬੈਕਟੀਰੀਆ ਮਲ਼ ਨੂੰ ਪੂਰੀ ਤਰ੍ਹਾਂ ਪਾਣੀ ਅਤੇ ਜੈਵਿਕ ਗੈਸ ਵਿਚ ਬਦਲ ਦਿੰਦਾ ਹੈ। ਦੂਜੇ ਸ਼ਬਦਾਂ ਵਿਚ, ਜੈਵਿਕ ਪਖ਼ਾਨੇ ਦੀ ਤਕਨੀਕ ਵਿਚ ਸਰਗਰਮ ਜਜ਼ਬੀਕਰਨ ਦੀ ਪ੍ਰਕਿਰਿਆ ਸ਼ਾਮਿਲ਼ ਹੈ ਜਦ ਕਿ ਪੁਰਾਣੇ ਤਰੀਕੇ ਵਿਚ ਉਦਾਸੀਨ ਜਜ਼ਬੀਕਰਨ ਹੁੰਦਾ ਹੈ।

ਜੈਵਿਕ ਪਖ਼ਾਨੇ ਦੇ ਹੋਰ ਵੀ ਕਈ ਫ਼ਾਇਦੇ ਹਨ। ਇਹ ਜ਼ਿਆਦਾ ਠੋਸ ਹੈ ਕਿਉਂਕਿ ਸੈਪਟਿਕ ਟੈਂਕ ਦੇ ਮੁਕਾਬਲੇ ਸਿਰਫ਼ ਇਕ ਤਿਹਾਈ ਥਾਂ ਘੇਰਦਾ ਹੈ। ਸੈਪਟਿਕ ਟੈਂਕ ਨੂੰ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਖਾਲੀ ਕਰ ਕੇ ਸਾਫ਼ ਕਰਵਾਉਣਾ ਪੈਂਦਾ ਹੈ ਜਦ ਕਿ ਜੈਵਿਕ ਪਖ਼ਾਨੇ ਨੂੰ ਸਾਫ਼ ਕਰਵਾਉਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਇਹ 90 ਪ੍ਰਤਿਸ਼ਤ ਮਲ਼ ਨੂੰ ਸਾੜ ਦਿੰਦਾ ਹੈ। ਇਸ ਤਰ੍ਹਾਂ ਬਿਨਾਂ ਕਿਸੇ ਰੱਖ-ਰਖਾਅ ਦੇ ਜੈਵਿਕ ਪਖ਼ਾਨੇ ਦੀ 50 ਸਾਲ ਦੇ ਲਗਭਗ ਉਮਰ ਹੁੰਦੀ ਹੈ ਜਦ ਕਿ ਸੈਪਟਿਕ ਟੈਂਕ ਦੀ ਸਾਲਾਨਾ ਮੁਰੰਮਤ ਕਰਾਉਣੀ ਪੈਂਦੀ ਹੈ ਅਤੇ ਇਸ ਨੂੰ ਹਰ ਪੰਜ ਸਾਲ ਬਾਅਦ ਨਵੇਂ ਸਿਰਿਉਂ ਉਸਾਰਨਾ ਪੈਂਦਾ ਹੈ।

## ਪਾਣੀ ਦੀ ਕਮੀ

ਖੁੱਲ੍ਹੇ ਵਿਚ ਮਲ਼ ਤਿਆਗਣ ਦਾ ਇਕ ਪ੍ਰਮੁੱਖ ਕਾਰਨ ਸਾਡੇ ਦੇਸ਼ ਵਿਚ ਪਾਣੀ ਦੀ ਥੁੜ੍ਹ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਬਹੁਤ ਵਧੀਆ ਬਣੇ ਹੋਏ ਪਖ਼ਾਨੇ ਨਿਕਾਸ ਰੁਕਣ ਕਾਰਨ ਅਣਵਰਤੇ ਪਏ ਹੁੰਦੇ ਹਨ ਕਿਉਂਕਿ ਪਾਣੀ ਦੀ ਸਹੂਲਤ ਨਹੀਂ ਹੁੰਦੀ। ਪੇਂਡੂ ਅਤੇ ਇਥੋਂ ਤਕ ਕਿ ਸ਼ਹਿਰੀ ਝੁੱਗੀ-ਝੌਂਪੜੀ ਵਾਲੇ ਵੀ ਪਖ਼ਾਨਾ ਜਾਣ ਸਮੇਂ ਪਾਣੀ ਦੀ ਇਕ ਬੋਤਲ ਹੀ ਲਿਜਾਉਂਦੇ ਹਨ ਨਾ ਕਿ ਪਾਣੀ ਦੀ ਬਾਲਟੀ ਭਰ ਕੇ ਕਿਉਂਕਿ ਜਾਂ ਤਾਂ ਇੰਨਾ ਪਾਣੀ ਉਪਲਬਧ ਹੀ ਨਹੀਂ ਹੁੰਦਾ ਜਾਂ ਇੰਨੀ ਦੂਰ ਲੈ ਕੇ ਜਾਣਾ ਸੰਭਵ ਹੀ ਨਹੀਂ ਹੁੰਦਾ। ਇਹ ਸਾਡੇ ਸਾਹਮਣੇ ਜਨ-ਸਿਹਤ ਦੀ ਅਗਲੀ ਲੋੜ ਲਿਆਉਂਦੀ ਹੈ – ਢੁਕਵੀਂ ਮਾਤਰਾ ਵਿਚ ਪਾਣੀ ਦੀ ਪੂਰਤੀ। ਸਿਰਫ਼ ਪਖ਼ਾਨੇ ਬਣਾ ਦੇਣਾ ਹੀ ਕਾਫ਼ੀ ਨਹੀਂ ਹੈ ਜੇ ਉਹ ਕੁਝ ਹਫ਼ਤਿਆਂ ਵਿਚ ਹੀ ਪਾਣੀ ਦੀ ਕਮੀ ਕਾਰਨ ਰੁਕ ਜਾਣ।

*(ਲੇਖਿਕਾ ਵੌਕਹਾਰਟ ਗਰੁੱਪ ਨਾਲ ਸੰਬੰਧਿਤ ਹੈ।)*
*e-mail :ceo@wockhardtfoundation.org*

# ਸਵੱਛ ਭਾਰਤ ਲਈ ਮੁਹਿੰਮ

ਹਰਬੰਸ ਸਿੰਘ ਚਾਹਲ

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਕਮਾਨ ਸੰਭਾਲਣ ਬਾਅਦ ਆਪਣੀ ਸਰਕਾਰ ਦੀਆਂ ਜਿਹੜੀਆਂ ਨੀਤੀਆਂ ਦਾ ਐਲਾਨ ਕੀਤਾ ਗਿਆ ਹੈ ਉਨ੍ਹਾਂ ਵਿਚ 'ਸਵੱਛ ਭਾਰਤ' ਦੇ ਨਾਮ ਅਧੀਨ ਮਹਾਤਮਾ ਗਾਂਧੀ ਦੇ ਜਨਮ ਦਿਨ (2 ਅਕਤੂਬਰ) ਤੋਂ ਚਲਾਈ ਗਈ ਸਫ਼ਾਈ ਦੀ ਮੁਹਿੰਮ ਦਾ ਵਿਸ਼ੇਸ਼ ਸਥਾਨ ਹੈ। ਇਸ ਤੋਂ ਪਹਿਲਾਂ ਦੇਸ਼ ਵਲੋਂ ਵਾਤਾਵਰਨ ਦੀ ਸਵੱਛਤਾ ਦੇ ਮੁੱਦੇ 'ਤੇ ਕੋਈ ਵਿਸ਼ੇਸ਼ ਸਰਗਰਮੀ ਜਾਂ ਦਿਲਚਸਪੀ ਨਹੀਂ ਦਿਖਾਈ ਗਈ ਸੀ। ਪੰਜਾਬ ਵਿਚ ਜੇਕਰ ਕੁਝ ਰਾਜਸੀ ਦਲਾਂ ਨੇ ਇਸ ਮੁੱਦੇ ਨੂੰ ਆਪਣੇ ਚੋਣ-ਮਨੋਰਥ ਪੱਤਰਾਂ ਵਿਚ ਸ਼ਾਮਿਲ ਕੀਤਾ ਹੈ ਤਾਂ ਉਹ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਵਾਰ-ਵਾਰ ਕੀਤੀਆਂ ਗਈਆਂ ਅਪੀਲਾਂ ਕਾਰਨ ਜਾਂ ਫਿਰ ਸੰਤ ਸੀਚੇਵਾਲ ਵਲੋਂ ਰਾਜ ਵਿਚ ਉਸਾਰੀ ਲਈ ਵਾਤਾਵਰਨ ਸੁਧਾਰ ਦੀ ਜਨਤਕ ਮੁਹਿੰਮ ਦੇ ਦਬਾਅ ਕਾਰਨ। ਪਰ ਆਪਣੀ ਸਵੈ-ਇੱਛਾ ਨਾਲ ਕਿਸੇ ਵੀ ਰਾਜਨੀਤਕ ਦਲ ਨੇ ਇਸ ਮੁੱਦੇ ਦੇ ਹੱਕ ਵਿਚ ਜਨਤਕ ਲਾਮਬੰਦੀ ਲਈ ਉਪਰਾਲੇ ਨਹੀਂ ਕੀਤੇ। ਹੁਣ ਜਦ ਕਿ ਸ੍ਰੀ ਮੋਦੀ ਨੇ ਦੇਸ਼ ਨੂੰ ਸਵੱਛ ਬਣਾਉਣ ਦੇ ਆਪਣੇ ਤਹੱਈਏ ਦਾ ਜਨਤਕ ਤੌਰ ਤੇ ਐਲਾਨ ਕੀਤਾ ਹੈ ਤਾਂ ਉਨ੍ਹਾਂ ਦੀ ਇਸ ਪਹਿਲਕਦਮੀ ਦਾ ਸਵਾਗਤ ਕਰਨਾ ਬਣਦਾ ਹੈ।

ਸੱਛਤਾ ਦਾ ਮਸਲਾ ਬਹੁਤ ਨਾਜ਼ੁਕ ਤੇ ਗੰਭੀਰ ਹੈ। ਜੇ ਗੱਲ ਇੰਨੀ ਸਿੱਧੀ-ਪੱਧਰੀ ਹੁੰਦੀ ਤਾਂ ਪ੍ਰਦੂਸ਼ਨ ਦਾ ਮਸਲਾ ਸੰਸਾਰ ਪੱਧਰ ਤਕ ਇੰਨਾ ਗੰਭੀਰ ਰੂਪ ਅਖ਼ਤਿਆਰ ਨਾ ਕਰ ਗਿਆ ਹੁੰਦਾ ਕਿ ਯੂ.ਐੱਨ. ਓ. ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਇਸ ਸੰਬੰਧੀ ਚਿੰਤਾਤੁਰ ਹੁੰਦੀਆਂ ਅਤੇ ਸਾਡੇ ਦੇਸ਼ ਅੰਦਰ 1974 ਦੇ ਐਕਟ ਤਹਿਤ ਰਾਜ ਅਤੇ ਕੇਂਦਰ ਪੱਧਰ ਦੇ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਅਤੇ ਹੁਣ ਗਰੀਨ ਟ੍ਰੀਬਿਊਟਲ ਆਦਿ ਸਥਾਪਿਤ ਕਰਨੇ ਨਾ ਪੈਂਦੇ।

ਬੇਸ਼ੱਕ ਥਾਂ-ਥਾਂ 'ਤੇ ਲੱਗੇ ਹੋਏ ਕੂੜੇ ਦੇ ਢੇਰਾਂ ਕਾਰਨ ਸਾਡਾ ਦੇਸ਼ ਇਕ ਵਿਸ਼ਾਲ ਕੂੜਾ-ਦਾਨ ਬਣ ਕੇ ਰਹਿ ਗਿਆ ਹੈ। ਇਸ ਗੰਦਗੀ ਕਾਰਨ ਕਰੋੜਾਂ ਲੋਕ, ਖ਼ਾਸ ਕਰਕੇ ਗਰੀਬ ਲੋਕ, ਗੰਭੀਰ ਬੀਮਾਰੀਆਂ ਨਾਲ ਪੀੜਤ ਹੋ ਰਹੇ ਹਨ। ਪਰ ਇਹ ਦੇਸ਼ ਨੂੰ ਇਸ ਸਮੇਂ ਦਰਪੇਸ਼ ਪ੍ਰਦੂਸ਼ਨ ਦੀ ਦੈਂਤਕਾਰੀ ਸਮੱਸਿਆ ਦਾ ਇਕ ਹਿੱਸਾ ਮਾਤਰ ਹੈ। ਇਸ ਤੋਂ ਵੀ ਕਿਤੇ ਭਿਆਨਕ ਪੱਖ ਹੈ ਸਮੁੱਚੇ ਦੇਸ਼ ਅੰਦਰ ਹੋ ਰਿਹਾ ਕੁਦਰਤੀ ਜਲ ਸੋਮਿਆਂ ਦਾ ਪ੍ਰਦੂਸ਼ਨ। 'ਸਵੱਛ ਭਾਰਤ' ਲਈ ਚਲਾਈ ਜਾ ਰਹੀ ਇਸ ਮੁਹਿੰਮ ਵਿਚ ਸਮੁੱਚੇ ਵਾਤਾਵਰਨ ਦੇ ਪ੍ਰਦੂਸ਼ਨ ਦੀਆਂ ਬਰੀਕੀਆਂ ਵੱਲ ਉਨਾ ਧਿਆਨ ਨਹੀਂ ਦਿਤਾ ਗਿਆ ਜਿੰਨੇ ਦੀ ਲੋੜ ਹੈ।

ਕੁਦਰਤੀ ਜਲ ਸਰੋਤਾਂ ਦੇ ਪ੍ਰਦੂਸ਼ਨ ਨੇ ਸਾਡੇ ਪੀਣ ਵਾਲੇ ਪਾਣੀ ਨੂੰ ਜ਼ਹਿਰੀਲਾ ਬਣਾ ਕੇ ਦੇਸ਼ ਦੀ ਸਮੂਹ ਜਨਤਾ ਨੂੰ ਮੌਤ ਦੀ ਕਗਾਰ ਵੱਲ ਧੱਕ ਦਿਤਾ ਹੈ। ਦੇਸ਼ ਵਿਚ ਤੇਜ਼ੀ ਨਾਲ ਫ਼ੈਲ ਰਹੀਆਂ ਕੈਂਸਰ, ਕਾਲਾ ਪੀਲੀਆ, ਅੰਤੜੀ ਰੋਗ, ਰਕਤ, ਸਾਹ ਅਤੇ ਚਮੜੀ ਦੀਆਂ ਲਾਇਲਾਜ ਬੀਮਾਰੀਆਂ ਦਾ ਪ੍ਰਮੁੱਖ ਕਾਰਨ ਜਲ ਸਰੋਤਾਂ ਦਾ ਜ਼ਹਿਰੀਲਾ ਤੇ ਦੂਸ਼ਿਤ ਹੋ ਜਾਣਾ ਹੀ ਹੈ। ਇਸ ਦੇ ਹੱਲ ਲਈ ਜ਼ਰੂਰੀ ਹੈ ਕਿ ਕੁਦਰਤੀ ਜਲ ਪ੍ਰਦੂਸ਼ਨ ਦੇ ਕਾਰਨਾਂ ਅਤੇ ਸਰੋਤਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਅਤੇ ਉਨ੍ਹਾਂ ਦੇ ਸਮਾਧਾਨ ਲਈ ਯੋਜਨਾਬਧ ਯਤਨ ਆਰੰਭੇ ਜਾਣ। ਜਲ ਸਰੋਤਾਂ ਦਾ ਪ੍ਰਦੂਸ਼ਨ ਚਾਹੇ ਉਦਯੋਗਾਂ ਦੀ ਜ਼ਹਿਰੀਲੀ ਰਹਿੰਦ-ਖੂੰਹਦ ਕਾਰਨ ਹੋ ਰਿਹਾ ਹੋਵੇ ਤੇ ਚਾਹੇ ਪਿੰਡਾਂ-ਸ਼ਹਿਰਾਂ ਦੀ ਘਰੇਲੂ ਰਹਿੰਦ-ਖੂਹੰਦ ਅਤੇ ਸੀਵਰੇਜਾਂ ਕਾਰਨ ਇਸ ਨੂੰ ਤੁਰੰਤ ਨਿਯੰਤ੍ਰਣ ਕਰਨ ਦੀ ਜ਼ਰੂਰਤ ਹੈ। ਇਸ ਨੂੰ ਨਿਯੰਤ੍ਰਣ ਕਰਨ ਵਿਚ ਦੇਰੀ ਕਰਨ ਦਾ ਅਰਥ ਨਾ ਸਿਰਫ਼ ਮੌਜੂਦਾ ਸਮੇਂ ਵਿਚ ਸਗੋਂ ਭਵਿੱਖ ਲਈ ਵੀ ਮਨੁੱਖੀ ਜੀਵਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣਾ ਹੈ।

ਨਦੀਆਂ ਦਰਿਆਵਾਂ ਵਿਚ ਸ਼ਰ੍ਹੇਆਮ ਪਾਏ ਜਾ ਰਹੇ ਗੰਦੇ ਤੇ ਗ਼ਹਿਰੀਲੇ ਪਾਣੀ ਧਰਤੀ ਹੇਠਾਂ ਜੀਰ ਕੇ ਧਰਤੀ ਹੇਠਲੇ ਸਾਫ਼ ਪਾਣੀ ਦੇ ਅਨਮੋਲ ਜ਼ਖੀਰੀਆਂ ਨੂੰ ਵੀ ਗ਼ਹਿਰੀਲਾ ਕਰ ਰਹੇ ਹਨ। ਯੋਜਨਾਬੰਦੀ ਤੋਂ ਵਿਰਵਾ ਉਦਯੋਗੀਕਰਨ ਤੇ ਸ਼ਹਿਰੀਕਰਨ , ਮੁਨਾਫ਼ੇ ਵਧਾਉਣ ਦੀ ਹੋੜ ਵਿਚ ਟਰੀਟਮੈਂਟ ਪਲਾਂਟ ਨਾ ਚਾਲੂ ਕਰਨ ਅਤੇ ਅਣਸੋਧੀ ਉਦਯੋਗਿਕ ਰਹਿੰਦ-ਖੂੰਹਦ ਨੂੰ ਨਦੀਆਂ ਨਾਲਿਆਂ ਵਿਚ ਵਹਾ ਦੇਣ ਦੀ ਰੁਚੀ ਅਤੇ ਅਧਿਕਾਰੀਆਂ ਵਲੋਂ ਕੁਦਰਤੀ ਜਲ ਸਰੋਤਾਂ ਦੇ ਪ੍ਰਦੂਸ਼ਨ ਦੀ ਆਗਿਆ ਦਿੰਦੇ ਜਾਣਾ ਆਦਿ ਬਹੁਤ ਕੁਝ ਅਜਿਹਾ ਹੈ ਜਿਸ ਨੂੰ ਭਾਰਤ ਦੀ ਸਵੱਛਤਾ ਲਈ ਰੋਕਣ ਦੀ ਲੋੜ ਹੈ। ਜ਼ਹਿਰੀਲੇ ਤੇ ਦੂਸ਼ਿਤ ਪਾਣੀਆਂ ਅਤੇ ਦੂਸ਼ਿਤ ਹਵਾ ਅਤੇ ਮਿੱਟੀ ਵਾਲਾ ਭਾਰਤ 'ਸਵੱਛ ਭਾਰਤ' ਕਿਵੇਂ ਕਿਹਾ ਜਾ ਸਕੇਗਾ? ਸਵੱਛ ਭਾਰਤ ਦੀ ਸਥਾਪਨਾ ਲਈ ਇਹ ਜ਼ਰੂਰੀ ਹੈ ਕਿ ਹਵਾ, ਪਾਣੀ, ਧਰਤੀ, ਖ਼ੁਰਾਕ ਤੇ ਵਾਤਾਵਰਨ ਸਾਫ਼-ਸੁਥਰੇ ਹੋਣ ਅਤੇ ਮਨੁੱਖਾਂ ਦੇ ਸਾਫ਼-ਸੁਥਰਾ ਜੀਵਨ ਜਿਊਣ ਦੇ ਬੁਨਿਆਦੀ ਅਧਿਕਾਰ ਦੀ ਰੱਖਿਆ ਹੋਵੇ।

ਸਵੱਛ ਭਾਰਤ ਦੀ ਮੁਹਿੰਮ ਦਾ ਸਹੀ ਅਰਥ ਹੈ ਦੇਸ਼ ਵਿਚ ਵਾਤਾਵਰਨ ਅਨੁਸਾਰੀ ਆਰਥਿਕ ਵਿਕਾਸ ਦੀ ਨੀਂਹ ਰੱਖਣਾ। ਇਸ ਤਰ੍ਹਾਂ ਇਹ ਇਕ ਇਨਕਲਾਬੀ ਕਦਮ ਹੈ। ਸ੍ਰੀ ਮੋਦੀ ਦੇ ਸਵੱਛ ਭਾਰਤ ਦੇ ਸੁਪਨੇ ਦੀ ਸਾਕਾਰਤਾ ਦੀ ਸੰਭਾਵਨਾ ਨਿਮਨ ਲਿਖਿਤ ਗੱਲਾਂ ਵਿਚ ਉਨ੍ਹਾਂ ਦੀ ਸਫਲਤਾ 'ਤੇ ਨਿਰਭਰ ਕਰੇਗੀ :

- ਵਾਤਾਵਰਨ ਦੀ ਸਵੱਛਤਾ ਲਈ ਬਣਾਏ

ਗਏ ਕਾਨੂੰਨਾਂ ਨੂੰ ਦ੍ਰਿੜ੍ਹਤਾ ਅਤੇ ਸਖ਼ਤੀ ਨਾਲ ਲਾਗੂ ਕਰਨਾ।

• ਉਦਯੋਗਿਕ ਵਿਕਾਸ ਦੀ ਯੋਜਨਾਬੰਦੀ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਉਦਯੋਗ ਆਪਣੇ ਟਰੀਟਮੈਂਟ ਪਲਾਂਟ ਜ਼ਰੂਰ ਲਗਾਉਣ ਅਤੇ ਉਨ੍ਹਾਂ ਨੂੰ ਚਾਲੂ ਰੱਖਣ ਅਤੇ ਪ੍ਰਦੂਸ਼ਨ ਦੀ ਰੋਕਥਾਮ ਸੰਬੰਧੀ ਬਣਾਏ ਗਏ ਨਿਯਮਾਂ ਦਾ ਪਾਲਣ ਕਰਨ।

• ਸ਼ਹਿਰੀ ਤੇ ਪੇਂਡੂ ਵਿਕਾਸ ਨੂੰ ਯੋਜਨਾਬਧ ਕਰਨ। ਹਰ ਪਿੰਡ ਸ਼ਹਿਰ ਵਿਚ ਘਰੇਲੂ ਸੀਵਰੇਜਾਂ ਦੇ ਪਾਣੀ ਲਈ ਟਰੀਟਮੈਂਟ ਪਲਾਂਟ ਲਗਾਉਣਾ ਅਤੇ ਉਨ੍ਹਾਂ ਦੁਆਰਾ ਸੋਧੇ ਹੋਏ ਪਾਣੀ ਨੂੰ ਖੇਤੀ ਵਾਸਤੇ ਵਰਤਣ ਲਈ ਲੋੜੀਂਦੀਆਂ ਪਾਈਪ ਲਾਈਨਾਂ ਵਿਛਾਉਣਾ।

• ਪਿੰਡਾਂ-ਸ਼ਹਿਰਾਂ ਦੇ ਕੂੜੇ ਦੇ ਢੇਰਾਂ ਲਈ ਯੋਗ ਪ੍ਰਬੰਧ ਕਰਨਾ ਤਾਂ ਕਿ ਕੂੜਾ ਕਰਕਟ ਥਾਂ-ਥਾਂ ਨਾ ਫੈਲੇ ਅਤੇ ਉਸ ਦੀ ਬਦਬੂ ਨਾਗਰਿਕਾਂ ਦੇ ਜੀਵਨ ਨੂੰ ਦੁੱਭਰ ਨਾ ਕਰੇ।

• ਪਿੰਡਾਂ-ਸ਼ਹਿਰਾਂ ਦੀ ਠੋਸ ਰਹਿੰਦ-ਖੂੰਹਦ ਲਈ ਟਰੀਟਮੈਂਟ ਪਲਾਂਟ ਲਗਾਉਣਾ ਅਤੇ ਉਨ੍ਹਾਂ ਤੋਂ ਖਾਦ ਬਣਾਉਣਾ ਜਿਸ ਨੂੰ ਖੇਤੀ ਲਈ ਵਰਤਿਆ ਜਾ ਸਕੇ ਜਿਸ ਨਾਲ ਖੇਤੀ ਦੀ ਆਮਦਨ ਵਧੇ ਅਤੇ ਖਰਚੇ ਦੀ ਬੱਚਤ ਹੋਵੇ।

• ਕੀੜੇਮਾਰ ਜਾਂ ਨਦੀਨ ਨਾਸ਼ਕ ਦਵਾਈਆਂ ਅਤੇ ਰਸਾਇਣਕ ਖਾਦਾਂ ਦੀ ਵੇਚ, ਖਰੀਦ ਤੇ ਵਰਤੋਂ ਨੂੰ ਨਿਯਮਤ ਕਰਨਾ ਤਾਂ ਕਿ ਇਨ੍ਹਾਂ ਦੀ ਬੇਲੋੜੀ ਵਰਤੋਂ ਨਾਲ ਹੋ ਰਿਹਾ ਧਰਤੀ ਦਾ ਪ੍ਰਦੂਸ਼ਨ ਰੋਕਿਆ ਜਾ ਸਕੇ।

• ਕਿਸਾਨਾਂ ਨੂੰ ਇਸ ਸੰਬੰਧੀ ਜਾਗਰੂਕ ਕਰਨ ਲਈ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਸਰਕਾਰ ਦੇ ਖੇਤੀਬਾੜੀ ਨਾਲ ਸੰਬੰਧਿਤ ਵਿਭਾਗਾਂ ਦਾ ਸਹਿਯੋਗ ਲੈਣਾ।

• ਪ੍ਰਦੂਸ਼ਨ ਕੰਟਰੋਲ ਬੋਰਡ ਨੂੰ ਪ੍ਰਦੂਸ਼ਨ ਦੀ ਵਿਗੜਦੀ ਅਵਸਥਾ ਲਈ ਜਵਾਬਦੇਹ ਬਣਾਉਣਾ, ਉਨ੍ਹਾਂ ਦੀ ਜ਼ਿੰਮੇਵਾਰੀ ਨਿਰਧਾਰਤ ਕਰਨਾ ਤੇ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਨਿਰੰਤਰ ਮੁੱਲੰਕਣ ਕਰਨਾ।

• ਪ੍ਰਦੂਸ਼ਨ ਦੇ ਜ਼ਿੰਮੇਵਾਰ ਵਿਅਕਤੀਆਂ, ਸੰਸਥਾਵਾਂ ਤੇ ਉਦਯੋਗਿਕ ਇਕਾਈਆਂ ਨੂੰ ਕਾਨੂੰਨ



ਦੇ ਦਾਇਰੇ ਵਿਚ ਲਿਆਉਣਾ।

• ਅਦਾਲਤਾਂ ਵਿਚ ਚੱਲ ਰਹੇ ਵਾਤਾਵਰਨ ਸੰਬੰਧੀ ਮਾਮਲਿਆਂ ਦਾ ਨਿਪਟਾਰਾ ਸਮਾਂਬਧ ਢੰਗ ਨਾਲ ਜਲਦੀ ਤੋਂ ਜਲਦੀ ਕਰਵਾਉਣਾ ਤਾਂ ਕਿ ਅਪਰਾਧੀਆਂ ਨੂੰ ਸਜ਼ਾਵਾਂ ਦਿਤੀਆਂ ਜਾ ਸਕਣ ਅਤੇ ਕਾਨੂੰਨ ਦੀ ਬਹਾਲੀ ਸਮੇਂ ਸਿਰ ਹੋ ਸਕੇ।

ਸੋ, ਸਵੱਛ ਭਾਰਤ ਦੀ ਸਥਾਪਨਾ ਲਈ ਸਾਜ਼ਗਾਰ ਹਾਲਾਤ ਬਣਾਉਣ ਲਈ ਬੜਾ ਕੁਝ ਅਜਿਹਾ ਹੈ ਜੋ ਕਰਨ ਦੀ ਜ਼ਰੂਰਤ ਹੈ। ਫਿਰ ਵੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਇਸ ਐਲਾਨ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਕ ਤਰ੍ਹਾਂ ਨਾਲ ਕੇਂਦਰ ਸਰਕਾਰ ਵਲੋਂ ਦੇਸ਼ ਅੰਦਰ ਵਾਤਾਵਰਨ ਦੀ ਵਿਗੜੀ ਹੋਈ ਅਵਸਥਾ ਨੂੰ ਸਵੀਕਾਰ ਕਰ ਲਿਆ ਗਿਆ ਹੈ ਅਤੇ ਇਹ ਮੰਨ ਲਿਆ ਗਿਆ ਹੈ ਕਿ ਵਾਤਾਵਰਨ ਦੇ ਪ੍ਰਦੂਸ਼ਨ ਦੀ ਸਮੱਸਿਆ ਇਕੱਲੇ ਦੁਕੱਲੇ ਦੇ ਨਿਪਟਣ ਦੀ ਨਹੀਂ ਸਗੋਂ ਇਸ ਵਿਚ ਹਰ ਵਰਗ ਦੀ ਸ਼ਮੂਲੀਅਤ ਦੀ ਲੋੜ ਹੈ।

ਦੂਜੇ ਸ਼ਬਦਾਂ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਸੰਨ 2000 ਤੋਂ ਵਿੱਢੀ ਹੋਈ ਪਵਿੱਤਰ ਵੇਈਂ ਦੀ ਕਾਰ ਸੇਵਾ ਅਤੇ ਵਾਤਾਵਰਨ ਦੀ ਸਵੱਛਤਾ ਦੀ ਮੁਹਿੰਮ ਨੂੰ ਵੱਡਾ ਸਮਰਥਨ ਮਿਲਿਆ ਹੈ ਜਿਸ ਨੇ ਕੁਦਰਤੀ ਜਲ ਸਰੋਤਾਂ ਦੀ ਸਾਂਭ-ਸੰਭਾਲ ਅਤੇ ਪਿੰਡਾਂ-ਸ਼ਹਿਰਾਂ ਦੇ ਵਾਤਾਵਰਨ ਅਨੁਸਾਰ ਵਿਕਾਸ ਦਾ ਇਕ ਨਵਾਂ ਮਾਡਲ ਪੇਸ਼ ਕੀਤਾ ਹੈ ਜਿਸ ਅਨੁਸਾਰ ਚੱਲ ਕੇ ਦੇਸ਼ ਦੇ ਬਾਕੀ ਦਰਿਆਵਾਂ ਅਤੇ ਜਲ ਸਰੋਤਾਂ ਨੂੰ ਸਵੱਛ ਕੀਤਾ ਜਾ ਸਕਦਾ ਹੈ।

ਉਮੀਦ ਹੈ ਕਿ ਪ੍ਰਧਾਨ ਮੰਤਰੀ ਦੁਆਰਾ ਐਲਾਨੀ ਗਈ ਸਵੱਛ ਭਾਰਤ ਦੀ ਮੁਹਿੰਮ ਨੂੰ ਵੱਡਾ ਹੁੰਗਾਰਾ ਲਗਾਤਾਰ ਮਿਲੇਗਾ ਅਤੇ ਇਸ ਵਿਚੋਂ ਜ਼ਰੂਰ ਕੁਝ ਸਾਰਥਕ ਨਿਕਲੇਗਾ ਪਰ ਇਸ ਦੇ ਲਈ ਸਰਕਾਰ, ਪ੍ਰਸ਼ਾਸਨਿਕ ਅਧਿਕਾਰੀਆਂ, ਵਾਤਾਵਰਨ ਪ੍ਰੇਮੀਆਂ, ਲੇਖਕਾਂ, ਕਲਾਕਾਰਾਂ, ਧਾਰਮਿਕ ਤੇ ਰਾਜਨੀਤਕ ਨੇਤਾਵਾਂ, ਸਵੈ-ਸੇਵੀ ਸੰਸਥਾਵਾਂ ਅਤੇ ਸਮੂਹ ਜਨਤਾ ਨੂੰ ਰਲ ਕੇ ਈਮਾਨਦਾਰੀ ਨਾਲ ਹੰਭਲਾ ਮਾਰਨਾ ਪਵੇਗਾ।

*(ਲੇਖਕ ਪ੍ਰੋਫ਼ੈਸਰ, ਸਰਕਾਰੀ ਕਾਲਜ ਕਪੂਰਥਲਾ, ਪੰਜਾਬ ਵਿਖੇ, ਸਮਾਜ ਸੇਵੀ ਤੇ ਸੁਤੰਤਰ ਪੱਤਰਕਾਰ ਹੈ।)*

***ਰੁੱਖ ਤੇ ਮਨੁੱਖ***

- *ਰੁੱਖ ਆਪਣੇ ਸਿਰ ਉਤੇ ਗਰਮੀ ਸਹਾਰ ਲੈਂਦਾ ਹੈ ਪਰੰਤੂ ਆਪਣੀ ਛਾਂ ਰਾਹੀਂ ਹੋਰਨਾਂ ਨੂੰ ਗਰਮੀ ਤੋਂ ਬਚਾਉਂਦਾ ਹੈ।*
- *ਫੁੱਲ ਲੱਗਣ ਨਾਲ ਰੁੱਖ ਝੁਕ ਜਾਂਦੇ ਹਨ। ਧਨਵਾਨ ਹੋ ਜਾਣ ਸਦਕਾ ਸੱਜਣ ਪੁਰਖ ਵੀ ਨਰਮ ਦਿਲ ਬਣੇ ਰਹਿੰਦੇ ਹਨ। – ਕਾਲੀ ਦਾਸ*
- *ਮਨੁੱਖਤਾ ਵੱਡੀ ਹੈ, ਪਰ ਮਨੁੱਖ ਛੋਟਾ।*

  *– ਬੋਨਰ*
- *ਮਨੁੱਖ ਦੇ ਦੋ ਰੂਪ ਹਨ, ਇਕ ਉਹ ਜਿਹੜਾ ਘੁੱਪ ਹਨ੍ਹੇਰੇ ਵਿਚ ਵੀ ਜਾਗਦਾ ਹੈ ਤੇ ਦੂਜਾ ਉਹ ਜਿਹੜਾ ਪ੍ਰਕਾਸ਼ ਵਿਚ ਵੀ ਸੌਂ ਜਾਂਦਾ ਹੈ।*

  *– ਖ਼ਲੀਲ ਜ਼ਿਬਰਾਨ*
- *ਮਨੁੱਖ ਨੂੰ ਸੰਸਾਰ ਵਿਚ ਲਿਆਉਣਾ ਔਖਾ ਕੰਮ ਹੈ, ਪਰ ਉਸ ਤੋਂ ਵੀ ਕਿਤੇ ਔਖਾ ਕੰਮ ਹੈ ਉਸ ਨੂੰ ਸਾਊ ਬਣਾਉਣਾ। – ਗੋਰਕੀ*

# ਪੰਜਾਬ ਵਿਚ ਵਿਕਾਸ ਅਤੇ ਸਵੱਛਤਾ

ਭਗਵੰਤ ਰਸੂਲਪੁਰੀ

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਆਪਣੇ ਸਾਬਰਮਤੀ ਆਸ਼ਰਮ ਵਿਚ ਭਾਰਤ ਨੂੰ ਸਵੱਛ ਬਣਾਉਣ ਦਾ ਬੀੜਾ ਚੁੱਕਿਆ ਸੀ। ਉਨ੍ਹਾਂ ਦੀ ਧਾਰਨਾ ਸੀ ਕਿ ਹਰ ਭਾਰਤੀ ਨੂੰ ਆਪਣਾ ਕਾਰਜ ਖੁਦ ਕਰਨਾ ਚਾਹੀਦਾ ਹੈ। ਚਾਹੇ ਉਹ ਸਾਫ਼-ਸਫ਼ਾਈ ਦਾ ਹੋਵੇ ਜਾਂ ਤਰੱਕੀ ਦਾ। ਇਹ ਕਾਰਜ ਉਨ੍ਹਾਂ 1917 ਵਿਚ ਆਰੰਭ ਕਰ ਦਿਤਾ ਸੀ। ਜਿਹੜਾ ਕਿ ਅਨੇਕ ਪੜਾਅ ਪਾਰ ਕਰਦਾ ਹੋਇਆ 2014 ਤਕ ਪਹੁੰਚ ਗਿਆ ਹੈ। 100 ਸਾਲਾਂ ਵਿਚ ਸਵੱਛਤਾ ਨੂੰ ਲਿਆਉਣ ਲਈ ਭਾਰਤ ਸਰਕਾਰ ਨੇ ਅਨੇਕ ਕਾਨੂੰਨ ਬਣਾਏ ਅਤੇ ਸਮੇਂ-ਸਮੇਂ ਇਨ੍ਹਾਂ ਵਿਚ ਸੋਧ ਕਰਕੇ ਇਸ ਕਾਰਜ ਵਿਚ ਤੇਜ਼ੀ ਲਿਆਂਦੀ ਹੈ। ਹੁਣ 2014 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦਿੱਲੀ ਵਿਖੇ ਸੁਤੰਤਰਤਾ ਦਿਵਸ ਦੇ ਮੌਕੇ ਲਾਲ ਕਿਲੇ ਤੋਂ ਆਪਣੇ ਪਹਿਲੇ ਭਾਸ਼ਨ ਵਿਚ ਇਕ ਵਾਰ ਫਿਰ ਭਾਰਤ ਨੂੰ ਸਵੱਛ ਬਣਾਉਣ ਦਾ ਜ਼ਿਕਰ ਕੀਤਾ ਹੈ। ਇਸ ਕਾਰਜ ਦਾ ਆਰੰਭ ਉਨ੍ਹਾਂ 2 ਅਕਤੂਬਰ 2014 ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਜਨਮ ਵਰ੍ਹੇਗੰਢ ਸਮੇਂ ਕੀਤਾ। ਪੂਰੇ ਭਾਰਤ ਦੀ ਜਨਤਾ ਨੇ ਇਕ ਵਾਰ ਫਿਰ ਸਫ਼ਾਈ ਤੇ ਸਵੱਛਤਾ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਇਸ ਅਭਿਆਨ ਦਾ ਪੰਜਾਬ 'ਤੇ ਵੀ ਅਸਰ ਹੋਇਆ ਹੈ। ਭਾਵੇਂ ਕਿ ਪੰਜਾਬ ਸਵੱਛਤਾ ਪੱਖੋਂ ਭਾਰਤ ਦੇ ਹੋਰ ਰਾਜਾਂ ਵਿਚੋਂ ਮੋਹਰੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਸ ਦਾ ਮੁੱਢ ਪੰਜਾਬ ਵਿਚ ਹੋਰ ਰਾਜਾਂ ਵਾਂਗ 2 ਅਕਤੂਬਰ ਦੀ ਛੁੱਟੀ ਰੱਦ ਕਰ ਕੇ ਸਰਕਾਰੀ, ਅਰਧ ਸਰਕਾਰੀ ਅਤੇ ਨਿੱਜੀ ਥਾਵਾਂ ਦੀ ਸਫ਼ਾਈ ਕਰ ਕੇ ਸ਼ੁਰੂ ਕੀਤਾ ਗਿਆ ਸੀ।

ਮਾਤਾ-ਪਿਤਾ ਅਤੇ ਸਕੂਲ ਦੇ ਅਧਿਆਪਕ ਬੱਚਿਆਂ ਨੂੰ ਆਲਾ-ਦੁਆਲਾ ਸਵੱਛ ਰੱਖਣ ਲਈ ਸੁਚੇਤ ਕਰਦੇ ਰਹਿੰਦੇ ਹਨ। ਸਰਕਾਰੀ ਅਤੇ ਗ਼ੈਰ-ਸਰਕਾਰੀ ਦਫ਼ਤਰ, ਬੱਸ ਅੱਡੇ, ਰੇਲਵੇ ਸਟੇਸ਼ਨਾਂ ਉੱਤੇ ਪਾਨ ਵਾਲੇ ਨਿਸ਼ਾਨ, ਸਿਗਰਟਾਂ ਦੇ ਟੋਟੇ, ਕੇਲੇ ਦੇ ਛਿਲਕੇ, ਪੋਲੀਥੀਨ ਦੇ ਲਿਫ਼ਾਫ਼ੇ, ਮੈਡੀਕਲ ਤੇ ਇਲੈਕਟ੍ਰਾਨਿਕ ਵਸਤਾਂ, ਵਰਤੋਂ ਮਗਰੋਂ ਸੁੱਟੀਆਂ ਵਸਤਾਂ ਦਾ ਕਚਰਾ ਆਮ ਹੋ ਗਿਆ ਹੈ। 'ਸਵੱਛ ਭਾਰਤ ਅਭਿਆਨ' ਨਾਲ ਇਹ ਇਕ ਵਾਰ ਫਿਰ ਹੂੰਝ ਦਿਤੇ ਗਏ। ਇਹ ਕਾਰਜ ਨਿਰੰਤਰ ਚੱਲਣਾ ਚਾਹੀਦਾ ਹੈ, ਤਾਂ ਹੀ ਸਵੱਛ ਭਾਰਤ ਦਾ ਸੁਪਨਾ ਪੂਰਾ ਹੋ ਸਕੇਗਾ। ਉਦਯੋਗਿਕ ਸਥਾਨ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿਚ ਵੱਧ ਦੋਸ਼ੀ ਹਨ। ਪੰਜਾਬ ਵਿਚ ਉਦਯੋਗਾਂ ਦੇ ਗੰਦੇ ਪਾਣੀ ਨੂੰ ਸਾਫ਼ ਕਰਨ ਲਈ ਸੋਧ ਯੰਤਰ ਲਗਾਉਣ ਦੀ ਥਾਂ ਉਹ ਪਾਣੀ ਸੀਵਰੇਜ਼ ਵਿਚ ਸੁੱਟ ਦਿਤਾ ਜਾਂਦਾ ਹੈ। ਫਿਰ ਇਨ੍ਹਾਂ ਨੂੰ ਨਜ਼ਦੀਕ ਦਰਿਆਵਾਂ ਜਾਂ ਨਹਿਰਾਂ ਵਿਚ ਸੁੱਟਣ ਲਈ ਜ਼ਮੀਨਦੋਜ਼ ਕਰ ਦਿਤਾ ਜਾਂਦਾ ਹੈ। ਜਲੰਧਰ ਦੇ ਲੈਦਰ ਕੰਪਲੈਕਸ ਦਾ ਜ਼ਹਿਰੀਲਾ ਪਾਣੀ ਅਤੇ ਹੋਰ ਉਦਯੋਗਾਂ ਦਾ ਗੰਦਾ ਪਾਣੀ *ਪਵਿੱਤਰ ਕਾਲੀ ਵੇਈਂ* ਵਿਚ ਸੁੱਟਿਆ ਜਾਂਦਾ ਸੀ। ਜਿਸ ਨਾਲ ਉਸ ਪਾਣੀ ਤੋਂ ਅਨੇਕ ਲੋਕ ਕੈਂਸਰ ਦੇ ਮਰੀਜ਼ ਬਣਨ ਲੱਗ ਪਏ। ਇਹ ਪ੍ਰਭਾਵ ਪਵਿੱਤਰ ਕਾਲੀ ਵੇਈਂ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਰਹਿੰਦੇ ਲੋਕਾਂ 'ਤੇ ਦੇਖਣ ਨੂੰ ਮਿਲਿਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਾਣੀ ਨੂੰ ਸਵੱਛ ਕਰਨ ਲਈ ਉਦਯੋਗਾਂ ਵਿਰੁੱਧ ਮੋਰਚਾ ਖੋਲ੍ਹ ਦਿਤਾ। ਇਹ ਮੋਰਚਾ ਕਈ ਸਾਲਾਂ ਤਕ ਚੱਲਿਆ। ਸਿੱਟੇ ਵਜੋਂ, ਪਿਛਲੇ ਸਾਲ ਸਰਕਾਰ ਦੀ ਸਖ਼ਤੀ ਕਾਰਨ ਲੈਦਰ ਕੰਪਲੈਕਸ ਨੂੰ ਸਪਲਾਈ ਕੀਤਾ ਜਾਂਦਾ ਪਾਣੀ ਬੰਦ ਕਰ ਦਿਤਾ ਗਿਆ। ਗੰਦਾ ਤੇ ਜ਼ਹਿਰੀਲਾ ਪਾਣੀ ਬਾਹਰ ਕੱਢਣ 'ਤੇ ਪਾਬੰਦੀ ਲਗਾ ਦਿਤੀ। ਇਹ ਸ਼ਰਤਾਂ ਰੱਖ ਦਿਤੀਆਂ ਕਿ ਉਦਯੋਗ ਦੇ ਅਹਾਤੇ ਵਿਚ ਇਕ ਵਾਟਰ ਟਰੀਟਮੈਂਟ ਪ੍ਰਾਜੈਕਟ ਲਗਾਇਆ ਜਾਵੇ ਅਤੇ ਪਾਣੀ ਸੋਧ ਕੇ ਸੀਵਰੇਜ਼ ਵਿਚ ਸੁੱਟਿਆ ਜਾਵੇ। ਜਿਹੜਾ ਇਸ ਤਰ੍ਹਾਂ ਨਹੀਂ ਕਰੇਗਾ ਉਹ ਉਦਯੋਗਿਕ ਇਕਾਈ ਸੀਲ ਕਰ ਦਿਤੀ ਜਾਵੇਗੀ। ਇਹ ਸ਼ਰਤਾਂ ਹੋਰ ਉਦਯੋਗਾਂ ਉਤੇ ਵੀ ਲਾਗੂ ਕਰ ਦਿਤੀਆਂ। ਇਸ ਨਾਲ ਪਾਣੀ ਦੀ ਸਵੱਛਤਾ ਦੇ ਅਭਿਆਨ ਨੂੰ ਹੁਲਾਰਾ ਮਿਲਿਆ।

ਬਿਨਾ ਸ਼ੱਕ ਸਾਫ਼-ਸਫ਼ਾਈ ਤੇ ਸਵੱਛਤਾ ਦਾ ਉਪਰਾਲਾ ਤਾਰੀਫ਼ ਕਰਨ ਯੋਗ ਹੈ। ਵਿਸ਼ਵ ਬੈਂਕ ਦਾ ਇਕ ਅਧਿਐਨ ਦੱਸਦਾ ਹੈ ਕਿ ਗੰਦਗੀ ਦੇ ਕਾਰਨ ਭਾਰਤ ਨੂੰ ਹਰ ਸਾਲ 54 ਅਰਬ ਡਾਲਰ ਦਾ ਮੁੱਲ ਤਾਰਨਾ ਪੈਂਦਾ ਹੈ। ਸਵੱਛਤਾ ਦੇ ਮੁੱਦੇ ਉਤੇ ਪੰਜਾਬ ਦੀ ਗੱਲ ਕਰਦਿਆਂ ਕੁਝ ਮੁੱਖ ਨੁਕਤਿਆਂ 'ਤੇ ਧਿਆਨ ਕੇਂਦਰਿਤ ਕਰਨਾ ਬਣਦਾ ਹੈ। ਇਸ ਦੇ ਨਾਲ-ਨਾਲ ਸਾਫ਼-ਸਫ਼ਾਈ ਤੇ ਸਵੱਛਤਾ ਦੇ ਪੂਰੇ ਭਾਰਤ ਦੇ ਅੰਕੜੇ ਵੀ ਧਿਆਨ ਵਿਚ ਰੱਖਣੇ ਚਾਹੀਦੇ ਹਨ। ਸਵੱਛਤਾ ਅੱਗੇ ਮੁੱਖ ਮਸਲਾ ਹੱਥੀਂ ਮੈਲ਼ਾ ਚੁੱਕਣਾ, ਢੋਣਾ, ਗੰਦੇ ਪਾਣੀ ਦਾ ਨਿਕਾਸ, ਹਵਾ ਵਿਚ ਸ਼ੁੱਧਤਾ ਅਤੇ ਕੂੜਾ-ਕਰਕਟ ਖੜ੍ਹਾ ਕਰ ਰਿਹਾ ਹੈ। ਪੰਜਾਬ ਦੇ ਸੰਦਰਭ ਵਿਚ ਗੱਲ ਕਰਨ ਤੋਂ ਪਹਿਲਾਂ ਸਾਨੂੰ ਇਸ ਦੇ ਪਿਛੋਕੜ ਵਿਚ ਝਾਤੀ ਮਾਰਨੀ ਬਣਦੀ ਹੈ।

ਹੱਥੀਂ ਮੈਲ਼ਾ ਚੁੱਕਣ, ਢੋਣ ਨੂੰ ਖ਼ਤਮ ਕਰਨ ਲਈ ਪੰਜਾਬ ਵਿਚ ਕਾਫ਼ੀ ਦੇਰ ਤੋਂ ਯਤਨ ਜਾਰੀ ਹਨ। ਬਾਕੀ ਰਾਜਾਂ ਵਾਂਗ ਇਹ ਕਿੱਤਾ ਵੀ ਇਕ ਵਰਗ-ਜਾਤੀ ਸਮੂਹ ਵਲੋਂ ਕੀਤਾ ਜਾਂਦਾ ਹੈ। ਹੱਥੀਂ ਮੈਲ਼ਾ ਚੁੱਕਣ-ਢੋਣ ਵਾਲੇ ਵਿਅਕਤੀ ਅਨੇਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪਖ਼ਾਨੇ ਵਿਚੋਂ ਅਨੇਕ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ। ਮੀਥੇਨ, ਹਾਈਡ੍ਰੋਜਨ ਸਲਫਾਈਡ ਨਾਲ ਇਸ ਨੂੰ ਚੁੱਕਣ ਵਾਲੇ ਮਨੁੱਖ ਦੀ ਮੌਤ ਵੀ

ਹੋ ਸਕਦੀ ਹੈ। 1993 ਵਿਚ ਖ਼ੁਸ਼ਕ ਪਖ਼ਾਨਿਆਂ ਨੂੰ ਉਸਾਰਨ ਵਾਲਾ ਇਕ ਕਾਨੂੰਨ ਬਣਾਇਆ ਗਿਆ। ਉਦੋਂ ਕੇਵਲ 16 ਰਾਜਾਂ ਨੇ ਇਸ ਨੂੰ ਅਪਣਾਇਆ ਸੀ ਜਿਨ੍ਹਾਂ ਵਿਚੋਂ ਪੰਜਾਬ ਦੀ ਮੋਹਰੀ ਭੂਮਿਕਾ ਰਹੀ ਹੈ। ਪੰਜਾਬ ਵਿਚ ਕੇਂਦਰ ਦੀ ਸਹਾਇਤਾ ਨਾਲ ਖ਼ੁਸ਼ਕ ਪਖ਼ਾਨੇ ਬਣਨ ਲੱਗੇ। ਪੰਚਾਇਤਾਂ ਰਾਹੀਂ ਪਿੰਡਾਂ ਵਿਚ ਹਰ ਘਰ ਵਿਚ ਖ਼ੁਸ਼ਕ ਪਖ਼ਾਨੇ ਬਣਨ ਲੱਗੇ। ਉਸ ਤੋਂ ਪਹਿਲਾਂ ਵਧੇਰੇ ਕਰਕੇ ਪੇਂਡੂ ਆਬਾਦੀ ਖੁੱਲ੍ਹੇ ਵਿਚ ਪਖ਼ਾਨਾ ਕਰਦੀ ਸੀ। ਇਸ ਨਾਲ ਵੱਡੀ ਪੱਧਰ 'ਤੇ ਖੁੱਲ੍ਹਾ ਪਖ਼ਾਨਾ ਕਰਨ ਨੂੰ ਠੱਲ੍ਹ ਪਈ। ਇਹ ਕਾਰਜ ਸ਼ਹਿਰੀ ਆਬਾਦੀ ਵਿਚ ਕਾਫ਼ੀ ਚਿਰ ਪਹਿਲਾਂ ਹੋ ਚੁੱਕਾ ਸੀ। 1993 ਦੇ ਐਕਟ ਦਾ ਮੁੱਖ ਮਕਸਦ ਹੱਥੀਂ ਮੈਲ਼ਾ ਚੁੱਕਣ-ਢੋਣ ਵਾਲਿਆਂ ਨੂੰ ਰਾਹਤ ਦੇਣਾ ਅਤੇ ਉਨ੍ਹਾਂ ਦੇ ਬਦਲਵੇਂ ਰੁਜ਼ਗਾਰ ਦਾ ਪ੍ਰਬੰਧ ਕਰਨਾ ਸੀ। ਜਿਸ ਕਾਰਨ ਇਨ੍ਹਾਂ ਨੂੰ ਨਗਰ ਨਿਗਮਾਂ ਵਿਚ ਸਫ਼ਾਈ ਕਰਮਚਾਰੀ ਰੱਖ ਲਿਆ ਗਿਆ। ਉਪਰੰਤ 2011 ਵਿਚ ਇਕ ਐਕਟ ਬਣਾਇਆ ਗਿਆ। ਰਾਜਾਂ ਨੂੰ ਨਿਰਦੇਸ਼ ਦਿਤੇ ਗਏ ਕਿ ਅਨੁਸੂਚਿਤ ਜਾਤੀ ਤੇ ਜਨਜਾਤੀ ਦੇ ਕਿਸੇ ਵੀ ਮਨੁੱਖ ਨੂੰ ਹੱਥੀਂ ਮੈਲ਼ਾ ਢੋਣ ਲਈ ਨਹੀਂ ਲਾਇਆ ਜਾ ਸਕਦਾ। ਪੰਜਾਬ ਵਿਚ ਇਸ ਐਕਟ ਦਾ ਬਹੁਤ ਅਸਰ ਹੋਇਆ। ਇਨ੍ਹਾਂ ਜਾਤੀਆਂ ਦੇ ਲੋਕਾਂ ਵਿਚ ਚੇਤਨਾ ਆਈ। ਜਿਹੜੇ ਹੱਥੀਂ ਮੈਲ਼ਾ ਢੋਣ ਦਾ ਥੋੜ੍ਹਾ ਬਹੁਤਾ ਕਾਰਜ ਕਰਦੇ ਸਨ ਉਨ੍ਹਾਂ ਨੇ ਸੰਗਠਿਤ ਹੋ ਕੇ ਇਸ ਕਾਰਜ ਨੂੰ ਕਰਨ ਤੋਂ ਇਨਕਾਰ ਕਰ ਦਿਤਾ। ਪੰਜਾਬ ਵਿਚ ਪੱਕੇ ਪਖ਼ਾਨੇ ਬਣਾਉਣ ਦਾ ਬਦਲ ਪੇਸ਼ ਹੋਇਆ। ਪੰਜਾਬ ਸਰਕਾਰ ਨੇ ਪੰਜਾਬ ਨੂੰ ਹੋਰ ਸਵੱਛ ਬਣਾਉਣ ਲਈ ਨਵੇਂ ਪ੍ਰੋਗਰਾਮ ਉਲੀਕੇ। 'ਦਿਹਾਤੀ ਜਲ ਤੇ ਸਵੱਛ ਖੇਤਰ ਸੁਧਾਰ ਪ੍ਰੋਗਰਾਮ (ਪੜਾਅ-2)' ਨੂੰ ਅੱਗੇ ਤੋਰਦਿਆਂ ਹਰੇਕ ਪਰਿਵਾਰ ਨੂੰ ਪਖ਼ਾਨੇ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ ਤੇ ਇਸ ਤਰ੍ਹਾਂ ਪੰਜਾਬ ਪੂਰੀ ਤਰ੍ਹਾਂ ਗੰਦਗੀ ਤੋਂ ਮੁਕਤ ਰਾਜ ਬਣ ਜਾਵੇਗਾ। ਹਰੇਕ ਨੂੰ ਸਾਲ 2015 ਦੇ ਅੰਤ ਤਕ ਪੀਣ ਵਾਲਾ ਸਾਫ਼ ਪਾਣੀ 100 ਪ੍ਰਤਿਸ਼ਤ ਦਿਤਾ ਜਾਵੇਗਾ। ਇਸ ਦੇ ਨਾਲ-ਨਾਲ ਵਿਸ਼ਵ ਬੈਂਕ ਦੀ ਸਹਾਇਤਾ ਨਾਲ 2200 ਕਰੋੜ ਰੁਪਏ ਦਾ ਇਕ ਪ੍ਰਾਜੈਕਟ ਵੀ ਲਗਾਇਆ ਜਾਵੇਗਾ ਜਿਸ ਤਹਿਤ ਪਿੰਡਾਂ ਵਿਚ ਸਾਰੇ ਘਰਾਂ ਨੂੰ ਪਖ਼ਾਨੇ, ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਘਰ ਤਕ ਪੂਰਤੀ ਦੇ ਨਾਲ-ਨਾਲ ਸਵੱਛਤਾ ਸਕੀਮਾਂ ਵੀ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ। ਇਹ ਤਰੱਦਦ ਪ੍ਰਧਾਨ ਮੰਤਰੀ ਦੇ ਸਵੱਛ ਭਾਰਤ ਅਭਿਆਨ ਦੀ ਕੜੀ ਵਜੋਂ ਵੇਖਿਆ ਗਿਆ ਹੈ।

ਪੰਜਾਬ ਵਿਚ ਪਹਿਲਾਂ ਰੇਲਵੇ ਵਿਚ ਹੱਥੀਂ ਮੈਲ਼ਾ ਢੋਣ ਦਾ ਕਾਰਜ ਹੁੰਦਾ ਸੀ। ਦਰਅਸਲ, ਭਾਰਤੀ ਰੇਲਵੇ ਮੈਲ਼ਾ ਢੋਣ ਵਾਲੇ ਕਰਮਚਾਰੀਆਂ ਨੂੰ ਭਰਤੀ ਕਰਦਾ ਸੀ ਤੇ ਉਹ ਸਟੇਸ਼ਨਾਂ ਦੀਆਂ ਰੇਲ ਪਟੜੀਆਂ ਤੋਂ ਹੱਥਾਂ ਨਾਲ ਮੈਲ਼ਾ ਚੁੱਕਦੇ ਸਨ। ਇਕਦਮ ਇਸ ਦਾ ਬਦਲਵਾਂ ਪ੍ਰਬੰਧ ਕੀਤਾ ਗਿਆ। ਹੁਣ ਰੇਲਵੇ ਪਟੜੀਆਂ ਉਤੇ ਪੰਜਾਬ ਵਿਚ ਕਿਤੇ ਵੀ ਹੱਥੀਂ ਮੈਲ਼ਾ ਨਹੀਂ ਚੁੱਕਿਆ ਜਾਂਦਾ। ਰੇਲ ਪਟੜੀਆਂ ਨੂੰ ਥੱਲੇ ਸੀਵਰੇਜ਼ ਨਾਲ ਜੋੜਿਆ ਜਾਂਦਾ ਹੈ। ਪਾਣੀ ਦੇ ਤੇਜ਼ ਵਹਾ ਨਾਲ ਪਟੜੀਆਂ ਨੂੰ ਸਾਫ਼ ਕੀਤਾ ਜਾਂਦਾ ਹੈ ਤੇ ਗੰਦਾ ਪਾਣੀ ਸੀਵਰੇਜ਼ ਰਾਹੀਂ ਬਾਹਰ ਨਿਕਲ ਜਾਂਦਾ ਹੈ। ਉਹ ਪਾਣੀ ਵਾਟਰ ਟਰੀਟਮੈਂਟ ਪਲਾਂਟ ਵਿਚ ਸੋਧਿਆ ਜਾਂਦਾ ਹੈ ਅਤੇ ਫਿਰ ਉਸ ਨੂੰ ਨਹਿਰਾਂ ਵਿਚ ਛੱਡਿਆ ਜਾਂਦਾ ਹੈ। ਪੰਜਾਬ ਦੇ ਮੁਕਾਬਲੇ ਭਾਰਤ ਦੇ ਦੂਜੇ ਰਾਜਾਂ ਵਿਚ ਇਹ ਸਥਿਤੀ ਭਿਆਨਕ ਹੈ। ਯੂਨੀਸੈਫ਼ ਮੁਤਾਬਕ ਭਾਰਤ ਨੂੰ ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਰਾਜਸਥਾਨ, ਓਡੀਸ਼ਾ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਦੀ ਸਾਰੀ ਆਬਾਦੀ ਨੂੰ ਪਖ਼ਾਨੇ ਉਸਾਰ ਕੇ ਦੇਣ ਲਈ 60 ਤੋਂ 90 ਸਾਲ ਲੱਗ ਸਕਦੇ ਹਨ।

1985 ਵਿਚ ਇੰਦਰਾ ਆਵਾਸ ਯੋਜਨਾ ਸ਼ੁਰੂ ਕੀਤੀ ਗਈ ਸੀ ਜਿਸ ਤਹਿਤ ਭਾਰਤ ਦੇ ਹੋਰ ਰਾਜਾਂ ਵਾਂਗ ਪੰਜਾਬ ਵਿਚ ਗਰੀਬ ਤੇ ਲੋੜਵੰਦ ਲੋਕਾਂ ਲਈ ਘਰ ਬਣਾ ਕੇ ਦਿਤੇ ਗਏ ਸਨ। ਇਸ ਵਿਚ ਜਿਹੜੇ ਮਕਾਨ ਪੰਜਾਬ ਵਿਚ ਉਸਾਰੇ ਗਏ ਉਨ੍ਹਾਂ ਵਿਚੋਂ ਕਾਫ਼ੀ ਮਕਾਨ ਬਿਨਾਂ ਪਖ਼ਾਨਿਆਂ ਤੋਂ ਸਨ। ਕੇਂਦਰੀ ਮੰਤਰਾਲਾ ਦੇ ਅੰਕੜਿਆਂ ਮੁਤਾਬਕ ਸਾਲ 2011-12 ਵਿਚ ਇੰਦਰਾ ਆਵਾਸ ਯੋਜਨਾ ਤਹਿਤ ਦੇਸ਼ ਵਿਚ 30 ਲੱਖ ਮਕਾਨ ਬਣੇ ਜਿਨ੍ਹਾਂ ਵਿਚੋਂ ਕੇਵਲ ਤਿੰਨ ਲੱਖ ਮਕਾਨਾਂ ਵਿਚ ਹੀ ਪਖ਼ਾਨੇ ਬਣਾਏ ਗਏ। ਹੁਣ ਪੰਜਾਬ ਵਿਚ ਇਹ ਸਥਿਤੀ ਬਿਲਕੁਲ ਵੱਖਰੀ ਹੈ। ਪੰਜਾਬ ਵਿਚ ਜਿਹੜੇ ਵੀ ਇਸ ਸਕੀਮ ਤਹਿਤ ਮਕਾਨ ਬਣਦੇ ਹਨ ਉਨ੍ਹਾਂ ਵਿਚ ਪਖ਼ਾਨੇ ਜ਼ਰੂਰੀ ਰੱਖੇ ਜਾਂਦੇ ਹਨ। ਇਸ ਯੋਜਨਾ ਤਹਿਤ ਬਣਨ ਵਾਲੀਆਂ ਕਲੋਨੀਆਂ ਸੀਵਰੇਜ਼ ਨਾਲ ਜੋੜੀਆਂ ਜਾਂਦੀਆਂ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਥਿਤੀ ਵੀ ਐਨੀ ਚੰਗੀ ਨਹੀਂ ਹੈ। ਇਕ ਅਧਿਐਨ ਮੁਤਾਬਕ ਪੰਜਾਬ ਦੇ 1288 ਸਰਕਾਰੀ ਸਕੂਲਾਂ ਵਿਚ ਅਜੇ ਵੀ ਪਖ਼ਾਨੇ ਨਹੀਂ ਹਨ। ਇਨ੍ਹਾਂ ਵਿਚੋਂ 545 ਸਕੂਲ ਲੜਕਿਆਂ ਦੇ ਅਤੇ 743 ਸਕੂਲ ਲੜਕੀਆਂ ਦੇ ਹਨ, ਜਦ ਕਿ 2256 ਸਕੂਲਾਂ ਵਿਚ ਪਖ਼ਾਨੇ ਤਾਂ ਹਨ ਪਰ ਉਹ ਵਰਤੋਂ ਕਰਨ ਯੋਗ ਨਹੀਂ। ਦਰਜਨਾਂ ਸਕੂਲਾਂ ਵਿਚ ਲੜਕੇ-ਲੜਕੀਆਂ ਦੇ ਸਾਂਝੇ ਪਖ਼ਾਨੇ ਹਨ। 2014 ਵਿਚ ਪੰਜਾਬ ਵਿਚ ਖੁੱਲ੍ਹਾ ਪਖ਼ਾਨਾ ਕਰਨ ਵਾਲਿਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆਈ ਹੈ। ਇਕ ਅਧਿਐਨ ਮੁਤਾਬਕ ਇਹ ਗਿਣਤੀ 40 ਪ੍ਰਤਿਸ਼ਤ ਤੋਂ ਘਟ ਕੇ 10 ਪ੍ਰਤਿਸ਼ਤ ਰਹਿ ਗਈ ਹੈ। ਹੁਣ ਹਰ ਤੀਜੇ ਘਰ ਵਿਚ ਪਖ਼ਾਨਾ ਬਣਾਇਆ ਜਾਂਦਾ ਹੈ।

ਪੰਜਾਬ ਵਿਚ ਬਣਨ ਵਾਲੇ ਪੱਕੇ ਪਖ਼ਾਨਿਆਂ ਦੀ ਬਣਤਰ ਬਾਰੇ ਜ਼ਿਕਰ ਵੀ ਜ਼ਰੂਰੀ ਹੈ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਗੰਦੇ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਕੀਤਾ ਜਾਂਦਾ ਹੈ। ਜ਼ਮੀਨਦੋਜ਼ ਪਾਈਪਾਂ ਰਾਹੀਂ ਇਸ ਗੰਦੇ ਪਾਣੀ ਦਾ ਨਿਪਟਾਰਾ ਕੀਤਾ ਜਾਂਦਾ ਹੈ। ਸਿਹਤ ਅਤੇ ਵਾਤਾਵਰਨ ਪੱਖੋਂ ਇਹ ਬਿਲਕੁਲ ਵਿਗਿਆਨਕ ਤਰੀਕਾ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡ, ਕਲੋਨੀਆਂ, ਛੋਟੇ ਕਸਬੇ ਅਤੇ ਸ਼ਹਿਰ ਸੀਵਰੇਜ਼ ਸਿਸਟਮ ਰਾਹੀਂ ਜੁੜੇ ਹੋਏ ਹਨ। ਜਿਨ੍ਹਾਂ ਥਾਵਾਂ ਉਤੇ ਸੀਵਰੇਜ਼ ਸਿਸਟਮ ਨਹੀਂ ਹਨ ਉਥੇ ਵੀ ਖੁੱਲ੍ਹੇ ਤੌਰ ਤੇ ਪਖ਼ਾਨੇ ਦਾ ਪਾਣੀ ਤੇ ਮਲ਼-ਮੂਤਰ ਨਹੀਂ ਕੱਢਿਆ ਜਾਂਦਾ ਹੈ। ਉਥੇ ਸੈਪਟਿਕ ਟੈਂਕ ਜਾਂ ਬੋਰ ਹੋਲ ਜਿਸ ਨੂੰ ਗਰਕੀ ਵੀ ਕਿਹਾ ਜਾਂਦਾ ਹੈ, ਸੀਵਰੇਜ਼ ਸਿਸਟਮ ਦੀ ਘਾਟ ਨੂੰ ਪੂਰਾ ਕਰਦੇ ਹਨ। ਪੰਜਾਬ ਵਿਚ ਜਦੋਂ ਸਰਕਾਰੀ ਤੌਰ ਤੇ ਪੱਕੇ ਪਖ਼ਾਨੇ ਬਣਨੇ ਸ਼ੁਰੂ ਹੋਏ ਸਨ ਤਾਂ ਗਰਕੀ ਵਿਚ ਮਲ-ਮੂਤਰ ਪਾਈਪ ਰਾਹੀਂ ਪਾਇਆ ਜਾਂਦਾ ਸੀ। ਇਹ ਮੁਢਲਾ ਪੜਾਅ ਸੀ। ਇਹ ਦੇਖਿਆ ਗਿਆ ਕਿ ਬੋਰ ਹੋਲ ਰਾਹੀਂ ਪਾਣੀ ਸਵੱਛ ਨਹੀਂ ਰਹਿੰਦਾ। ਜੇ ਬੋਰ ਹੋਲ ਲੈਟਰੀਨ ਨਲਕੇ ਜਾਂ ਖੂਹ ਦੇ ਨੇੜੇ ਬਣੀ ਹੋਵੇ ਤਾਂ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਜਾਂਦਾ ਸੀ ਤੇ ਸਿਹਤ 'ਤੇ ਮਾੜਾ ਅਸਰ ਪੈਂਦਾ ਸੀ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਸੈਪਟਿਕ ਟੈਂਕ ਹੋਂਦ ਵਿਚ ਆਉਣ ਲੱਗ ਪਏ। ਇਹ ਪ੍ਰਬੰਧ ਉਥੇ ਹੁੰਦਾ ਹੈ ਜਿਥੇ ਸੀਵਰੇਜ਼ ਨਹੀਂ ਪਹੁੰਚਿਆ ਸੀ। ਇਹ ਪੰਜਾਬ ਦੇ ਪਿੰਡਾਂ ਵਿਚ ਪ੍ਰਚੱਲਿਤ ਹੋਇਆ। ਇਹ ਸੀਮਿੰਟ, ਇੱਟਾਂ ਅਤੇ ਕੰਕਰੀਟ ਨਾਲ ਜ਼ਮੀਨ ਵਿਚ ਬਣਾਇਆ ਜਾਂਦਾ ਹੈ। ਇਹ ਆਇਤਕਾਰ

ਵਾਟਰ ਟਰੀਟ ਟੈਂਕ ਹੁੰਦਾ ਹੈ। ਇਸ ਨੂੰ ਸੀਮਿੰਟ, ਬਜਰੀ, ਰੇਤ, ਸਰੀਏ ਦੀ ਬਣੀ ਸਲੈਬ ਨਾਲ ਢਕਿਆ ਜਾਂਦਾ ਹੈ। ਇਸ ਟੈਂਕ ਵਿਚ ਘਰ ਦੇ ਜੀਆਂ ਦਾ ਮਲ਼-ਮੂਤਰ ਇਕੱਠਾ ਹੁੰਦਾ ਹੈ। ਜਿਹੜਾ ਕਿ ਅਨਾਰੋਬਿਕ ਬੈਕਟੀਰੀਆਂ ਦੇ ਕਾਰਨ ਛੋਟੇ-ਛੋਟੇ ਕਣਾਂ, ਗੈਸ ਤੇ ਤਰਲ ਦੇ ਰੂਪ ਵਿਚ ਬਦਲ ਜਾਂਦਾ ਹੈ। ਹਾਨੀਕਾਰਕ ਗੈਸਾਂ ਵੈਂਟ ਪਾਈਪ ਰਾਹੀਂ ਵਾਤਾਵਰਨ ਵਿਚ ਚਲੀਆਂ ਜਾਂਦੀਆਂ ਹਨ। ਤਰਲ ਪਾਣੀ ਆਊਟ ਲੈਟ ਪਾਈਪ ਰਾਹੀਂ ਟੈਂਕ ਤੋਂ ਬਾਹਰ ਕੱਢ ਕੇ ਨਾਲੀਆਂ ਵਿਚ ਹੁੰਦਾ ਹੋਇਆ ਛੱਪੜ ਵਿਚ ਚਲਾ ਜਾਂਦਾ ਹੈ। ਇਸ ਗੰਦੇ ਪਾਣੀ ਨੂੰ ਸੋਕੇਜ਼ ਪਿੱਟ ਜਿਸ ਦਾ ਸਾਈਜ਼ ਚਾਰ ਫੁੱਟ ਡੂੰਘਾ ਹੁੰਦਾ ਹੈ, ਪਾਉਣਾ ਚਾਹੀਦਾ ਹੈ। ਇਸ ਨੂੰ ਨਵੀਆਂ ਇੱਟਾਂ ਦੇ ਟੁਕੜਿਆਂ ਨਾਲ ਭਰ ਕੇ ਉਪਰੋਂ ਸਲੈਬ ਨਾਲ ਢਕ ਦਿਤਾ ਜਾਂਦਾ ਹੈ। ਸੈਪਟਿਕ ਟੈਂਕ ਤੋਂ ਪ੍ਰਾਪਤ ਗੰਦਾ ਪਾਣੀ ਹੌਲੀ-ਹੌਲੀ ਇੱਟਾਂ ਦੇ ਡਲਿਆਂ ਤੋਂ ਹੁੰਦਾ ਹੋਇਆ ਜ਼ਮੀਨ ਵਿਚ ਚਲਾ ਜਾਂਦਾ ਹੈ। ਇਸ ਤਰ੍ਹਾਂ ਧਰਤੀ ਹੇਠਲਾ ਪਾਣੀ ਦੂਸ਼ਿਤ ਨਹੀਂ ਹੁੰਦਾ। ਇਸ ਨੂੰ ਘਰ ਵਾਲੇ ਪਾਣੀ ਦੇ ਸਰੋਤ ਤੋਂ 15-25 ਫੁੱਟ ਦੂਰ ਬਣਾਇਆ ਜਾਂਦਾ ਹੈ। ਪੰਜਾਬ ਵਿਚ ਖ਼ਾਸ ਤੌਰ ਤੇ ਪਿੰਡਾਂ ਵਿਚ ਅਤੇ ਕਲੋਨੀਆਂ ਵਿਚ ਜਿਥੇ ਸੀਵਰੇਜ਼ ਸਿਸਟਮ ਨਹੀਂ ਉਥੇ ਇਸ ਤਕਨੀਕ ਨਾਲ ਲੈਟਰੀਨ ਤਿਆਰ ਕੀਤੀਆਂ ਜਾਂਦੀਆਂ ਹਨ।

ਪੰਜਾਬ ਜਲ ਸਰੋਤਾਂ ਤੋਂ ਬਿਜਲੀ ਪੈਦਾ ਕਰਦਾ ਆ ਰਿਹਾ ਹੈ। ਇਹ ਵਾਤਾਵਰਨ ਦੀ ਸਵੱਛਤਾ ਲਈ ਬਹੁਤ ਢੁੱਕਵਾਂ ਪ੍ਰਬੰਧ ਹੈ। ਪਰ ਜਦੋਂ ਪੰਜਾਬ ਰਾਜ ਦੇ ਸਰਬਪੱਖੀ ਵਿਕਾਸ ਲਈ ਯੋਜਨਾਵਾਂ ਉਲੀਕਦੀ ਹੈ ਤਾਂ ਉਦਯੋਗ ਸਭ ਤੋਂ ਪਹਿਲੇ ਨੰਬਰ 'ਤੇ ਆਉਂਦਾ ਹੈ। ਉਦਯੋਗ ਲਈ ਬਿਜਲੀ ਮੁੱਖ ਲੋੜ ਹੈ। ਪੰਜਾਬ ਵਿਚ ਜਿੰਨੇ ਵੀ ਪਾਣੀ ਦੇ ਸਰੋਤਾਂ ਤੋਂ ਬਿਜਲੀ ਪੈਦਾ ਹੁੰਦੀ ਹੈ ਉਹ ਘਰੇਲੂ ਕਾਰਜਾਂ ਲਈ ਮਸਾਂ ਪੂਰੀ ਹੁੰਦੀ ਹੈ। ਪੰਜਾਬ ਦਾ ਵਿਕਾਸ ਬਿਜਲੀ ਉਤੇ ਨਿਰਭਰ ਹੈ। ਬਿਜਲੀ ਦੀ ਮੰਗ ਪੂਰੀ ਕਰਨ ਲਈ ਪੰਜਾਬ ਇਕ ਤਾਂ ਪਾਣੀ 'ਤੇ ਨਿਰਭਰ ਹੈ, ਦੂਜਾ ਕੋਲੇ ਉਤੇ ਹੈ ਤੀਜਾ ਸੂਰਜੀ ਊਰਜਾ ਉਤੇ ਨਿਰਭਰ ਕਰਦਾ ਹੈ। ਪੰਜਾਬ ਨੂੰ ਸਵੱਛ ਰੱਖਣ ਲਈ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਇਕ ਹਜ਼ਾਰ ਮੈਗਾਵਾਟ ਦਾ ਸੂਰਜੀ ਬਿਜਲੀ ਪਲਾਂਟ ਲਗਾਇਆ ਜਾ ਰਿਹਾ ਹੈ ਅਤੇ ਬੋਹਾ ਵਿਚ ਚਾਰ ਮੈਗਾਵਾਟ ਦਾ ਸੂਰਜੀ ਬਿਜਲੀ ਪ੍ਰਾਜੈਕਟ ਅਤੇ ਬਿਆਸ ਤੇ ਫ਼ਾਜ਼ਿਲਕਾ ਵਿਖੇ ਲਗਾਏ ਜਾ ਰਹੇ ਹਨ। ਪੰਜਾਬ ਨੇ ਅਗਲੇ ਤਿੰਨ ਸਾਲਾਂ ਵਿਚ 1250 ਮੈਗਾਵਾਟ ਸੂਰਜੀ ਬਿਜਲੀ ਪੈਦਾ ਕਰਨ ਦਾ ਟੀਚਾ ਮਿੱਥ ਲਿਆ ਹੈ।

ਪੰਜਾਬ ਵਿਚ ਸ਼ਹਿਰਾਂ ਦੇ ਕੂੜੇ-ਕਰਕਟ ਤੋਂ ਬਿਜਲੀ ਪੈਦਾ ਕਰਨ ਦੇ ਪਲਾਂਟ ਜਲਦੀ ਸ਼ੁਰੂ ਹੋ ਰਹੇ ਹਨ। ਇਸ ਦੀ ਪਹਿਲ ਜਲੰਧਰ ਤੋਂ ਕੀਤੀ ਜਾ ਰਹੀ ਹੈ। ਵਿਦੇਸ਼ੀ ਕੰਪਨੀ ਨਾਲ ਰਲ ਕੇ ਜਲੰਧਰ ਵਿਚ ਇਕ ਬਹੁਤ ਵੱਡਾ ਕੂੜੇ ਤੋਂ ਬਿਜਲੀ ਪੈਦਾ ਕਰਨ ਦਾ ਪਲਾਂਟ ਲਗਾਇਆ ਜਾ ਰਿਹਾ ਹੈ। ਕੰਪਨੀ ਸ਼ਹਿਰ ਦਾ ਸਾਰਾ ਕੂੜਾ ਚੁੱਕ ਕੇ ਡੰਪ ਵਿਚ ਆਪਣੀਆਂ ਗੱਡੀਆਂ ਰਾਹੀਂ ਭੇਜੇਗੀ ਅਤੇ ਉਥੇ ਬਿਜਲੀ ਪੈਦਾ ਕੀਤੀ ਜਾਵੇਗੀ। ਇਸ ਨਾਲ ਬਿਜਲੀ ਦੀ ਘਾਟ ਕਾਫ਼ੀ ਹੱਦ ਤਕ ਦੂਰ ਹੋਵੇਗੀ। ਇਸ ਨਾਲ ਕੂੜੇ ਦੀ ਸਹੀ ਖਪਤ ਵੀ ਹੋ ਸਕੇਗੀ।

ਪੰਜਾਬ ਵਿਚ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟ ਕਾਫ਼ੀ ਦੇਰ ਦੇ ਸ਼ੁਰੂ ਹੋ ਚੁੱਕੇ ਹਨ। ਇਸ ਨਾਲ ਭਾਵੇਂ ਕਿ ਵਾਤਾਵਰਨ ਵਿਚ ਸਵੱਛਤਾ ਨਹੀਂ ਰਹਿੰਦੀ। ਰੋਪੜ, ਬਠਿੰਡਾ, ਲਹਿਰਾ ਮੁਹੱਬਤ ਵਿਖੇ ਕੋਲੇ ਨਾਲ ਚੱਲਣ ਵਾਲੇ ਪ੍ਰਮੁੱਖ ਥਰਮਲ ਪਲਾਂਟ ਚੱਲ ਰਹੇ ਹਨ। ਇਸ ਦੇ ਨਾਲ-ਨਾਲ ਨਿੱਜੀ ਖੇਤਰ ਦੇ ਪੰਜਾਬ ਵਿਚ ਦੋ ਥਰਮਲ ਪਲਾਂਟ ਰਾਜਪੁਰਾ ਅਤੇ ਤਲਵੰਡੀ ਸਾਬੋ ਵਿਖੇ ਚੱਲ ਰਹੇ ਹਨ। ਭਾਵੇਂ ਕਿ ਇਨ੍ਹਾਂ ਪੰਜਾਂ ਥਰਮਲ ਪਲਾਂਟਾਂ ਨਾਲ ਇਸ ਇਲਾਕੇ ਵਿਚ ਵਾਤਾਵਰਨ ਨੂੰ ਸਵੱਛ ਰੱਖਣ ਵਿਚ ਕਾਫ਼ੀ ਔਕੜਾਂ ਆ ਰਹੀਆਂ ਹਨ ਇਸੇ ਲਈ ਪੰਜਾਬ ਸਰਕਾਰ ਪਾਣੀ ਦੇ ਸਰੋਤਾਂ ਤੋਂ ਵੱਧ ਤੋਂ ਵੱਧ ਬਿਜਲੀ ਲਾਭ ਪ੍ਰਾਪਤ ਕਰਨ ਲਈ ਨਵੀਆਂ ਯੋਜਨਾਵਾਂ ਵੀ ਉਲੀਕ ਰਿਹਾ ਹੈ। ਸਵੱਛ ਵਾਤਾਵਰਨ ਲਈ ਹਵਾ ਤੋਂ ਬਿਜਲੀ ਪੈਦਾ ਕਰਨ ਦੀ ਤਕਨੀਕ ਲਾਭਕਾਰੀ ਹੋਵੇਗੀ। ਕੇਂਦਰੀ ਪਰੰਪਰਕ ਊਰਜਾ ਮੰਤਰਾਲਾ ਅਨੁਸਾਰ ਦੇਸ਼ ਵਿਚ 45 ਹਜ਼ਾਰ ਮੈਗਾਵਾਟ ਬਿਜਲੀ ਉਤਪਾਦਨ ਪੌਣ ਊਰਜਾ ਰਾਹੀਂ ਕੀਤਾ ਜਾ ਸਕਦਾ ਹੈ। ਇਸ ਲਈ ਦੇਸ਼ ਵਿਚ ਅਜਿਹੀਆਂ 201 ਥਾਵਾਂ ਦੀ ਪਛਾਣ ਕੀਤੀ ਗਈ ਹੈ ਜਿਥੇ ਹਵਾ ਰਾਹੀਂ ਬਿਜਲੀ ਦੇ ਪ੍ਰਾਜੈਕਟ ਲਗਾਏ ਜਾ ਸਕਦੇ ਹਨ। ਨੈਚੁਰਲ ਐਨਰਜੀ ਪ੍ਰੋਸੈਸਿੰਗ ਕੰਪਨੀ ਵਲੋਂ ਹੋਰ ਰਾਜਾਂ ਦੇ ਨਾਲ-ਨਾਲ ਪੰਜਾਬ ਵਿਚ ਵੀ ਅਜਿਹੇ ਪ੍ਰਾਜੈਕਟ ਲਗਾਏ ਜਾ ਰਹੇ ਹਨ। ਪੰਜਾਬ ਵਿਚ ਅਜੇ ਸੂਰਜੀ ਊਰਜਾ ਦਾ ਪੂਰੀ ਤਰ੍ਹਾਂ ਇਸਤੇਮਾਲ ਨਹੀਂ ਹੋ ਰਿਹਾ। ਜਦੋਂ ਇਸ ਤਕਨੀਕ ਨਾਲ ਬਿਜਲੀ ਪੈਦਾ ਕਰਨ ਵਿਚ ਮੁਹਾਰਤ ਪੈਦਾ ਕਰ ਲਈ ਜਾਵੇਗੀ ਤਾਂ ਇਹ ਸਸਤੀ ਪਵੇਗੀ। ਪੰਜਾਬ ਵਿਚ ਸਾਲ 2012 ਤੋਂ ਬਾਅਦ ਸੂਰਜੀ ਬਿਜਲੀ ਦੀ ਪੈਦਾਵਾਰ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਪੰਜਾਬ ਸਰਕਾਰ ਘਰ ਦੀਆਂ ਛੱਤਾਂ ਉਤੇ ਸੂਰਜੀ ਬਿਜਲੀ ਪਲਾਂਟ ਲਾਉਣ ਵਾਲੇ ਖਪਤਕਾਰ ਨੂੰ ਸਬਸਿਡੀ ਦਿੰਦੀ ਹੈ ਤਾਂ ਕਿ ਲੋਕ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਥਰਮਲ ਪਲਾਂਟ ਤੋਂ ਕੋਲੇ ਨਾਲ ਬਿਜਲੀ ਪੈਦਾ ਕਰਨ ਦਾ ਬਦਲ ਲੱਭਣ ਲਈ ਪੰਜਾਬ ਸਰਕਾਰ ਨੇ 2022 ਤਕ ਮਿੰਨੀ ਹਾਈਡਲ ਪ੍ਰਾਜੈਕਟ, ਬਾਇਓਮਾਸ ਬਿਜਲੀ ਪ੍ਰਾਜੈਕਟ, ਕੋ ਜਨਰੇਸ਼ਨ ਬਿਜਲੀ ਪ੍ਰਾਜੈਕਟ, ਕੂੜਾ-ਕਰਕਟ ਅਤੇ ਸੂਰਜੀ ਬਿਜਲੀ ਪ੍ਰਾਜੈਕਟਾਂ ਰਾਹੀਂ 2400 ਮੈਗਾਵਾਟ ਬਿਜਲੀ ਉਤਪਾਦਨ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ। ਭਵਿੱਖ ਵਿਚ ਪੰਜਾਬ ਸਰਕਾਰ ਨਹਿਰਾਂ ਉਤੇ ਸੌ ਮੈਗਾਵਾਟ ਦੇ ਸੂਰਜੀ ਬਿਜਲੀ ਪਲਾਂਟ ਲਾਉਣ ਜਾ ਰਹੀ ਹੈ। ਇਸ ਤਹਿਤ ਪੰਜਾਬ ਨੇ ਕੇਂਦਰੀ ਮੰਤਰਾਲਾ ਤੋਂ ਸਹਾਇਤਾ ਮੰਗੀ ਹੈ। ਸਵੱਛਤਾ ਨੂੰ ਧਿਆਨ ਵਿਚ ਰੱਖਦਿਆਂ ਅਤੇ ਕੌਮੀ ਪ੍ਰਸਥਿਤੀਆਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਹਵਾ, ਪਾਣੀ ਅਤੇ ਸੂਰਜੀ ਬਿਜਲੀ ਉਤਪਾਦਨ ਨੂੰ ਪਹਿਲ ਦੇ ਰਹੀ ਹੈ। ਸਰਕਾਰ ਸਵੱਛਤਾ ਅਭਿਆਨ ਨੂੰ ਹੁਲਾਰਾ ਦੇਣ ਲਈ ਸੂਰਜੀ ਬਿਜਲੀ ਊਰਜਾ ਨੂੰ ਬਹੁਤ ਉਤਸ਼ਾਹ ਦੇ ਰਹੀ ਹੈ। ਇਸ ਨਾਲ ਵਾਤਾਵਰਨ ਨੂੰ ਸਵੱਛ ਰੱਖਿਆ ਜਾ ਸਕਦਾ ਹੈ। ਪੀ ਐੱਸ ਪੀ ਸੀ ਐੱਲ ਸੂਰਜੀ ਬਿਜਲੀ ਪੈਦਾ ਕਰਨ ਵਾਲੀਆਂ ਕੰਪਨੀਆਂ ਅਤੇ ਖਪਤਕਾਰਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਰਹੀ ਹੈ। ਕੰਪਨੀ ਤੋਂ ਬਿਜਲੀ ਦੀ ਖਰੀਦ ਵੀ ਕੀਤੀ ਜਾਂਦੀ ਹੈ ਅਤੇ ਪਾਣੀ ਤੋਂ ਬਿਜਲੀ ਪੈਦਾ ਕਰਨ ਦੇ ਸਰੋਤ ਵੀ ਜੰਗੀ ਪੱਧਰ 'ਤੇ ਲੱਭੇ ਜਾ ਰਹੇ ਹਨ। ਅਜਿਹੇ ਕਾਰਜਾਂ ਨਾਲ ਪ੍ਰਧਾਨ ਮੰਤਰੀ ਦੀ ਸਵੱਛ ਭਾਰਤ ਬਣਾਉਣ ਦੀ ਲਹਿਰ ਵਿਚ ਪੰਜਾਬ ਆਪਣੀ ਬਣਦੀ ਭੂਮਿਕਾ ਅਦਾ ਕਰ ਰਿਹਾ ਹੈ। 2019 ਤਕ ਭਾਰਤ ਨੂੰ ਸਵੱਛ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਮੀਦ ਹੈ ਕਿ ਪੰਜਾਬ ਬਾਕੀ ਰਾਜਾਂ ਤੋਂ ਮੋਹਰੀ ਹੈ। ਉਹ ਮਿੱਥੇ ਸਮੇਂ ਤੋਂ ਪਹਿਲਾਂ ਹੀ ਸਵੱਛ ਪੰਜਾਬ ਬਣਾ ਲਵੇਗਾ।

*(ਲੇਖਕ 'ਇਕ ਮੈਗਜ਼ੀਨ ਦਾ ਸੰਪਾਦਕ ਅਤੇ ਸੁਤੰਤਰ ਪੱਤਰਕਾਰ ਹੈ।)*

*e-mail :kahanidhara@gmail.com*

# ਸਾਫ਼-ਸਫ਼ਾਈ ਤੇ ਸਵੱਛਤਾ ਲਈ ਸਭ ਦਾ ਸਹਿਯੋਗ ਜ਼ਰੂਰੀ

ਰਣਜੀਤ ਸਿੰਘ

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਾਡਾ ਦੇਸ਼ ਪ੍ਰਾਚੀਨ ਸਭਿਅਤਾ ਦਾ ਮਾਲਕ ਹੈ। ਇਥੇ ਸਮਾਜਿਕ ਕਦਰਾਂ-ਕੀਮਤਾਂ ਤੇ ਰਹਿਣ-ਸਹਿਣ ਦੇ ਢੰਗ ਸਿਰਜੇ ਗਏ। ਸੰਸਾਰ ਨੂੰ ਗਿਆਨ ਅਤੇ ਸੋਝੀ ਦੇਣ ਵਾਲੇ ਦੇਸ਼ ਦੇ ਨਾਗਰਿਕਾਂ ਵਿਚ ਸਮਾਜਿਕ ਨੈਤਿਕ ਕੀਮਤਾਂ ਟੁੱਟ ਰਹੀਆਂ ਹਨ ਅਤੇ ਸਲੀਕੇ ਦੀ ਘਾਟ ਨਜ਼ਰ ਆਉਂਦੀ ਹੈ। ਕਾਨੂੰਨ ਦੀ ਪ੍ਰਵਾਹ ਨਾ ਕਰਨਾ 'ਆਪਣਾ ਜਨਮ ਸਿੱਧ ਅਧਿਕਾਰ' ਸਮਝਿਆ ਜਾ ਰਿਹਾ ਹੈ। ਲੋਕ ਰਾਜ ਵਿਚ ਜਿਥੇ ਨਾਗਰਿਕਾਂ ਨੂੰ ਬਹੁਤ ਸਾਰੇ ਅਧਿਕਾਰ ਦਿਤੇ ਗਏ ਹਨ, ਉਥੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵੀ ਹਨ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਸਲੀਕੇ ਦਾ ਨਾਮ ਦਿਤਾ ਜਾਂਦਾ ਹੈ। ਵੱਡੀ ਘਾਟ ਜਿਸ ਲਈ ਅਸੀਂ ਸਮੁੱਚੇ ਸੰਸਾਰ ਵਿਚ ਚਰਚਾ ਵਿਚ ਹਾਂ, ਉਹ ਹੈ ਸਾਫ਼-ਸਫ਼ਾਈ ਦੀ ਘਾਟ। ਸਾਡੇ ਘਰ, ਦੁਕਾਨ, ਦਫ਼ਤਰ ਜਾਂ ਵਪਾਰਕ ਅਦਾਰੇ ਅੰਦਰੋਂ ਭਾਵੇਂ ਕਿੰਨੇ ਵੀ ਲਿਸ਼-ਲਿਸ਼ ਕਰਦੇ ਹੋਣ ਪਰ ਬਾਹਰ ਕੂੜੇ ਦੇ ਢੇਰ, ਮੁਸ਼ਕ ਮਾਰਦਾ ਪਾਣੀ ਤੇ ਥਾਂ-ਥਾਂ ਗੰਦਗੀ 'ਸਵਾਗਤ' ਕਰਦੀ ਹੈ। ਸੜਕ-ਸਲੀਕੇ ਦੀ ਤਾਂ ਪ੍ਰਵਾਹ ਹੀ ਨਹੀਂ ਹੈ। ਬਿਨਾਂ ਮਤਲਬ ਹਾਰਨ ਮਾਰਨਾ, ਵਾਹਨਾਂ ਦਾ ਧੂੰਆਂ ਛੱਡਣਾ, ਸੜਕ ਨਿਯਮਾਂ ਦੀ ਪਾਲਣਾ ਨਾ ਕਰਨਾ ਸਾਡੀ ਆਦਤ ਬਣ ਗਈ ਹੈ।

ਮਹਾਤਮਾ ਗਾਂਧੀ ਨੂੰ ਅਸੀਂ ਦੇਸ਼ ਦਾ ਪਿਤਾ ਐਲਾਨਿਆ ਹੈ। ਉਨ੍ਹਾਂ ਨੂੰ ਅਸੀਂ ਬਾਪੂ ਆਖਦੇ ਹਾਂ, ਪਰ ਉਨ੍ਹਾਂ ਦੇ ਅਸੂਲਾਂ ਨੂੰ ਅਸੀਂ ਰਾਜਘਾਟ ਤਕ ਸੀਮਤ ਕਰ ਦਿਤਾ ਹੈ। ਨੋਟਾਂ ਅਤੇ ਡਾਕ ਟਿਕਟਾਂ ਉਤੇ ਉਨ੍ਹਾਂ ਦੀ ਫੋਟੋ ਛਾਪ ਕੇ ਸਮਝਦੇ ਹਾਂ ਕਿ ਸਾਡਾ ਫ਼ਰਜ਼ ਪੂਰਾ ਹੋ ਗਿਆ ਹੈ। ਗਾਂਧੀ ਜੀ ਨੂੰ ਸਾਫ਼-ਸਫ਼ਾਈ ਨਾਲ ਪਿਆਰ ਸੀ। ਇਸ ਨੂੰ ਉਹ ਰੱਬ ਦਾ ਦੂਜਾ ਰੂਪ ਮੰਨਦੇ ਸਨ। ਚੌਗਿਰਦੇ ਦੇ ਨਾਲੋ-ਨਾਲ ਹਵਾ, ਧਰਤੀ ਤੇ ਪਾਣੀ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਉਤੇ ਵੀ ਉਹ ਵਿਸ਼ੇਸ਼ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਆਖਣਾ ਸੀ ਕਿ ਆਜ਼ਾਦੀ ਲਈ ਕੀਤੇ ਅੰਦੋਲਨ ਵਾਂਗ ਚੌਗਿਰਦੇ ਦੀ ਸਾਫ਼-ਸਫ਼ਾਈ ਲਈ ਵੀ ਅੰਦੋਲਨ ਕਰਨ ਦੀ ਲੋੜ ਹੈ। ਜਦੋਂ ਤਕ ਦੇਸ਼ ਦੇ ਸਾਰੇ ਨਾਗਰਿਕ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ, ਚੌਗਿਰਦੇ ਦੀ ਸਾਫ਼-ਸਫ਼ਾਈ ਅਤੇ ਵਾਤਾਵਰਨ ਦੀ ਸ਼ੁੱਧਤਾ ਸੰਭਵ ਨਹੀਂ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਸੰਪੂਰਨ ਸਵਰਾਜ ਉਦੋਂ ਹੀ ਪ੍ਰਾਪਤ ਹੋਵੇਗਾ ਜਦੋਂ ਸਵੱਛ ਭਾਰਤ ਨਜ਼ਰ ਆਵੇਗਾ।

*ਇਸ ਵਰ੍ਹੇ ਉਨ੍ਹਾਂ ਦੇ ਜਨਮ ਦਿਨ ਮੌਕੇ ਦੇਸ਼ ਵਿਚ ਸਵੱਛ ਭਾਰਤ ਦੀ ਲਹਿਰ ਚਲਾਈ ਗਈ ਹੈ। ਇਸ ਦੀ ਸਫਲਤਾ ਸਾਡੇ ਸਾਰਿਆਂ ਦੇ ਸਾਂਝੇ ਯਤਨਾਂ ਉੱਤੇ ਹੀ ਨਿਰਭਰ ਕਰਦੀ ਹੈ। ਜੇਕਰ ਇਹ ਇਕ ਵਿਖਾਵਾ ਬਣ ਕੇ ਰਹਿ ਗਈ ਤਾਂ ਸਾਡੇ ਸਾਰਿਆਂ ਲਈ ਨਮੋਸ਼ੀ ਹੋਵੇਗੀ। ਜੇ ਸਾਰੇ ਆਪਣੇ ਉੱਤੇ ਰੋਕ ਲਗਾ ਲੈਣ ਤਾਂ ਇਹ ਕਲੰਕ ਕਾਫ਼ੀ ਹੱਦ ਤਕ ਦੂਰ ਕੀਤਾ ਜਾ ਸਕਦਾ ਹੈ।*

ਚੌਗਿਰਦੇ ਦੀ ਗੰਦਗੀ ਦੇ ਨਾਲ-ਨਾਲ ਦੇਸ਼ ਦਾ ਵਾਤਾਵਰਨ ਵੀ ਪ੍ਰਦੂਸ਼ਿਤ ਹੋ ਰਿਹਾ ਹੈ। ਅਸੀਂ ਹਵਾ, ਪਾਣੀ ਅਤੇ ਧਰਤੀ ਨੂੰ ਗੰਦਾ ਕਰਨ ਵਿਚ ਵੀ ਆਪਣਾ ਪੂਰਾ 'ਯੋਗਦਾਨ' ਪਾ ਰਹੇ ਹਾਂ। ਕੁਦਰਤ ਦੇ ਰੂਪ ਵਿਚ ਕਾਦਰ ਦੀ ਸਭ ਤੋਂ ਵੱਡੀ ਦੇਣ ਹਵਾ, ਪਾਣੀ ਅਤੇ ਧਰਤੀ ਹੈ। ਇਨ੍ਹਾਂ ਤਿੰਨਾਂ ਤੋਂ ਬਗੈਰ ਇਸ ਸੰਸਾਰ 'ਤੇ ਜੀਵਨ ਸੰਭਵ ਹੀ ਨਹੀਂ ਹੋ ਸਕਦਾ। ਇਸੇ ਕਰਕੇ ਮੁਢ ਕਦੀਮ ਤੋਂ ਇਨ੍ਹਾਂ ਨੂੰ ਪਵਿੱਤਰ ਮੰਨਿਆ ਗਿਆ ਹੈ। ਇਨ੍ਹਾਂ ਨੂੰ ਦੇਵਤਿਆਂ ਦਾ ਦਰਜਾ ਦੇ ਕੇ ਪੂਜਾ ਕੀਤੀ ਜਾਂਦੀ ਸੀ। ਆਧੁਨਿਕਤਾ ਦੇ ਪ੍ਰਭਾਵ ਹੇਠ ਅਸੀਂ ਇਸ ਨੂੰ ਅੰਧਵਿਸ਼ਵਾਸ ਆਖਣਾ ਸ਼ੁਰੂ ਕਰ ਦਿਤਾ ਹੈ। ਜਦੋਂ ਸਾਡਾ ਜੀਵਨ ਇਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ ਤਾਂ ਇਨ੍ਹਾਂ ਦੀ ਸ਼ੁੱਧਤਾ ਨੂੰ ਬਣਾਈ ਰਖਣਾ ਵੀ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਜਦੋਂ ਇਸ ਸੰਬੰਧੀ ਅਹਿਸਾਸ ਦੁਆਇਆ ਜਾਂਦਾ ਹੈ ਤਾਂ ਅਸੀਂ ਆਖ ਦਿੰਦੇ ਹਾਂ ਕਿ ਇਹ ਕੰਮ ਸਰਕਾਰ, ਨਗਰ ਪਰਿਸ਼ਦ ਜਾਂ ਪਿੰਡ ਦੀ ਪੰਚਾਇਤ ਦਾ ਹੈ। ਇਹ ਧਾਰਨਾ ਗਲਤ ਹੈ।

ਚੌਗਿਰਦੇ ਦੀ ਸਾਂਭ ਸੰਭਾਲ ਕਰਨਾ ਤੇ ਵਾਤਾਵਰਨ ਦੀ ਸ਼ੁੱਧਤਾ ਬਣਾਈ ਰਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਾਫ਼-ਸੁਥਰੇ ਚੌਗਿਰਦੇ ਨਾਲ ਬਹੁਤ ਸਾਰੀਆਂ ਬੀਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ, ਸਾਹ ਲੈਣ ਲਈ ਸਾਫ਼ ਹਵਾ ਪ੍ਰਾਪਤ ਹੁੰਦੀ ਹੈ ਅਤੇ ਵਧੀਆ ਚੌਗਿਰਦਾ ਮਨ ਨੂੰ ਅਨੰਦਿਤ ਕਰਦਾ ਹੈ। ਇਸ ਨਾਲ ਸੈਲਾਨੀਆਂ ਨੂੰ ਵੀ ਵੱਡੀ ਗਿਣਤੀ ਵਿਚ ਭਾਰਤ ਆਉਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸਾਫ਼-ਸੁਥਰਾ ਚੌਗਿਰਦਾ ਤੇ ਵਾਤਾਵਰਨ ਨਾਲ ਜਦੋਂ ਮਨ ਅਨੰਦਿਤ ਹੁੰਦਾ ਹੈ ਤਾਂ ਉਤਸ਼ਾਹ ਵਿਚ ਵਾਧਾ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਜਾਗਦਾ ਹੈ। ਇਸ ਨਾਲ ਮਨੁੱਖ ਦੀ ਆਪਣੀ ਕਾਰਗੁਜ਼ਾਰੀ ਵੱਧ ਤੇ ਵਧੀਆ ਹੋ ਜਾਂਦੀ ਹੈ। ਗੰਦੇ ਚੌਗਿਰਦੇ ਅਤੇ ਪ੍ਰਦੂਸ਼ਿਤ ਵਾਤਾਵਰਨ ਕਾਰਨ ਬੀਮਾਰੀਆਂ ਵਿਚ ਵਾਧਾ ਹੋ ਰਿਹਾ ਹੈ।

ਇਕ ਅਨੁਮਾਨ ਅਨੁਸਾਰ ਹਰ ਸਾਲ ਲਗਭਗ 40,000 ਲੋਕ ਅਜਿਹੀਆਂ ਬੀਮਾਰੀਆਂ ਨਾਲ ਮਰਦੇ ਹਨ ਜਿਹੜੀਆਂ ਵਾਤਾਵਰਨ ਦੇ ਪ੍ਰਦੂਸ਼ਣ ਨਾਲ ਫ਼ੈਲਦੀਆਂ ਹਨ। ਲਗਭਗ ਦੋ ਕਰੋੜ ਲੋਕ ਇਨ੍ਹਾਂ ਬੀਮਾਰੀਆਂ ਦਾ ਸ਼ਿਕਾਰ ਹਨ। ਚੌਗਿਰਦੇ

ਨੂੰ ਗੰਦਾ ਕਰਨ ਅਤੇ ਵਾਤਾਵਰਨ ਦੀ ਪ੍ਰਦੂਸ਼ਿਤਤਾ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ। ਇਹ ਆਮ ਵੇਖਿਆ ਗਿਆ ਹੈ ਕਿ ਲੋਕ ਆਪਣੇ ਘਰ ਦੀ ਸਫ਼ਾਈ ਕਰ ਕੇ ਕੂੜਾ ਬਾਹਰ ਗਲੀ ਵਿਚ ਸੁੱਟ ਦਿੰਦੇ ਹਨ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਬਾਹਰ ਦੀ ਗੰਦਗੀ ਦੇ ਢੇਰ ਵਿਚੋਂ ਬੀਮਾਰੀਆਂ, ਬਦਬੂ ਅਤੇ ਨਿਰਾਸ਼ਾ ਹੀ ਸਾਡੇ ਪੱਲੇ ਪਵੇਗੀ। ਰਾਹ ਚਲਦੇ ਫਲ ਖਾ ਕੇ ਛਿਲਕੇ ਰਸਤੇ ਵਿਚ ਹੀ ਸੁੱਟ ਦਿਤੇ ਜਾਂਦੇ ਹਨ। ਖਾਲੀ ਲਿਫ਼ਾਫ਼ਿਆਂ ਅਤੇ ਕਾਗਜ਼ਾਂ ਦਾ ਵੀ ਇਹੋ ਹਾਲ ਹੁੰਦਾ ਹੈ। ਰਾਹ ਵਿਚ ਥੁੱਕਣਾ ਤੇ ਜਿਥੇ ਵੀ ਮਨ ਕੀਤਾ ਆਪਣੇ ਆਪ ਨੂੰ ਹਲਕਾ ਕਰਨਾ ਅਸੀਂ ਆਪਣਾ 'ਅਧਿਕਾਰ' ਸਮਝਦੇ ਹਾਂ। ਅਸੀਂ ਆਪਣੇ ਆਪ ਨੂੰ ਸੰਸਾਰ ਦੇ ਸਭ ਤੋਂ ਵੱਧ ਧਾਰਮਿਕ ਰੁਚੀ ਵਾਲੇ ਮੰਨਦੇ ਹਾਂ। ਇਸੇ ਅਕੀਦੇ ਤਹਿਤ ਨਿੱਤ ਨਗਰ ਕੀਰਤਨ, ਸ਼ੋਭਾ ਯਾਤਰਾ ਜਾਂ ਜਲੂਸ ਕੱਢੇ ਜਾਂਦੇ ਹਨ। ਇਨ੍ਹਾਂ ਵਿਚ ਸ਼ਾਮਿਲ ਸੰਗਤ ਦੀ ਖ਼ੂਬ ਸੇਵਾ ਕੀਤੀ ਜਾਂਦੀ ਹੈ, ਥਾਂ-ਥਾਂ ਲੰਗਰ ਲਗਾਏ ਜਾਂਦੇ ਹਨ। ਜਦੋਂ ਸੰਗਤ ਉਥੋਂ ਲੰਘ ਜਾਂਦੀ ਹੈ ਤਾਂ ਪਿਛੇ ਸੜਕ ਪੇਪਰ ਪਲੇਟਾਂ, ਕੱਪਾਂ ਅਤੇ ਖਾਣ-ਪੀਣ ਦੀ ਜੂਠ ਨਾਲ ਭਰ ਜਾਂਦੀ ਹੈ। ਇੰਝ ਪੁੰਨ ਕਮਾਉਣ ਦੀ ਥਾਂ ਅਸੀਂ ਗੰਦਗੀ ਖਿਲਾਰ ਦਿੰਦੇ ਹਾਂ। ਸ਼ਰਧਾ ਤਾਂ ਇਸੇ ਵਿਚ ਹੈ ਕਿ ਜਿਸ ਸੇਵਾ ਭਾਵਨਾ ਨਾਲ ਅਸੀਂ ਨਗਰ ਕੀਰਤਨ ਦੇ ਅੱਗੇ ਸਫ਼ਾਈ ਕਰਦੇ ਹਾਂ ਉਸੇ ਭਾਵਨਾ ਨਾਲ ਪਿੱਛੇ ਵੀ ਸਫ਼ਾਈ ਕਰਨੀ ਚਾਹੀਦੀ ਹੈ।

ਅਮੀਰ, ਗਰੀਬ, ਪੜ੍ਹੇ-ਲਿਖੇ ਤੇ ਅਨਪੜ੍ਹ ਵੀ ਚੌਗਿਰਦੇ ਨੂੰ ਗੰਦਾ ਕਰਨ ਵਿਚ ਸ਼ਾਮਿਲ ਹਨ। ਕਾਰਖ਼ਾਨਿਆਂ ਦੀਆਂ ਚਿਮਨੀਆਂ ਵਿਚੋਂ ਨਿਕਲਦਾ ਧੂੰਆਂ ਜਿਥੇ ਹਵਾ ਨੂੰ ਗੰਧਲਾ ਕਰਦਾ ਹੈ, ਉਥੇ ਕਾਰਖ਼ਾਨੇ ਦਾ ਗੰਦਾ ਪਾਣੀ ਦਰਿਆਵਾਂ ਨੂੰ ਗੰਧਲਾ ਕਰਦਾ ਹੈ। ਜਿਹੜੇ ਦਰਿਆਵਾਂ ਵਿਚ ਇਸ਼ਨਾਨ ਕਰਨ ਨਾਲ ਕੇਵਲ ਤਨ ਹੀ ਨਹੀਂ ਸਗੋਂ ਮਨ ਵੀ ਸ਼ੁੱਧ ਹੋ ਜਾਂਦਾ ਸੀ ਉਥੇ ਹੁਣ ਮੱਛੀਆਂ ਨੂੰ ਵੀ ਸਾਹ ਲੈਣਾ ਔਖਾ ਹੋ ਗਿਆ ਹੈ। ਜੇ ਸਾਡਾ ਵਾਹਨ ਧੂੰਆਂ ਮਾਰਦਾ ਹੈ ਤਾਂ ਅਸੀਂ ਇਸ ਨੂੰ ਠੀਕ ਕਰਵਾਉਣ ਦਾ ਯਤਨ ਹੀ ਨਹੀਂ ਕਰਦੇ। ਜਨਤਕ ਜਾਇਦਾਦ ਨੂੰ ਲੋਕ ਹੀ ਸਭ ਤੋਂ ਵੱਧ ਗੰਦਾ ਕਰਦੇ ਹਨ। ਆਪਣੀ ਜਾਇਦਾਦ ਨੂੰ ਆਪ ਹੀ ਗੰਦਾ ਕਰਨ ਵਿਚ ਭਾਰਤੀ ਸਾਰੇ ਸੰਸਾਰ ਵਿਚ ਮੋਹਰੀ ਹਨ।

ਮਹਾਤਮਾ ਗਾਂਧੀ ਦੇ ਜਨਮ ਦਿਨ ਦੋ ਅਕਤੂਬਰ ਤੋਂ ਪ੍ਰਧਾਨ ਮੰਤਰੀ ਵਲੋਂ 'ਸਵੱਛ ਭਾਰਤ' ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਸ ਦਿਨ ਪ੍ਰਧਾਨ ਮੰਤਰੀ ਤੋਂ ਲੈ ਕੇ ਸਭ ਤੋਂ ਹੇਠਲੇ ਕਰਮਚਾਰੀ ਨੇ ਹੱਥ ਵਿਚ ਝਾੜੂ ਫੜ ਇਸ ਮੁਹਿੰਮ ਵਿਚ ਹਿੱਸਾ ਲਿਆ ਹੈ। ਇਹ ਵਿਚਾਰ ਬਹੁਤ ਹੀ ਮਹਾਨ ਹੈ। ਪ੍ਰਧਾਨ ਮੰਤਰੀ ਦਾ ਸੁਪਨਾ ਉਦੋਂ ਹੀ ਪੂਰਾ ਹੋ ਸਕਦਾ ਹੈ ਜੇ ਇਹ ਕੇਵਲ ਵਿਖਾਵਾ ਬਣਨ ਤਕ ਹੀ ਸੀਮਤ ਨਾ ਰਹਿ ਜਾਵੇ ਸਗੋਂ ਸਾਡੀ ਆਦਤ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ। ਸਾਰਾ ਕੁਝ ਸਰਕਾਰ ਉਤੇ ਨਹੀਂ ਛੱਡਿਆ ਜਾ ਸਕਦਾ। ਆਪਣੇ ਚੌਗਿਰਦੇ ਨੂੰ ਸਾਫ਼-ਸੁਥਰਾ ਰਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਾਫ਼-ਸੁਥਰਾ ਚੌਗਿਰਦਾ ਸਾਡੇ ਸਾਰਿਆਂ ਲਈ ਹੀ ਗੁਣਕਾਰੀ ਹੈ। ਅਜਿਹਾ ਕਰਨ ਲਈ ਹੇਠਾਂ ਕੁਝ ਸੁਝਾਅ ਦਿਤੇ ਜਾ ਰਹੇ ਹਨ।

ਆਪਣੇ ਮੁਹੱਲੇ ਨੂੰ ਸਾਫ਼-ਸੁਥਰਾ ਰਖਣ ਦੀ ਜ਼ਿੰਮੇਵਾਰੀ ਮੁਹੱਲਾ ਕੇਮਟੀ ਦੀ ਹੈ। ਮਹੀਨੇ ਵਿਚ ਇਕ ਵਾਰ ਮੁਹੱਲੇ ਦੇ ਸਾਰੇ ਪਰਿਵਾਰਾਂ ਨੂੰ ਰਲ ਕੇ ਆਪਣੇ ਮੁਹੱਲੇ ਦੀ ਸਫ਼ਾਈ ਕਰਨੀ ਚਾਹੀਦੀ ਹੈ। ਘਰਾਂ ਦਾ ਕੂੜਾ ਸੁੱਟਣ ਲਈ ਇਕ ਢੋਲ ਰਖਿਆ ਜਾਵੇ। ਹਰੇਕ ਘਰ ਵਿਚ ਘੱਟੋ-ਘੱਟ ਪੰਜ ਗਮਲੇ ਫੁੱਲਾਂ ਵਾਲੇ ਬੂਟਿਆਂ ਦੇ ਹੋਣੇ ਚਾਹੀਦੇ ਹਨ। ਜੇ ਕੋਈ ਕਿਆਰੀ ਹੈ ਤਾਂ ਉਥੇ ਸਬਜ਼ੀ ਲਗਾਵੇ। ਘਰ ਦਾ ਪਾਣੀ ਉਸੇ ਕਿਆਰੀ ਵਿਚ ਪਾਇਆ ਜਾਵੇ। ਜੇ ਮੁਹੱਲੇ ਵਿਚ ਕੋਈ ਖਾਲੀ ਥਾਂ ਹੈ ਤਾਂ ਉਸ ਨੂੰ ਸਾਫ਼ ਕਰਕੇ ਬੂਟੇ ਲਗਾਏ ਜਾਣ।

ਕਈ ਸਕੂਲ ਕਾਲਜ ਤੇ ਦਫ਼ਤਰ ਅੰਦਰੋਂ ਬਾਹਰੋਂ ਸਾਫ਼-ਸੁਥਰੇ ਨਜ਼ਰ ਆਉਂਦੇ ਹਨ ਪਰ ਬਹੁਤਿਆਂ ਦੇ ਅੰਦਰ-ਬਾਹਰ ਸਫ਼ਾਈ ਦਾ ਧਿਆਨ ਨਹੀਂ ਰਖਿਆ ਜਾਂਦਾ। ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਰਲ ਕੇ ਸਾਲ ਵਿਚ ਘੱਟੋ-ਘੱਟ ਚਾਰ ਵਾਰ ਸਫ਼ਾਈ ਕਰਨੀ ਚਾਹੀਦੀ ਹੈ। ਇਸ ਨੂੰ ਅਮਲੀ ਪੜ੍ਹਾਈ ਦਾ ਨਾਮ ਦਿਤਾ ਜਾ ਸਕਦਾ ਹੈ। ਅਜਿਹਾ ਬਹੁਤ ਸਾਰੇ ਦੇਸ਼ਾਂ ਵਿਚ ਕੀਤਾ ਜਾਂਦਾ ਹੈ। ਸਕੂਲ ਦੀ ਦੀਵਾਰ ਨਾਲ ਰੁੱਖ ਲਗਾਏ ਜਾਣ ਤੇ ਅੰਦਰ ਫੁੱਲਾਂ ਦੇ ਬੂਟਿਆਂ ਦੀਆਂ ਕਿਆਰੀਆਂ ਬਣਾਈਆਂ ਜਾਣ। ਇਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਨੂੰ ਸੌਂਪੀ ਜਾਵੇ। ਵਿਦਿਆਰਥੀਆਂ ਵਿਚ ਕਿਰਤ ਦਾ ਸਤਿਕਾਰ ਵਧੇਗਾ, ਸਫ਼ਾਈ ਦੀ ਆਦਤ ਪਵੇਗੀ ਅਤੇ ਕੁਝ ਨਵਾਂ ਸਿਖਣ ਦਾ ਮੌਕਾ ਮਿਲੇਗਾ ਪਰ ਇਸ ਮੁਹਿੰਮ ਵਿਚ ਅਧਿਆਪਕਾਂ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ। ਵਿਦਿਅਕ ਅਦਾਰੇ ਦਾ ਚੌਗਿਰਦਾ ਹੀ ਨਹੀਂ ਸਗੋਂ ਮਾਹੌਲ ਵੀ ਵਧੀਆ ਹੋ ਜਾਵੇਗਾ।

ਬਹੁਤੇ ਸਰਕਾਰੀ ਦਫ਼ਤਰਾਂ ਦੇ ਅੰਦਰ-ਬਾਹਰ ਗੰਦਗੀ ਨਜ਼ਰ ਆਉਂਦੀ ਹੈ। ਅੰਦਰ ਫ਼ਾਈਲਾਂ ਦੇ ਢੇਰਾਂ ਉਤੇ ਮਿੱਟੀ ਦੀਆਂ ਪਰਤਾਂ ਜੰਮੀਆਂ ਨਜ਼ਰ ਆਉਂਦੀਆਂ ਹਨ। ਪਰਦਿਆਂ ਨੂੰ ਧੋਣ ਤੇ ਪੱਖਿਆਂ ਨੂੰ ਸਾਫ਼ ਕਰਨ ਬਾਰੇ ਕਿਸੇ ਸੋਚਿਆ ਹੀ ਨਹੀਂ ਹੈ। ਬਾਹਰ ਗੋਡੇ-ਗੋਡੇ ਘਾਹ ਖੜ੍ਹਾ ਹੁੰਦਾ ਹੈ, ਬਾਥਰੂਮ ਮੁਸ਼ਕ ਮਾਰਦੇ ਹਨ। ਇਨ੍ਹਾਂ ਦਫ਼ਤਰਾਂ ਵਿਚ ਤਾਂ ਮੁਖੀ ਸਮੇਤ ਸਾਰਿਆਂ ਨੂੰ ਰਲ ਕੇ ਹਰ ਮਹੀਨੇ 'ਦਫ਼ਤਰ ਸੇਵਾ ਦਿਨ' ਮਨਾਉਣਾ ਚਾਹੀਦਾ ਹੈ। ਉਸ ਦਿਨ ਦਫ਼ਤਰ ਵਿਚ ਪਿਕਨਿਕ ਵਾਲਾ ਮਾਹੌਲ ਸਿਰਜਿਆ ਜਾਵੇ। ਸਾਫ਼-ਸੁਥਰੇ ਮਾਹੌਲ ਵਿਚ ਕੰਮ ਵੱਧ ਤੇ ਵਧੀਆ ਹੋਣ ਲਗ ਪਵੇਗਾ।

ਕਾਰਖ਼ਾਨਿਆਂ ਤੇ ਵਾਹਨਾਂ ਦੇ ਮਾਲਕਾਂ ਨੂੰ ਆਪਣੇ ਉਤੇ ਸਮਾਜਿਕ ਜ਼ਿੰਮੇਵਾਰੀ ਲਾਗੂ ਕਰਨੀ ਚਾਹੀਦੀ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸੰਬੰਧਿਤ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਸਾਡੇ ਦੇਸ਼ ਵਿਚ ਕਾਨੂੰਨ ਬਹੁਤ ਬਣਦੇ ਹਨ, ਪਰ ਉਨ੍ਹਾਂ ਦੀ ਪਾਲਣਾ ਬਹੁਤ ਘੱਟ ਕੀਤੀ ਜਾਂਦੀ ਹੈ। ਕਾਨੂੰਨ ਦਾ ਡਰ ਵੀ ਮਨੁੱਖ ਨੂੰ ਆਪਣੇ ਫ਼ਰਜ਼ਾਂ ਪ੍ਰਤਿ ਸੁਚੇਤ ਕਰ ਦਿੰਦਾ ਹੈ।

***ਸਾਡੇ ਦੇਸ਼ ਵਿਚ ਰੁੱਖਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਕਰੋੜਾਂ ਰੁੱਖ ਲਗਾਏ ਜਾਂਦੇ ਹਨ। ਪਰ ਇਹ ਇਕ ਵਿਖਾਵਾ ਹੀ ਬਣ ਕੇ ਰਹਿ ਗਿਆ ਹੈ। ਰੁੱਖਾਂ ਦੀ ਗਿਣਤੀ ਵਿਚ ਵਾਧਾ ਨਹੀਂ ਹੋ ਰਿਹਾ ਕਿਉਂਕਿ ਲਗਾਏ ਗਏ ਬੂਟਿਆਂ ਦੀ ਕੋਈ ਦੇਖਭਾਲ ਨਹੀਂ ਕਰਦਾ। ਆਵੋ, ਆਪਣੇ ਫ਼ਰਜ਼ਾਂ ਨੂੰ ਪਛਾਣੀਏ ਤੇ ਆਪਣੇ ਚੌਗਿਰਦੇ ਨੂੰ ਸਾਫ਼-ਸੁਥਰਾ ਰੱਖਣ ਵਿਚ ਪੂਰਾ ਯੋਗਦਾਨ ਪਾਈਏ।***

*(ਲੇਖਕ ਸਾਬਕਾ ਨਿਰਦੇਸ਼ਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੇ ਸੁਤੰਤਰ ਪੱਤਰਕਾਰ ਹੈ।)*

# ਉੱਤਰਾਖੰਡ : ਆਰਥਿਕ ਵਿਕਾਸ ਦਾ ਵਾਤਾਵਰਨ 'ਤੇ ਪ੍ਰਭਾਵ
## (ਇਕ ਅਧਿਐਨ)

ਗੁਰਿੰਦਰ ਕੌਰ

ਉੱਤਰਾਖੰਡ ਰਾਜ ਭਾਰਤ ਦੇ ਉਤਰ-ਪੱਛਮ ਵਿਚ ਸਥਿਤ ਹੈ। ਇਹ ਰਾਜ ਸੰਨ 2000 ਤਕ ਉੱਤਰ ਪ੍ਰਦੇਸ਼ ਰਾਜ ਦਾ ਹਿੱਸਾ ਹੁੰਦਾ ਸੀ। ਇਸ ਰਾਜ ਦੀ ਖ਼ਾਸੀਅਤ ਇਹ ਹੈ ਕਿ ਕੁਦਰਤ ਨੇ ਇਸ ਨੂੰ ਭਰਪੂਰ ਖ਼ੂਬਸੂਰਤੀ ਦੇ ਨਾਲ-ਨਾਲ ਕੁਦਰਤੀ ਸਾਧਨਾਂ ਦਾ ਭਰਪੂਰ ਖਜ਼ਾਨਾ ਵੀ ਦਿਤਾ ਹੈ। ਕਿਸੇ ਵੀ ਰਾਜ/ਖੇਤਰ ਦਾ ਆਰਥਿਕ ਵਿਕਾਸ ਉਥੋਂ ਦੇ ਕੁਦਰਤੀ ਸੋਮਿਆਂ ਦੀ ਮਾਤਰਾ ਉਤੇ ਨਿਰਭਰ ਕਰਦਾ ਹੈ। ਕੁਦਰਤੀ ਸਾਧਨਾਂ ਦੀ ਬਹੁਲਤਾ ਹੋਣ ਕਾਰਨ, ਜਦੋਂ ਇਸ ਰਾਜ ਨੂੰ ਵੱਖਰੇ ਰਾਜ ਦਾ ਦਰਜਾ ਮਿਲਿਆ ਤਾਂ ਇਸ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕਰਨਾ ਸ਼ੁਰੂ ਕਰ ਦਿਤਾ ਹੈ।

***ਤੇਜ਼ ਆਰਥਿਕ ਵਿਕਾਸ ਕਾਰਨ ਰਾਜ ਦੇ ਸ਼ਹਿਰੀਕਰਨ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ। ਸੰਨ 1981 ਵਿਚ ਇਥੋਂ ਦੀ ਸ਼ਹਿਰੀ ਵਸੋਂ 18.31 ਪ੍ਰਤਿਸ਼ਤ ਸੀ ਜਿਹੜੀ ਸੰਨ 2011 ਵਿਚ ਵਧ ਕੇ 30.23 ਪ੍ਰਤਿਸ਼ਤ ਅਤੇ ਇਸੇ ਅਰਸੇ ਵਿਚ ਸ਼ਹਿਰਾਂ ਦੀ ਗਿਣਤੀ 56 ਤੋਂ ਵਧ ਕੇ 87 ਹੋ ਗਈ। ਸੰਨ 2001-2011 ਦੇ ਇਕ ਦਹਾਕੇ ਵਿਚ ਤਾਂ ਸ਼ਹਿਰੀ ਆਬਾਦੀ ਵਿਚ ਕਾਫ਼ੀ ਵਾਧਾ ਹੋਇਆ ਜਿਹੜਾ 41.86 ਪ੍ਰਤਿਸ਼ਤ ਬਣਦਾ ਹੈ।***

ਸ਼ਹਿਰੀਕਰਨ ਵਿਚ ਵਾਧੇ ਦਾ ਇਕ ਕਾਰਨ ਤਾਂ ਇਥੋਂ ਦੀ ਕੁਦਰਤੀ ਖ਼ੂਬਸੂਰਤੀ ਹੈ। ਇਸ ਖੇਤਰ ਵਿਚ ਮੈਸੂਰੀ, ਨੈਨੀਤਾਲ, ਚੰਬਾ, ਰਾਨੀਖੇਤ, ਅਲਮੋੜਾ ਆਦਿ ਵਰਗੇ ਬੇਹੱਦ ਖ਼ੂਬਸੂਰਤ ਪਹਾੜੀ ਸ਼ਹਿਰ ਸਥਿਤ ਹਨ ਜਿਨ੍ਹਾਂ ਦੇ ਮਨਮੋਹਕ ਨਜ਼ਾਰੇ ਸੈਲਾਨੀਆ ਦੀ ਖਿੱਚ ਦਾ ਕੇਂਦਰ ਬਣਦੇ ਹਨ। ਦੂਜਾ ਹਿੰਦੂਆਂ ਦੇ ਪਵਿੱਤਰ ਚਾਰ ਧਾਮ ਗੰਗੋਤਰੀ, ਯਮਨੋਤਰੀ, ਕੇਦਾਰਨਾਥ ਅਤੇ ਬਦਰੀਨਾਥ ਵੀ ਇਸੇ ਰਾਜ ਵਿਚ ਸਥਿਤ ਹਨ। ਚਾਰ ਧਾਮਾਂ ਤੋਂ ਇਲਾਵਾ ਇਥੇ ਰਿਸ਼ੀਕੇਸ਼, ਹਰਿਦੁਆਰ ਅਤੇ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਅਸਥਾਨ ਹੇਮਕੁੰਟ ਸਾਹਿਬ ਵੀ ਇਸੇ ਰਾਜ ਵਿਚ ਸਥਿਤ ਹਨ। ਕੁਦਰਤੀ ਖ਼ੂਬਸੂਰਤੀ ਅਤੇ ਧਾਰਮਿਕ ਅਸਥਾਨਾਂ ਦੇ ਸੁਮੇਲ ਨੂੰ ਇਸ ਰਾਜ ਦੀ ਸਰਕਾਰ ਨੇ ਵਪਾਰਕ ਤੌਰ 'ਤੇ ਆਰਥਿਕ ਵਿਕਾਸ ਦੇ ਨਾਂ ਉੱਤੇ ਵਰਤਣਾ ਸ਼ੁਰੂ ਕਰ ਦਿਤਾ ਹੈ।

ਰਾਜ ਸਰਕਾਰ ਨੇ ਹਿੰਦੂਆਂ ਦੇ ਚਾਰ ਧਾਮਾਂ ਅਤੇ ਹੋਰ ਧਾਰਮਿਕ ਸਥਾਨਾਂ ਦੇ ਨਾਲ ਇਥੋਂ ਦੇ ਪ੍ਰਸਿੱਧ ਸ਼ਹਿਰਾਂ ਨੂੰ ਸੜਕਾਂ ਦਾ ਜਾਲ ਬੁਣ ਕੇ ਇਸ ਕਦਰ ਇਕ-ਦੂਜੇ ਨਾਲਾ ਜੋੜ ਦਿਤਾ ਕਿ ਹਰ ਸਾਲ ਲੱਖਾਂ ਲੋਕ ਇਥੇ ਧਾਰਮਿਕ ਯਾਤਰਾ ਦੇ ਨਾਲ-ਨਾਲ ਸੈਰ ਲਈ ਵੀ ਆਉਣ ਲੱਗ ਪਏ ਹਨ। ਅੰਕੜਿਆਂ ਅਨੁਸਾਰ ਸੰਨ 2000 ਤੋਂ 2012 ਤਕ ਇਥੇ ਯਾਤਰੀਆਂ/ਸੈਨਾਨੀਆਂ ਦੀ ਗਿਣਤੀ ਵਿਚ 150 ਪ੍ਰਤਿਸ਼ਤ ਵਾਧਾ ਹੋਇਆ। ਸੰਨ 2013 ਦੀ ਕੁਦਰਤੀ ਆਫ਼ਤ ਤੋਂ ਪਹਿਲਾਂ ਤਕ ਸਿੱਖਾਂ ਦੇ ਧਾਰਮਿਕ ਅਸਥਾਨ ਹੇਮਕੁੰਟ ਸਾਹਿਬ ਵਿਚ 8 ਲੱਖ ਸ਼ਰਧਾਲੂ ਆ ਚੁੱਕੇ ਸਨ ਅਤੇ ਜੇ ਪੂਰਾ ਸੀਜ਼ਨ ਲੰਘ ਜਾਂਦਾ ਤਾਂ ਸ਼ਾਇਦ ਇਨ੍ਹਾਂ ਸ਼ਰਧਾਲੂਆਂ ਦੀ ਗਿਣਤੀ ਦੁਗਣੀ ਹੋ ਜਾਂਦੀ। ਬਦਰੀਨਾਥ ਅਤੇ ਕੇਦਰਨਾਥ ਦੀ ਯਾਤਰਾ ਲਈ ਆਏ ਸ਼ਰਧਾਲੂਆਂ ਦੀ ਗਿਣਤੀ ਵਿਚ ਸੰਨ 2003 ਤੋਂ 2012 ਤਕ 10 ਸਾਲਾਂ ਵਿਚ ਚਾਰ ਗੁਣਾ ਵਾਧਾ ਹੋਇਆ। ਇਸੇ ਸਮੇਂ ਦੌਰਾਨ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿਚ 10 ਗੁਣਾ ਵਾਧਾ ਦਰਜ ਕੀਤਾ ਗਿਆ। ਇਹੀ ਨਹੀਂ ਸਗੋਂ ਇਸ ਸਮੇਂ ਦੌਰਾਨ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਲਿਆਉਣ ਅਤੇ ਲਿਜਾਉਣ ਵਾਲੇ ਵਾਹਨਾਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ ਦਰਜ ਕੀਤਾ ਗਿਆ ਅਤੇ ਇਕੱਲੀਆਂ ਕਾਰਾਂ ਦੀ ਰਜਿਸਟਰੇਸ਼ਨ ਵਿਚ ਸੰਨ 2001 ਤੋਂ 2012 ਤਕ 700 ਪ੍ਰਤਿਸ਼ਤ ਵਾਧਾ ਅੰਕਿਆ ਗਿਆ।

ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਵਧਦੀ ਗਿਣਤੀ ਦੀ ਸਾਂਭ-ਸੰਭਾਲ, ਉਨ੍ਹਾਂ ਲਈ ਖਾਣ-ਪੀਣ ਦੀਆਂ ਵਸਤਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਇਕ ਤੋਂ ਦੂਜੇ ਥਾਂ ਲਿਜਾਉਣ ਲਈ ਛੋਟੀਆਂ-ਵੱਡੀਆਂ ਦੁਕਾਨਾਂ, ਹੋਟਲ ਅਤੇ ਸੜਕਾਂ ਰਾਜ ਦੇ ਆਰਥਿਕ ਵਿਕਾਸ ਦੇ ਨਾਂ ਉੱਤੇ ਵਾਤਾਵਰਨ ਸੁਰੱਖਿਆ ਦੇ ਨਿਯਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਹੋਂਦ ਵਿਚ ਆਉਣੇ ਸ਼ੁਰੂ ਹੋ ਗਏ। ਸੰਨ 2000 ਤਕ ਉੱਤਰਾਖੰਡ ਵਿਚ ਸੜਕਾਂ ਦੀ ਲੰਬਾਈ ਸਿਰਫ਼ 8000 ਕਿਲੋਮੀਟਰ ਸੀ, ਪਰ ਸੰਨ 2013 ਵਿਚ ਇਹ ਵਧ ਕੇ 24000 ਕਿਲੋਮੀਟਰ ਹੋ ਗਈ। ਸੜਕਾਂ ਦਾ ਨਿਰਮਾਣ ਅਤੇ ਆਵਾਜਾਈ ਦੇ ਸਾਧਨਾਂ ਵਿਚ ਵਾਧਾ ਭਾਵੇਂ ਕਿਸੇ ਵੀ ਰਾਜ ਦੇ ਆਰਥਿਕ ਵਿਕਾਸ ਦੇ ਅਹਿਮ ਸੂਚਕ ਹੁੰਦੇ ਹਨ, ਪਰ ਇਨ੍ਹਾਂ ਸੜਕਾਂ ਨੂੰ ਬਣਾਉਣ ਲਈ ਭਾਰੀਆਂ ਮਸ਼ੀਨਾਂ ਦੇ ਨਾਲ-ਨਾਲ ਵਿਸਫੋਟਕ ਸਮੱਗਰੀ ਦੀ ਵਰਤੋਂ ਕਰਕੇ ਪਹਾੜਾਂ ਨੂੰ ਤੋੜਿਆ ਗਿਆ ਸੀ ਜਿਸ ਨੇ ਇਥੋਂ ਦੇ ਕੁਦਰਤੀ ਸੰਤੁਲਨ ਨੂੰ ਵਿਗਾੜ ਕੇ ਰੱਖ ਦਿਤਾ। ਨਤੀਜੇ ਵਜੋਂ, ਪਹਾੜ ਥਾਂ-ਥਾਂ ਤੋਂ ਥੱਲੇ ਨੂੰ ਖਿਸਕਣ ਲੱਗ ਪਏ। ਨਦੀਆਂ ਦੇ ਵਹਾਅ ਖੇਤਰਾਂ ਵਿਚ ਵੀ ਮਾਹਿਰਾਂ ਦੀ ਰਾਇ ਲਏ

ਬਿਨਾਂ ਉੱਚੇ-ਉੱਚੇ ਹੋਟਲ ਬਣਾ ਦਿਤੇ ਗਏ ਜਿਨ੍ਹਾਂ ਨੇ ਨਦੀਆਂ ਦੇ ਵਹਾਅ ਖੇਤਰ ਨੂੰ ਛੋਟਾ ਕਰ ਦਿਤਾ ਹੈ। ਇਨ੍ਹਾਂ ਹੋਟਲਾਂ ਨੂੰ ਬਣਾਉਣ ਲਈ ਹਜ਼ਾਰਾਂ ਟਨ ਕੰਕਰੀਟ ਅਤੇ ਲੋਹਾ ਮੈਦਾਨੀ ਇਲਾਕਿਆਂ ਤੋਂ ਲਿਆ ਕੇ ਪਹਾੜਾਂ ਦੀਆਂ ਸੋਹਲ ਢਲਾਨਾਂ ਉੱਤੇ ਵੀ ਰੱਖ ਦਿਤਾ ਜੋ ਇੰਨਾ ਜ਼ਿਆਦਾ ਵਜ਼ਨ ਝੱਲਣ ਦੇ ਕਾਬਲ ਨਹੀਂ ਸਨ। ਇਸ ਲਈ ਇਹ ਸੋਹਲ ਪਹਾੜ ਆਪਣਾ ਤਵਜ਼ਨ ਖੋ ਬੈਠੇ ਹਨ ਅਤੇ ਢਿੱਗਾਂ ਦੇ ਰੂਪ ਵਿਚ ਥੱਲੇ ਨੂੰ ਲਗਾਤਾਰ ਖਿਸਕਦੇ ਰਹਿੰਦੇ ਹਨ।

ਹੋਟਲਾਂ, ਸੜਕਾਂ ਅਤੇ ਸ਼ਹਿਰਾਂ ਦੀ ਉਸਾਰੀ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ ਹੈ। ਇਸ ਨਾਲ ਵਾਤਾਵਰਨ ਨੂੰ ਦੂਹਰੀ ਮਾਰ ਪਈ ਹੈ। ਇਕ ਤਾਂ ਜੰਗਲਾਂ ਦੀ ਕਟਾਈ ਨਾਲ ਹਵਾ ਵਿਚ ਕਾਰਬਨਡਾਇਆਕਸਾਈਡ ਦੀ ਮਾਤਰਾ ਵਿਚ ਵਾਧਾ ਹੋ ਗਿਆ ਅਤੇ ਦੂਜਾ ਪੱਕੀਆਂ ਇਮਾਰਤਾਂ, ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਵਧਦੀ ਗਿਣਤੀ ਦੇ ਨਾਲ-ਨਾਲ ਵਾਹਨਾਂ ਦੀ ਵਧਦੀ ਗਿਣਤੀ ਨੇ ਵੀ ਗਰਮੀ ਅਤੇ ਕਾਰਬਨਡਾਇਆਕਸਾਈਡ ਨਾਲ ਹੋਰ ਗੈਸਾਂ ਛੱਡਦਿਆਂ ਹੋਇਆਂ ਪਹਾੜੀ ਇਲਾਕਿਆਂ ਦਾ ਤਾਪਮਾਨ ਵਧਾਉਣਾ ਸ਼ੁਰੂ ਕਰ ਦਿਤਾ। ਨਤੀਜੇ ਵਜੋਂ ਪਹਾੜਾਂ ਤੋਂ ਬਰਫ਼ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਗਈ ਹੈ ਜਿਸ ਨਾਲ ਪਹਾੜੀ ਇਲਾਕਿਆਂ ਸਮੇਤ ਮੈਦਾਨੀ ਇਲਾਕੇ ਵੀ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਆ ਰਹੇ ਹਨ।

ਕੁਦਰਤ ਦੇ ਤਿੰਨ ਸਰੋਤਾਂ – ਪਹਾੜਾਂ, ਜੰਗਲਾਂ ਅਤੇ ਨਦੀਆਂ ਦੇ ਵਹਾਅ ਦਾ ਰਕਬਾ ਰੋਕਣ ਤੋਂ ਬਾਅਦ ਆਰਥਿਕ ਵਿਕਾਸ ਦੇ ਨਾਂ 'ਤੇ ਕੁਦਰਤ ਦੇ ਸਰੋਤਾਂ ਨਾਲ ਇਨਸਾਫ਼ ਨਾ ਹੋਇਆ ਅਤੇ ਨਦੀਆਂ ਉੱਤੇ ਬੇਸ਼ੁਮਾਰ ਬੰਨ੍ਹ ਬਣਾ ਕੇ ਪਣ-ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦਿਤੀ ਹੈ। ਇਥੋਂ ਦੀਆਂ ਨਦੀਆਂ ਉੱਤੇ 23 ਵੱਡੇ ਪ੍ਰੋਜੈਕਟਾਂ ਸਮੇਤ 70 ਡੈਮ ਤਿਆਰ ਹੋ ਚੁੱਕੇ ਹਨ। ਇਸ ਤੋਂ ਇਲਾਵਾ, ਸੰਨ 2007 ਤੋਂ ਲੈ ਕੇ ਸੰਨ 2010 ਤਕ ਸਰਕਾਰ ਨੇ 292 ਹੋਰ ਪਣ-ਬਿਜਲੀ ਪ੍ਰੋਜੈਕਟ ਪਾਸ ਕਰ ਦਿਤੇ ਹਨ ਜਿਹੜੇ ਸੰਨ 2030 ਤਕ ਬਣ ਕੇ ਤਿਆਰ ਹੋ ਜਾਣਗੇ। ਨਦੀਆਂ ਦੇ ਪਾਣੀ ਨੂੰ ਇਸ ਹੱਦ ਤਕ ਕਾਬੂ ਕੀਤਾ ਗਿਆ ਹੈ ਕਿ ਭਾਗੀਰਥੀ ਨਦੀ ਲਗਭਗ 10 ਕਿਲੋਮੀਟਰ ਦੀ ਲੰਬਾਈ ਸੁਰੰਗ ਦੇ ਵਿਚੋਂ ਵਗ ਕੇ ਹੀ ਤਹਿ ਕਰਦੀ ਹੈ। ਪਣ-ਬਿਜਲੀ ਪ੍ਰੋਜੈਕਟਾਂ ਨੂੰ ਬਣਾਉਣ ਵੇਲੇ ਵਿਸਫੋਟਕ ਸਮੱਗਰੀ ਦੀ ਵਰਤੋਂ ਕਰਕੇ ਪਹਾੜਾਂ ਵਿਚ ਵੱਡੀਆਂ-ਵੱਡੀਆਂ ਸੁਰੰਗਾਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਸੁਰੰਗਾਂ ਵਿਚ ਵੱਡੀਆਂ-ਵੱਡੀਆਂ ਟਰਬਾਈਨਾਂ ਵੀ ਚਲਦੀਆਂ ਹਨ। ਇਸ ਤਰ੍ਹਾਂ ਸਮੁੱਚੇ ਪਹਾੜ ਖੋਖਲੇ ਹੋ ਜਾਂਦੇ ਹਨ। ਕਈ ਡੈਮ ਤਾਂ ਇਕ ਹੀ ਨਦੀ ਉੱਤੇ ਇੰਨੇ ਨੇੜੇ-ਨੇੜੇ ਬਣਾਏ ਗਏ ਹਨ ਕਿ ਨਦੀ ਦੀ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਟਰਾਂਸਮਿਸ਼ਨ ਲਾਈਨਾਂ ਵੀ ਬੜੀ ਅਣਗਹਿਲੀ ਨਾਲ ਵਿਛਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਅਣਗਹਿਲੀ ਅਤੇ ਅਸੁਖਾਵੇਂ ਢੰਗ ਨਾਲ ਕੀਤੀ ਗਈ ਡੈਮਾਂ ਦੀ ਉਸਾਰੀ ਸਥਾਨਕ ਵਾਤਾਵਰਨ ਅਤੇ ਉਥੋਂ ਦੇ ਲੋਕਾਂ ਦੀ ਜ਼ਿੰਦਗੀ ਲਈ ਕਈ ਵਾਰੀ ਵੱਡੀ ਤਬਾਹੀ ਦਾ ਕਾਰਨ ਬਣਦੀ ਹੈ।

ਟਿਹਰੀ ਡੈਮ ਦੇ 42 ਵਰਗ ਕਿਲੋਮੀਟਰ ਦੇ ਘੇਰੇ ਵਿਚ ਵਸਦੇ ਲਗਭਗ 80 ਪਿੰਡਾਂ ਦੇ ਲੋਕ ਡੈਮ ਬਣਨ ਕਾਰਨ, ਪਹਾੜ ਦੇ ਖੋਖਲੇ ਹੋ ਜਾਣ ਅਤੇ ਉਸਾਰੀ ਦੇ ਕੰਮਾਂ ਵਿਚ ਅਣਗਹਿਲੀ ਕਾਰਨ ਡੈਮ ਤੋਂ ਪਾਣੀ ਰਿਸਣ ਅਤੇ ਲਗਾਤਾਰ ਪਹਾੜਾਂ ਦੀਆਂ ਢਿੱਗਾਂ ਡਿਗਣ ਕਾਰਨ ਬਹੁਤ ਹੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਇਸ ਤਰ੍ਹਾਂ ਚੋਰਾਸਾ ਖੇਤਰ ਦੇ ਕੁਝ ਪਿੰਡ ਨਹਿਰ ਬਣਨ ਤੋਂ ਬਾਅਦ ਨਹਿਰ ਤੋਂ ਪਾਣੀ ਰਿਸਣ ਕਾਰਨ ਪ੍ਰੇਸ਼ਾਨ ਹਨ। ਅਲਕਨੰਦਾ ਨਦੀ ਉੱਤੇ ਬਣੇ 330 ਮੈਗਾਵਾਟ ਦੇ ਸ੍ਰੀਨਗਰ ਪਣ-ਬਿਜਲੀ ਡੈਮ ਤੋਂ ਬਾਅਦ ਮਾਨਗਾਸੂ ਅਤੇ ਨੌਰ ਪਿੰਡ ਦੇ ਵਾਸੀ ਵੀ ਇਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਡੈਮਾਂ ਦੀ ਉਸਾਰੀ ਦੇ ਨਾਲ ਉਤਰਾਖੰਡ ਦੇ ਵਾਤਾਵਰਨ ਦੇ ਨਾਲ-ਨਾਲ ਇਥੋਂ ਦੇ ਲੋਕਾਂ ਦੇ ਜਨ-ਜੀਵਨ ਉੱਤੇ ਵੀ ਬੁਰਾ ਪ੍ਰਭਾਵ ਪਿਆ ਹੈ।

ਕੈਗ (ਕੰਪਟਰੋਲਰ ਐਂਡ ਐਡੀਟਰ ਜਨਰਲ) ਨੇ ਸਾਲ 2013 ਦੀ ਤਰਾਸਦੀ ਤੋਂ ਲਗਭਗ ਤਿੰਨ ਸਾਲ ਪਹਿਲਾਂ ਇਕ ਰਿਪੋਰਟ ਰਾਹੀਂ ਦੱਸਿਆ ਸੀ ਕਿ ਉਤਰਾਖੰਡ ਵਿਚ ਊਰਜਾ ਪ੍ਰੋਜੈਕਟਾਂ ਦੇ ਲੱਗਣ ਨਾਲ ਇਥੋਂ ਦੇ ਵਾਤਾਵਰਨ ਤੇ ਕੁਦਰਤੀ ਸੰਤੁਲਨ ਵਿਚ ਵਿਗਾੜ ਆਉਣ ਦਾ ਖ਼ਤਰਾ ਹੈ ਜਿਸ ਨਾਲ ਰਾਜ ਵਿਚ ਪਹਾੜਾਂ ਦੇ ਖਿਸਕਣ ਦੇ ਨਾਲ-ਨਾਲ ਇਥੇ ਭਾਰੀ ਹੜ੍ਹ ਵੀ ਆ ਸਕਦੇ ਹਨ। ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਨੇ ਵੀ ਸਾਲ 2012 ਵਿਚ ਇਕ ਰਿਪੋਰਟ ਰਾਹੀਂ ਭਾਗੀਰਥੀ ਨਦੀ ਦੇ ਗੌਮੁਖ ਤੋਂ ਲੈ ਕੇ ਉਤਰਕਾਸ਼ੀ ਤਕ ਦੀ 4180 ਕਿਲੋਮੀਟਰ ਲੰਬਾਈ ਵਿਚੋਂ 100 ਕਿਲੋਮੀਟਰ ਲੰਬਾਈ ਨੂੰ ਵਾਤਾਵਰਨ ਲਈ ਸੰਵਦੇਨਸ਼ੀਲ ਹਿੱਸਾ ਐਲਾਨਿਆ ਅਤੇ ਇਥੇ ਕਿਸੇ ਵੀ ਤਰ੍ਹਾਂ ਦੀ ਉਸਾਰੀ ਤੋਂ ਵਰਜਿਆ ਵੀ ਸੀ, ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਮੇਂ ਦੀ ਸਰਕਾਰ ਨੇ ਵਿਧਾਨ ਸਭਾ ਵਿਚ ਬਿਨਾਂ ਕਿਸੇ ਵਿਰੋਧ ਦੇ ਇਸ ਨੋਟੀਫਿਕੇਸ਼ਨ ਖ਼ਿਲਾਫ਼ ਮਤਾ ਪਾਸ ਕਰਕੇ, ਤਿੰਨ ਵਰਕਿਆਂ ਦੀ ਇਕ ਲੰਬੀ ਚਿੱਠੀ ਲਿਖ ਕੇ ਕੇਂਦਰ ਸਰਕਾਰ ਨੂੰ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਵੀ ਕਿਹਾ ਸੀ।

***1975 ਦਾ ਹੜ੍ਹ ਕੰਟਰੋਲ ਐਕਟ ਵੀ ਹਾਲੇ ਤਕ ਫ਼ਾਈਲਾਂ ਵਿਚ ਹੀ ਦਬਿਆ ਪਿਆ ਹੈ ਅਤੇ ਇਸੇ ਤਰ੍ਹਾਂ ਵਾਤਾਵਰਨ ਸੰਬੰਧੀ ਸਾਲ 2011 ਦਾ ਨੋਟੀਫਿਕੇਸ਼ਨ ਵੀ ਹਾਲੇ ਤਕ ਲਾਗੂ ਨਹੀਂ ਹੋਇਆ ਹੈ। ਡੈਮਾਂ ਅਤੇ ਸੜਕਾਂ ਦੀ ਉਸਾਰੀ ਸਮੇਂ ਪੈਦਾ ਹੋਇਆ ਹਜ਼ਾਰਾਂ ਟਨ ਮਲਬਾ ਵੀ ਨਦੀਆਂ ਦੇ ਵਿਚ ਹੀ ਸੁੱਟਿਆ ਜਾ ਰਿਹਾ ਹੈ ਜਿਸ ਨੇ ਨਦੀਆਂ ਦੇ ਕੁਦਰਤੀ ਵਹਾਅ ਨੂੰ ਹੀ ਬਦਲ ਕੇ ਰੱਖ ਦਿਤਾ ਹੈ।***

ਉਤਰਾਖੰਡ ਦੇ ਮੁਕੰਮਲ ਹੋ ਚੁੱਕੇ ਡੈਮਾਂ ਨੇ ਨਦੀਆਂ ਦੇ ਵਹਾਅ ਵਿਚ ਵੀ ਮਲਬੇ ਕਾਰਨ ਰੁਕਾਵਟ ਪਾਈ ਹੋਈ ਹੈ। ਨਦੀਆਂ ਦੇ ਵਹਾਅ ਵਿਚ ਪਈ ਰੁਕਾਵਟ ਹੀ ਵੱਡੇ ਹੜ੍ਹਾਂ ਨੂੰ ਜਨਮ ਦਿੰਦੀ ਹੈ। ਡੈਮਾਂ ਕਾਰਨ ਵਾਤਾਵਰਨ ਅਤੇ ਸਥਾਨਕ ਲੋਕਾਂ ਨੂੰ ਹੋਣ ਵਾਲੇ ਭਿਆਨਕ ਨੁਕਸਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਉਤਰਾਖੰਡ ਵਿਚ ਡੈਮਾਂ ਦੀ ਉਸਾਰੀ ਹਾਲੇ ਵੀ ਜਾਰੀ ਹੈ।

ਨਦੀਆਂ ਦਾ ਬਹੁਤਾ ਪਾਣੀ ਬੰਨ੍ਹ ਮਾਰ ਕੇ ਡੈਮ ਵਿਚ ਇਕੱਠਾ ਕਰ ਲਿਆ ਜਾਂਦਾ ਹੈ ਜਿਸ ਨਾਲ ਨਦੀਆਂ ਦਾ ਵਹਾਅ ਖੇਤਰ ਪਾਣੀ ਤੋਂ ਬਿਨਾਂ ਰਹਿ ਜਾਂਦਾ ਹੈ। ਇਸ ਖਾਲੀ ਪਏ ਵਹਾਅ ਖੇਤਰ ਨੂੰ ਲੋਕਾਂ ਨੇ ਬਿਨਾਂ ਸੋਚੇ-ਸਮਝੇ ਮਕਾਨ, ਵੱਡੇ-ਵੱਡੇ ਹੋਟਲ ਆਦਿ ਬਣਾਉਣ ਲਈ ਵਰਤਣਾ ਸ਼ੁਰੂ ਕਰ ਦਿਤਾ ਹੈ ਜਿਸ ਨਾਲ ਨਦੀਆਂ ਦੇ ਵਹਾਅ ਖੇਤਰ ਹੋਰ ਵੀ ਛੋਟੇ ਹੋ ਗਏ ਹਨ। ਨਦੀਆਂ ਦੇ ਵਹਾਅ ਖੇਤਰ ਵਿਚ ਉਸਾਰੀਆਂ

ਕਾਰਨ ਵੀ ਹੜ੍ਹਾਂ ਦੀ ਘਣਤਾ ਅਤੇ ਤਬਾਹੀ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਨਦੀਆਂ ਦੇ ਵਹਾਅ ਖੇਤਰ ਤੋਂ ਖਣਿਜਾਂ ਅਤੇ ਰੇਤ ਦੀ ਬੇਤਹਾਸ਼ਾ ਖੁਦਾਈ ਨਾਲ ਵੀ ਵਾਤਾਵਰਨ ਦਾ ਸੰਤੁਲਨ ਲਗਾਤਾਰ ਵਿਗੜ ਰਿਹਾ ਹੈ ਜੋ ਆਉਣ ਵਾਲੇ ਸਮੇਂ ਵਿਚ ਹੋਰ ਵੀ ਘਾਤਕ ਸਿੱਧ ਹੋ ਸਕਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਰਾਜ ਵਿਚਲੇ ਕੁਦਰਤ ਦੇ ਤਿੰਨ ਸਰੋਤਾਂ – ਨਦੀਆਂ, ਪਹਾੜਾਂ ਅਤੇ ਜੰਗਲਾਂ ਦਾ ਆਰਥਿਕ ਵਿਕਾਸ ਦੇ ਨਾਂ ਉੱਤੇ ਬੁਰੀ ਤਰ੍ਹਾਂ ਉਜਾੜਾ ਕਰਨਾ ਸ਼ੁਰੂ ਕੀਤਾ ਹੋਇਆ ਹੈ। ਭਾਰਤ ਦੇ ਜੰਗਲਾਤ ਮਹਿਕਮੇ ਦੀ ਸਾਲ 2013 ਦੀ ਇਕ ਰਿਪੋਰਟ ਅਨੁਸਾਰ ਉੱਤਰ-ਪੱਛਮੀ ਹਿਮਾਲਿਆ ਦਾ ਉਤਰਾਖੰਡ ਹੀ ਇਕ ਇਹੋ ਜਿਹਾ ਰਾਜ ਹੈ ਜਿੱਥੇ ਜੰਗਲਾਂ ਦਾ ਰਕਬਾ ਬਹੁਤ ਤੇਜ਼ੀ ਨਾਲ ਘਟਿਆ ਹੈ। ਰਾਜ ਵਿਚ ਸੰਨ 2001 ਤੋਂ 2013 ਤਕ ਲਗਭਗ 500 ਵਰਗ ਕਿਲੋਮੀਟਰ ਰਕਬੇ ਤੋਂ ਜੰਗਲ ਕੱਟ ਦਿਤੇ ਗਏ ਹਨ। ਇਸ ਰਿਪੋਰਟ ਅਨੁਸਾਰ ਉਤਰਕਾਸ਼ੀ ਅਤੇ ਰੁਦਰਪਰਯਾਗ ਜ਼ਿਲ੍ਹਿਆਂ ਵਿਚ ਜੰਗਲਾਂ ਦੇ ਰਕਬੇ ਵਿਚ ਭਾਰੀ ਕਮੀ ਆਈ ਹੈ। ਸ਼ਾਇਦ ਇਸੇ ਕਾਰਨ ਹੀ ਸਾਲ 2013 ਵਿਚ ਇਨ੍ਹਾਂ ਜ਼ਿਲ੍ਹਿਆਂ ਵਿਚ ਹੜ੍ਹ ਕਾਰਨ ਭਾਰੀ ਨੁਕਸਾਨ ਵੀ ਹੋਇਆ ਸੀ। ਸੈਂਟਰ ਫਾਰ ਸਾਇੰਸ ਐਂਡ ਇਨਵਾਰਿਨਮੈਂਟ ਦੀ ਇਕ ਰਿਪੋਰਟ ਅਨੁਸਾਰ ਵੀ ਉਤਰਾਖੰਡ ਰਾਜ ਵਿਚ ਸੜਕਾਂ, ਸਿੰਜਾਈ, ਬਿਜਲੀ ਦੇ ਖੰਬੇ ਅਤੇ ਪਣ-ਬਿਜਲੀ ਪ੍ਰੋਜੈਕਟ ਲਗਾਉਣ ਲਈ 15072 ਹੈਕਟੇਅਰ ਰਕਬੇ ਤੋਂ ਜੰਗਲ ਦਾ ਸਫ਼ਾਇਆ ਕਰ ਦਿਤਾ ਗਿਆ ਹੈ।

ਰਾਜ ਨੇ ਉਤਰਾਖੰਡ ਦੇ ਕੁਦਰਤੀ ਸਰੋਤਾਂ (ਜਲ, ਜ਼ਮੀਨ ਅਤੇ ਜੰਗਲਾਂ) ਦਾ ਆਰਥਿਕ ਵਿਕਾਸ ਦੇ ਨਾਂ ਉੱਤੇ ਇੰਨਾ ਸ਼ੋਸ਼ਣ ਕੀਤਾ ਹੈ ਜਿਸ ਨਾਲ ਸਾਲ 2013 ਦੇ ਜੂਨ ਮਹੀਨੇ ਵਿਚ ਇਸ ਰਾਜ ਅਤੇ ਇਥੋਂ ਦੇ ਲੋਕਾਂ ਨੂੰ ਭਿਆਨਕ ਤਬਾਹੀ ਦਾ ਸਾਹਮਣਾ ਕਰਨਾ ਪਿਆ। ਭਾਵੇਂ ਇਥੇ ਬੱਦਲ ਫਟਣੇ, ਹੜ੍ਹ ਆਉਣੇ, ਪਹਾੜ ਖਿਸਕਣੇ, ਭੂਚਾਲ ਆਉਣੇ ਆਦਿ ਕੋਈ ਨਵੀਂ ਗੱਲ ਨਹੀਂ ਹੈ, ਪਰ ਸਾਲ 2013 ਵਿਚ 15-16 ਜੂਨ ਨੂੰ 24 ਘੰਟਿਆਂ ਵਿਚ 370 ਤੋਂ 400 ਮਿਲੀਮੀਟਰ ਮੀਂਹ ਪਿਆ ਜੋ ਭਿਆਨਕ ਹੜ੍ਹ ਦਾ ਕਾਰਨ ਬਣਿਆ ਜਿਸ ਨਾਲ ਬਹੁਤ ਸਾਰੇ ਲੋਕ ਮੌਤ ਦੇ ਮੂੰਹ ਵਿਚ ਜਾ ਪਏ ਅਤੇ ਸਕੂਲਾਂ, ਸੜਕਾਂ, ਪੁਲਾਂ ਅਤੇ ਹੋਟਲਾਂ ਦਾ ਵੀ ਭਾਰੀ ਨੁਕਸਾਨ ਹੋਇਆ। ਸੈਂਕੜੇ ਲੋਕ ਪਹਾੜਾਂ ਥੱਲੇ ਆ ਗਏ ਸਨ। ਸਭ ਤੋਂ ਵੱਧ ਮਾਰ ਉਤਰਾਖੰਡ ਦੇ ਸਥਾਨਕ ਲੋਕਾਂ ਉੱਤੇ ਪਈ ਕਿਉਂਕਿ ਉਸਾਰੀ ਦੇ ਕੰਮਾਂ ਨਾਲ ਖੋਖਲੇ ਹੋਏ ਪਹਾੜ ਭਾਰੀ ਮੀਂਹ ਨਾਲ ਥੱਲੇ ਨੂੰ ਖਿਸਕ ਗਏ ਅਤੇ ਪਹਾੜਾਂ ਦੇ ਖਿਸਕਣ ਨਾਲ ਕਈ ਪਿੰਡ ਆਪਣਾ ਵਜੂਦ ਹੀ ਗੁਆ ਬੈਠੇ ਹਨ ਅਤੇ ਕਈ ਪਿੰਡਾਂ ਦੀ ਖੇਤੀਯੋਗ ਜ਼ਮੀਨ ਵੀ ਪਹਾੜ ਖਿਸਕਣ ਨਾਲ ਕਈ ਥਾਵਾਂ ਉੱਤੇ ਥੱਲੇ ਨੂੰ ਖਿਸਕ ਗਈ ਅਤੇ ਕਈ ਥਾਵਾਂ ਉੱਤੇ ਪਹਾੜਾਂ ਦੇ ਥੱਲੇ ਆ ਗਈ। ਇਸ ਤਰ੍ਹਾਂ ਰੁਜ਼ਗਾਰ ਦਾ ਜਿਹੜਾ ਜ਼ਰੀਆ ਸੀ ਉਹ ਵੀ ਖ਼ਤਮ ਹੋਣ ਕਰਕੇ ਇਹ ਸਥਾਨਕ ਲੋਕ ਪਿੰਡਾਂ ਤੋਂ ਰੁਜ਼ਗਾਰ ਦੀ ਭਾਲ ਵਿਚ ਪਰਵਾਸ ਕਰ ਰਹੇ ਹਨ। ਰਾਜ ਦੇ ਗਵਰਨਰ ਡਾ. ਕੁਰੈਸ਼ੀ ਨੇ ਮੰਨਿਆ ਹੈ ਕਿ ਪਿੰਡਾਂ ਵਿਚ ਮੁੱਢਲੀਆਂ ਸਹੂਲਤਾਂ ਅਤੇ ਰੁਜ਼ਗਾਰ ਦੀ ਘਾਟ ਕਾਰਨ ਵੱਡੀ ਗਿਣਤੀ ਵਿਚ ਲੋਕ ਸ਼ਹਿਰਾਂ ਵੱਲ ਪਰਵਾਸ ਕਰ ਰਹੇ ਹਨ। ਚਮੋਲੀ ਜ਼ਿਲ੍ਹੇ ਦੇ ਲਾਤਾ ਪਿੰਡ ਦੇ 150 ਪਰਵਾਰਾਂ ਵਿਚੋਂ 85 ਪਰਿਵਾਰ ਰੁਜ਼ਗਾਰ ਦੀ ਭਾਲ ਵਿਚ ਪਿੰਡ ਛੱਡ ਗਏ ਹਨ (ਦਿ ਹਿੰਦੂ, ਨਵੰਬਰ 10, 2014)।

ਇਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਉਤਰਾਖੰਡ ਵਿਚ ਇੰਨਾ ਭਾਰੀ ਮੀਂਹ ਪਹਿਲੀ ਵਾਰ ਨਹੀਂ ਪਿਆ। ਸੰਨ 1965 ਵਿਚ ਇਕ ਦਿਨ ਵਿਚ 900 ਮਿਲੀਮੀਟਰ ਅਤੇ ਸੰਨ 1995 ਵਿਚ 450 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਸੀ। ਸੰਨ 1978 ਵਿਚ ਉੱਤਰਕਾਸ਼ੀ ਵਿਚ ਕਨੋਲੀਆ ਖੱਡ, ਸੰਨ 1998 ਵਿਚ ਚਮੋਲੀ ਵਿਚ ਮੈਨਸੋਨਾ ਪਿੰਡ, ਸੰਨ 2002 ਵਿਚ ਬੁੱਧਾ ਕੇਦਾਰ ਖੇਤਰ, ਉਕੀਮੱਠ ਅਤੇ ਰੁਦਰਾਪਰਯਾਗ ਵਿਚ ਵੀ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਇਨ੍ਹਾਂ ਘਟਨਾਵਾਂ ਸਮੇਂ ਉਨੀ ਤਬਾਹੀ ਨਹੀਂ ਹੋਈ ਜਿੰਨੀ ਸੰਨ 2013 ਵਿਚ ਹੋਈ।

ਇਸ ਤਬਾਹੀ ਦੇ ਤਿੰਨ ਮੁੱਖ ਕਾਰਨ ਪਹਿਲਾ, ਪਣ-ਬਿਜਲੀ ਯੋਜਨਾਵਾਂ ਦੀ ਬੇਹਿਸਾਬੀ ਸ਼ੁਰੂਆਤ, ਦੂਜਾ, ਸੜਕਾਂ ਬਣਾਉਣ ਲਈ ਵਿਸਫੋਟਕ ਸਮੱਗਰੀ ਦਾ ਪ੍ਰਯੋਗ, ਅਤੇ ਤੀਸਰਾ, ਗੈਰ-ਯੋਜਨਾਬਧ ਸ਼ਹਿਰੀਕਰਨ ਹਨ। ਇਸ ਅਖੌਤੀ ਆਰਥਿਕ ਵਿਕਾਸ ਲਈ ਜੰਗਲਾਂ ਦੀ ਤੇਜ਼ੀ ਨਾਲ ਕਟਾਈ ਅਤੇ ਮਸ਼ੀਨਰੀ ਦਾ ਅਣਉੱਚਿਤ ਪ੍ਰਯੋਗ ਆਦਿ ਕਾਰਨ ਵੀ ਹਨ। ਦੁੱਖ ਦੀ ਗੱਲ ਹੈ ਕਿ ਆਰਥਿਕ ਵਿਕਾਸ ਦਾ ਅਜਿਹਾ ਮਾਡਲ ਅਪਣਾਉਣ ਵਾਲੀ ਸਰਕਾਰ ਕੋਲ ਅਚਾਨਕ ਆਈ ਕੁਦਰਤੀ ਆਫ਼ਤ ਨਾਲ ਨਿਪਟਣ ਦਾ ਕੋਈ ਵੀ ਪ੍ਰਬੰਧ ਨਹੀਂ ਸੀ।

*ਹੁਣ ਸੋਚਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਉੱਤਰਾਖੰਡ ਦਾ ਆਰਥਿਕ ਵਿਕਾਸ ਕਿਸ ਤਰ੍ਹਾਂ ਦਾ ਹੈ ਅਤੇ ਕਿਨ੍ਹਾਂ ਲੋਕਾਂ ਲਈ ਹੈ? ਇਹ ਉਤਰਾਖੰਡ ਦੇ ਲੋਕਾਂ ਜਾਂ ਸ਼ਰਧਾਲੂਆਂ, ਸੈਲਾਨੀਆਂ ਜਾਂ ਕੁੱਝ ਸਰਕਾਰੀ ਪਹੁੰਚ ਵਾਲਿਆਂ ਜਾਂ ਸਰਕਾਰ ਦੀਆਂ ਲਾਲਸਾਵਾਂ ਦੀ ਪੂਰਤੀ ਵਿਚੋਂ ਕਿਸ ਲਈ ਹੋਇਆ ਹੈ? ਉਤਰਾਖੰਡ ਦੇ ਵਾਸੀ ਇਸ ਸਾਰੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਦੇ ਦੌਰਾਨ ਵਾਤਾਵਰਨ ਨੂੰ ਬਚਾਉਣ ਲਈ ਕਦੇ ਜੰਗਲ ਕੱਟਣ, ਕਦੇ ਡੈਮ ਬਣਾਉਣ, ਕਦੇ ਪੈਪਸੀ ਪਲਾਂਟ ਲਾਉਣ ਅਤੇ ਕਦੇ ਖਣਿਜਾਂ ਦੀ ਅੰਨ੍ਹੇਵਾਹ ਖੁਦਾਈ ਦਾ ਵਿਰੋਧ ਕਰਦੇ ਰਹੇ, ਪਰ ਉਨ੍ਹਾਂ ਦੀ ਇਕ ਨਾ ਸੁਣੀ ਗਈ। ਉਤਰਾਖੰਡ ਦੇ ਵਾਸੀਆਂ ਨੇ ਤਾਂ ਸੰਨ 1950 ਹੀ ਤੋਂ ਹਿਮਾਲਿਆ ਨੂੰ ਬਚਾਉਣ ਲਈ ਆਪਣੀ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਮੀਰਾ ਬੇਨ ਦਾ 5 ਜੂਨ, 1950 ਨੂੰ 'ਦਿ ਹਿੰਦੁਸਤਾਨ ਟਾਈਮਜ਼' ਵਿਚ ਛਪਿਆ ਲੇਖ "ਸਮਥਿੰਗ ਇਜ਼ ਰੌਂਗ ਇਨ ਦਾ ਹਿਮਾਲਿਆ" ਇਸ ਦਾ ਪ੍ਰਤੱਖ ਸਬੂਤ ਹੈ।*

ਉੱਤਰਾਖੰਡ ਦੇ ਵਾਸੀ ਤਾਂ ਰਾਜ ਦੇ ਆਰਥਿਕ ਵਿਕਾਸ ਦੇ ਨਾਂ ਉੱਤੇ ਛੋਟਿਆਂ-ਛੋਟਿਆਂ ਢਾਬਿਆਂ ਉੱਤੇ ਭਾਂਡੇ ਮਾਂਜਦੇ, ਚਾਹ ਅਤੇ ਰੋਟੀ ਬਣਾਉਂਦੇ ਅਤੇ ਇਸ ਤੋਂ ਬਿਨਾਂ ਖੱਚਰਾਂ ਉੱਤੇ ਸ਼ਰਧਾਲੂਆਂ ਨੂੰ ਢੋਂਦੇ, ਫੋਟੋਆਂ ਖਿੱਚਦੇ, ਪਰਸ਼ਾਦ ਅਤੇ ਫੁੱਲ ਆਦਿ ਵੇਚਦੇ ਅਕਸਰ ਦੇਖੇ ਜਾਂਦੇ ਹਨ। ਇਨ੍ਹਾਂ ਵਿਚੋਂ ਕਾਫ਼ੀ ਸਾਰੇ ਭਾਰੀ ਹੜ੍ਹ ਵਿਚ ਬਿਨ੍ਹਾਂ ਕਿਸੇ ਕਸੂਰੋਂ ਵਹਿ ਗਏ ਸਨ ਅਤੇ ਪਿੱਛੇ ਛੱਡ ਗਏ ਰੋਂਦੀਆਂ-ਵਿਲਕਦੀਆਂ ਅਤੇ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਸਾਂਭਦੀਆਂ ਬੇਸਹਾਰਾ ਅਤੇ ਅਨਪੜ੍ਹ ਔਰਤਾਂ। ਜਿਹੜੇ ਥੋੜ੍ਹੇ ਬਹੁਤੇ ਸਕੂਲ ਬੱਚਿਆਂ ਲਈ ਬਣੇ ਵੀ ਸਨ, ਉਹ ਵੀ ਭਾਰੀ ਮੀਂਹ ਅਤੇ ਹੜ੍ਹ ਆਪਣੇ ਨਾਲ ਵਹਾ ਕੇ ਲੈ ਗਏ।

***ਬਾਕੀ ਸਫ਼ਾ 43 ਉੱਤੇ***

# ਭਾਰਤ ਵਿਚ ਆਰਥਿਕ ਵਿਕਾਸ ਤੇ ਸਮਾਜਿਕ ਭਾਗੀਦਾਰੀ

✍ ਗਿਆਨ ਸਿੰਘ

ਜੇ ਦੇਸ਼ ਦੀ ਆਰਥਿਕ ਵਿਕਾਸ ਦਰ ਦੇ ਪਿਛਲੇ ਕੁੱਝ ਸਮੇਂ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਹ ਵਿੱਤੀ ਸਾਲ 2004-05, 2005-06, 2006-07, 2007-08, 2008-09, 2009-2010, 2010-11, 2011-12, 2012-13 ਅਤੇ 2013-14 ਦੌਰਾਨ ਕ੍ਰਮਵਾਰ 7, 9.5, 9.6, 9.3, 6.7, 8.6, 8.9, 6.7, 4.5 ਅਤੇ 4.7 ਪ੍ਰਤਿਸ਼ਤ ਰਹੀ ਹੈ।

ਸਰਕਾਰ ਅਤੇ ਇਸ ਦੇ ਵੱਖ-ਵੱਖ ਅਦਾਰੇ ਅਰਥਵਿਗਿਆਨੀਆਂ ਨਾਲ ਭਰੇ ਪਏ ਹਨ। ਪਰ ਕਈ ਸਰਕਾਰੀ ਅਦਾਰਿਆਂ ਤੋਂ ਬਾਹਰ ਦੇ ਅਰਥਸ਼ਾਸ਼ਤਰੀ ਅੰਕੜੇ ਇਕੱਤਰ ਕਰ ਕੇ ਕਈ ਤਰ੍ਹਾਂ ਦੇ ਭੰਬਲਭੂਸੇ ਲੋਕਾਂ ਦੇ ਮਨਾਂ ਵਿਚ ਪਾਉਂਦੇ ਹਨ ਤੇ ਉਨ੍ਹਾਂ ਨੂੰ ਕਿਸੇ ਵੀ ਪੱਧਰ ਉਤੇ ਨਿਰਪੱਖਤਾ ਨਾਲ ਪੇਸ਼ ਨਹੀਂ ਕੀਤਾ ਜਾਂਦਾ ਕਿ ਸਰਕਾਰ ਉਨ੍ਹਾਂ ਲਈ ਕੀ-ਕੀ ਕਰ ਰਹੀ ਹੈ।

ਅਸਲ ਵਿਚ, ਚੁਨੌਤੀ ਠੀਕ ਅੰਕੜਿਆਂ ਦੀ ਮਦਦ ਨਾਲ ਸਮਾਜ ਦੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਦੀ ਹੁੰਦੀ ਹੈ। ਅੰਕੜਿਆਂ ਬਾਰੇ ਠੀਕ ਆਧਾਰ ਅਤੇ ਢੁੱਕਵੇਂ ਵਿਸ਼ਲੇਸ਼ਣ ਤੋਂ ਸੱਖਣੀ ਬਿਆਨਬਾਜ਼ੀ ਅਤੇ ਥੋਥੀਆਂ ਦਲੀਲਾਂ ਕਿਸੇ ਵੀ ਅਰਥਵਿਵਸਥਾ ਜਾਂ ਉਸ ਦੇ ਵੱਖ-ਵੱਖ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਬਜਾਇ ਹੋਰ ਉਲਝਾ ਦਿੰਦੀਆਂ ਹਨ। ਅੰਕੜੇ ਦੋ-ਧਾਰੀ ਤਲਵਾਰ ਵਾਂਗ ਹੁੰਦੇ ਹਨ। ਜਿਥੇ ਸਹੀ ਆਧਾਰ ਬਣਾ ਕੇ ਬਹੁਤ ਹੀ ਸੰਜੀਦਗੀ ਨਾਲ ਇਕੱਠੇ ਕੀਤੇ ਗਏ ਅੰਕੜਿਆਂ ਦਾ ਵਿਸ਼ਲੇਸ਼ਣ ਦੇਸ਼ ਦੀ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦਾ ਹੈ, ਉੱਥੇ ਗਲਤ ਅਤੇ ਅਧੂਰੀ ਜਾਣਕਾਰੀ ਤੋਂ ਨਤੀਜਾ-ਪ੍ਰਮੁੱਖ ਤਿਆਰ ਕੀਤੇ ਗਏ ਅੰਕੜੇ ਉਲਟਾ ਮਾਰੂ ਅਸਰ ਠੀਕ ਉਸੇ ਤਰ੍ਹਾਂ ਕਰਦੇ ਹਨ ਜਿਵੇਂ ਆਪਰੇਸ਼ਨ ਟੇਬਲ ਉੱਪਰ ਮਰੀਜ਼ ਸੰਬੰਧੀ ਸਰਜਨ ਕੋਲ ਪਈਆਂ ਗਲਤ ਟੈਸਟ ਰਿਪੋਰਟਾਂ।

**ਅਰਥ-ਵਿਗਿਆਨ ਸਦਾਚਾਰ ਅਤੇ ਮਨੋਵਿਗਿਆਨ ਤੋਂ ਤਲਾਕਿਆ ਹੋਇਆ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਇਹ ਅੰਕੜਿਆਂ ਦਾ ਗੁੰਝਲਦਾਰ ਜੰਗਲ ਬਣ ਜਾਵੇਗਾ। ਜਿਹੜੀਆਂ ਕਦਰਾਂ-ਕੀਮਤਾਂ ਜਾਂ ਮਾਨਤਾਵਾਂ ਉੱਪਰ ਕਿਸੇ ਦੇਸ਼ ਦੀ ਨੀਂਹ ਟਿਕੀ ਹੁੰਦੀ ਹੈ ਉਨ੍ਹਾਂ ਤੋਂ ਮਿੱਟੀ-ਘੱਟਾ ਝਾੜਨਾ ਜ਼ਰੂਰੀ ਹੋ ਜਾਂਦਾ ਹੈ। ਸਾਨੂੰ ਅੰਕੜੇ ਇਕੱਠਾ ਕਰਨ ਵਿਚ ਬਹੁਤ ਸੰਜੀਦਾ ਹੁੰਦੇ ਹੋਏ ਇਨ੍ਹਾਂ ਦਾ ਵਿਸ਼ਲੇਸ਼ਣ ਦੇਸ਼ ਦੇ ਆਰਥਿਕ ਵਿਕਾਸ ਵਿਚੋਂ ਉਪਜੀਆਂ ਸਮੱਸਿਆਵਾਂ ਦੇ ਢੁੱਕਵੇਂ ਹੱਲ ਲਈ ਕਰਨਾ ਚਾਹੀਦਾ ਹੈ।**

ਦੇਸ਼ ਵਿਚ ਅਪਣਾਈ ਗਈ 'ਨਵੀਂ ਆਰਥਿਕ ਨੀਤੀ' ਤੋਂ ਬਾਅਦ ਕਿਸਾਨ ਨੀਤੀਆਂ ਵਿਚ ਬਹੁਤ ਜ਼ਿਆਦਾ ਤੇਜ਼ੀ ਲਿਆਂਦੀ ਗਈ ਅਤੇ ਲਿਆਂਦੀ ਜਾ ਰਹੀ ਹੈ। ਖੇਤੀਬਾੜੀ ਲਗਭਗ ਘਾਟੇ ਵਾਲਾ ਧੰਦਾ ਬਣਦਾ ਜਾ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਨਿਮਨ ਕਿਸਾਨ, ਖੇਤੀਬਾੜੀ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਦੇ ਚੱਕਰਵਿਊ ਅਤੇ ਘੋਰ ਗਰੀਬੀ ਵਿਚ ਜਕੜੇ ਜਾ ਰਹੇ ਹਨ। ਕੇਂਦਰ ਸਰਕਾਰ ਦੀ ਇਕ ਸੰਸਥਾ ਨੈਸ਼ਨਲ ਕਰਾਇਮ ਰਿਕਾਰਡਜ਼ ਬਿਓਰੋ ਦੇ ਅੰਕੜਿਆਂ ਅਨੁਸਾਰ ਸੰਨ 1995 ਤੋਂ 2012 ਦਰਮਿਆਨ ਭਾਰਤ ਵਿਚ 2,84,694 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਰਜ ਹੋਈਆਂ ਹਨ। ਖੇਤੀਬਾੜੀ ਦੇ ਵਿਕਾਸ ਪੱਖੋਂ ਸਭ ਤੋਂ ਮੋਹਰੀ ਸੂਬੇ ਪੰਜਾਬ ਵਿਚ ਪਿਛਲੇ ਇਕ ਦਹਾਕੇ ਦੌਰਾਨ 4687 ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਸੰਨ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ 90 ਲੱਖ ਕਿਸਾਨ ਖੇਤੀਬਾੜੀ ਖੇਤਰ ਤੋਂ ਬਾਹਰ ਹੋ ਗਏ ਹਨ ਜਿਨ੍ਹਾਂ ਵਿਚੋਂ ਬਹੁਤੀ ਵੱਡੀ ਗਿਣਤੀ ਉਜਾੜੇ ਗਏ ਨਿਮਨ ਕਿਸਾਨਾਂ ਦੀ ਹੈ। ਇਸੇ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਕੇਂਦਰੀ ਅਨਾਜ-ਭੰਡਾਰ ਵਿਚ ਸੰਨ 1970 ਤੋਂ ਲੈ ਕੇ ਹੁਣ ਤਕ ਦੇ 45 ਸਾਲਾਂ ਦੌਰਾਨ ਕਣਕ ਅਤੇ ਝੋਨੇ ਦੇ ਸੰਬੰਧ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸੂਬੇ ਪੰਜਾਬ ਵਿਚ ਕਿਸਾਨਾਂ ਵਿਚ 12 ਪ੍ਰਤਿਸ਼ਤ ਅਤੇ ਖੇਤੀਬਾੜੀ ਮਜ਼ਦੂਰਾਂ ਵਿਚ 21 ਪ੍ਰਤਿਸ਼ਤ ਕਮੀ ਦਰਜ ਹੋਈ ਹੈ। ਜਿਥੇ ਪਿੱਛਲੇ ਇਕ ਦਹਾਕੇ ਦੌਰਾਨ ਪੂਰੇ ਦੇਸ਼ ਵਿਚ ਖੇਤੀਬਾੜੀ ਮਜ਼ਦੂਰਾਂ ਦੀ ਪ੍ਰਤਿਸ਼ਤ ਵਿਚ ਵਾਧਾ ਦਰਜ ਕੀਤਾ ਗਿਆ ਹੈ, ਉੱਥੇ ਪੰਜਾਬ ਵਿਚ ਇਸ ਪ੍ਰਤਿਸ਼ਤ ਵਿਚ ਕਮੀ ਆਈ ਹੈ। ਪੰਜਾਬ ਵਿਚ ਖੇਤੀਬਾੜੀ ਮਜ਼ਦੂਰਾਂ ਦੀ ਪ੍ਰਤਿਸ਼ਤ ਵਿਚ ਕਿਸਾਨਾਂ ਦੀ ਪ੍ਰਤਿਸ਼ਤ ਨਾਲੋਂ ਵੱਧ ਗਿਰਾਵਟ ਦਾ ਕਾਰਨ ਪੰਜਾਬ ਵਿਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਵਿਚ ਮਸ਼ੀਨਰੀ ਅਤੇ ਕੀਟਨਾਸ਼ਕਾਂ ਦੀ ਵੱਡੇ ਪੱਧਰ ਉੱਪਰ ਵਰਤੋਂ ਹੈ। ਜਨਸੰਖਿਆ ਦਾ 53 ਪ੍ਰਤਿਸ਼ਤ ਹਿੱਸਾ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 14 ਪ੍ਰਤਿਸ਼ਤ ਦੇ ਲਗਭਗ ਹਿੱਸਾ ਦਿਤਾ ਜਾ ਰਿਹਾ ਹੈ। ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਸਾਧਨਾਂ ਦੀਆਂ ਕੀਮਤਾਂ ਨੂੰ ਸਰਕਾਰੀ ਨਿਯੰਤ੍ਰਣ ਤੋਂ ਮੁਕਤ ਕਰਦੇ ਹੋਏ ਬੇਲਗਾਮ ਮੰਡੀ

ਦੇ ਹਵਾਲੇ ਅਤੇ ਕਿਸਾਨਾਂ ਨੂੰ ਦਿਤੀਆਂ ਜਾਂਦੀਆਂ ਪਹਿਲਾਂ ਤੋਂ ਹੀ ਥੋੜ੍ਹੀਆਂ ਜਿਹੀਆਂ ਸਬਸਿਡੀਆਂ/ਆਰਥਿਕ ਰਿਆਇਤਾਂ ਨੂੰ ਘੱਟ/ਖਤਮ ਕੀਤਾ ਜਾ ਰਿਹਾ ਹੈ। ਲੇਖਕ ਦੇ ਆਪਣੇ ਅਤੇ ਉਸ ਦੀ ਨਿਗਰਾਨੀ ਹੇਠ ਐਮ. ਫਿਲ. ਅਤੇ ਪੀ.ਐਚ.ਡੀ. ਡਿਗਰੀਆਂ ਲਈ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਉਂਦੇ ਹਨ ਕਿ ਪੰਜਾਬ ਸਮੇਤ ਪੂਰੇ ਭਾਰਤ ਵਿਚ ਨਿਮਨ ਕਿਸਾਨ ਕਰਜ਼ੇ ਅਤੇ ਗ਼ਰੀਬੀ ਵਿਚ ਜੰਮਦੇ ਹਨ। ਇਸ ਵਰਤਾਰੇ ਦੌਰਾਨ ਕੁਝ ਨਿਮਨ ਕਿਸਾਨ ਤਾਂ ਪਹਿਲਾਂ ਤੋਂ ਹੀ ਆਪਣੀ ਥੋੜ੍ਹੀ ਜਿਹੀ ਜੋਤ ਤੋਂ ਵੀ ਹੱਥ ਧੋ ਬੈਠਦੇ ਹਨ। ਜਦੋਂ ਇਨ੍ਹਾਂ ਕਿਸਾਨਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਇਹ ਖ਼ੁਦਕੁਸ਼ੀਆਂ ਵਰਗੇ ਭਿਆਨਕ ਰਸਤੇ ਵੱਲ ਵੀ ਚੱਲਣ ਲੱਗੇ ਹਨ। ਨਿਮਨ ਕਿਸਾਨਾਂ ਤੋਂ ਵੱਧ ਮਾੜੀ ਹਾਲਤ ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੈ ਜਿਨ੍ਹਾਂ ਲਈ ਰੁਜ਼ਗਾਰ ਦੇ ਦਿਨ ਲਗਾਤਾਰ ਘਟਦੇ ਜਾ ਰਹੇ ਹਨ ਅਤੇ ਉਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਸ਼ੁੱਧ ਆਮਦਨ ਵੀ ਜਾਂ ਤਾਂ ਖੜੋਤ ਵਿਚ ਅਤੇ ਜਾਂ ਥੱਲੇ ਵੱਲ ਨੂੰ ਜਾ ਰਹੀ ਹੈ। ਖੇਤੀਬਾੜੀ ਮਜ਼ਦੂਰਾਂ ਵਿਚੋਂ ਸਭ ਤੋਂ ਵੱਧ ਮਾੜੀ ਹਾਲਤ ਮਜ਼ਦੂਰ ਔਰਤਾਂ ਦੀ ਹੈ। ਜਿਹੜੀਆਂ ਆਪਣੀਆਂ ਛੋਟੀਆਂ-ਛੋਟੀਆਂ ਲੋੜਾਂ ਲਈ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ।

***9 ਜੂਨ, 2014 ਨੂੰ 'ਦਿ ਬੋਸਟਨ ਕਨਸਲਟਿੰਗ ਗਰੁੱਪ' ਦੀ 14ਵੀਂ ਸਾਲਾਨਾ ਰਿਪੋਰਟ 'ਗਲੋਬਲ ਵੈਲਥ 2014' ਅਨੁਸਾਰ ਸਾਲ 2013 ਦੌਰਾਨ ਸੰਸਾਰ ਵਿਚ ਕਰੋੜਪਤੀਆਂ ਦੀ ਗਿਣਤੀ 1 ਕਰੋੜ 63 ਲੱਖ ਹੋ ਗਈ ਹੈ। ਭਾਰਤ ਕਰੋੜਪਤੀਆਂ ਦੀ ਗਿਣਤੀ ਦੇ ਹਿਸਾਬ ਨਾਲ ਸੰਸਾਰ ਵਿਚ 15ਵੇਂ ਨੰਬਰ ਉੱਤੇ ਆ ਗਿਆ ਹੈ ਜਦੋਂ ਕਿ ਇਸ ਤੋਂ ਪਿਛਲੇ ਸਾਲ 2012 ਦੌਰਾਨ ਭਾਰਤ ਦਾ ਨੰਬਰ 16ਵਾਂ ਸੀ।***

ਇਸ ਰਿਪੋਰਟ ਅਨੁਸਾਰ ਸੰਨ 2013 ਦੌਰਾਨ ਭਾਰਤ ਵਿਚ 1 ਲੱਖ 75 ਹਜ਼ਾਰ ਪਰਿਵਾਰਾਂ ਕੋਲ 10 ਲੱਖ ਅਮਰੀਕਨ ਡਾਲਰ ਭਾਵ ਤਕਰੀਬਨ 6 ਕਰੋੜ ਭਾਰਤੀ ਰੁਪਏ ਜਾਂ ਉਸ ਤੋਂ ਵੱਧ ਦੀ ਜਾਇਦਾਦ ਹੈ। ਇਸੇ ਰਿਪੋਰਟ ਅਨੁਸਾਰ ਭਾਰਤ ਵਿਚ ਸਾਲ 2013 ਦੌਰਾਨ 10 ਕਰੋੜ ਅਮਰੀਕਨ ਡਾਲਰ ਭਾਵ ਤਕਰੀਬਨ 600 ਕਰੋੜ ਭਾਰਤੀ ਰੁਪਏ ਦੀ ਜਾਇਦਾਦ ਵਾਲੇ ਅਤਿ ਦੇ ਅਮੀਰਾਂ (ਅਲਟ੍ਰਾ ਹਾਈ ਨੈਟਵਰਥ) ਦੀ ਗਿਣਤੀ 284 ਪਰਿਵਾਰ ਹੈ। ਇਸ ਸੰਬੰਧ ਵਿਚ ਭਾਰਤ ਦਾ ਸੰਸਾਰ ਵਿਚ 13ਵਾਂ ਸਥਾਨ ਹੈ ਅਤੇ ਇਸ ਤੋਂ ਪਿਛਲੇ ਸਾਲ 2012 ਦੌਰਾਨ ਵੀ ਇਹੀ ਸਥਾਨ ਸੀ।

ਭਾਵੇਂ ਭਾਰਤ ਵਿਚ ਮੁੱਢ-ਕਦੀਮ ਤੋਂ ਹੀ ਆਰਥਿਕ ਅਸਮਾਨਤਾਵਾਂ ਦੇਖਣ ਨੂੰ ਮਿਲਦੀਆਂ ਰਹੀਆਂ ਹਨ, ਪਰ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਸ ਸਮੇਂ ਦੇ ਯੂ.ਐੱਸ.ਐੱਸ.ਆਰ. ਦੇ ਸਮਾਜਵਾਦੀ ਪ੍ਰਬੰਧ ਤੋਂ ਪ੍ਰਭਾਵਿਤ ਹੁੰਦੇ ਹੋਏ ਦੇਸ਼ ਵਿਚ ਕੇਂਦਰੀ ਯੋਜਨਾਬੰਦੀ ਸ਼ੁਰੂ ਕਰਨ ਅਤੇ ਜਨਤਕ ਖੇਤਰ ਦੇ ਵਿਕਾਸ ਦਾ ਫ਼ੈਸਲਾ ਲਿਆ ਸੀ। ਭਾਰਤ ਦੇ ਯੋਜਨਾ ਆਯੋਗ ਦੀ ਸਥਾਪਨਾ ਸੰਨ 1950 ਅਤੇ ਦੇਸ਼ ਵਿਚ ਯੋਜਨਾਬੰਦੀ ਦੀ ਸ਼ੁਰੂਆਤ ਸੰਨ 1951 ਵਿਚ ਹੋਈ। ਦੇਸ਼ ਦੀਆਂ ਪੰਜ ਸਾਲਾਂ ਯੋਜਨਾਵਾਂ ਵਿਚ ਜਨਤਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਨੂੰ ਮੁੱਖ ਤਰਜੀਹ ਦਿਤੀ ਜਾਂਦੀ ਰਹੀ ਜਿਸ ਦੇ ਨਤੀਜੇ ਵਜੋਂ ਮਿਸ਼ਰਤ ਅਰਥਵਿਵਸਥਾ ਹੋਂਦ ਵਿਚ ਆਈ। ਭਾਵੇਂ ਜਨਤਕ ਖੇਤਰ ਦੇ ਵਿਕਾਸ ਦੇ ਵਿਸਥਾਰ ਦੇ ਸੰਬੰਧ ਵਿਚ ਕੁਝ ਊਣਤਾਈਆਂ ਸਾਹਮਣੇ ਵੀ ਆਈਆਂ, ਪਰ ਇਸ ਦੇ ਸਾਰਥਕ ਨਤੀਜੇ ਬਹੁਤ ਜ਼ਿਆਦਾ ਸਨ ਜਿਨ੍ਹਾਂ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਘਟਾਉਣ ਦੇ ਪੱਖ ਤੋਂ ਸਲਾਹਿਆ ਗਿਆ। ਸੰਨ 1991 ਵਿਚ ਦੇਸ਼ ਦੀ ਸਰਕਾਰ ਨੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ 'ਨਵੀਂ ਆਰਥਿਕ ਨੀਤੀ' ਨੂੰ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਸ ਨੀਤੀ ਨੂੰ ਸ਼ੁਰੂ ਕਰਨ ਮੌਕੇ ਮੁੱਖ ਦਲੀਲ ਇਹ ਦਿਤੀ ਗਈ ਕਿ ਇਸ ਦੇ ਅਪਨਾਉਣ ਨਾਲ ਦੇਸ਼ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਆਵੇਗੀ ਅਤੇ ਆਰਥਿਕ ਵਿਕਾਸ ਦੇ ਫ਼ਾਇਦੇ ਸਾਰੇ ਲੋਕਾਂ ਤਕ ਪਹੁੰਚਣਗੇ ਜਿਸ ਨੂੰ 'ਰਿਸਾਅ ਦੀ ਨੀਤੀ' ਕਿਹਾ ਗਿਆ। ਇਸ ਵਿਚ ਕੋਈ ਵੀ ਸ਼ੱਕ ਨਹੀਂ ਹੈ ਕਿ ਇਸ ਨੀਤੀ ਦੇ ਅਪਨਾਉਣ ਨਾਲ ਦੇਸ਼ ਦੇ ਆਰਥਿਕ ਵਿਕਾਸ ਵਿਚ ਕੁਝ ਸਮੇਂ ਲਈ ਤੇਜ਼ੀ ਆਈ। ਜਿੱਥੋਂ ਤਕ ਆਰਥਿਕ ਵਿਕਾਸ ਦੇ ਸੰਬੰਧ ਵਿਚ 'ਰਿਸਾਅ ਦੀ ਨੀਤੀ' ਦੁਆਰਾ ਇਸ ਦੇ ਫ਼ਾਇਦੇ ਰਿਸ ਕੇ ਆਮ ਲੋਕਾਂ ਤਕ ਪਹੁੰਚਣ ਦਾ ਸਵਾਲ ਸੀ ਉਸ ਸੰਬੰਧ ਵਿਚ ਬਹੁਤੇ ਵਾਅਦੇ ਸਾਰਥਿਕ ਨਾ ਨਿਕਲੇ। ਇਸ ਸੰਬੰਧ ਵਿਚ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਦੇਸ਼ ਦੀ ਉੱਚੀ ਆਰਥਿਕ ਵਿਕਾਸ ਦਰ ਅਤੇ ਕਾਰਪੋਰੇਟ ਜਗਤ ਨੇ ਇਸ ਦੇ ਫ਼ਾਇਦਿਆਂ ਨੂੰ ਆਪਣੇ ਤਕ ਸੀਮਤ ਕਰਨ ਲਈ ਦੇਸ਼ ਦੇ ਸਾਧਨਾਂ ਨੂੰ ਵਰਤਿਆ ਅਤੇ ਇਸ ਵਰਤੋਂ ਦੇ ਸੰਬੰਧ ਵਿਚ ਸਮਾਜ ਦੇ ਕਿਰਤੀ ਵਰਗਾਂ ਦੀ ਅਣਦੇਖੀ ਹੋਈ। ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਦਾ ਵੀ ਬਹੁਤਾ ਖ਼ਿਆਲ ਨਹੀਂ ਕੀਤਾ ਗਿਆ। ਇਸ 'ਨਵੀਂ ਆਰਥਿਕ ਨੀਤੀ' ਅਪਨਾਉਣ ਨਾਲ ਦੇਸ਼ ਦੋ ਦੇਸ਼ਾਂ; ਇੰਡੀਆ ਅਤੇ ਭਾਰਤ ਵਿਚ ਵੰਡਿਆ ਗਿਆ। ਇੰਡੀਆ ਉਨ੍ਹਾਂ ਲੋਕਾਂ (ਕਰੋੜਪਤੀਆਂ) ਦਾ ਜਿਨ੍ਹਾਂ ਕੋਲ ਸਾਰੇ ਸੁਖ ਸਾਧਨ ਹਨ ਅਤੇ ਭਾਰਤ ਉਨ੍ਹਾਂ ਕਰੋੜਾਂ ਲੋਕਾਂ ਦਾ ਜਿਹੜੇ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰਾ ਕਰਨ ਤੋਂ ਵੀ ਅਸਮਰੱਥ ਹਨ।

***ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਪ੍ਰਬੰਧਕੀ ਨਿਰਦੇਸ਼ਕਾ ਕ੍ਰਿਸਟੀਨ ਲੇਗਾਰਡ ਅਨੁਸਾਰ ਭਾਰਤ ਵਿਚ ਪਿਛਲੇ 15 ਸਾਲਾਂ ਦੌਰਾਨ ਅਰਬਪਤੀ ਲੋਕਾਂ ਦੀ ਨਿਰੋਲ ਸੰਪਤੀ 12 ਗੁਣਾ ਵਧੀ ਹੈ। ਇਸ ਵਾਧੇ ਨਾਲ ਸਾਰੇ ਦੇਸ਼ ਦੀ ਗ਼ਰੀਬੀ ਦੋ ਵਾਰ ਦੂਰ ਕੀਤੀ ਜਾ ਸਕਦੀ ਹੈ।***

ਅਮਰੀਕਾ ਆਧਾਰਿਤ ਇਕ ਗ਼ੈਰ-ਮੁਨਾਫ਼ੇਕਾਰੀ ਸੰਸਥਾ 'ਸੋਸ਼ਲ ਪ੍ਰੋਗਰੈੱਸ ਇੰਪੈਰੇਟਿਵ' ਦੁਆਰਾ ਮਨੁੱਖੀ ਖੁਸ਼ਹਾਲੀ ਦਾ ਪਤਾ ਲਾਉਣ ਲਈ 2 ਅਪ੍ਰੈਲ, 2014 ਨੂੰ ਜਾਰੀ ਕੀਤੀ ਗਈ ਇਕ ਰਿਪੋਰਟ ਅਨੁਸਾਰ ਇਸ ਸੰਬੰਧ ਵਿਚ 132 ਦੇਸ਼ਾਂ ਦੇ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਇਸ ਸੰਬੰਧ ਵਿਚ ਭਾਰਤ ਦਾ 102ਵਾਂ ਸਥਾਨ ਹੈ। ਬਰਿਕਸ ਦੇਸ਼ਾਂ (ਬਰਾਜ਼ੀਲ, ਰੂਸ, ਭਾਰਤ, ਚੀਨ, ਅਤੇ ਦੱਖਣੀ ਅਫ਼ਰੀਕਾ) ਵਿਚ ਇਕੱਲਾ ਭਾਰਤ ਹੀ ਅਜਿਹਾ ਦੇਸ਼ ਹੈ ਜਿਸ ਦਾ ਸਥਾਨ 100ਵੇਂ ਦਰਜੇ ਤੋਂ ਵੀ ਨੀਵਾਂ ਹੈ।

ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ, ਵੈਲਟ ਹੰਗਰ ਹਾਈਫ, ਅਤੇ ਕਨਸਰਨ ਵਰਲਡਵਾਈਡ ਵੱਲੋਂ ਸਾਂਝੇ ਤੌਰ ਉੱਤੇ 120 ਵਿਕਾਸਸ਼ੀਲ ਦੇਸ਼ਾਂ ਦੇ ਕੀਤੇ ਗਏ ਇਕ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਭੁੱਖਮਰੀ ਦੇ ਸੰਬੰਧ ਵਿਚ ਭਾਰਤ ਦੀ ਹਾਲਤ ਬੰਗਲਾਦੇਸ਼, ਪਾਕਿਸਤਾਨ ਅਤੇ ਸ੍ਰੀਲੰਕਾ ਵਰਗੇ ਦੇਸ਼ਾਂ ਤੋਂ ਵੀ ਮਾੜੀ ਹੈ। ਇਸ ਰਿਪੋਰਟ ਅਨੁਸਾਰ ਸੰਸਾਰ ਵਿਚ ਜਿੰਨੇ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਉਨ੍ਹਾਂ ਵਿਚੋਂ ਤਕਰੀਬਨ ਇਕ-ਚੌਥਾਈ ਇਕੱਲੇ ਭਾਰਤ ਵਿਚ ਹੀ ਰਹਿੰਦੇ ਹਨ।

ਭਾਰਤ ਦੇ ਸੰਬੰਧ ਵਿਚ ਜਿਹੜੇ ਤੱਥ ਸਾਹਮਣੇ ਆਏ ਹਨ ਉਹ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੇ ਹਨ ਕਿ ਦੇਸ਼ ਦੇ ਆਰਥਿਕ ਵਿਕਾਸ ਦਾ ਮਾਡਲ ਕਿਹੋ ਜਿਹਾ ਹੋਵੇ ਜਿਸ ਦਾ ਫ਼ਾਇਦਾ ਆਮ ਲੋਕਾਂ ਤਕ ਪਹੁੰਚਣਾ ਯਕੀਨੀ ਬਣਾਇਆ ਜਾ ਸਕੇ। ਦੇਸ਼ ਦੀ ਸੰਨ 2011 ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ ਪੂਰੇ ਦੇਸ਼ ਦੀ ਆਬਾਦੀ ਵਿਚੋਂ 49.8 ਪ੍ਰਤਿਸ਼ਤ ਲੋਕ ਪਖ਼ਾਨੇ ਲਈ ਖੁੱਲ੍ਹੇ ਅਸਮਾਨ ਥੱਲੇ ਖੇਤਾਂ ਅਤੇ ਜੰਗਲਾਂ/ਝਾੜੀਆਂ ਵਿਚ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਲੱਗਣ ਅਤੇ ਹੋਰ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਓਰੋ ਅਨੁਸਾਰ ਪਿੰਡਾਂ ਵਿਚ ਹੋਣ ਵਾਲੇ ਬਲਾਤਕਾਰ ਦੇ ਕੇਸਾਂ ਵਿਚ 60-65 ਪ੍ਰਤਿਸ਼ਤ ਦਾ ਕਾਰਨ ਘਰਾਂ ਵਿਚ ਪਖ਼ਾਨੇ ਦਾ ਨਾ ਹੋਣਾ ਹੈ। ਪੂਰੇ ਦੇਸ਼ ਦੀ ਆਬਾਦੀ ਦੇ 46.9 ਪ੍ਰਤਿਸ਼ਤ ਲੋਕਾਂ ਕੋਲ ਘਰਾਂ ਵਿਚ ਪਖ਼ਾਨਿਆਂ ਦੀ ਸਹੂਲਤ ਹੈ ਜਦੋਂ ਕਿ ਬਾਕੀ ਦੇ 3.3 ਪ੍ਰਤਿਸ਼ਤ ਲੋਕ ਜਨਤਕ ਪਖਾਨਿਆਂ ਦੀ ਵਰਤੋਂ ਕਰਦੇ ਹਨ। ਜਿਨ੍ਹਾਂ ਘਰਾਂ ਵਿਚ ਪਖ਼ਾਨੇ ਹਨ ਉਨ੍ਹਾਂ ਦੀ ਹਾਲਤ ਬਹੁਤੀ ਚੰਗੀ ਵੀ ਨਹੀਂ ਹੈ ਕਿਉਂਕਿ ਕਾਫ਼ੀ ਘਰਾਂ ਵਿਚ ਪਖ਼ਾਨੇ ਟੋਇਆਂ ਵਾਲੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਪ੍ਰਤਿਸ਼ਤ ਵਿਚ ਲਗਾਤਾਰ ਕਮੀ ਹੋ ਰਹੀ ਹੈ। ਇਨ੍ਹਾਂ ਅੰਕੜਿਆਂ ਅਨੁਸਾਰ ਸੰਨ 2004-05 ਦੌਰਾਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਪ੍ਰਤਿਸ਼ਤ 37.2 ਸੀ ਜੋ ਸੰਨ 2011-12 ਦੌਰਾਨ ਘਟ ਕੇ ਸਿਰਫ਼ 21.9 ਪ੍ਰਤਿਸ਼ਤ ਰਹਿ ਗਈ ਹੈ। ਪਰ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਅਰਥਵਿਗਿਆਨ ਦੀ ਪ੍ਰੋਫ਼ੈਸਰ ਉਤਸਾ ਪਟਨਾਇਕ ਦਾ ਅਧਿਐਨ ਦਰਸਾਉਂਦਾ ਹੈ ਤੇ ਜਿਸ ਅਨੁਸਾਰ ਦੇਸ਼ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਨੂੰ ਘੱਟ ਦਿਖਾਉਣ ਲਈ ਗ਼ਰੀਬੀ-ਰੇਖਾ ਦੇ ਕੈਲਰੀ ਆਧਾਰ ਨੂੰ ਹੀ ਨੀਵਾਂ ਕਰ ਦਿਤਾ ਹੈ। ਇਸ ਅਧਿਐਨ ਅਨੁਸਾਰ ਜੇ ਪਿੰਡਾਂ ਵਿਚ 2200 ਕੈਲਰੀ ਪ੍ਰਤਿ ਵਿਅਕਤੀ ਪ੍ਰਤਿ ਦਿਨ ਅਤੇ ਸ਼ਹਿਰਾਂ ਵਿਚ 2100 ਕੈਲਰੀ ਪ੍ਰਤੀ ਵਿਅਕਤੀ ਪ੍ਰਤਿ ਦਿਨ ਨਾਲ ਭਾਰਤ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਦੇਖੀ ਜਾਵੇ ਤਾਂ ਕੇਂਦਰ ਸਰਕਾਰ ਦੇ ਇਕ ਅਦਾਰੇ ਐੱਨ.ਐੱਸ.ਐੱਸ.ਓ. ਦੇ ਅੰਕੜਿਆਂ ਅਨੁਸਾਰ ਸੰਨ 2004-05 ਪਿੰਡਾਂ ਵਿਚ 69.5 ਪ੍ਰਤਿਸ਼ਤ ਅਤੇ ਸ਼ਹਿਰਾਂ ਵਿਚ 64.5 ਪ੍ਰਤਿਸ਼ਤ ਬਣਦੀ ਹੈ ਜੋ ਸੰਨ 2009-10 ਦੌਰਾਨ ਕ੍ਰਮਵਾਰ ਵਧ ਕੇ 75.5 ਪ੍ਰਤਿਸ਼ਤ ਅਤੇ 73 ਪ੍ਰਤਿਸ਼ਤ ਉੱਪਰ ਆ ਗਈ ਹੈ।

ਦੇਸ਼ ਦੀ ਸੰਨ 2011 ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ 5-14 ਸਾਲ ਦੀ ਉਮਰ ਦੇ ਬਾਲ ਮਜ਼ਦੂਰਾਂ ਦੀ ਗਿਣਤੀ ਜਿਹੜੀ ਸੰਨ 1971 ਦੀ ਜਨਗਣਨਾ ਦੌਰਾਨ 10753985 ਸੀ ਵਧ ਕੇ 12666377 ਹੋ ਗਈ ਹੈ। ਇਹ ਉਹ ਉਮਰ ਹੈ ਜਿਸ ਦੌਰਾਨ ਬੱਚਿਆਂ ਦਾ ਚੰਗਾ ਪਾਲਣ-ਪੋਸ਼ਣ ਕਰਨਾ ਅਤੇ ਉਨ੍ਹਾਂ ਨੂੰ ਪੜ੍ਹਾਉਣਾ ਚਾਹੀਦਾ ਹੈ, ਪਰ ਇਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਗ਼ਰੀਬੀ ਨੇ ਇਨ੍ਹਾਂ ਨੂੰ ਬਾਲ ਮਜ਼ਦੂਰੀ ਵਿਚ ਧੱਕ ਦਿੱਤਾ ਹੈ। ਦੇਸ਼ ਦੀ ਆਜ਼ਾਦੀ ਦੇ 66-67 ਸਾਲਾਂ ਬਾਅਦ ਵੀ ਅਨੁਸੂਚਿਤ ਜਾਤੀਆਂ (ਕੁੱਲ ਜਨਸੰਖਿਆ ਦਾ 16.6 ਪ੍ਰਤਿਸ਼ਤ) ਅਤੇ ਜਨ-ਜਾਤੀਆਂ (ਕੁੱਲ ਜਨਸੰਖਿਆ ਦਾ 8.6 ਪ੍ਰਤਿਸ਼ਤ) ਅਤੇ ਜੈਨਾਂ ਨੂੰ ਛੱਡ ਕੇ ਬਾਕੀ ਦੀਆਂ ਧਾਰਮਿਕ ਘੱਟ ਗਿਣਤੀਆਂ ਖ਼ਾਸ ਕਰਕੇ ਮੁਸਲਮਾਨਾਂ ਦੇ ਜ਼ਿਆਦਾ ਲੋਕਾਂ ਤਕ ਆਰਥਿਕ ਵਿਕਾਸ ਦੀ ਉੱਚੀ ਦਰ ਦੇ ਫ਼ਾਇਦੇ ਘੱਟ ਪਹੁੰਚੇ ਹਨ। ਦੇਸ਼ ਦੇ ਕਈ ਸੂਬਿਆਂ ਵਿਚ ਸਿਰ ਉੱਪਰ ਮੈਲ਼ਾ ਢੋਣ ਦਾ ਗ਼ੈਰ-ਮਨੁੱਖੀ ਕਿੱਤਾ ਜਾਰੀ ਹੈ ਜੋ ਜ਼ਿਆਦਾਤਰ ਗ਼ਰੀਬੀ ਅਤੇ ਸਮਾਜਿਕ ਕਾਰਨਾਂ ਕਰਕੇ ਨਿਮਨ ਜਾਤਾਂ ਦੁਆਰਾ ਕੀਤਾ ਜਾਂਦਾ ਹੈ। ਦੇਸ਼ ਦੀ ਸੁਪਰੀਮ ਕੋਰਟ ਦੁਆਰਾ ਇਸ ਸੰਬੰਧ ਵਿਚ ਗਠਿਤ ਇਕ ਡਵੀਜ਼ਨ ਬੈਂਚ ਨੇ ਸਾਰੀਆਂ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਸਰਕਾਰਾਂ ਨੂੰ ਸਿਰ ਉੱਪਰ ਮੈਲ਼ਾ ਢੋਣ ਨੂੰ ਤੁਰੰਤ ਬੰਦ ਕਰਨ ਸੰਬੰਧੀ ਹਦਾਇਤਾਂ ਕੀਤੀਆਂ ਹੋਈਆਂ ਹਨ।

***ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦਾ ਆਰਥਿਕ ਵਿਕਾਸ ਬਹੁਤ ਮਹੱਤਵਪੂਰਨ ਹੁੰਦਾ ਹੈ, ਪਰ ਇਸ ਦੇ ਫ਼ਾਇਦੇ ਆਮ ਲੋਕਾਂ ਤਕ ਪਹੁੰਚਣੇ ਉਸ ਤੋਂ ਵੀ ਕਿਤੇ ਵੱਧ ਮਹੱਤਵਪੂਰਨ ਹੁੰਦੇ ਹਨ। ਇਥੇ ਇਹ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਦੇਸ਼ ਦੇ ਆਰਥਿਕ ਵਿਕਾਸ ਦੀ ਵਰਤਮਾਨ ਉੱਚੀ ਦਰ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ/ਹੱਕਾਂ ਉੱਪਰ ਆਧਾਰਿਤ ਹੋਵੇ।***

ਇਸ ਲਈ ਲੋੜ ਹੈ ਕਿ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਵਿਚ ਤੇਜ਼ੀ ਲਿਆਉਣ ਅਤੇ ਉਸ ਦੁਆਰਾ ਆਮ ਲੋਕਾਂ ਦਾ ਜੀਵਨ-ਪੱਧਰ ਉੱਪਰ ਚੁੱਕਣ ਲਈ ਦੁਨੀਆਂ ਅਤੇ ਭਾਰਤ ਦੇ ਆਪਣੇ ਇਤਿਹਾਸ ਤੋਂ ਸਿੱਖਿਆ ਲੈਂਦੇ ਹੋਏ ਲੋਕ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਵਿਚ ਜਨਤਕ ਖੇਤਰ ਦੇ ਪਾਸਾਰ ਅਤੇ ਵਿਕਾਸ ਅਤੇ ਨਿੱਜੀ ਖੇਤਰ ਦੇ ਕੰਮਕਾਜ ਉੱਪਰ ਸਰਕਾਰੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਪ੍ਰਮੁੱਖ ਥਾਂ ਹੋਵੇ। ਇਸ ਸੰਬੰਧ ਵਿਚ ਦੇਸ਼ ਵਿਚ ਤੇਜ਼ੀ ਨਾਲ ਵਧ ਰਹੀ ਜਨਸੰਖਿਆ ਉੱਪਰ ਕਾਬੂ ਪਾਉਣ ਦੀ ਲੋੜ ਹੈ ਜਿਸ ਲਈ ਥੋੜ੍ਹੇ ਸਮੇਂ ਦੌਰਾਨ ਛੋਟੇ ਪਰਿਵਾਰਾਂ ਨੂੰ ਉਤਸ਼ਾਹ ਦੇ ਕੇ ਅਤੇ ਲੰਬੇ ਸਮੇਂ ਦੌਰਾਨ ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਦੇ ਕੇ ਗੁਜ਼ਾਰੇ ਵਾਲਾ ਰੁਜ਼ਗਾਰ ਦਿਤਾ ਜਾਵੇ। ਇਸ ਤੋਂ ਬਿਨਾਂ ਦੇਸ਼ ਵਿਚ ਗਰੀਬੀ ਦੀ ਰੇਖਾ ਦੇ ਨਾਲ-ਨਾਲ ਖ਼ੁਸ਼ਹਾਲੀ ਦੀ ਰੇਖਾ ਨੂੰ ਪਰਿਭਾਸ਼ਿਤ ਕਰਨ ਦੀ ਸਖ਼ਤ ਜ਼ਰੂਰਤ ਹੈ। ਦੇਸ਼ ਦੇ ਆਰਥਿਕ ਵਿਕਾਸ ਵਿਚੋਂ ਖ਼ੁਸ਼ਹਾਲੀ ਪ੍ਰਾਪਤ ਕਰਨ ਵਾਲਿਆਂ ਲੋਕਾਂ ਦੀ ਧਨ/ਦੌਲਤ ਅਤੇ ਪੂੰਜੀ ਉੱਪਰ ਕਰਾਂ ਦੀ ਦਰ ਨੂੰ ਵਧਾਉਂਦੇ ਅਤੇ ਉਨ੍ਹਾਂ ਦੀ ਉਗਰਾਹੀ ਨੂੰ ਯਕੀਨੀ ਬਣਾਉਂਦੇ ਹੋਏ ਉਸ ਤੋਂ ਪ੍ਰਾਪਤ ਆਮਦਨ ਨੂੰ ਦੇਸ਼ ਅਤੇ ਇਸ ਦੇ ਆਮ ਲੋਕਾਂ ਲਈ ਵਰਤਿਆ ਜਾਣਾ ਯਕੀਨੀ ਬਣਾਇਆ ਜਾਵੇ।

*(ਲੇਖਕ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)*

# ਸਮਾਜਿਕ-ਆਰਥਿਕ ਵਿਕਾਸ ਤੇ ਸਮਾਜਿਕ ਪਰਿਵਰਤਨ

ਗੁਰਮੀਤ ਕੌਰ

ਕਿਸੇ ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਸੂਚਕ ਹਨ ਸਾਖਰਤਾ ਦੀ ਦਰ, ਔਸਤ ਉਮਰ, ਸਿਹਤ ਸੇਵਾਵਾਂ ਦਾ ਮਿਆਰ, ਪ੍ਰਤਿ ਵਿਅਕਤੀ ਆਮਦਨ, ਉਪਭੋਗਤਾ ਵਿਚ ਸੁਖ ਆਰਾਮ ਦੀਆਂ ਵਸਤੂਆਂ ਦੀ ਵਰਤੋਂ ਆਦਿ। ਇਨ੍ਹਾਂ ਸੂਚਕਾਂ ਵਿਚ ਵਾਧਾ ਕਰਨਾ ਹਰ ਦੇਸ਼ ਦੀ ਆਰਥਿਕ ਯੋਜਨਾਬੰਦੀ ਦਾ ਮੁੱਖ ਉਦੇਸ਼ ਹੈ। ਇਨ੍ਹਾਂ ਵਿਚ ਪ੍ਰਾਪਤੀਆਂ ਕਰਨ ਲਈ ਨਾ ਸਿਰਫ਼ ਆਰਥਿਕ ਵਿਕਾਸ ਸਗੋਂ ਸਮਾਜਿਕ ਪੱਧਰ 'ਤੇ ਵੀ ਵੱਡੇ ਯਤਨਾਂ ਦੀ ਲੋੜ ਹੁੰਦੀ ਹੈ।

ਭਾਰਤ ਸੁਤੰਤਰਤਾ ਸਮੇਂ ਪਿੰਡਾਂ ਦਾ ਦੇਸ਼ ਸੀ ਤੇ 80 ਪ੍ਰਤਿਸ਼ਤ ਆਬਾਦੀ ਪਿੰਡਾਂ ਵਿਚ ਰਹਿੰਦੀ ਸੀ। 75 ਪ੍ਰਤਿਸ਼ਤ ਆਬਾਦੀ ਖੇਤੀ 'ਤੇ ਨਿਰਭਰ ਕਰਦੀ ਸੀ ਪਰ ਫਿਰ ਵੀ ਦੇਸ਼ ਅਨਾਜ ਲੋੜਾਂ ਵਿਚ ਸਵੈ-ਨਿਰਭਰ ਨਹੀਂ ਸੀ। ਬਹੁਤੀ ਵਸੋਂ ਅਨਪੜ੍ਹ ਸੀ ਅਤੇ ਸਾਖਰਤਾ ਦੀ ਦਰ 40 ਪ੍ਰਤਿਸ਼ਤ ਤੋਂ ਵੀ ਥੱਲੇ ਸੀ। ਡਾਕਟਰਾਂ ਅਤੇ ਸਿਹਤ ਸੇਵਾਵਾਂ ਦੀ ਘਾਟ ਸੀ, ਵੱਡੇ ਕਸਬਿਆਂ ਵਿਚ ਵੀ ਯੋਗਤਾ ਪ੍ਰਾਪਤ ਡਾਕਟਰ ਨਹੀਂ ਸਨ, ਸੜਕਾਂ ਅਤੇ ਬਿਜਲੀ ਦੀ ਘਾਟ ਸੀ, ਦੇਸ਼ ਦੀ ਲਗਭਗ 10 ਪ੍ਰਤਿਸ਼ਤ ਆਬਾਦੀ ਉਦਯੋਗਾਂ 'ਤੇ ਨਿਰਭਰ ਕਰਦੀ ਸੀ ਅਤੇ ਉਸ ਵਿਚ ਵੀ ਸੰਗਠਿਤ ਖੇਤਰ ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਅਨਪੜ੍ਹਤਾ ਹੋਣ ਕਰਕੇ ਜ਼ਿਆਦਾ ਲੋਕ ਵਹਿਮਾਂ-ਭਰਮਾਂ ਵਿਚ ਫਸੇ ਹੋਏ ਸਨ ਅਤੇ ਉਹ ਨਵੀਆਂ ਤਬਦੀਲੀਆਂ ਨੂੰ ਨਹੀਂ ਸਨ ਅਪਨਾਉਂਦੇ।

ਭਾਰਤ ਦੇ ਸਮਾਜ ਸਾਹਮਣੇ ਇਹ ਉਹ ਚੁਨੌਤੀਆਂ ਸਨ ਜਿਨ੍ਹਾਂ ਨੂੰ ਦੂਰ ਕਰਨਾ ਸਮੇਂ ਦੀ ਲੋੜ ਸੀ ਜਿਸ ਲਈ ਇਕੱਲਾ ਆਰਥਿਕ ਵਿਕਾਸ ਨਹੀਂ, ਸਗੋਂ ਸਮਾਜਿਕ ਵਿਕਾਸ ਲਈ ਵੱਡੀਆਂ ਤਬਦੀਲੀਆਂ ਦੀ ਲੋੜ ਸੀ। ਜ਼ਿਆਦਾ ਆਬਾਦੀ ਪਿੰਡਾਂ ਵਿਚ ਰਹਿੰਦੀ ਹੋਣ ਕਰਕੇ ਜ਼ਰੂਰੀ ਸੀ ਕਿ ਸਭ ਤੋਂ ਪਹਿਲਾਂ ਪਿੰਡਾਂ ਦਾ ਵਿਕਾਸ ਕੀਤਾ ਜਾਵੇ। ਪਹਿਲੀ ਚੁਨੌਤੀ ਸੀ ਕਿ ਵਿੱਦਿਆ ਦਾ ਪਸਾਰ ਕੀਤਾ ਜਾਵੇ। ਭਾਰਤ ਦੀ ਪੱਧਰ 'ਤੇ ਹਰ ਰਾਜ, ਫਿਰ ਹਰ ਜ਼ਿਲ੍ਹੇ ਅਤੇ ਬਲਾਕ ਵਿਚ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ, ਕਿਸੇ ਵੀ ਪਿੰਡ ਦਾ ਪ੍ਰਾਇਮਰੀ ਸਕੂਲ 2 ਕਿਲੋਮੀਟਰ ਦੀ ਦੂਰੀ ਤੋਂ ਵੱਧ ਨਹੀਂ ਸੀ ਜਿਥੇ ਹਰ ਬੱਚਾ ਪੈਦਲ ਚੱਲ ਕੇ ਜਾ ਸਕਦਾ ਹੈ। ਇਸ ਤੋਂ ਬਾਅਦ ਲੋੜ ਅਨੁਸਾਰ ਮਿਡਲ ਅਤੇ ਸੈਕੰਡਰੀ ਸਕੂਲ ਖੋਲ੍ਹੇ ਗਏ।

ਦੇਸ਼ ਦੀ 62 ਪ੍ਰਤਿਸ਼ਤ ਵਸੋਂ ਖੇਤੀ 'ਤੇ ਨਿਰਭਰ ਹੈ ਜਦ ਕਿ 72 ਪ੍ਰਤਿਸ਼ਤ ਪਿੰਡਾਂ ਵਿਚ ਰਹਿੰਦੀ ਹੈ। ਸ਼ਹਿਰੀ ਅਤੇ ਪੇਂਡੂ ਵਸੋਂ ਵਿਚ ਕੁਝ ਵੱਖਰੀਆਂ ਵਿਸ਼ੇਸ਼ਤਾਈਆਂ ਨਜ਼ਰ ਆਈਆਂ ਹਨ ਜਿਸ ਤਰ੍ਹਾਂ ਸ਼ਹਿਰੀ ਵਸੋਂ ਵਿਚ ਜ਼ਿਆਦਾ ਸਾਖਰਤਾ ਦਰ ਹੈ, ਜ਼ਿਆਦਾ ਲੋਕ ਰੁਜ਼ਗਾਰ ਪ੍ਰਾਪਤ ਹਨ, ਔਰਤਾਂ ਵਿਚ ਵੀ ਰੁਜ਼ਗਾਰ ਕਰਨ ਵਾਲੀਆਂ ਦੀ ਗਿਣਤੀ ਜ਼ਿਆਦਾ ਹੈ ਅਤੇ ਇਹ ਵਧ ਰਹੀ ਹੈ। ਦੂਸਰੀ ਤਰਫ਼, ਪਿੰਡਾਂ ਵਿਚ ਜ਼ਿਆਦਾਤਰ ਵਸੋਂ ਦਾ ਪੇਸ਼ਾ ਖੇਤੀਬਾੜੀ ਹੈ, ਸਾਖਰਤਾ ਦਰ ਘੱਟ ਹੈ, ਔਰਤਾਂ ਵਿਚ ਸਾਖਰਤਾ ਦਰ ਹੋਰ ਘੱਟ ਹੈ, ਔਰਤਾਂ ਵਿਚ ਰੁਜ਼ਗਾਰ ਸਿਰਫ਼ ਖੇਤੀ ਵਿਚ ਹੀ ਜ਼ਿਆਦਾ ਹੈ, ਪਿੰਡਾਂ ਵਿਚ ਅਰਧ-ਬੇਰੁਜ਼ਗਾਰੀ ਅਤੇ ਲੁਕੀ-ਛਿਪੀ ਬੇਰੁਜ਼ਗਾਰੀ ਹੈ। ਸਮਾਜਿਕ ਪਰਿਵਰਤਨ ਲਈ ਇਹ ਜ਼ਰੂਰੀ ਹੈ ਕਿ ਪਿੰਡ ਜਿਥੇ ਜ਼ਿਆਦਾ ਵਸੋਂ ਰਹਿੰਦੀ ਹੈ, ਉਸ 'ਚ ਉਨ੍ਹਾਂ ਵਿਸ਼ੇਸ਼ਤਾਈਆਂ ਨੂੰ ਪੈਦਾ ਕੀਤਾ ਜਾਵੇ ਜਿਹੜੀਆਂ ਆਧੁਨਿਕ ਵਿਕਸਤ ਸਮਾਜ ਦੀਆਂ ਸੂਚਕ ਹਨ, ਇਸ ਲਈ ਵਿੱਦਿਆ ਨੂੰ ਜ਼ਿਆਦਾਤਰ ਪਿੰਡਾਂ ਵਿਚ ਵਧਾਉਣ ਦੇ ਉਪਰਾਲੇ, ਖੇਡਾਂ ਕਰਾਉਣ ਦੀ ਵਿਵਸਥਾ, ਜ਼ਿਆਦਾ ਸਿਹਤ ਸੇਵਾਵਾਂ ਪ੍ਰਦਾਨ ਕਰਨੀਆਂ, ਔਰਤਾਂ ਦੀ ਵਿੱਦਿਆ ਵਧਾਉਣ ਅਤੇ ਔਰਤਾਂ ਲਈ ਖੇਤੀ ਤੋਂ ਬਾਹਰ ਰੁਜ਼ਗਾਰ ਲਈ ਉਤਸਾਹਿਤ ਕਰਨਾ, ਉਹ ਚੁਨੌਤੀਆਂ ਹਨ ਜਿਹੜੀਆਂ ਸਮਾਜ ਦੇ ਪਰਿਵਰਤਨ ਲਈ ਜ਼ਰੂਰੀ ਹਨ।

ਭਾਰਤ ਅੰਦਰ ਬੇਰੁਜ਼ਗਾਰੀ ਇਕ ਵੱਡੀ ਸਮੱਸਿਆ ਬਣੀ ਹੋਈ ਹੈ ਅਤੇ ਗਰੀਬੀ ਦਾ ਮੁੱਖ ਕਾਰਨ ਵੀ ਬੇਰੁਜ਼ਗਾਰੀ ਹੈ। ਇਕ ਅੰਦਾਜ਼ੇ ਅਨੁਸਾਰ ਦੇਸ਼ ਦੀ 15 ਕਰੋੜ ਵਸੋਂ ਬੇਰੁਜ਼ਗਾਰ ਹੈ ਜਿਸ ਦਾ ਅਰਥ ਹੈ ਕਿ ਇੰਨੀ ਵੱਡੀ ਵਸੋਂ ਦੀਆਂ ਉਪਭੋਗਤਾ ਲੋੜਾਂ ਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ ਪਰ ਉਹ ਉਤਪਾਦਨ ਕੁਝ ਵੀ ਨਹੀਂ ਕਰਦੇ। ਉਨ੍ਹਾਂ ਦੀ ਕਿਰਤ ਜਿਹੜੀ ਵਰਤੀ ਨਹੀਂ ਜਾਂਦੀ ਉਸ ਨੂੰ ਜਮ੍ਹਾਂ ਤਾਂ ਕੀਤਾ ਨਹੀਂ ਜਾ ਸਕਦਾ। ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ, ਉਹ ਫਜ਼ੂਲ ਚਲੀ ਜਾਂਦੀ ਹੈ। ਇਸ ਤਰ੍ਹਾਂ ਦੇਸ਼ ਦੇ ਮਨੁੱਖੀ ਸਾਧਨਾਂ ਦਾ ਇਹ ਵੱਡਾ ਨੁਕਸਾਨ ਹੈ ਅਤੇ ਇਹ ਨੁਕਸਾਨ ਲਗਾਤਾਰ ਇਸ ਕਰਕੇ ਜਾਰੀ ਹੈ ਕਿਉਂਕਿ ਉਸ ਕਿਰਤ ਦੀ ਵਰਤੋਂ ਲਈ ਦੇਸ਼ ਦਾ ਖੇਤੀ, ਉਦਯੋਗਿਕ ਜਾਂ ਸੇਵਾਵਾਂ ਦਾ ਢਾਂਚਾ ਇਸ ਲਈ ਕਾਫ਼ੀ ਨਹੀਂ।

ਦੂਸਰੀ ਤਰਫ਼, ਇਹ ਗੱਲ ਵੀ ਪ੍ਰਤੱਖ ਹੈ ਕਿ ਜ਼ਿਆਦਾਤਰ ਕਿਰਤੀ ਕੁਸ਼ਲ ਨਹੀਂ, ਇਸ ਲਈ ਜਿਥੇ ਇਕ ਅਕੁਸ਼ਲ ਕਿਰਤੀ ਦਾ ਉਤਪਾਦਿਕਤਾ ਘੱਟ ਹੋਣ ਕਰਕੇ, ਉਸ ਦੀ ਕਮਾਈ ਘੱਟ ਹੈ ਉਥੇ ਅਕੁਸ਼ਲ ਕਿਰਤੀ ਦੀ ਮੰਗ ਘੱਟ ਹੈ, ਇਸ ਦਾ ਵੀ ਸਮੁੱਚੇ ਸਮਾਜ ਨੂੰ ਨੁਕਸਾਨ ਹੈ ਕਿਉਂਕਿ ਉਨ੍ਹਾਂ ਅਕੁਸ਼ਲ ਕਿਰਤੀਆਂ ਦੀ ਉਤਪਾਦਿਕਤਾ ਨਾ ਹੋਣ ਕਰਕੇ, ਹੋਰ ਉਤਪਾਦਨ ਨਹੀਂ ਹੋ ਸਕਦਾ। ਦੇਸ਼ ਦੀ ਖ਼ੁਸ਼ਹਾਲੀ ਲਈ ਵਸਤੂਆਂ ਅਤੇ ਸੇਵਾਵਾਂ ਦਾ ਬਹੁਤਾਤ ਵਿਚ ਉਤਪਾਦਨ ਹੋਣਾ ਜ਼ਰੂਰੀ ਹੈ। ਪਰ ਜਦੋਂ ਉਹ ਅਕੁਸ਼ਲ ਕਿਰਤੀਆਂ ਨੂੰ ਪੈਦਾਵਾਰ ਕਰਨ ਲਈ

ਮੌਕਾ ਨਹੀਂ ਮਿਲਦਾ ਜਾਂ ਉਹ ਹੋਰ ਉਤਪਾਦਨ ਲੈਣ ਦੇ ਯੋਗ ਨਹੀਂ ਤਾਂ ਇਸ ਨਾਲ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ। ਇਸ ਲਈ ਸਮਾਜਿਕ ਪਰਿਵਰਤਨ ਅਤੇ ਆਰਥਿਕ ਵਿਕਾਸ ਆਪਸ ਵਿਚ ਜੁੜੇ ਹੋਏ ਹਨ। ਆਰਥਿਕ ਵਿਕਾਸ ਵਧਾਉਣ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਸਮਾਜਿਕ ਪਰਿਵਰਤਨ ਕੀਤਾ ਜਾਵੇ ਜਿਸ ਵਿਚ ਜ਼ਿਆਦਾ ਤੋਂ ਜ਼ਿਆਦਾ ਕੁਸ਼ਲ ਕਿਰਤੀਆਂ ਦਾ ਸਮਾਜ ਹੋਵੇ ਅਤੇ ਇਸ ਨਾਲ ਆਰਥਿਕ ਵਿਕਾਸ ਵਿਚ ਆਪਣੇ ਆਪ ਤੇਜ਼ੀ ਆਵੇਗੀ। ਨਾਲ ਹੀ ਸਮਾਜਿਕ ਪਰਿਵਰਤਨ ਲਈ ਜਾਂ ਜ਼ਿਆਦਾ ਕੁਸ਼ਲ ਕਿਰਤੀ ਪੈਦਾ ਕਰਨ ਲਈ ਉਨ੍ਹਾਂ ਸੰਸਥਾਵਾਂ ਦੀ ਲੋੜ ਹੈ ਜੋ ਇਕ ਤਰਫ਼ ਤੇ ਕੁਸ਼ਲ ਕਿਰਤੀ ਪੈਦਾ ਕਰੇ ਅਤੇ ਦੂਸਰੀ ਤਰਫ਼ ਇਸ ਤਰ੍ਹਾਂ ਦਾ ਆਰਥਿਕ ਢਾਂਚਾ ਹੋਵੇ ਜਿਸ ਵਿਚ ਕੁਸ਼ਲ ਕਿਰਤੀਆਂ ਦੀ ਯੋਗਤਾ ਦੀ ਵਰਤੋਂ ਹੋ ਸਕੇ।

ਸਫਲ ਲੋਕਤੰਤਰ ਲਈ ਲੋੜੀਂਦਾ ਹੈ ਕਿ ਸਮਾਜ ਵਿਚ ਸਾਖਰਤਾ ਦਰ ਉੱਚੀ ਹੋਵੇ, ਲੋਕ ਪੜ੍ਹੇ-ਲਿਖੇ ਹੋਣ ਅਤੇ ਦੇਸ਼ ਵਿਚ ਖ਼ੁਸ਼ਹਾਲੀ ਹੋਵੇ। ਇਹ ਗੱਲ ਆਮ ਦੇਖੀ ਗਈ ਹੈ ਕਿ ਪੜ੍ਹਿਆ-ਲਿਖਿਆ ਵਿਅਕਤੀ ਆਪਣੀ ਕਮਾਈ ਸੰਬੰਧੀ ਜ਼ਿਆਦਾ ਸੁਚੇਤ ਹੈ, ਉਹ ਆਪਣੇ ਲਈ ਚੰਗਾ ਰੁਜ਼ਗਾਰ ਪ੍ਰਾਪਤ ਕਰ ਲਵੇਗਾ। ਉਸ ਤਰ੍ਹਾਂ ਵੀ ਕਿਸੇ ਹੁਨਰ ਪ੍ਰਾਪਤੀ ਜਾਂ ਪੇਸ਼ਾਵਰ ਸਿਖਲਾਈ ਲਈ ਘੱਟੋ-ਘੱਟ ਵਿਦਿਅਕ ਯੋਗਤਾ ਦੀ ਜ਼ਰੂਰਤ ਹੈ। ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਜਦੋਂ ਸਾਖਰਤਾ ਦਰ 40 ਪ੍ਰਤਿਸ਼ਤ ਤੋਂ ਵੀ ਘੱਟ ਸੀ ਤਾਂ ਇਸ ਉਦੇਸ਼ ਨਾਲ ਕਿ ਹਰ ਵਿਅਕਤੀ ਯੋਗ ਹੱਦ ਤਕ ਪੜ੍ਹਿਆ-ਲਿਖਿਆ ਹੋਵੇ ਤੇ ਇਸੇ ਕਰਕੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦਾ ਜਾਲ ਵਿਛਾਇਆ ਗਿਆ। ਇਹ ਇਕ ਇਸ ਤਰ੍ਹਾਂ ਦਾ ਸਮਾਜਿਕ ਪਰਿਵਰਤਨ ਕਰਨ ਲਈ ਸੀ ਜਿਸ ਦਾ ਉਦੇਸ਼ ਸੀ 100 ਪ੍ਰਤਿਸ਼ਤ ਸਾਖਰਤਾ ਦਰ। ਇਹ ਵੱਖਰੀ ਗੱਲ ਹੈ ਕਿ ਅਜੇ ਵੀ ਦੇਸ਼ ਦੀ ਸਾਖਰਤਾ ਦਰ 74 ਪ੍ਰਤਿਸ਼ਤ ਤਕ ਹੀ ਪਹੁੰਚੀ ਹੈ ਜਿਸ ਵਿਚ ਔਰਤਾਂ ਦੀ ਦਰ ਹੋਰ ਵੀ ਘੱਟ ਹੈ। ਪਰ ਸਮਾਜਿਕ ਪਰਿਵਰਤਨ ਲਈ ਸਾਖਰਤਾ ਦਰ ਦਾ ਵਧਣਾ ਇਕ ਜ਼ਰੂਰੀ ਸ਼ਰਤ ਹੈ ਅਤੇ ਇਸ 'ਤੇ ਹੀ ਵਿਕਾਸ ਦੀ ਦਰ ਅਧਾਰਿਤ ਹੈ।

ਇਹ ਗੱਲ ਵੇਖੀ ਗਈ ਹੈ ਕਿ ਵਿਕਸਤ ਦੇਸ਼ ਅਤੇ ਪਛੜੇ ਦੇਸ਼ਾਂ ਵਿਚ ਕੰਮ ਦੀ ਕਦਰ ਬਾਰੇ ਵੱਖਰੀ-ਵੱਖਰੀ ਸੋਚ ਹੈ। ਵਿਕਸਤ ਦੇਸ਼ਾਂ ਵਿਚ ਕੰਮ ਦੀ ਕਦਰ ਹੈ। ਕੰਮ ਕਿਸੇ ਤਰ੍ਹਾਂ ਦਾ ਵੀ ਹੋਵੇ, ਉਸ ਨੂੰ ਕਰਨ ਦੀ ਝਿਜਕ ਨਹੀਂ। ਪਰ ਪਛੜੇ ਦੇਸ਼ਾਂ ਵਿਚ ਹੱਥੀਂ ਕੰਮ ਕਰਨ ਨੂੰ ਇਕ ਘਟੀਆ ਕੰਮ ਸਮਝਿਆ ਜਾਂਦਾ ਹੈ ਜਦ ਕਿ ਦਿਮਾਗ਼ੀ ਕੰਮ ਨੂੰ ਚੰਗਾ। ਇਹ ਸਮਾਜਿਕ ਸੋਚ 'ਤੇ ਨਿਰਭਰ ਕਰਦਾ ਹੈ ਜਿਸ ਵਿਚ ਪਰਿਵਰਤਨ ਦੀ ਲੋੜ ਹੈ। ਇਹ ਗੱਲ ਵੀ ਵੇਖੀ ਗਈ ਹੈ ਕਿ ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਜਰਮਨੀ, ਫ਼ਰਾਂਸ ਆਦਿ ਵਿਚ ਸਰੀਰਕ ਕੰਮ ਅਤੇ ਦਿਮਾਗ਼ੀ ਕੰਮਾਂ ਦੀ ਉਜਰਤ ਵਿਚ ਕੋਈ ਫ਼ਰਕ ਨਹੀਂ ਸਗੋਂ ਕਈ ਵਾਰ ਸਰੀਰਕ ਕੰਮਾਂ ਵਿਚ ਜ਼ਿਆਦਾ ਉਜਰਤ ਹੈ। ਇਹ ਉਥੋਂ ਦੀ ਸਮਾਜਿਕ ਬਣਤਰ ਕਰਕੇ ਹੈ। ਪਰ ਜਿਨ੍ਹਾਂ ਦੇਸ਼ਾਂ ਵਿਚ ਸਰੀਰਕ ਕੰਮਾਂ ਦੀ ਉਜਰਤ ਘੱਟ ਹੈ, ਇਹ ਉਸ ਸਮਾਜ ਵਿਚ ਅਕੁਸ਼ਲ ਕਿਰਤੀਆਂ ਦੀ ਬਹੁਤਾਤ ਕਰਕੇ ਹੈ। ਇਥੇ ਵੀ ਸਮਾਜਿਕ ਪਰਿਵਰਤਨ ਉਨ੍ਹਾਂ ਰੁਚੀਆਂ ਵਿਚ ਤਬਦੀਲੀ ਲਿਆ ਸਕਦਾ ਹੈ ਜਿਸ ਨਾਲ ਆਰਥਿਕ ਅਤੇ ਸਮਾਜਿਕ ਵਿਕਾਸ ਵਿਚ ਵਾਧਾ ਹੋਵੇ ਜਿਸ ਵਿਚ ਕਿਰਤ ਦੀ ਕਦਰ ਕਰਨਾ, ਭਾਵੇਂ ਉਹ ਸਰੀਰਕ ਹੋਵੇ ਜਾਂ ਦਿਮਾਗ਼ੀ, ਇਸ ਦੀ ਪਹਿਲੀ ਸ਼ਰਤ ਹੈ ਕਿਉਂਕਿ ਕਿਰਤ ਕਰਨ ਨਾਲ ਹੀ ਉਤਪਾਦਨ ਪੈਦਾ ਹੋਵੇਗਾ, ਵਸਤੂਆਂ ਅਤੇ ਸੇਵਾਵਾਂ ਦੀ ਬਹੁਤਾਤ ਹੋਵੇਗੀ ਜੋ ਖ਼ੁਸ਼ਹਾਲੀ ਪੈਦਾ ਕਰੇਗੀ।

***ਸਮਾਜ ਦੀ ਰੁਚੀ ਬਦਲਣ ਲਈ ਪਿਛਲੇ ਕੁਝ ਮਹੀਨਿਆਂ ਵਿਚ ਭਾਰਤ ਵਿਚ ਰਾਸ਼ਟਰੀ ਪੱਧਰ 'ਤੇ ਦੋ ਬਹੁਤ ਮਹੱਤਵਪੂਰਨ ਕੰਮ ਹੋਏ ਹਨ। ਇਕ ਹੈ 'ਜਨ ਧਨ ਯੋਜਨਾ' ਦਾ ਸ਼ੁਰੂ ਹੋਣਾ ਜਿਸ ਦੇ ਅਧੀਨ ਹਰ ਵਿਅਕਤੀ ਨੂੰ ਬੈਂਕ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ।***

ਜੇ ਸਾਰਾ ਦੇਸ਼ ਬੈਂਕਾਂ ਨਾਲ ਜੁੜ ਜਾਂਦਾ ਹੈ ਤਾਂ ਇਸ ਨਾਲ ਬੈਂਕਾਂ ਦੇ ਕੰਮ-ਕਾਜ ਸੰਬੰਧੀ ਅਤੇ ਦੇਸ਼ ਵਿਚ ਆਰਥਿਕ ਕਾਰਵਾਈਆਂ ਸੰਬੰਧੀ ਚੇਤਨਾ ਵਿਚ ਵਾਧਾ ਹੁੰਦਾ ਹੈ ਅਤੇ ਇਕ ਨਵੀਂ ਤਬਦੀਲੀ ਆਉਂਦੀ ਹੈ। ਭਾਰਤ ਦੀ ਆਰਥਿਕਤਾ ਵਿਚ ਓਡੀਸ਼ਾ, ਮੱਧ ਪ੍ਰਦੇਸ਼, ਬਿਹਾਰ ਅਤੇ ਛੱਤੀਸਗੜ੍ਹ ਵਿਚ ਅਜੇ ਵੀ ਕੁਝ ਖੇਤਰ ਹਨ ਜਿਥੇ ਵਸਤੂਆਂ ਦੇ ਤਬਾਦਲੇ ਵਿਚ ਮੁਦਰਾ ਨਹੀਂ ਸਗੋਂ ਵਸਤੂਆਂ ਦਾ ਤਬਾਦਲਾ ਕੀਤਾ ਜਾਂਦਾ ਹੈ, ਜਾਂ ਸੁਸਤ ਅਰਥ ਵਿਵਸਥਾ ਵਾਲੀ ਸਥਿਤੀ ਹੈ। ਫਿਰ ਭਾਰਤ ਦੀ ਆਰਥਿਕਤਾ ਵਿਚ ਬਹੁਤ ਸਾਰੀ ਗਰੀਬ ਵਸੋਂ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਬਹੁਤ ਥੋੜ੍ਹੀ ਮਾਤਰਾ ਵਿਚ ਕਰਜ਼ਾ ਲੈਂਦੀ ਹੈ ਪਰ ਉਸ ਦੇ ਬਦਲੇ ਵਿਆਜ ਦੀ ਉੱਚੀ ਦਰ ਅਦਾ ਕਰਦੀ ਹੈ। ਕਈ ਵਾਰ ਕਰਜ਼ਾ ਦੇਣ ਵਾਲਾ, ਕਰਜ਼ਾ ਲੈਣ ਵਾਲੇ ਦਾ ਕਈ ਤਰ੍ਹਾਂ ਨਾਲ ਸ਼ੋਸ਼ਣ ਕਰਦਾ ਹੈ। ਪਰ ਜਨ ਧਨ ਯੋਜਨਾ ਅਨੁਸਾਰ ਜਦੋਂ ਹਰ ਪਰਿਵਾਰ ਦਾ ਬੈਂਕ ਵਿਚ 'ਜ਼ੀਰੋ ਬੈਲੈਂਸ' ਜਾਂ ਕੋਈ ਵੀ ਪੈਸਾ ਨਾ ਹੋਵੇ ਤਾਂ ਵੀ ਖਾਤਾ ਖੁੱਲ੍ਹੇਗਾ ਉਸ ਦੇ ਅਧੀਨ ਉਸ ਨੂੰ 5000 ਰੁਪਏ ਦੇ ਓਵਰ ਡਰਾਫਟ ਦੀ ਸਹੂਲਤ ਦਿਤੀ ਗਈ ਹੈ। ਜਿਸ ਦਾ ਅਰਥ ਹੈ ਕਿ ਉਹ ਖਾਤਾ ਧਾਰਕ ਸਿਰਫ਼ ਚੈੱਕ ਭਰ ਕੇ ਬੈਂਕ ਤੋਂ 5000 ਰੁਪਏ ਕਢਵਾ ਸਕਦਾ ਹੈ ਅਤੇ ਉਸ ਰਕਮ ਨੂੰ ਵਾਪਸ ਕਰਨ ਤੋਂ ਬਾਅਦ ਇਸ ਸਹੂਲਤ ਨੂੰ ਦੁਬਾਰਾ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਸ਼ਾਹੂਕਾਰਾਂ ਅਤੇ ਉਨ੍ਹਾਂ ਕਰਜ਼ਾ ਦੇਣ ਵਾਲਿਆਂ ਦੇ ਚੁੰਗਲ ਵਿਚੋਂ ਬਾਹਰ ਕੱਢਣ ਦੀ ਇਹ ਬਹੁਤ ਮਹੱਤਵਪੂਰਨ ਕੋਸ਼ਿਸ਼ ਹੈ। ਇਸ ਸਕੀਮ ਨਾਲ ਸਮਾਜ ਪਰਿਵਰਤਨ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਕਿ ਆਮ ਆਦਮੀ ਦੀ ਸੋਚ ਦੇ ਬਦਲਣ ਨਾਲ ਸੰਬੰਧਿਤ ਹੈ।

ਇਸ ਤਰ੍ਹਾਂ ਹੀ 2 ਅਕਤੂਬਰ ਨੂੰ ਦੇਸ਼ ਵਿਚ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਨੂੰ ਰਾਸ਼ਟਰ ਦੀ ਪੱਧਰ ਤੋਂ ਲੈ ਕੇ ਪਿੰਡ ਦੀ ਪੱਧਰ ਤਕ ਫੈਲਾਇਆ ਗਿਆ ਹੈ। ਇਹ ਵੀ ਆਮ ਵਿਅਕਤੀ ਦੀ ਸੋਚ ਬਦਲਣ ਦੀ ਕੋਸ਼ਿਸ਼ ਹੈ ਜਿਸ ਨਾਲ ਸਮਾਜ ਦਾ ਪਰਿਵਰਤਨ ਹੋਵੇਗਾ। ਇਸ ਸਫ਼ਾਈ ਮੁਹਿੰਮ ਵਿਚ ਕੋਈ ਖਰਚ ਨਹੀਂ ਆਉਂਦਾ, ਸਗੋਂ ਇਹ ਹਰ ਵਿਅਕਤੀ ਨੂੰ ਇਸ ਜ਼ਰੂਰੀ ਲੋੜ ਦੀ ਵਿਸ਼ੇਸ਼ਤਾਈ ਬਾਰੇ ਚੇਤਨ ਕਰਨ ਦੀ ਕੋਸ਼ਿਸ਼ ਹੈ। ਆਮ ਹੀ ਇਹ ਮਿਸਾਲਾਂ ਦਿਤੀਆਂ ਜਾਂਦੀਆਂ ਹਨ ਕਿ ਸਿੰਗਾਪੁਰ ਸਫ਼ਾਈ ਦੇ ਪੱਖ ਤੋਂ ਬਹੁਤ ਵਿਕਸਤ ਦੇਸ਼ ਹੈ ਅਤੇ ਉਥੇ ਗੰਦਗੀ ਫੈਲਾਉਣ ਵਾਲਿਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕਿਤੇ ਕੋਈ ਕੂੜਾ ਜਾਂ ਕਾਗ਼ਜ਼ ਆਦਿ ਡਿਗੇ ਹੋਣ

ਤਾਂ ਉਨ੍ਹਾਂ ਨੂੰ ਉਥੋਂ ਦਾ ਰਾਸ਼ਟਰਪਤੀ ਚੁੱਕਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਦਾ। ਇਸ ਤਰ੍ਹਾਂ ਹੀ ਹੋਰ ਵਿਕਸਤ ਦੇਸ਼ਾਂ ਵਿਚ ਹੈ।

***ਭਾਵੇਂ ਕਿ ਭਾਰਤ ਵਿਚ ਇਸ ਤਰ੍ਹਾਂ ਜੁਰਮਾਨੇ ਕਰਨ ਦੀ ਤਾਂ ਕੋਈ ਵਿਵਸਥਾ ਨਹੀਂ ਹੈ ਪਰ ਸਫ਼ਾਈ ਮੁਹਿੰਮ ਵਿਚ ਹਰ ਵਿਅਕਤੀ ਨੂੰ ਜਾਂ ਆਮ ਵਿਅਕਤੀ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਤਕ ਸਫ਼ਾਈ ਸੰਬੰਧੀ ਸੁਚੇਤ ਹੋਣ ਦੀ ਮਹੱਤਤਾ ਨੂੰ ਦੱਸਿਆ ਗਿਆ ਹੈ। ਵੱਡੀ ਪੱਧਰ 'ਤੇ ਸਮਾਜਿਕ ਸੋਚ ਬਦਲਣ ਨਾਲ ਸਮਾਜਿਕ ਪਰਿਵਰਤਨ ਆਵੇਗਾ, ਜਿਸ ਦੇ ਪ੍ਰਭਾਵ ਸਮੁੱਚੇ ਦੇਸ਼ ਦੀ ਆਰਥਿਕਤਾ 'ਤੇ ਪੈਣਗੇ ਅਤੇ ਦੇਸ਼ ਦਾ ਆਰਥਿਕ ਅਤੇ ਸਮਾਜਿਕ ਵਿਕਾਸ ਵਧੇਗਾ ਜਿਸ ਦਾ ਅਰਥ ਹੈ ਕਿ ਸਮਾਜਿਕ ਪਰਿਵਰਤਨ ਦਾ ਦੇਸ਼ ਦੇ ਵਿਕਾਸ ਨਾਲ ਗੂੜ੍ਹਾ ਰਿਸ਼ਤਾ ਹੈ ਅਤੇ ਦੋਵੇਂ ਇਕ ਦੂਸਰੇ 'ਤੇ ਨਿਰਭਰ ਕਰਦੇ ਹਨ।***

ਪਿਛਲੇ ਸਮਿਆਂ ਤੋਂ ਕਾਲੇ ਧਨ ਦੀ ਚਰਚਾ ਚਲ ਰਹੀ ਹੈ। ਕਾਲਾ ਧਨ ਕੀ ਹੈ? ਇਹ ਉਹ ਧਨ ਹੈ ਜਿਸ ਨੂੰ ਕਰ ਦੀ ਚੋਰੀ ਕਰਕੇ ਬਚਾ ਲਿਆ ਜਾਂਦਾ ਹੈ। ਜਦੋਂ ਕਰ ਨਹੀਂ ਦਿਤਾ ਜਾਂਦਾ ਤਾਂ ਇਹ ਸਰਕਾਰ ਦੀ ਆਮਦਨ ਵਿਚੋਂ ਘਟ ਜਾਂਦਾ ਹੈ। ਸਰਕਾਰ ਦੀ ਆਮਦਨ ਦੇ ਘਟਣ ਦਾ ਅਰਥ ਹੈ, ਸਰਕਾਰ ਵਲੋਂ ਲੋਕ ਭਲਾਈ ਸਕੀਮਾਂ 'ਤੇ ਘੱਟ ਖਰਚ ਕਰ ਸਕਣਾ, ਜਾਂ ਲੋਕ ਭਲਾਈ ਦੇ ਕੰਮਾਂ ਦਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਾ। ਆਮ ਵਿਅਕਤੀ ਵਲੋਂ ਕਰਾਂ ਦੀ ਚੋਰੀ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਬੇਸ਼ਕ ਉਨ੍ਹਾਂ ਦੇ ਸਾਹਮਣੇ ਕਰ ਚੋਰੀ ਹੁੰਦੀ ਹੋਵੇ। ਆਮ ਆਦਮੀ ਦੀ ਸੋਚ ਹੈ ਕਿ ਇਸ ਨਾਲ ਉਸ ਦਾ ਕੋਈ ਨੁਕਸਾਨ ਨਹੀਂ। ਜਦ ਕਿ ਇਹ ਹਰ ਵਿਅਕਤੀ ਦਾ ਨੁਕਸਾਨ ਹੈ ਅਤੇ ਸਮੁੱਚੇ ਦੇਸ਼ ਦਾ ਨੁਕਸਾਨ ਹੈ। ਇਸ ਲਈ ਸਮਾਜਿਕ ਸੋਚ ਵਿਚ ਪਰਿਵਰਤਨ ਦੀ ਲੋੜ ਹੈ। ਜਦੋਂ ਇਹ ਸੋਚ ਬਦਲੇਗੀ ਤਾਂ ਹੀ ਲੋਕ ਇਸ ਸੰਬੰਧੀ ਸੁਚੇਤ ਹੋ ਕੇ ਇਸ ਨੂੰ ਰੋਕਣ ਦੇ ਯਤਨ ਕਰਨਗੇ। ਆਮ ਹੀ ਵਿਅਕਤੀ, ਕਿਸੇ ਵਸਤੂ ਦੀ ਕੀਮਤ ਦੇਣ ਵੇਲੇ ਉਸ ਦੀ ਰਸੀਦ ਨਹੀਂ ਲੈਂਦਾ ਪਰ ਜੇ ਸੇਲ ਟੈਕਸ, ਉਸ ਦੁਕਾਨਦਾਰ ਨੂੰ ਦੇਣਾ ਹੋਵੇ ਤਾਂ ਰਸੀਦ ਨਾ ਲੈਣ ਕਰਕੇ ਉਸ ਟੈਕਸ ਨੂੰ ਉਹ ਬਚਾ ਲੈਂਦਾ ਹੈ, ਪਰ ਜਦੋਂ ਆਮ ਵਿਅਕਤੀ ਇਸ ਸੰਬੰਧੀ ਸੁਚੇਤ ਹੋ ਜਾਂਦਾ ਹੈ ਤਾਂ ਇਸ ਰੁਚੀ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਜਦੋਂ ਹਰ ਵਿਅਕਤੀ ਇਸ ਸੰਬੰਧੀ ਸੁਚੇਤ ਹੋਵੇਗਾ ਤਾਂ ਕਾਲੇ ਧਨ ਦੇ ਪੈਦਾ ਹੋਣ ਦੀ ਸੰਭਾਵਨਾ ਵਿਚ ਕਮੀ ਆਵੇਗੀ।

ਵਿਕਸਤ ਆਰਥਿਕਤਾ ਅਤੇ ਵਿਕਸਤ ਸਮਾਜ ਦਾ ਅਰਥ ਹੈ, ਹਰ ਇਕ ਲਈ ਲੋੜੀਂਦੀਆਂ ਵਸਤੂਆਂ ਅਤੇ ਸੇਵਾਵਾਂ ਤਕ ਪਹੁੰਚ ਅਤੇ ਥੁੜ ਦਾ ਨਾ ਹੋਣਾ, ਪੂਰਣ ਰੁਜ਼ਗਾਰ, ਪੂਰਣ ਸਮਾਜਿਕ ਸੁਰੱਖਿਆ ਆਦਿ। ਜਿਥੇ ਇਸ ਲਈ ਲੋੜੀਂਦੇ ਆਰਥਿਕ ਅਤੇ ਸਮਾਜਿਕ ਢਾਂਚੇ ਦੀ ਲੋੜ ਹੈ, ਉਥੇ ਇਸ ਲਈ ਸਮਾਜਿਕ ਰੁਚੀਆਂ ਨੂੰ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਵਲ ਬਦਲਣ ਦੀ ਲੋੜ ਹੈ। ਦੂਸਰੇ ਸ਼ਬਦਾਂ ਵਿਚ ਸਮਾਜਿਕ ਪਰਿਵਰਤਨ, ਆਰਥਿਕ ਅਤੇ ਸਮਾਜਿਕ ਸਥਿਤੀ ਬਦਲ ਸਕਦਾ ਹੈ। ਪੂਰਣ ਰੁਜ਼ਗਾਰ ਪੈਦਾ ਕਰਨ ਲਈ ਸਰਕਾਰ ਦੀ ਵੱਡੀ ਭੂਮਿਕਾ ਹੈ। ਸਰਕਾਰ ਵਲੋਂ ਉਸ ਆਰਥਿਕ ਢਾਂਚੇ ਨੂੰ ਬਣਾਇਆ ਜਾ ਸਕਦਾ ਹੈ ਜਿਹੜਾ ਹਰ ਇਕ ਨੂੰ ਰੁਜ਼ਗਾਰ ਦੇਣ ਦੇ ਯੋਗ ਹੋਵੇ ਪਰ ਇਥੇ ਜਿਥੇ ਸਰਕਾਰੀ ਨੀਤੀ ਅਪਣਾਉਣ ਦੀ ਲੋੜ ਹੈ ਉਥੇ ਲੋਕਾਂ ਨੂੰ ਆਪਣੇ ਫਰਜ਼ਾਂ ਪ੍ਰਤਿ ਜਾਗਰੂਕ ਹੋਣ ਦੀ ਲੋੜ ਹੈ। ਸਰਕਾਰ ਵਾਲੋਂ ਢਾਂਚਾ ਤਿਆਰ ਕਰਨ ਲਈ ਵਿੱਤੀ ਪ੍ਰਬੰਧ ਕਰਨ ਦੀ ਲੋੜ ਹੈ ਜਿਸ ਨੂੰ ਕਰਾਂ ਦੀ ਅਦਾਇਗੀ ਨਾਲ ਕੀਤਾ ਜਾਣਾ ਹੈ। ਹਰ ਵਿਅਕਤੀ ਨੂੰ ਇਸ ਸੰਬੰਧੀ ਈਮਾਨਦਾਰੀ ਨਾਲ ਹਿੱਸਾ ਪਾਉਣ ਦੀ ਲੋੜ ਹੈ। ਸਰਕਾਰ ਵਲੋਂ ਜੇ ਬੇਰੁਜ਼ਗਾਰੀ ਭੱਤਾ ਦੇਣ ਦੀ ਵਿਵਸਥਾ ਕੀਤੀ ਜਾਂਦੀ ਹੈ ਤਾਂ ਇਹ ਤਾਂ ਹੀ ਸੰਭਵ ਹੈ ਜੇ ਸਰਕਾਰ ਦੀ ਮਾਲੀ ਹਾਲਤ ਇਸ ਯੋਗ ਹੈ ਜਿਹੜੀ ਈਮਾਨਦਾਰੀ ਨਾਲ ਲੋਕਾਂ ਦੇ ਕਰ ਭੁਗਤਾਨ 'ਤੇ ਨਿਰਭਰ ਕਰਦੀ ਹੈ। ਰੁਜ਼ਗਾਰ 'ਤੇ ਲੱਗੇ ਹੋਏ ਵਿਅਕਤੀ ਨੂੰ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਬੇਰੁਜ਼ਗਾਰੀ ਦੇ ਸਮੇਂ ਸਰਕਾਰ ਉਸ ਨੂੰ ਬੇਰੁਜ਼ਗਾਰੀ ਭੱਤੇ ਦੀ ਅਦਾਇਗੀ ਕਰਦੀ ਹੈ। ਉਸ ਵਿਚ ਆਪਣੇ ਹਿੱਸੇ ਨੂੰ ਕਰਾਂ ਦੀ ਸ਼ਕਲ ਵਿਚ ਅਦਾ ਕਰਨ ਦੀ ਸੋਚ ਬਣਾਉਣੀ ਪਵੇਗੀ।

ਖ਼ੁਸ਼ਹਾਲੀ ਮਾਣਨ ਲਈ ਚੰਗੀ ਸਿਹਤ ਅਤੇ ਲੋੜੀਂਦੀਆਂ ਸਿਹਤ ਸੇਵਾਵਾਂ ਦੀ ਉਪਲਬਧ ਹੋਣਾ ਵੀ ਜ਼ਰੂਰੀ ਹੈ। ਇਸ ਲਈ ਵੀ ਸਮਾਜਿਕ ਸੋਚ ਬਦਲਣ ਦੀ ਲੋੜ ਹੈ। ਬਹੁਤ ਸਾਰੀਆਂ ਬੀਮਾ ਕੰਪਨੀਆਂ ਸਿਹਤ ਬੀਮੇ ਦੀ ਵਿਵਸਥਾ ਕਰਦੀਆਂ ਹਨ, ਜਿਨ੍ਹਾਂ ਵਿਚ ਸਰਕਾਰੀ ਬੀਮਾ ਕੰਪਨੀ ਜਾਂ ਸਰਕਾਰੀ ਸਰਪ੍ਰਸਤੀ ਵਾਲੀਆਂ ਬੀਮਾ ਕੰਪਨੀਆਂ ਵੀ ਹਨ ਜਿਹੜੀਆਂ ਸਰਕਾਰ ਦੀ ਨਿਗਰਾਨੀ ਅਧੀਨ ਕੰਮ ਕਰਦੀਆਂ ਹਨ। ਇਸ ਲਈ ਹਰ ਇਕ ਦਾ ਯੋਗਦਾਨ ਜਾਂ ਉਨ੍ਹਾਂ ਸੇਵਾਵਾਂ ਦਾ ਲਾਭ ਲੈਣ ਵਾਲਿਆਂ ਦਾ ਯੋਗਦਾਨ ਵੀ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਉਨ੍ਹਾਂ ਕੰਪਨੀਆਂ ਦੀ ਕਾਰਗੁਜ਼ਾਰੀ। ਸਰਕਾਰ ਵਲੋਂ ਵੀ ਜਨ ਧਨ ਯੋਜਨਾ ਦੇ ਅਧੀਨ 30 ਹਜ਼ਾਰ ਰੁਪਏ ਦੇ ਬੀਮੇ ਦੀ ਦੁਰਘਟਨਾ ਦੇ ਸਮੇਂ 'ਤੇ ਵਿਵਸਥਾ ਕੀਤੀ ਗਈ ਹੈ। ਪਰ ਇਨ੍ਹਾਂ ਸਕੀਮਾਂ ਦਾ ਲਾਭ ਤਾਂ ਹੀ ਉਠਾਇਆ ਜਾ ਸਕਦਾ ਹੈ ਜੇ ਇਸ ਸੰਬੰਧੀ ਜਨਤਾ ਸੁਚੇਤ ਹੈ।

***ਆਰਥਿਕ ਅਤੇ ਸਮਾਜਿਕ ਵਿਕਾਸ ਲਈ ਸਮਾਜਿਕ ਪਰਿਵਰਤਨ ਦੀ ਲੋੜ ਹੈ ਜਿਸ ਵਿਚ ਆਮ ਵਿਅਕਤੀ ਦਾ ਆਪਣੇ ਫ਼ਰਜ਼ਾਂ ਅਤੇ ਅਧਿਕਾਰਾਂ ਦੋਹਾਂ ਸੰਬੰਧੀ ਸੁਚੇਤ ਹੋਣਾ ਜ਼ਰੂਰੀ ਹੈ। ਇਸ ਦੇ ਆਧਾਰ ਹਨ, ਵਿੱਦਿਆ ਦੀ ਉੱਚੀ ਦਰ, ਨਾਗਰਿਕ ਚੇਤਨਾ, ਚੰਗੇ ਸ਼ਹਿਰੀ ਦੀਆਂ ਵਿਸ਼ੇਸ਼ਤਾਈਆਂ, ਆਪਸੀ ਮਿਲਵਰਤਨ, ਜਿਥੇ ਕਿਸੇ ਦਾ ਅਧਿਕਾਰ ਖ਼ੁੱਸਦਾ ਹੈ, ਉਸ ਸੰਬੰਧੀ ਵੀ ਸੁਚੇਤ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ, ਪਰ ਜਿਹੜੇ ਫਰਜ਼ਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ ਉਨ੍ਹਾਂ ਨੂੰ ਵੀ ਮਜਬੂਰੀ ਵਸ ਨਹੀਂ, ਖ਼ੁਸ਼ੀ ਨਾਲ ਪੂਰਾ ਕੀਤਾ ਜਾਵੇ ਤਾਂ ਹੀ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਉਦੇਸ਼ ਪੂਰੇ ਹੋਣਗੇ।***

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

# ਬਾਹਰੀ ਦੁਨੀਆਂ ਨਾਲ ਭਾਰਤ ਦੇ ਆਰਥਿਕ ਰਿਸ਼ਤੇ

ਤ੍ਰਿਦਿਵੇਸ਼ ਸਿੰਘ ਮੈਣੀ

## ਭੂਮਿਕਾ

ਬਾਹਰੀ ਦੁਨੀਆਂ ਨਾਲ ਭਾਰਤ ਦੇ ਸੰਬੰਧ ਵਿਚ ਭਾਵੇਂ ਰਾਜ ਦੇ ਯੋਗਦਾਨ ਨੂੰ ਲੈ ਕੇ ਕੋਈ ਸਾਫ਼-ਸਪੱਸ਼ਟ ਤਸਵੀਰ ਨਹੀਂ ਹੈ ਪਰ ਵਿਸ਼ੇਸ਼ ਕਰ ਨਿਵੇਸ਼ ਕੇਂਦਰ ਵਜੋਂ ਵੱਖ-ਵੱਖ ਰਾਜਾਂ ਵਲੋਂ ਆਪਣੇ ਆਪ ਨੂੰ ਪੇਸ਼ ਕਰਨ ਦੇ ਪ੍ਰਸੰਗ ਵਿਚ ਬਾਹਰ ਦੀ ਦੁਨੀਆਂ ਨਾਲ ਦੇਸ਼ ਦੇ ਆਰਥਿਕ ਸੰਬੰਧਾਂ ਵਿਚ ਇਨ੍ਹਾਂ ਦੀ ਭੂਮਿਕਾ ਵਧ ਰਹੀ ਹੈ। ਭਾਵੇਂ ਵਿਦੇਸ਼ੀ ਨੀਤੀ ਅਤੇ ਇਸ ਦੇ ਆਰਥਿਕ ਹਿੱਸੇ ਵਿਚ ਉਨ੍ਹਾਂ ਦੀ ਹਿੱਸੇਦਾਰੀ ਦੇ ਪੱਧਰ ਨੂੰ ਲੈ ਕੇ ਬਹਿਸ ਯਕੀਨਨ ਬਣੀ ਹੋਈ ਹੈ।

ਭਾਰਤ ਦੇ ਸੰਵਿਧਾਨ ਵਿਚ ਬਾਹਰਲੇ ਦੇਸ਼ਾਂ ਨਾਲ ਸੰਬੰਧਾਂ ਵਿਚ ਰਾਜਾਂ ਦੇ ਯੋਗਾਦਨ ਨੂੰ ਲੈ ਕੇ ਕੋਈ ਹਵਾਲੇ ਨਹੀਂ ਮਿਲਦੇ, ਪਰ (ਯੂਨੀਅਨ ਲਿਸਟ) ਕੇਂਦਰੀ ਸੂਚੀ (ਸ਼ੈਡਯੂਲ 7, ਧਾਰਾ 246) ਨੂੰ ਵੇਖਿਆਂ ਹੋਰ ਵਿਦੇਸ਼ੀ ਨੀਤੀ ਨਾਲ ਸੰਬੰਧਿਤ ਮਾਮਲਿਆਂ ਦਾ ਜ਼ਿਕਰ ਮਿਲਦਾ ਹੈ।

- *ਵਿਦੇਸ਼ੀ ਮਾਮਲੇ :* ਸਾਰੇ ਉਹ ਨੁਕਤੇ ਜੋ ਕਿਸੇ ਮੌਜੂਦਾ ਰਾਸ਼ਟਰ ਦੇ ਕਿਸੇ ਬਾਹਰਲੇ ਦੇਸ਼ ਨਾਲ ਸੰਬੰਧ ਬਣਾਉਣ ਦਾ ਕਾਰਨ ਹਨ।
- ਕੂਟਨੀਤਕ, ਰਾਜਦੂਤਕ ਅਤੇ ਵਪਾਰਕ ਪ੍ਰਤਿਨਿਧਤਾ। ● ਸੰਯੁਕਤ ਰਾਸ਼ਟਰ ਸੰਸਥਾ।
- ਅੰਤਰਰਾਸ਼ਟਰੀ ਕਾਨਫਰੰਸ, ਐਸੋਸੀਏਸ਼ਨ ਅਤੇ ਹੋਰ ਸੰਸਥਾਵਾਂ ਦੇ ਸਮਾਗਮਾਂ ਵਿਚ ਹਿੱਸਾ ਲੈਣਾ ਅਤੇ ਉਥੇ ਲਏ ਗਏ ਫ਼ੈਸਲਿਆਂ ਨੂੰ ਲਾਗੂ ਕਰਨਾ।
- ਵਿਦੇਸ਼ੀ ਰਾਸ਼ਟਰਾਂ ਨਾਲ ਸਮਝੌਤੇ ਅਤੇ ਇਕਰਾਰਨਾਮੇ ਕਰਨੇ ਅਤੇ ਉਨ੍ਹਾਂ ਨੂੰ ਲਾਗੂ ਕਰਨਾ। (http://www.constitution.org/cons/india/shed07.htm)

ਅਗਲੇ ਮੁਕਾਬਲੇ ਉਸ ਸਮੇਂ ਦੇਸ਼ ਦੀ ਰਾਜਨੀਤਕ ਅਤੇ ਆਰਥਿਕ ਸਥਿਤੀ ਬਹੁਤ ਵੱਖਰੀ ਸੀ ਤੇ ਭਾਰਤ ਦੇ ਬਾਹਰੀ ਦੁਨੀਆਂ ਨਾਲ ਸੰਬੰਧ ਹੁਣ ਕਿਤੇ ਵੱਧ ਡੂੰਘੇ ਹਨ ਅਤੇ ਕਈ ਕਾਰਨਾਂ ਕਰਕੇ ਇਹ ਦਿੱਲੀ ਤਕ ਸੀਮਿਤ ਨਹੀਂ ਰਹੇ।

## ਮੁੱਦੇ ਦੀ ਪ੍ਰਸੰਗਿਕਤਾ

ਇਹ ਮੁੱਦਾ ਭਾਰਤ ਵਿਚ ਜਾਰੀ ਬਦਲਾਵਾਂ, ਵਿਸ਼ੇਸ਼ ਕਰਕੇ ਆਰਥਿਕ ਗਤੀਸ਼ੀਲਤਾ ਵਿਚ ਰਾਜਾਂ ਦੇ ਮੁੱਖ ਯੋਗਦਾਨ ਦੇ ਪ੍ਰਸੰਗ ਵਿਚ ਬਹੁਤ ਮਹੱਤਵ ਧਾਰਨ ਕਰਨ ਜਾ ਰਿਹਾ ਹੈ। ਇਥੇ ਇਹ ਦੱਸਣਾ ਗ਼ੈਰ-ਵਾਜਬ ਨਹੀਂ ਹੋਵੇਗਾ ਕਿ ਮੌਜੂਦਾ ਸਰਕਾਰ ਰਾਜਾਂ ਨੂੰ ਵਿਦੇਸ਼ੀ ਪੂੰਜੀਕਾਰੀ ਲਈ ਇਕ ਦੂਜੇ ਨਾਲ ਸਿਹਤਮੰਦ ਮੁਕਾਬਲੇਬਾਜ਼ੀ ਦੀ ਭਾਵਨਾ ਨਾਲ ਚਲਣ ਤੋਂ ਇਲਾਵਾ ਇਨ੍ਹਾਂ ਰਾਜਾਂ ਦੇ ਵਿਦੇਸ਼ਾਂ ਨਾਲ ਸੰਬੰਧਾਂ ਵਿਚ ਵਧੇਰੇ ਖੁੱਲ੍ਹ ਦੇਣ ਦਾ ਮਨੋਰਥ ਲੈ ਕੇ ਚੱਲ ਰਹੀ ਲਗਦੀ ਹੈ।

ਮੱਧ ਪ੍ਰਦੇਸ਼ ਨਿਵੇਸ਼ਕਾਂ ਦੀ ਸਿਖਰ ਬੈਠਕ ਜੋ ਕਿ ਅਕਤੂਬਰ 2014 ਵਿਚ ਇੰਦੌਰ ਵਿਖੇ ਹੋਈ, 'ਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ :

"ਦੇਸ਼ ਵਿਚ 100 ਅਰਬ ਡਾਲਰ ਦੇ ਵਿਦੇਸ਼ੀ ਨਿਵੇਸ਼ ਦੀ ਆਮਦ ਦੀ ਆਸ ਹੈ, ਇਹ ਰਾਜਾਂ 'ਤੇ ਨਿਰਭਰ ਕਰੇਗਾ ਕਿ ਉਹ ਇਸ ਮੌਕੇ ਦਾ ਕਿਵੇਂ ਤੇ ਕਿੰਨਾ ਫ਼ਾਇਦਾ ਲੈਂਦੇ ਹਨ।" ਸਤੰਬਰ 2014 ਵਿਚ ਨਵੀਂ ਦਿੱਲੀ ਵਿਖੇ ਭਾਰਤ ਵਿਚ ਨਿਰਮਾਣ (ਮੇਡ ਇਨ ਇੰਡੀਆ) ਦੀ ਸ਼ੁਰੂਆਤ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨੇ ਕੇਂਦਰ 'ਤੇ ਰਾਜਾਂ ਦੇ ਇਕੱਠਿਆਂ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿਤਾ ਤਾਂ ਕਿ ਨਿਵੇਸ਼ ਨੂੰ ਆਕਰਸ਼ਿਤ ਕੀਤਾ ਜਾ ਸਕੇ।

ਰਾਜਾਂ ਦਾ ਵਿਕਾਸ ਮਹੱਤਵਪੂਰਨ ਹੈ। ਰਾਜਾਂ ਤੇ ਕੇਂਦਰ ਦੋਹਾਂ ਨੂੰ ਇਕੱਠਿਆਂ ਕੰਮ ਕਰਨਾ ਹੋਵੇਗਾ ਤਾਂ ਕਿ ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ।" 'ਰਾਜ ਦਾ ਵਿਕਾਸ ਭਾਰਤ ਦਾ ਵਿਕਾਸ ਹੈ।'

ਗੁਜਰਾਤ ਰਾਜ ਦੇ ਮੁੱਖ ਮੰਤਰੀ ਵਜੋਂ ਵੀ ਮੌਜੂਦਾ ਪ੍ਰਧਾਨ ਮੰਤਰੀ ਵਿਦੇਸ਼ੀ ਦੇਸ਼ਾਂ ਨਾਲ ਵਪਾਰਕ ਸੰਬੰਧਾਂ ਵਿਚ ਰਾਜਾਂ ਨੂੰ ਮੁੱਖ ਭਾਈਵਾਲ ਮੰਨਣ ਦੇ ਜ਼ੋਰਦਾਰ ਹਾਮੀ ਸਨ। 2003 ਵਿਚ 'ਊਰਜਾਵਾਨ ਗੁਜਰਾਤ ਸਿਖਰ ਬੈਠਕ' ਦੀ ਸ਼ੁਰੂਆਤ ਇਸੇ ਤੱਥ ਦੀ ਪ੍ਰੋੜ੍ਹਤਾ ਕਰਦੀ ਹੈ। ਇਸ ਸਿਖਰ ਸੰਮੇਲਨ ਵਿਚ ਏਸ਼ੀਆ, ਅਫ਼ਰੀਕਾ ਅਤੇ ਯੂਰਪ ਤੋਂ ਨਾ ਕੇਵਲ ਕਾਰੋਬਾਰੀ ਸਗੋਂ ਕੂਟਨੀਤਕ ਵੀ ਸ਼ਾਮਿਲ ਸਨ। ਉਸ ਸਮੇਂ ਮੁੱਖ ਮੰਤਰੀ ਨੇ ਸਿੰਗਾਪੁਰ, ਚੀਨ ਅਤੇ ਜਾਪਾਨ ਸਮੇਤ ਕਈ ਦੇਸ਼ਾਂ ਵਿਚ ਪ੍ਰਤਿਨਿਧ ਮੰਡਲਾਂ ਦੀ ਅਗਵਾਈ ਕੀਤੀ।

ਹਾਲ ਹੀ ਦੇ ਵਰ੍ਹਿਆਂ ਵਿਚ ਗੁਜਰਾਤ ਕਈ ਦੇਸ਼ਾਂ ਨਾਲ ਸੰਬੰਧ ਡੂੰਘੇ ਕਰਨ ਵਿਚ ਮੋਹਰੀ ਰਾਜ ਰਿਹਾ ਹੈ। 1990 ਵਿਚ ਪਹਿਲੀ ਵਾਰ ਮੁੱਖ ਮੰਤਰੀਆਂ ਦੇ ਆਪਣੇ ਰਾਜਾਂ ਦੇ 'ਬਰਾਂਡ ਅੰਬੈਸਡਰ' ਬਣਨ ਦਾ ਰੁਝਾਨ ਨਜ਼ਰ ਆਇਆ। ਆਰਥਿਕ ਸੁਧਾਰ ਅਤੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਭਾਰਤ ਵਲੋਂ ਪੁੱਟੀ ਵੱਡੀ ਪੁਲਾਂਘ ਆਦਿ ਕਾਰਨ ਅਜਿਹਾ ਸੰਭਵ ਯਕੀਨਨ ਸੰਘਵਾਦ ਅਤੇ ਵਿਸ਼ਵੀਕਰਨ ਸਨ ਜੋ ਕਿ ਬਹੁਤ ਗਤੀਸ਼ੀਲਤਾ ਵਾਲੀਆਂ ਧਾਰਨਾਵਾਂ ਹਨ। ਜੈਂਕਿਨਸ (2003:600) ਨੇ ਆਪਣੇ ਇਕ ਲੇਖ ਸੰਘਵਾਦ ਕਿਵੇਂ ਵਿਸ਼ਵ ਵਪਾਰ ਸੰਸਥਾ ਦੇ ਪ੍ਰਸੰਗ ਵਿਚ ਭਾਰਤ ਦੀ ਘਰੇਲੂ ਰਾਜਨੀਤੀ ਨੂੰ ਪ੍ਰਭਾਵਤ ਕਰਦਾ ਹੈ (ਅਤੇ ਇਸੇ ਅਮਲ ਵਿਚ ਖੁਦ ਵੀ ਪ੍ਰਭਾਵਤ ਹੁੰਦਾ ਹੈ)। *ਏਸ਼ੀਅਨ ਸਰਵੇ* ਲਈ ਲਿਖਦਿਆਂ ਉਨ੍ਹਾਂ ਦਲੀਲ ਦਿਤੀ :

"ਅਜਿਹੇ ਕਈ ਨੁਕਤੇ ਹਨ ਜਿਥੇ ਵਿਸ਼ਵੀਕਰਨ

ਅਤੇ ਸੰਘੀ ਲੋਕਰਾਜ ਦੇ ਅਦਾਰੇ ਇਕ ਦੂਜੇ ਨਾਲ ਸੰਪਰਕ ਕਰਦੇ ਹਨ ਅਤੇ ਭਾਰਤ ਵਿਚ ਵੀ ਅਜਿਹਾ ਹੈ। ਵਿਸ਼ਵੀਕਰਨ ਅਤੇ ਸੰਘਵਾਦ ਨੂੰ ਲਗਾਤਾਰ ਗਤੀਸ਼ੀਲ ਅਤੇ ਨਵੀਨੀਕਰਨ ਵਾਲੇ ਅਮਲ ਮੰਨਣ ਵੇਲੇ ਵਿਸ਼ਵੀਕਰਨ ਦਾ ਸਿਧਾਂਤ ਤਾਂ ਅਜਿਹੇ ਰੁਝਾਨਾਂ ਵਾਲਾ ਹੈ ਹੀ ਪਰ ਦੋ ਅਰਥਾਂ ਨਾਲ ਸੰਘਵਾਦ ਵੀ ਇਨ੍ਹਾਂ ਰੁਝਾਨਾਂ ਦਾ ਹਾਮੀ ਹੈ। ਪਹਿਲਾ, ਲਗਾਤਾਰ ਸੁਧਾਰਾਂ ਦੇ ਅਮਲ ਅਤੇ ਦੂਜਾ, ਕੇਂਦਰ-ਰਾਜਾਂ ਦਰਮਿਆਨ ਰਾਜਸੀ ਸੰਬੰਧ ਅਤੇ ਅਮਲ, ਜੋ ਆਮ ਤੌਰ ਤੇ ਸੰਤੁਲਿਤ ਨਹੀਂ ਹੁੰਦਾ। ਕਾਰਨ ਅੰਤਰ-ਸਰਕਾਰੀ ਅਦਾਰਿਆਂ ਦਰਮਿਆਨ ਬਦਲਾਅ ਦੀ ਤਾਂਘ ਪੈਦਾ ਹੁੰਦੀ ਹੈ। ਮੁੱਖ ਮੰਤਰੀ ਵਜੋਂ ਆਪਣੇ ਰਾਜ ਨੂੰ ਸਾਹਮਣੇ ਪੇਸ਼ ਕਰਨ ਦੀ ਪਹਿਲੀ ਉਦਾਹਰਣ ਆਂਧਰ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਹੈ। ਉਹ 1997 ਵਿਚ ਮਾਈਕਰੋਸਾਫ਼ਟ ਕੰਪਨੀ ਦੇ ਮਾਲਕ ਬਿਲ ਗੈਟਸ ਨੂੰ ਮਿਲੇ ਅਤੇ ਆਪਣੇ ਦ੍ਰਿਸ਼ਟੀਕੋਣ ਨਾਲ ਉਨ੍ਹਾਂ ਨੂੰ ਪ੍ਰਭਾਵਤ ਕੀਤਾ। ਇਸ ਦੇ ਨਤੀਜੇ ਵਜੋਂ ਬਿਲ ਗੇਟਸ ਨੇ ਕੰਪਨੀ ਦਾ ਪਹਿਲਾ ਭਾਰਤੀ ਵਿਕਾਸ ਕੇਂਦਰ ਹੈਦਰਾਬਾਦ ਵਿਖੇ ਕਾਇਮ ਕੀਤਾ ਜਿਸ ਕਾਰਨ ਉਸ ਸ਼ਹਿਰ ਨੂੰ ਸੂਚਨਾ ਤਕਨਾਲੋਜੀ ਦੀ ਧੁਰੀ ਵਜੋਂ ਵੇਖਿਆ ਜਾਣ ਲੱਗਾ ਸੀ, ਉਸ ਨੂੰ ਸਾਈਬਰਾਬਾਦ ਵੀ ਕਿਹਾ ਜਾਣ ਲੱਗਾ। ਰੁਡੋਲਫ ਅਤੇ ਰੁਡੋਲਫ ਨੇ ਆਪਣੇ ਇਕ ਲੇਖ 'ਚੰਦਰਬਾਬੂ : ਭਾਰਤ ਦੀ ਸੰਘਕ ਬਾਜ਼ਾਰੀ ਆਰਥਿਕਤਾ ਵਿਚ ਖੁਦਮੁਖ਼ਤਿਆਰੀ ਦੀ ਸਾਂਝ' ਜੋ ਕਿ *ਦਿ ਇਨਕਨਾਮਿਕ ਵੀਕਲੀ* ਲਈ 2001 ਵਿਚ ਲਿਖਿਆ ਗਿਆ ਸੀ, ਵਿਚ ਨਾਇਡੂ ਅਤੇ ਕਰਨਾਟਕ ਦੇ ਮੁੱਖ ਮੰਤਰੀ ਐੱਸ ਐਮ ਕ੍ਰਿਸ਼ਨਾ ਵਲੋਂ ਆਪਣੇ ਸ਼ਹਿਰਾਂ ਨੂੰ ਵਿਦੇਸ਼ੀ ਨਿਵੇਸ਼ ਲਈ ਸੰਭਾਵੀ ਮੁੱਖ ਕੇਂਦਰਾਂ ਵਜੋਂ ਦਰਸਾਉਣ ਦੀ ਗੱਲ ਕਹੀ ਹੈ। ਇਥੇ ਇਹ ਮੁੜ ਪੱਕਾ ਕੀਤਾ ਜਾ ਸਕਦਾ ਹੈ ਕਿ ਪਿਛਲੇ 2 ਦਹਾਕਿਆਂ ਦੌਰਾਨ ਆਏ ਬਦਲਾਵਾਂ ਨੇ ਕਈ ਰਾਜਾਂ ਨੂੰ ਮੁਕਾਬਲੇ-ਬਾਜ਼ੀ ਵਿਚ ਉਤਰਨ ਲਈ ਮਜ਼ਬੂਰ ਕੀਤਾ ਹੈ। ਇਨ੍ਹਾਂ ਦੋਹਾਂ ਨੇਤਾਵਾਂ ਦੇ ਜ਼ੋਰਦਾਰ ਅਤੇ ਪ੍ਰਸ਼ੰਸਾਯੋਗ ਯਤਨਾਂ ਸਦਕਾ ਨਾ ਸਿਰਫ਼ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਵੱਡੀ ਪੁਲਾਂਘ ਪੁੱਟੀ ਗਈ ਸਗੋਂ ਦੂਜੇ ਦੇਸ਼ਾਂ ਦੀ ਲੀਡਰਸ਼ਿਪ ਵਲੋਂ ਵੀ ਇਨ੍ਹਾਂ ਰਾਜਾਂ ਦੀਆਂ ਤਾਕਤਾਂ ਵੱਲ ਧਿਆਨ ਦਿਤਾ ਗਿਆ। ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ 2000 ਵਿਚ ਤੇ ਉਨ੍ਹਾਂ ਤੋਂ ਬਾਅਦ ਬਣੇ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਨੇ 2006 ਵਿਚ ਹੈਦਰਾਬਾਦ ਦਾ ਦੌਰਾ ਕੀਤਾ ਜਦ ਕਿ ਚੀਨੀ ਪ੍ਰਧਾਨ ਮੰਤਰੀ ਲੀ ਪੇਂਗ ਨੇ 2001 ਵਿਚ ਬੰਗਲੌਰ ਦਾ ਦੌਰਾ ਕੀਤਾ।

## ਰਾਜ ਦੇ ਨਿਵੇਸ਼ਕਾਂ ਦੀ ਸਿਖਰ ਬੈਠਕ

2003 ਵਿਚ ਊਰਜਾਵਾਨ ਗੁਜਰਾਤ ਸਿਖਰ ਸੰਮੇਲਨ ਦੇ ਬਾਅਦ ਬਿਹਾਰ, ਮੱਧ ਪ੍ਰਦੇਸ਼, ਪੰਜਾਬ ਅਤੇ ਇਥੋਂ ਤਕ ਕਿ ਤ੍ਰਿਪੁਰਾ ਵਰਗੇ ਰਾਜਾਂ ਨੇ ਵੀ ਨਿਵੇਸ਼ਕਾਂ ਦੀਆਂ ਰਾਜ ਸਿਖ਼ਰ ਬੈਠਕਾਂ ਆਯੋਜਿਤ ਕੀਤੀਆਂ। ਇਨ੍ਹਾਂ ਸੰਮੇਲਨਾਂ ਦਾ ਸੁਭਾਅ ਅਤੇ ਕੇਂਦਰ ਯਕੀਨਨ ਵੱਖਰਾ-ਵੱਖਰਾ ਸੀ। ਬਿਹਾਰ ਵਿਚ 2001 ਦਾ ਸਿਖਰ ਸੰਮੇਲਨ, ਖ਼ਾਸ ਤੌਰ ਤੇ ਦਿਲਚਸਪੀ ਵਾਲਾ ਸੀ ਕਿਉਂਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਉਦੋਂ ਨੇਪਾਲ ਦੇ ਪ੍ਰਧਾਨ ਮੰਤਰੀ ਬਾਬੂਰਾਮ ਭੱਟਾਰਾਇ ਨੂੰ ਵੀ ਇਸ ਵਿਚ ਸੱਦਿਆ ਸੀ। ਬਿਹਾਰ ਦੇ ਮੁੱਖ ਮੰਤਰੀ ਨੇ ਇਹ ਨੁਕਤਾ ਵੀ ਉਠਾਇਆ ਕਿ ਸਮੁੱਚੇ ਵਿਕਾਸ ਦਾ ਭਾਵ ਦੇਸ਼ ਦੇ ਹਰ ਹਿੱਸੇ ਦਾ ਵਿਕਾਸ ਹੈ, ਨਾ ਕਿ ਭੂਗੋਲਿਕ ਸਥਿਤੀ ਕਾਰਨ ਫ਼ਾਇਦੇ ਵਿਚ ਰਹਿਣ ਵਾਲੇ ਕੁਝ ਇਲਾਕਿਆਂ ਦਾ।

2013 ਵਿਚ ਪੰਜਾਬ ਪ੍ਰਗਤੀ ਨਿਵੇਸ਼ ਸਿਖਰ ਸੰਮੇਲਨ ਦਾ ਉਦੇਸ਼ ਘਰੇਲੂ ਨਿੱਜੀ ਨਿਵੇਸ਼ਕਾਂ ਤੋਂ ਪੂੰਜੀ ਇਕੱਤਰ ਕਰਨਾ ਸੀ। ਇਸ ਤੋਂ ਬਾਅਦ ਪ੍ਰਵਾਸੀ ਪੰਜਾਬੀ ਸੰਮੇਲਨ ਵੀ ਕੀਤਾ ਗਿਆ, ਇਸ ਵਿਚ ਪੰਜਾਬੀ ਮੂਲ ਵਾਲੇ ਵਿਦੇਸ਼ਾਂ ਵਿਚ ਵਸਦੇ ਵਪਾਰੀਆਂ ਅਤੇ ਪੰਜਾਬ ਤੋਂ ਕੈਨੇਡਾ ਜਾ ਵਸੇ ਰਾਜਨੀਤਕਾਂ ਨੇ ਹਿੱਸਾ ਲਿਆ।

ਇਸ ਤੋਂ ਇਲਾਵਾ, ਕਈ ਮੁੱਖ ਮੰਤਰੀ ਦੂਜੇ ਦੇਸ਼ਾਂ ਵਿਚ ਆਪਣੇ ਰਾਜਾਂ ਤੋਂ ਪ੍ਰਤਿਨਿਧ ਮੰਡਲ ਵਿਦੇਸ਼ਾਂ ਵਿਚ ਲੈ ਕੇ ਗਏ। ਹਾਲ ਹੀ ਵਿਚ ਕਈ ਮੁੱਖ ਮੰਤਰੀਆਂ ਦੇ ਦੱਖਣ ਪੂਰਬੀ ਏਸ਼ੀਆ ਵੱਲ ਪ੍ਰਤਿਨਿਧ ਮੰਡਲਾਂ ਦੀ ਅਗਵਾਈ ਕੀਤੀ। ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਤੋਂ ਇਲਾਵਾ, ਰਾਜਾਂ ਤੋਂ ਕੀਤਾ ਵਿਸ਼ਵ ਬੈਂਕ ਤੋਂ ਕਰਜ਼ੇ ਲੈਣ ਵਰਗੇ ਕੰਮ ਸਮੇਤ ਬਹੁ-ਰਾਸ਼ਟਰੀ ਅਦਾਰਿਆਂ ਨਾਲ ਸੰਵਾਦ ਕਰ ਰਹੇ ਹਨ। ਕੇਂਦਰ ਸਰਕਾਰ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਕਰਕੇ ਖੇਤੀ ਨਾਲ ਸੰਬੰਧਿਤ ਮੁੱਦਿਆਂ ਉੱਪਰ ਵਿਸ਼ਵ ਵਪਾਰ ਸੰਘ ਨਾਲ ਗੱਲਬਾਤ ਲਈ ਨਾਮਜ਼ਦ ਕੀਤਾ।

ਭਾਰਤ ਨੇ ਬਾਹਰਲੇ ਦੇਸ਼ਾਂ ਨਾਲ ਆਰਥਿਕ ਸੰਬੰਧਾਂ ਵਿਚ ਰਾਜ ਸਰਕਾਰਾਂ ਦੀ ਭੂਮਿਕਾ ਵਿਚ ਯਕੀਨਨ ਵਾਧਾ ਹੋਇਆ ਹੈ ਪਰ ਇਸ ਵਿਚ ਅਜੇ ਹੋਰ ਇਜ਼ਾਫਾ ਕਰਨ ਦੀ ਲੋੜ ਹੈ।

## ਆਰਥਿਕ ਕੂਟਨੀਤੀ ਨੂੰ ਵਧੇਰੇ ਅਸਰਦਾਰ ਬਣਾਉਣਾ

ਮੌਜੂਦਾ ਸਰਕਾਰ ਵਲੋਂ ਭਾਰਤ ਨੂੰ ਨਿਰਮਾਣ ਦਾ ਕੇਂਦਰ ਬਣਾਉਣ ਦੇ ਉਦੇਸ਼ ਕਾਰਨ ਰਾਜਾਂ ਨਾਲ ਸਹਿਕਾਰਤਾ ਵਾਲੇ ਸੰਬੰਧ ਸੁਭਾਵਕ ਗੱਲ ਹੈ ਪਰ ਨੀਤੀ ਦੇ ਪੱਖ ਤੋਂ ਹੀ ਸਹੀ ਮਾਨਸਿਕਤਾ ਦੇ ਪੱਧਰ 'ਤੇ ਵੀ ਕਈ ਉਕਾਈਆਂ ਹਨ ਜਿਨ੍ਹਾਂ ਵੱਲ ਧਿਆਨ ਦਿਤੇ ਜਾਣ ਦੀ ਲੋੜ ਹੈ।

ਪਹਿਲਾ ਮੁੱਦਾ ਸਰਕਾਰ ਵਲੋਂ ਦਿਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਅਤੇ ਬਰਾਮਦੀ ਕੌਂਸਲ ਦੀ ਭੂਮਿਕਾ ਬਾਰੇ ਹੈ। ਪ੍ਰਧਾਨ ਮੰਤਰੀ ਨੇ ਇਸ ਨੂੰ ਸਰਲ ਬਣਾਉਣ ਅਤੇ ਰਾਜ ਬਰਾਮਦੀ ਕੌਂਸਿਲ ਨੂੰ ਵਧੇਰੇ ਅਧਿਕਾਰ ਦਿਤੇ ਜਾਣ ਦੀ ਗੱਲ ਕਹੀ ਹੈ। ਇਸ ਨਾਲ ਸਿਰਫ਼ ਨੀਤੀ ਦੇ ਪੱਧਰ 'ਤੇ ਹੀ ਨਹੀਂ ਸਗੋਂ ਮਾਨਸਿਕਤਾ ਦੇ ਪੱਧਰ 'ਤੇ ਵੀ ਵੱਡੇ ਬਦਲਾਅ ਦੀ ਲੋੜ ਪਵੇਗੀ।

ਦੂਜਾ ਮੁੱਦਾ ਅਬਰਾਬਰੀਆਂ ਦੂਰ ਕਰਨ ਬਾਰੇ ਹੈ। ਕੁਝ ਹੀ ਰਾਜ ਸਿੱਧੀ ਵਿਦੇਸ਼ੀ ਪੂੰਜੀਕਾਰੀ ਦਾ ਵੱਡਾ ਹਿੱਸਾ ਲੈ ਜਾਂਦੇ ਹਨ ਜਿਨ੍ਹਾਂ ਵਿਚ ਮਹਾਂਰਾਸ਼ਟਰ, ਨਵੀ ਦਿੱਲੀ, ਗੁਜਰਾਤ ਤੇ ਤਮਿਲਨਾਡੂ ਆਦਿ ਸ਼ਾਮਿਲ ਹਨ।

'ਭਾਰਤ ਵਿਚ ਵਿਦੇਸ਼ੀ ਸਿੱਧਾ ਨਿਵੇਸ਼ ਦੇ ਵਹਾਅ ਵਿਚ ਖੇਤਰੀ ਅਸਾਵਾਂਪਨ' ਦੇ ਸਿਰਲੇਖ ਵਾਲੇ ਲੇਖ ਵਿਚ ਸ੍ਰੀ ਮੁਖਰਜੀ ਨੇ ਕਿਹਾ ਹੈ :

ਮਹਾਂਰਾਸ਼ਟਰ, ਦਿੱਲੀ, ਕਰਨਾਟਕ, ਤਮਿਲਨਾਡੂ, ਗੁਜਰਾਤ ਅਤੇ ਆਂਧਰ ਪ੍ਰਦੇਸ਼ ਛੇ ਰਾਜ ਅਪ੍ਰੈਲ 2000 ਤੋਂ 2012 ਤਕ ਦੇਸ਼ ਵਿਚ ਕੁੱਲ ਸਿੱਧਾ ਵਿਦੇਸ਼ੀ ਨਿਵੇਸ਼ ਦਾ 70 ਪ੍ਰਤਿਸ਼ਤ ਤੋਂ ਵੱਧ ਹਿੱਸਾ ਲੈ ਗਏ। (2011 : 100)।

ਚੀਨ ਨੇ ਜੋ ਆਪਣੇ ਪਛੜੇ ਰਾਜਾਂ ਨੂੰ ਮੁੱਖ ਆਰਥਿਕ ਕੇਂਦਰ ਬਣਾਉਣ ਵਿਚ ਜੋ ਸਫਲਤਾ ਹਾਸਲ ਕੀਤੀ ਹੈ, ਭਾਰਤ ਅਜਿਹਾ ਨਹੀਂ ਕਰ ਸਕਿਆ। ਸੱਚ ਹੈ ਕਿ ਬਿਹਾਰ ਅਤੇ ਮੱਧ ਪ੍ਰਦੇਸ਼ ਰਾਜਾਂ ਨੇ ਤੇਜ਼ੀ ਨਾਲ ਵਿਕਾਸ ਕੀਤਾ ਹੈ ਪਰ ਉਨ੍ਹਾਂ ਨੇ ਨਿਵੇਸ਼ ਕੇਂਦਰ ਬਣਨ ਲਈ ਅਜੇ ਲੰਮਾ ਸਫ਼ਰ ਤਹਿ ਕਰਨਾ ਹੈ। ਪੂਰਬੀ ਅਤੇ ਉੱਤਰ ਪੂਰਬੀ ਰਾਜ ਹੋਰ ਵੀ ਵਧੇਰੇ ਧਿਆਨ ਮੰਗਦੇ ਹਨ। ਵਪਾਰ ਸਹੂਲਤ ਕੇਂਦਰ ਦਾ ਨੀਂਹ

ਪੱਥਰ ਰੱਖਣ ਤੋਂ ਬਾਅਦ ਵਾਰਾਣਸੀ ਦੇ ਬੁਣਕਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਨ੍ਹਾਂ ਇਲਾਕਿਆਂ ਨੂੰ ਵੀ ਵਿਕਸਤ ਕਰਨ ਦੀ ਲੋੜ ਹੈ ਅਤੇ ਵਿਕਾਸ ਦੇ ਸਾਵੇਂ ਹੋਣ ਲਈ ਜ਼ਰੂਰੀ ਹੈ ਕਿ ਸਿਰਫ਼ ਦੇਸ਼ ਦੇ ਪੱਛਮੀ ਹਿੱਸਿਆਂ ਦਾ ਹੀ ਵਿਕਾਸ ਨਾ ਹੋਵੇ।

ਭਾਰਤ ਸਿੱਧਾ ਵਿਦੇਸ਼ੀ ਨਿਵੇਸ਼ ਵਿਚ ਅੰਤਰਰਾਜੀ ਭਿੰਨਤਾ (2013) ਉਪਰ ਇਕ ਅਧਿਐਨ ਵਿਚ ਘਰੇਲੂ ਨਿਵੇਸ਼, ਆਵਾਜਾਈ ਤੰਤਰ ਅਤੇ ਸੰਚਾਰ, ਬੁਨਿਆਦੀ ਢਾਂਚੇ ਅਤੇ ਕੁੱਲ ਨੁਕਤਿਆਂ ਨੂੰ ਨਿਰਧਾਰਕ ਤੱਤ ਦੱਸਿਆ ਹੈ। ਕੇਂਦਰੀ ਸਰਕਾਰ ਆਪਣੇ ਪੱਧਰ 'ਤੇ ਯਕੀਨੀ ਬਣਾ ਸਕਦੀ ਹੈ ਕਿ ਉੱਤਰ ਪੂਰਬੀ ਹਲਕੇ ਵਿਚ ਵਧੇਰੇ ਬੁਨਿਆਦੀ ਢਾਂਚਾ ਸਕੀਮਾਂ ਨੂੰ ਤਰਜੀਹ ਦਿਤੀ ਜਾਵੇ ਜਿਸ ਦਾ ਮਹੱਤਵ ਮਿਆਂਮਾਰ ਨਾਲ ਸੰਬੰਧਾਂ ਕਾਰਨ ਹੋਰ ਵਧ ਗਿਆ ਹੈ। ਇਸ ਲਈ ਭਾਵੇਂ ਵੱਧ ਘਰੇਲੂ ਨਿਵੇਸ਼ ਵੀ ਹੋਵੇ ਪਰ ਨਾਲ-ਨਾਲ ਸਿੱਧਾ ਵਿਦੇਸ਼ੀ ਨਿਵੇਸ਼ ਵਿਚ ਵੀ ਯਕੀਨਨ ਵਾਧਾ ਹੋਵੇਗਾ।

"ਕਿਸੇ ਘੱਟ ਵਿਕਸਤ ਰਾਜ ਵਿਚ ਘਰੇਲੂ ਨਿਵੇਸ਼ ਨਾਲ ਬੁਨਿਆਦੀ ਢਾਂਚਾ ਅਤੇ ਬਾਜ਼ਾਰ ਲਈ ਮੌਕੇ ਬਣ ਜਾਂਦੇ ਹਨ ਜਿਸ ਨਾਲ ਵਿਦੇਸ਼ੀ ਨਿਵੇਸ਼ਕ ਉਥੇ ਆਉਣ ਲਈ ਆਕਰਸ਼ਿਤ ਹੁੰਦੇ ਹਨ।"(2013:104)।

ਇਥੇ ਇਹ ਗੱਲ ਕਹਿਣੀ ਢੁਕਵੀਂ ਹੋਵੇਗੀ ਕਿ ਉੱਤਰ ਪੂਰਬੀ ਰਾਜਾਂ ਦੇ ਵਿਕਾਸ ਨਾਲ ਪੱਛਮੀ ਬੰਗਾਲ ਵਰਗੇ ਰਾਜਾਂ ਦਾ ਵੀ ਵਿਕਾਸ ਹੋਵੇਗਾ। ਕੋਲਕਾਤਾ ਆਪਣੀ ਰਾਜਨੀਤਕ ਸਥਿਤੀ ਸਦਕਾ ਪੂਰਬੀ ਖੇਤਰ ਵਿਚ ਵਪਾਰ ਦੀ ਮੁੱਖ ਧੁਰੀ ਬਣ ਕੇ ਉੱਭਰ ਸਕਦਾ ਹੈ। ਚੀਨ ਦੀ ਯੁੰਨਾਨ ਰਾਜ ਦੀ ਰਾਜਧਾਨੀ ਕੁਨਮਿੰਗ ਦੀ ਇਥੇ ਮਿਸਾਲ ਦਿਤੀ ਜਾ ਸਕਦੀ ਹੈ, ਜਿਸ ਨੂੰ ਚੀਨ ਨੇ ਜ਼ੋਰਦਾਰ ਬਾਜ਼ਾਰੀਕਰਨ ਨਾਲ ਬੰਗਲਾਦੇਸ਼ ਰਾਹੀਂ ਮਿਆਂਮਾਰ ਨਾਲ ਵਪਾਰਕ ਸੰਪਰਕ ਕੇਂਦਰ ਵਜੋਂ ਵਿਕਸਤ ਕਰ ਲਿਆ ਹੈ।

ਤੀਜਾ, ਰਾਜ ਸਰਕਾਰਾਂ ਨੂੰ ਵਿਦੇਸ਼ਾਂ ਵਿਚ ਆਪਣੇ ਵਪਾਰਕ ਦਫ਼ਤਰ ਖੋਲ੍ਹਣ ਦੀ ਆਗਿਆ ਦਿਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਵਲੋਂ ਕਈ ਮੌਕਿਆਂ 'ਤੇ ਇਸ ਬਾਰੇ ਕਿਹਾ ਗਿਆ ਹੈ ਪਰ ਅਜਿਹਾ ਸੋਚ ਵਿਚਾਰ ਕੇ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਇਹ ਅਸਰਦਾਰ ਹੋਵੇ ਅਤੇ ਨਤੀਜੇ ਹਾਸਲ ਹੋਣ। ਜ਼ਰੂਰੀ ਨਹੀਂ ਕਿ ਹਰ ਰਾਜ ਵੱਖੋ-ਵੱਖਰਾ ਵਪਾਰਕ ਕੇਂਦਰ ਹੀ ਕਾਇਮ ਕਰੇ। ਕਈ ਮਾਮਲਿਆਂ ਵਿਚ ਸਾਂਝੇ ਦਫ਼ਤਰ ਖੁੱਲ੍ਹ ਸਕਦੇ ਹਨ। ਅਜਿਹਾ ਉਨ੍ਹਾਂ ਬਾਹਰਲੇ ਦੇਸ਼ਾਂ ਵਿਚ ਕਰਨਾ ਅਤਿਅੰਤ ਜ਼ਰੂਰੀ ਹੈ ਜਿਥੇ ਭਾਰਤ ਦੇ ਡੂੰਘੇ ਵਪਾਰਕ ਸੰਬੰਧ ਹਨ ਅਤੇ ਜਿਥੇ ਇਕ ਫਿਰਕੇ ਦੇ ਬਹੁਤੇ ਭਾਰਤੀ ਵਸਦੇ ਹਨ। ਜਿਵੇਂ ਕਿ ਗੁਜਰਾਤ ਅਤੇ ਤਮਿਲਨਾਡੂ ਸਿੰਗਾਪੁਰ ਵਿਚ ਸਾਂਝਾ ਦਫ਼ਤਰ ਖੋਲ੍ਹ ਸਕਦੇ ਹਨ ਜਿਸ ਨਾਲ ਕਿ ਗੁਜਰਾਤ ਦਾ ਆਰਥਿਕ ਅਤੇ ਤਮਿਲਨਾਡੂ ਦਾ ਇਤਿਹਾਸਕ ਸੰਬੰਧ ਹੈ। ਇੰਝ ਕਈ ਰਾਜ ਅਮਰੀਕਾ ਦੇ ਕੁਝ ਰਾਜਾਂ ਵਿਚ ਆਪਣੇ ਦਫ਼ਤਰ ਖੋਲ੍ਹ ਸਕਦੇ ਹਨ, ਜਿਵੇਂ ਕਿ ਕੈਲੀਫੋਰਨੀਆ, ਨਿਊਯਾਰਕ, ਨਿਊਜਰਸੀ, ਟੈਕਸਾਸ ਵਿਖੇ ਬਹੁਤ ਭਾਰਤੀ ਮੌਜੂਦ ਹਨ। ਗੁਆਂਢੀ ਦੇਸ਼ਾਂ ਵਿਚ ਵੀ ਅਜਿਹੇ ਦਫ਼ਤਰ ਖੁਲ੍ਹਣੇ ਚਾਹੀਦੇ ਹਨ। ਉੱਤਰ ਪੂਰਬੀ ਰਾਜ ਮਿਆਂਮਾਰ ਅਤੇ ਬੰਗਲਾਦੇਸ਼ ਵਿਚ ਆਪਣੇ ਦਫ਼ਤਰਾਂ ਬਾਰੇ ਸੋਚ ਸਕਦੇ ਹਨ।

ਰਾਸ਼ਟਰੀ ਨੇਤਾਵਾਂ ਵਲੋਂ ਪਛੜੇ ਘੱਟ ਵਿਕਸਤ ਰਾਜਾਂ ਵਿਚਲੇ ਵਪਾਰ ਸਿਖਰ ਸੰਮੇਲਨਾਂ ਵਿਚ ਹਿੱਸਾ ਲੈਣ ਨਾਲ ਬਾਹਰਲੇ ਦੇਸ਼ਾਂ ਤੋਂ ਨਿਵੇਸ਼ਕਾਂ ਦਾ ਉਨ੍ਹਾਂ ਵੱਲ ਧਿਆਨ ਜਾਵੇਗਾ। ਪ੍ਰਧਾਨ ਮੰਤਰੀ ਨਹੀਂ ਤਾਂ ਵਣਜ ਮੰਤਰੀ ਨੂੰ ਵਿਸ਼ੇਸ਼ ਕਰਕੇ ਉੱਤਰ ਪੂਰਬੀ ਰਾਜਾਂ ਵਿਚ ਅਜਿਹੇ ਸੰਮੇਲਨ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ।

## ਸਿੱਟਾ

ਅੰਤ ਵਿਚ, ਆਰਥਿਕ ਕੂਟਨੀਤੀ ਵਿਚ ਰਾਜਾਂ ਦੀ ਭਾਈਵਾਲੀ ਵਿਚ ਵੱਡੀ ਪੁਲਾਂਘ ਪੁੱਟੀ ਗਈ ਹੈ, ਪਰ ਇਹ ਜ਼ਰੂਰੀ ਹੈ ਕਿ ਇਸ ਦਾ ਸੰਸਥਾਈਕਰਨ ਕੀਤਾ ਜਾਵੇ ਅਤੇ ਇਸ ਅਮਲ ਨੂੰ ਪ੍ਰਭਾਵੀ ਬਣਾਉਣ ਦੇ ਰਾਹ ਵਿਚ ਰੁਕਾਵਟਾਂ ਦੂਰ ਕੀਤੀਆਂ ਜਾਣ। ਰਾਜਾਂ ਅਤੇ ਕੇਂਦਰ ਤੋਂ ਇਲਾਵਾ ਵਪਾਰ ਸੰਘ, ਵਿਚਾਰਕਾਂ ਅਤੇ ਵਿਦੇਸ਼ੀ ਭਾਰਤੀਆਂ ਨੂੰ ਵੀ ਇਸ ਅਮਲ ਨਾਲ ਜੋੜਿਆ ਜਾਵੇ। ਭਾਰਤ ਦੀਆਂ ਰਾਜ ਸਰਕਾਰਾਂ ਨੂੰ ਆਪਣੇ ਰਾਜ ਦੇ ਬਾਜ਼ਾਰੀਕਰਨ ਲਈ ਹਰ ਤਰ੍ਹਾਂ ਦੇ ਨਵੀਨ ਢੰਗ ਤਰੀਕੇ ਅਪਣਾਉਣੇ ਚਾਹੀਦੇ ਹਨ।

*(ਲੇਖਕ ਸੋਨੀਪਤ ਵਿਖੇ ਓ ਪੀ ਜਿੰਦਲ ਗਲੋਬਲ ਯੂਨੀਵਰਸਿਟੀ ਦੇ ਜਿੰਦਲ ਸਕੂਲ ਆਫ਼ ਇੰਟਰਨੈਸ਼ਨਲ ਅਫੇਅਰਜ਼ ਵਿਚ ਸੀਨੀਅਰ ਰੀਸਰਚਰ ਐਸੋਸ਼ੀਏਟ ਹੈ।)*

*e-mail :tsinghmaini2012@gmail.com*

***ਸਫ਼ਾ 34 ਦੀ ਬਾਕੀ***

ਪਹਾੜੀ ਖੇਤਰਾਂ ਨੂੰ ਬਚਾਉਣ ਲਈ ਵਾਤਾਵਰਨ ਮਾਹਿਰਾਂ, ਭੂ-ਵਿਗਿਆਨੀਆਂ ਅਤੇ ਇੰਜੀਨੀਅਰਾਂ ਦੀ ਸਲਾਹ ਲੈ ਕੇ ਹੀ ਇਨ੍ਹਾਂ ਖੇਤਰਾਂ ਦੇ ਆਰਥਿਕ ਵਿਕਾਸ ਦੀਆਂ ਯੋਜਨਾਵਾਂ ਬਨਾਉਣੀਆਂ ਚਾਹੀਦੀਆਂ ਹਨ। ਜੰਗਲਾਂ ਦੀ ਬੇਹਿਸਾਬੀ ਕਟਾਈ ਨਾ ਕਰਦੇ ਹੋਏ ਸੰਨ 1984 ਦੀ ਕੇਂਦਰੀ ਜੰਗਲਾਤ ਨੀਤੀ ਅਨੁਸਾਰ ਜੰਗਲਾਂ ਦੇ ਰਕਬੇ ਨੂੰ 33 ਪ੍ਰਤਿਸ਼ਤ ਕਰ ਦੇਣਾ ਬਣਦਾ ਹੈ। ਨਦੀਆਂ ਦੇ ਵਹਾਅ ਖੇਤਰ ਅਤੇ ਪਹਾੜਾਂ ਦੀਆਂ ਢਲਾਨਾਂ ਉੱਤੇ ਇਮਾਰਤਾਂ ਦੀ ਉਸਾਰੀ ਉੱਤੇ ਸਖ਼ਤੀ ਨਾਲ ਰੋਕ ਲਗਾਉਣੀ ਬਣਦੀ ਹੈ। ਸੜਕਾਂ ਦਾ ਨਿਰਮਾਣ ਵੀ ਲੋਕਾਂ ਦੀਆਂ ਲੋੜਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਸਰਕਾਰ ਨੂੰ ਸੈਲਾਨੀਆਂ ਅਤੇ ਸ਼ਰਧਾਲੂਆਂ ਅਤੇ ਗੱਡੀਆਂ ਦੀ ਗਿਣਤੀ ਵੀ ਨਿਰਧਾਰਤ ਕਰ ਦੇਣੀ ਚਾਹੀਦੀ ਹੈ ਤਾਂ ਕਿ ਮਨੁੱਖਾਂ ਅਤੇ ਵਾਹਨਾਂ ਦੀ ਵਧਦੀ ਗਿਣਤੀ ਕੁਦਰਤੀ ਸਰੋਤਾਂ ਨੂੰ ਤੇਜ਼ੀ ਨਾਲ ਖ਼ਰਾਬ ਨਾ ਕਰੇ। ਸਥਾਨਕ ਲੋਕਾਂ ਦੀ ਬੇਹਤਰੀ ਲਈ ਸਕੂਲ, ਕਾਲਜ ਅਤੇ ਹਸਪਤਾਲ ਖੋਲ੍ਹਣੇ ਚਾਹੀਦੇ ਹਨ ਤਾਂ ਕਿ ਉਹ ਪੜ੍ਹ-ਲਿਖ ਕੇ ਆਪਣੇ ਗੁਜ਼ਾਰੇ ਲਈ ਆਪ ਕਮਾ ਸਕਣ ਨਾ ਕਿ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਉਡੀਕ ਕਰਨ। ਇਸ ਤੋਂ ਇਲਾਵਾ, ਸਰਕਾਰ ਨੂੰ ਘਰੇਲੂ ਅਤੇ ਛੋਟੇ ਉਦਯੋਗਾਂ ਲਈ ਲੋਕਾਂ ਨੂੰ ਸਬਸਿਡੀਜ਼ ਦੇ ਕੇ ਉਨ੍ਹਾਂ ਦੇ ਲਗਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

***ਉੱਤਰਾਖੰਡ ਦੇ ਆਰਥਿਕ ਵਿਕਾਸ ਲਈ ਸਰਕਾਰ ਸੜਕਾਂ ਦੇ ਨਿਰਮਾਣ ਲਈ ਵਿਗਿਆਨਕ ਤਕਨੀਕ ਦੀ ਵਰਤੋਂ ਇਸ ਤਰ੍ਹਾਂ ਕਰੇ ਤਾਂ ਕਿ ਕੁਦਰਤੀ ਸਰੋਤਾਂ ਦੀ ਬਰਬਾਦੀ ਨਾ ਹੋਵੇ।***

ਸੜਕਾਂ ਅਤੇ ਸੁਰੰਗਾਂ ਦੇ ਨਿਰਮਾਣ ਲਈ ਵਿਸਫੋਟਿਕ ਪਦਾਰਥਾਂ ਦੀ ਵਰਤੋਂ ਨਾ ਕੀਤੀ ਜਾਵੇ। ਰਾਜ ਵਿਚ ਛੋਟੇ-ਛੋਟੇ ਪਣ-ਬਿਜਲੀ ਪ੍ਰੋਜੈਕਟ ਲਗਾਏ ਜਾਣ ਤਾਂ ਕਿ ਨਦੀਆਂ ਵਿਚ ਪਾਣੀ ਲੋੜ ਅਨੁਸਾਰ ਵਹੇ ਅਤੇ ਬਿਜਲੀ ਵੀ ਲੋੜ ਅਨੁਸਾਰ ਮਿਲਦੀ ਰਹੇ। ਸਰਕਾਰ ਨੂੰ ਯੋਜਨਾਵਾਂ ਲਾਗੂ ਕਰਨ ਲਈ ਸਵੈ-ਪੜਚੋਲ ਕਰਨ ਦੀ ਸਖ਼ਤ ਲੋੜ ਹੈ।

*(ਲੇਖਿਕਾ ਪ੍ਰੋਫ਼ੈਸਰ, ਜੌਗਰਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)*

# ਵਿਕੇਂਦਰੀਕ੍ਰਿਤ ਖੇਤੀਬਾੜੀ ਖੋਜ ਲਈ ਵਧੀ ਹੋਈ ਪੂੰਜੀ

ਰਾਜੇਸ਼ਵਰੀ ਐੱਸ ਰੈਨਾ, ਵਿਸ਼ਵਨਾਥ ਰੈੱਡੀ, ਕੇ. ਕਿੰਗਸਲੇ ਤੇ ਰਮੇਸ਼ ਕੁਮਾਰ

## ਭੂਮਿਕਾ

"1 ਪ੍ਰਤਿਸ਼ਤ ਖੇਤੀਬਾੜੀ ਕੁੱਲ ਘਰੇਲੂ ਉਤਪਾਦ" ਲਈ ਵਧਾਈ ਹੋਈ ਪੂੰਜੀ ਇਕ ਅਹਿਮ ਸਿਫ਼ਾਰਸ਼ ਹੈ ਤਾਂ ਜੋ ਭਾਰਤ ਵਿਚ ਖੇਤੀਬਾੜੀ ਖੋਜ ਦੀ ਪ੍ਰਭਾਵਿਕਤਾ ਅਤੇ ਨਿਪੁੰਨਤਾ ਨੂੰ ਹੋਰ ਵਧਾਇਆ ਜਾ ਸਕੇ (ਖੇਤੀਬਾੜੀ ਬਾਰੇ ਕਮੇਟੀ, 2014, ਪੰਨਾ 111)। ਕਮੇਟੀ ਵਲੋਂ ਇਹ ਵੀ ਨੋਟ ਕੀਤਾ ਗਿਆ ਕਿ ਡੀ ਏ ਆਰ ਈ ਵਲੋਂ 12ਵੀਂ ਪੰਜ ਸਾਲਾ ਯੋਜਨਾ ਦੌਰਾਨ ਮੰਗੇ ਗਏ ਬਜਟ ਦਾ ਕੇਵਲ 50 ਪ੍ਰਤਿਸ਼ਤ ਹੀ ਇਸ ਨੂੰ ਦਿਤਾ ਗਿਆ। ਵੱਡੇ ਪੱਧਰ 'ਤੇ ਘਟਾਏ ਗਏ ਇਸ ਬਜਟ ਦਾ 23.27 ਪ੍ਰਤਿਸ਼ਤ ਬਾਰ੍ਹਵੀਂ ਪੰਜ ਸਾਲਾ ਯੋਜਨਾ ਦੇ ਪਹਿਲੇ ਦੋ ਸਾਲਾਂ ਵਿਚ ਮਨਜ਼ੂਰ ਕੀਤਾ ਗਿਆ। ਪਰ ਇਸ ਦਾ 80 ਪ੍ਰਤਿਸ਼ਤ ਤੋਂ ਘੱਟ ਹੀ ਇਸਤੇਮਾਲ ਕੀਤਾ ਗਿਆ (ਉਹੀ, ਪੰਨਾ 109)। ਇਹ ਸੰਖੇਪ ਪਰਚਾ ਇਸ਼ਾਰਾ ਕਰਦਾ ਹੈ ਕਿ ਇਸ ਦੇ ਵਰਤਮਾਨ ਕੇਂਦਰੀਕ੍ਰਿਤ ਢਾਂਚੇ ਅਤੇ ਖੋਜ ਤੱਤਾਂ, ਜੋ ਕਰੀਬ ਵਿਸ਼ੇਸ਼ ਤੌਰ ਤੇ ਸਿੰਜਾਈ ਅਤੇ ਰਸਾਇਣਾਂ ਅੰਦਰ ਪੂਰਵਕਾਲੀ ਬਣਤਰ ਨੂੰ ਹੀ ਸੇਵਾ ਦਿੰਦੇ ਹਨ, ਇਹ ਧਾਰਨਾ ਕਿ ਵਧੇ ਹੋਏ ਵਿੱਤ ਨਾਲ ਪ੍ਰਭਾਵਿਕਤਾ ਨੂੰ ਹੁਲਾਰਾ ਮਿਲੇਗਾ, ਬਿਲਕੁਲ ਗਲਤ ਹੈ। ਖੇਤੀ ਖੋਜ ਦੀ ਉਤਪਤੀ ਇਹ ਉਜਾਗਰ ਕਰਦੀ ਹੈ ਕਿ ਕਿਵੇਂ ਸਰਕਾਰ ਦੀ ਕੇਂਦਰੀਕ੍ਰਿਤ ਟੀਚੇ ਅਤੇ ਨਿਯੰਤ੍ਰਣ ਤੰਤਰ ਦੀ ਰਣਨੀਤੀ ਖੇਤੀਬਾੜੀ ਖੋਜ ਲਈ ਹਾਨੀਕਾਰਕ ਹੈ। ਖੇਤੀਬਾੜੀ ਖੋਜ ਦਾ ਵਿਕੇਂਦਰੀਕਰਨ ਅਤਿ ਜ਼ਰੂਰੀ ਹੈ।

ਭਾਰਤ ਦੀ ਖੇਤੀਬਾੜੀ ਨੀਤੀ 21ਵੀਂ ਸਦੀ ਵਿਚ ਬਣਾਈ ਗਈ ਸੀ; ਨੀਤੀ ਦਾ ਟੀਚਾ ਸਾਲਾਨਾ 4 ਪ੍ਰਤਿਸ਼ਤ ਵਿਕਾਸ ਦਰ ਹੈ। ਦੇਸ਼ ਕੋਲ ਹਾਲੇ ਖੇਤੀਬਾੜੀ ਖੋਜ ਜਾਂ ਵਿਸਤਾਰ ਲਈ ਨੀਤੀ ਜਾਂ ਰਣਨੀਤਕ ਢਾਂਚਾ ਨਹੀਂ ਹੈ। ਰਾਸ਼ਟਰੀ ਖੇਤੀਬਾੜੀ ਨੀਤੀ (ਭਾਰਤ ਸਰਕਾਰ, 2000) ਦੀ ਨਾਕਾਫ਼ੀ ਧਿਆਨ ਅਤੇ ਨੀਤੀ ਦੇ ਟੀਚੇ ਹਾਸਲ ਕਰਨ ਵਿਚ ਨਾਕਾਮੀ ਲਈ ਆਲੋਚਨਾ ਕੀਤੀ ਜਾਂਦੀ ਹੈ। - ਜਿਸ ਵਿਚ ਨਿਵੇਸ਼ ਦਾ ਪੱਧਰ, ਜਨਤਕ ਅਤੇ ਨਿੱਜੀ ਖੇਤਰਾਂ ਦੀ ਭੂਮਿਕਾ, ਸੁਧਰੀ ਹੋਈ ਸਿੰਜਾਈ ਅਤੇ ਪਾਣੀ ਦਾ ਭਾਗੀਦਾਰੀ ਵਾਲਾ ਪ੍ਰਬੰਧਨ, ਜੰਗਲ, ਸ਼ਾਮਲਾਤਾਂ ਆਦਿ ਸ਼ਾਮਿਲ ਹਨ (ਚਾਂਦ, 2004;ਐੱਨ ਏ ਏ ਐੱਸ, 2003; ਧੂਤ, 2006) ਇਨ੍ਹਾਂ ਆਲੋਚਨਾਵਾਂ ਤੋਂ ਉੱਭਰਨ ਵਾਲੀ ਇਕ ਅਹਿਮ ਸਿਫ਼ਾਰਸ਼ ਹੈ। ਇਕ ਤਕਨੀਕੀ ਨੀਤੀ ਜੋ ਯਕੀਨੀ ਬਣਾਏ ਕਿ ਢੁਕਵੀਆਂ ਤਕਨੀਕਾਂ ਪੈਦਾ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਪ੍ਰਭਾਵੀ ਤਰੀਕੇ ਨਾਲ ਅਖੀਰਲੇ ਵਰਤੋਂਕਾਰਾਂ ਤਕ ਪੁੱਜਦਿਆਂ ਕੀਤਾ ਜਾਵੇ (ਚਾਂਦ, 2004)।

ਭਾਰਤ ਦੀ ਸਫਲ ਹਰੀ ਕ੍ਰਾਂਤੀ, ਜਿਸ ਦਾ ਮੰਤਵ ਅਹਿਮ ਖੇਤੀ ਲਾਗਤਾਂ ਲਈ ਉਤਪਾਦਨ ਹੁੰਗਾਰੇ ਨੂੰ ਵਧਾਉਣਾ ਸੀ, 1980ਵਿਆਂ ਵਿਚ ਸਮਾਪਤ ਹੋ ਗਈ (ਭੱਲਾ ਅਤੇ ਸਿੰਘ, 2010); ਹਰੀ ਕ੍ਰਾਂਤੀ ਹੁਣ ਪੂਰਬੀ ਰਾਜਾਂ ਵਿਚ ਦੁਹਰਾਈ ਜਾ ਰਹੀ ਹੈ, ਅਤੇ ਹਾਲੀਆ ਸਮੇਂ ਵਿਚ ਦਾਲਾਂ, ਕਪਾਹ, ਮੋਟਾ ਅਨਾਜ, ਬਾਗ਼ਬਾਨੀ ਫ਼ਸਲਾਂ, ਪਸ਼ੂਧਨ ਅਤੇ ਮੱਛੀ ਪਾਲਣ ਉਤਪਾਦਨ ਦਾ ਰਿਕਾਰਡ ਉਤਪਾਦਨ ਸ਼ਲਾਘਾ ਯੋਗ ਹੈ (ਡੀ ਈ ਐੱਸ, 2012)। ਫਿਰ ਵੀ, ਖੇਤੀਬਾੜੀ ਖੋਜ ਦੀ, ਵਕਤ ਵਿਹਾ ਚੁੱਕੀਆਂ ਸਿੰਜਾਈ-ਰਸਾਇਣ ਮੁਖੀ ਉਤਪਾਦਨ ਤਕਨੀਕਾਂ ਅਤੇ ਉਨ੍ਹਾਂ ਦੇ ਵਾਤਾਵਰਨ 'ਤੇ ਨਾਂਹ ਪੱਖੀ ਪ੍ਰਭਾਵਾਂ ਲਈ ਆਲੋਚਨਾ ਕੀਤੀ ਜਾਂਦੀ ਹੈ (ਆਈ ਐੱਫ ਪੀ ਆਰ ਆਈ, 2002); ਵੈਦਿਆਨਾਥਨ, 2010, ਯੋਜਨਾ ਆਯੋਗ, 2008, 2011)। ਇਹ ਸਬੂਤ ਕਿ ਹਾਲੀਆ ਖੇਤੀਬਾੜੀ ਵਿਕਾਸ ਦਰਾਂ ਦਾ ਕਾਰਨ ਕੀਮਤ ਵਿਚ ਵਾਧਾ ਹੈ, ਨਾ ਕਿ ਉਤਪਾਦਨ ਵਿਚ ਇਜ਼ਾਫਾ (ਚਾਂਦ, 2014), ਅਤੇ ਇਹ ਸਵਾਲ ਕਿ ਪਿਛਲੀਆਂ ਉਤਪਾਦਨ ਸਫਲਤਾਵਾਂ ਦਾ ਦੇਸ਼ ਵਿਚ ਪੋਸ਼ਣ ਦੇ ਪੱਧਰ 'ਤੇ ਕੋਈ ਅਸਰ ਨਹੀਂ ਪਿਆ (ਗਿਲੇਸਪੀ, 2012, ਹੱਦਾਦ, 2011, ਡੀਟਨ ਅਤੇ ਡਰੀਜ਼, 2009) ਖੇਤੀਬਾੜੀ ਖੋਜ ਅਤੇ ਇਸ ਦੇ ਤੱਤਾਂ ਬਾਰੇ ਗੰਭੀਰ ਫ਼ਿਕਰਮੰਦੀ ਵੱਲ ਇਸ਼ਾਰਾ ਕਰਦੇ ਹਨ। ਖੇਤੀਬਾੜੀ ਵਿਚ ਆਧੁਨਿਕ ਤਕਨੀਕ ਆਧਾਰਿਤ ਨਿੱਜੀ ਕਾਰਪੋਰੇਟ ਖੇਤਰ ਦੇ ਵਿਕਾਸ, ਕਰਜ਼ੇ ਤਕ ਪਹੁੰਚ ਅਤੇ ਪ੍ਰਭਾਵੀ ਵਰਤੋਂ, ਤੇਜ਼ੀ ਨਾਲ ਡਿਗ ਰਿਹਾ ਧਰਤੀ ਹੇਠਲਾ ਪਾਣੀ ਦਾ ਪੱਧਰ ਜੋ ਸਿੰਜਾਈ ਹੇਠਲੇ ਕੁੱਲ ਰਕਬੇ ਦਾ 70 ਪ੍ਰਤਿਸ਼ਤ ਸਿੰਜਾਈ ਹੈ, ਅਤੇ ਵਧ ਰਹੀਆਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਬਾਰੇ ਵੀ ਗੰਭੀਰ ਤੌਖ਼ਲੇ ਹਨ। ਅਕਸਰ ਕਮਜ਼ੋਰ ਵਿਸਤਾਰ ਨੂੰ ਤਕਨੀਕ ਦੇ ਕਮਜ਼ੋਰ ਅਨੁਕੂਲਣ ਲਈ ਜ਼ਿੰਮੇਵਾਰ ਗਰਦਾਨਿਆ ਜਾਂਦਾ ਹੈ (ਵੇਖੋ ਐੱਨ ਡੀ ਸੀ, 2007)। ਨਾਕਾਫ਼ੀ ਪੇਂਡੂ ਬੁਨਿਆਦੀ ਢਾਂਚੇ, ਅਨਪੜ੍ਹਤਾ ਅਤੇ ਛੋਟੇ ਕਿਸਾਨਾਂ ਦੀ ਜੋਖਮ ਉਠਾਉਣ ਦੀ ਮਾੜੀ ਸਮਰਥਾ ਦੇ ਵੀ ਇਲਜ਼ਾਮ ਹਨ ਜੋ ਚਲੰਤ ਵਾਹੀਯੋਗ ਜ਼ਮੀਨ ਦੇ 84 ਪ੍ਰਤਿਸ਼ਤ 'ਤੇ ਖੇਤੀ ਕਰਦੇ ਹਨ ਅਤੇ ਦੇਸ਼ ਦੇ ਬਿਜਾਈ ਹੇਠਲੇ 48 ਪ੍ਰਤਿਸ਼ਤ ਖੇਤਰ 'ਤੇ ਹੱਡ ਭੰਨਵੀਂ ਮਿਹਨਤ ਕਰਦੇ ਹਨ (ਉਹੀ, ਯੋਜਨਾ ਆਯੋਗ, 2011)। ਬਦਲਦੇ ਮੌਸਮ ਦੇ ਵਧਦੇ ਹੋਏ ਪ੍ਰਭਾਵ ਵਿਕੇਂਦਰੀਕ੍ਰਿਤ ਅਤੇ ਸਥਾਨ ਮੁਖੀ ਖੋਜ ਅਤੇ ਪਸਾਰ ਦੀ ਕਿਤੇ ਜ਼ਿਆਦਾ ਮੰਗ ਕਰਦੇ ਹਨ ਤਾਂ ਕਿ ਮੌਸਮ ਅਨੁਕੂਲ ਖੇਤੀਬਾੜੀ ਲਈ ਜ਼ਰੂਰੀ ਸਮਰਥਾਵਾਂ ਯਕੀਨੀ ਬਣਾਈਆਂ ਜਾ ਸਕਣ।

## ਖੇਤੀਬਾੜੀ ਖੋਜ ਤੇ ਵਿਕਾਸ ਦੇ ਸੰਦਰਭ ਵਿਚ

ਭਾਰਤ ਦੀ ਖੇਤੀਬਾੜੀ ਖੋਜ ਪ੍ਰਣਾਲੀ ਲਗਭਗ ਸਾਰੀ ਹੀ ਜਨਤਕ ਖੇਤਰ ਵਿਚ ਹੈ। ਜ਼ਾਹਰਾ ਤੌਰ


ਤੇ, ਕੇਂਦਰ ਸਰਕਾਰ ਦੀ ਖੇਤੀਬਾੜੀ ਖੋਜ ਦੀ ਭਾਰਤੀ ਪ੍ਰਿਸ਼ਦ (ਆਈ ਸੀ ਏ ਆਰ) ਖੋਜ ਅਤੇ ਕੁਝ ਉਚੇਰੀ ਸਿੱਖਿਆ ਕਰਵਾਉਂਦੀ ਹੈ ਅਤੇ ਰਾਜ ਸਰਕਾਰਾਂ ਦੀਆਂ ਰਾਜਕੀ ਖੇਤੀਬਾੜੀ ਯੂਨੀਵਰਸਿਟੀਆਂ ਲਗਭਗ ਸਾਰਾ ਹੀ ਖੇਤੀਬਾੜੀ ਸਿੱਖਿਆ, ਖੋਜ ਅਤੇ ਪਸਾਰ ਸਿੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ। ਪਸਾਰ ਸਿੱਖਿਆ ਰਸਮੀ ਖੋਜ ਪ੍ਰਣਾਲੀ ਤੋਂ ਬਾਹਰ ਦਾ ਵਿਸ਼ਾ ਹੈ, ਜਿਸ ਨੂੰ ਸੰਬੰਧਿਤ ਰਾਜ ਦੇ ਖੇਤੀਬਾੜੀ, ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ, ਬਾਗ਼ਬਾਨੀ, ਮਿੱਟੀ ਅਤੇ ਪਾਣੀ ਸੰਭਾਲ ਦੇ ਵਿਭਾਗਾਂ ਵਲੋਂ ਚਲਾਇਆ ਜਾਂਦਾ ਹੈ। ਰਾਜਕੀ ਖੇਤੀਬਾੜੀ ਯੂਨੀਵਰਸਿਟੀਆਂ ਖੋਜ, ਸਿੱਖਿਆ ਅਤੇ ਪਸਾਰ ਸਿੱਖਿਆ ਅਤੇ ਰਾਜ ਦੀਆਂ ਜਾਣਕਾਰੀ ਅਤੇ ਤਕਨੀਕੀ ਮੰਗਾਂ ਪੂਰੀਆਂ ਕਰਨ ਲਈ ਜ਼ਿੰਮੇਵਾਰ ਹਨ। ਇਹ ਵੇਖਦਿਆਂ ਕਿ ਰਾਜਕੀ ਖੇਤੀ ਯੂਨੀਵਰਸਿਟੀਆਂ ਦੀ ਜ਼ਿੰਮੇਵਾਰੀ ਖੇਤੀਬਾੜੀ ਵਿਭਾਗ ਦੇ ਪਸਾਰ ਵਿਭਾਗ ਦੇ ਅਮਲੇ ਫੈਲੇ ਨੂੰ ਜਾਣਕਾਰੀ ਅਤੇ ਤਕਨੀਕ ਮੁਹੱਈਆ ਕਰਵਾਉਣ ਲਈ ਜ਼ਿੰਮੇਵਾਰ ਹਨ, ਸਾਰੀਆਂ ਹੀ ਰਾਜਕੀ ਖੇਤੀ ਵਰਸਿਟੀਆਂ ਰਾਜ ਦੀਆਂ ਅਹਿਮ ਫ਼ਸਲਾਂ ਲਈ 'ਪੈਕੇਜ ਪ੍ਰਥਾਵਾਂ' ਦਾ ਉਤਪਾਦਨ ਕਰਦੀਆਂ ਹਨ, ਜਿਸ ਵਿਚ ਸਿਫ਼ਾਰਸ਼ ਕੀਤੀਆਂ ਢੁਕਵੀਆਂ ਤਕਨੀਕਾਂ ਨੂੰ ਅਪਣਾਉਣ ਦੀ ਸਲਾਹ ਹੁੰਦੀ ਹੈ। ਨਾਲ ਹੀ, ਹਰੇਕ ਜ਼ਿਲ੍ਹੇ ਅੰਦਰ ਖੇਤੀਬਾੜੀ ਤਕਨੀਕ ਪ੍ਰਬੰਧਨ ਏਜੰਸੀਆਂ ਵੀ ਹੁੰਦੀਆਂ ਹਨ ਜੋ ਉਤਪਾਦਨ ਸਮੱਸਿਆਵਾਂ ਨਾਲ ਸੰਬੰਧਿਤ ਖੇਤੀਬਾੜੀ ਤਕਨੀਕਾਂ ਅਤੇ ਦੂਸਰੀ ਪ੍ਰਸੰਗਿਕ ਜਾਣਕਾਰੀ ਦਾ ਪ੍ਰਬੰਧਨ ਅਤੇ ਤਾਲਮੇਲ ਕਰਦੀਆਂ ਹਨ।

ਵਰਤਮਾਨ ਵਿਚ, ਭਾਰਤੀ ਖੇਤੀਬਾੜੀ ਉਤਪਾਦਨ ਕੀਮਤ ਸਮਰਥਨ ਅਤੇ ਲਾਗਤ ਸਬਸਿਡੀਆਂ ਦੇ ਦੋ ਪ੍ਰਮੁੱਖ ਘਰੇਲੂ ਨੀਤੀ ਪੱਖਾਂ ਦੁਆਰਾ ਚਾਲਿਤ ਹੈ (ਰੇਅ, 2007; ਵੈਦਿਆਨਾਥਨ, 2010)। ਹਰੀ ਕ੍ਰਾਂਤੀ ਦੇ ਆਗਾਜ਼ ਤੋਂ ਕੁਝ ਵਰ੍ਹੇ ਬਾਅਦ ਅਤੇ ਜਨਤਕ ਵਿੱਤ ਬਣਤਰ (ਸਿੰਜਾਈ ਵਿਚ 90 ਪ੍ਰਤਿਸ਼ਤ ਤੋਂ ਵੱਧ), ਕਿਸਾਨਾਂ ਵਲੋਂ ਖੇਤੀਬਾੜੀ ਲਈ ਬਣਾਈ ਰਾਸ਼ਟਰੀ ਨੀਤੀ ਨੂੰ ਹੁੰਗਾਰਾ ਦਿਤਾ ਗਿਆ (ਸੁਬਰਾਮਨੀਅਮ, 1972, ਵੈਦਿਆਨਾਥਨ, 2010)। ਉਨ੍ਹਾਂ ਨੇ ਭੂਮੀ ਵਰਤੋਂ ਦੀ ਪੱਧਤੀ ਬਦਲ ਦਿਤੀ, ਫ਼ਸਲੀ ਤੀਬਰਤਾ ਵਧਾ ਦਿਤੀ ਅਤੇ ਸਿੰਜਾਈ ਹੇਠਲੇ ਝੋਨੇ ਅਤੇ ਕਣਕ ਲਈ ਰਕਬਾ ਵਧਾ ਦਿਤਾ। 1980ਵਿਆਂ ਦੇ ਅੱਧ ਨੇ ਸਿੰਜਾਈ ਦੇ ਖੇਤਰ ਵਿਚ ਵਧਿਆ ਨਿੱਜੀ ਨਿਵੇਸ਼ ਵੇਖਿਆ (ਟਿਊਬਵੈੱਲਾਂ ਦਾ ਵਿਸਤਾਰ – 70 ਪ੍ਰਤਿਸ਼ਤ ਤੋਂ ਵੱਧ ਸਿੰਜਾਈ ਹੇਠ ਅਨਾਜ ਉਤਪਾਦਨ 1980ਵਿਆਂ ਦੇ ਅੰਤ ਤਕ ਧਰਤੀ ਹੇਠਲੇ ਪਾਣੀ ਦੀ ਸਿੰਜਾਈ 'ਤੇ ਨਿਰਭਰ ਹੋ ਗਿਆ), ਨਾਲ ਹੀ ਖੇਤੀਬਾੜੀ ਰਸਾਇਣ ਅਤੇ ਖਾਦਾਂ ਤੇ ਕੀਟਨਾਸ਼ਕਾਂ, ਬੀਜਾਂ ਲਈ ਵਧੀ ਹੋਈ ਸਬਸਿਡੀ ਦਾ ਦੌਰ ਵੀ ਆਇਆ। ਹਰੀ ਕ੍ਰਾਂਤੀ ਦੇ ਪਹਿਲੇ ਦੌਰ ਦੇ 1983 ਵਿਚ ਖਾਤਮੇ (ਭੱਲਾ ਅਤੇ ਸਿੰਘ, 2010) ਨੇ ਖੇਤੀਬਾੜੀ ਵਿਚ ਜਨਤਕ ਪੂੰਜੀ ਬਣਤਰ ਦੇ ਤੇਜ਼ੀ ਨਾਲ ਹੋਏ ਫੈਲਾਅ ਦਾ ਅੰਤ ਵੇਖਿਆ। ਕੁੱਲ ਮਿਲਾ ਕੇ, ਕੁੱਲ ਪੂੰਜੀ ਬਣਤਰ (ਜੀ ਸੀ ਐੱਫ) ਦਾ ਹਿੱਸਾ 1980–81 ਦੇ 20 ਪ੍ਰਤਿਸ਼ਤ ਤੋਂ ਡਿਗ ਕੇ 1999–2000 ਵਿਚ 10 ਪ੍ਰਤਿਸ਼ਤ, 2007–08 ਵਿਚ 6 ਪ੍ਰਤਿਸ਼ਤ ਰਹਿ ਗਿਆ ਜੋ 2009–10 ਵਿਚ ਥੋੜ੍ਹਾ ਜਿਹਾ ਵਧ ਕੇ 10 ਪ੍ਰਤਿਸ਼ਤ ਅਤੇ 2011–12 ਵਿਚ 7.2 ਪ੍ਰਤਿਸ਼ਤ ਹੋ ਗਿਆ।

ਖੇਤੀਬਾੜੀ ਵਿਕਾਸ ਕਿਉਂਕਿ ਲਾਗਤ ਉਤਪਾਦਨ ਅਤੇ ਪੂਰਤੀ ਲਈ ਪੂੰਜੀ ਨਿਵੇਸ਼ 'ਤੇ ਨਿਰਭਰ ਹੋ ਗਿਆ (ਖ਼ਾਸ ਕਰ 1970ਵਿਆਂ ਤੋਂ), ਲਾਗਤ ਵਰਤੋਂ ਦੀ ਸੂਚੀ ਅਨਾਜ ਉਤਪਾਦਨ ਜਾਂ ਖੇਤੀ ਕੁੱਲ ਘਰੇਲੂ ਉਤਪਾਦ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਵਧ ਗਈ। ਰਸਾਇਣਕ ਖਾਦਾਂ ਦੇ ਸੂਚੀ ਪੱਤਰ ਨੇ ਫ਼ਸਲੀ ਤੀਬਰਤਾ, ਸਿੰਜਾਈ ਅਤੇ ਅਨਾਜ ਉਤਪਾਦਨ ਨੂੰ ਕਿਤੇ ਪਿੱਛੇ ਛੱਡ ਦਿਤਾ ਹੈ (ਚਿੱਤਰ–1)। ਇਕਾਈ ਉਤਪਾਦਨ ਵਰਤੋਂ (ਰਸਾਇਣਕ ਖਾਦਾਂ ਅਤੇ ਸਿੰਜਾਈ) ਪ੍ਰਤਿ ਘਟਦੇ ਹੁੰਗਾਰੇ ਦਾ ਵੀ ਤੌਖਲਾ ਹੈ (ਆਈ ਸੀ ਏ ਆਰ, 1998; ਵੈਦਿਆਨਾਥਨ, 2000 ਅਤੇ 2010), ਵਧਦੀਆਂ ਹੋਈਆਂ ਲਾਗਤ ਕੀਮਤਾਂ ਅਤੇ ਵਧਦੇ ਹੋਏ ਪੂੰਜੀ ਉਤਪਾਦਨ ਅਨੁਪਾਤ (ਆਈ ਸੀ ਓ ਆਰ) ਵਿਚ ਤਿੱਖਾ ਵਾਧਾ (ਗੋਲੇਤ ਅਤੇ ਲੋਕਾਰੇ, 2008) ਜੋ ਛੋਟੇ ਕਿਸਾਨ ਦੀ ਉਤਪਾਦਨ ਲਾਗਤ 'ਤੇ ਬੇਤਹਾਸ਼ਾ ਬੋਝ ਪਾਉਂਦੇ ਹਨ (ਚਾਂਦ, 2011)। ਦੋਹਰੀ ਨੀਤੀ ਪੱਖ ਦੀ ਏਜੰਡਾ ਨਿਰਧਾਰਨ ਕਰਨ ਵਾਲਾ ਸ਼ਕਤੀ ਅਤੇ ਸਿੰਜਾਈ ਵਾਲੀ ਰਸਾਇਣ ਮੁਖੀ ਉਤਪਾਦਨ ਨਿਵੇਸ਼ ਕਰਕੇ ਖੇਤੀਬਾੜੀ ਖੋਜ ਵਿਚ ਮਾਯੂਸੀ ਆਈ ਹੈ ਜਿਸ ਦਾ ਮੁੱਖ ਕੇਂਦਰ ਬਿੰਦੂ ਸਿੰਜਾਈ ਵਾਲਾ ਰਸਾਇਣ ਮੁਖੀ ਉਤਪਾਦਨ ਤਕਨੀਕ ਹੈ, ਜਿਥੇ ਵਾਤਾਵਰਨਿਕ ਸੁਰੱਖਿਆ ਵਲ ਕੋਈ ਧਿਆਨ ਨਹੀਂ ਦਿਤਾ ਗਿਆ। ਖੇਤੀਬਾੜੀ ਖੋਜ ਵਿਚ ਸੁਧਾਰ ਲਿਆਉਣ ਵਾਲੀਆਂ ਕੋਸ਼ਿਸ਼ਾਂ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਯਤਨ ਵੀ ਨਾਕਾਫ਼ੀ ਹਨ (ਯੋਜਨਾ ਆਯੋਗ, 2008, ਪੰਨਾ 13)।

ਆਮ ਤੌਰ ਤੇ, ਉਤਪਾਦਨ ਵਧਾਉਣ ਤੋਂ ਵਾਤਾਵਰਨ ਅਤੇ ਆਰਥਿਕ ਸਥਿਰਤਾ ਵਲ ਜਾਣ ਲਈ ਖੋਜ ਰਣਨੀਤੀ ਵਿਚ ਰਾਸ਼ਟਰੀ ਬਦਲਾਅ ਦੀ ਮੰਗ ਖੇਤੀਬਾੜੀ ਖੇਤਰ ਵਿਚ ਜ਼ਿਆਦਾ ਯੋਜਨਾਬਧ ਨਿਵੇਸ਼ ਦੀ ਮੰਗ ਕਰਦੀ ਹੈ। ਸਮੇਂ ਦੇ ਨਾਲ ਯੋਜਨਾਬਧ ਖਰਚ ਵਧੇ ਹਨ ਪਰ ਕਿਉਂਕਿ ਪੂੰਜੀ ਬਣਤਰ ਖ਼ਾਸ ਤਕਨੀਕਾਂ ਨਾਲ ਬੱਝੀ ਹੋਈ ਹੈ, ਖੇਤੀਬਾੜੀ ਲਈ ਯੋਜਨਾਬੱਧ ਖਰਚੇ ਵਿਚ ਹੌਲੀ-ਹੌਲੀ ਗਿਰਾਵਟ ਆਉਂਦੀ ਗਈ (ਚਿੱਤਰ–2)। ਗ਼ੈਰ ਯੋਜਨਾਬਧ ਨਿਵੇਸ਼ ਨੂੰ ਬਣਾਈ ਰੱਖਿਆ ਗਿਆ ਹੈ, ਜਿਸ ਨਾਲ ਇਹ ਨਿਸ਼ਚਿਤ ਹੋਇਆ


*ਚਿੱਤਰ–1 : ਖੇਤੀਬਾੜੀ ਉਤਪਾਦਨ ਅਤੇ ਲਾਗਤ – ਪ੍ਰਮੁੱਖ ਸੂਚੀ ਪੱਤਰ (1970–71 ਤੋਂ 2011–12) (1990–91=100*




ਸਰੋਤ : ਡੀ ਈ ਐੱਸ ਦੇ ਵੱਖ-ਵੱਖ ਸਾਲਾਂ ਤੋਂ ਅਨੁਮਾਨਤ

ਚਿੱਤਰ-2 : ਖੇਤੀਬਾੜੀ, ਪੇਂਡੂ ਵਿਕਾਸ ਅਤੇ ਦੂਜੇ ਉੱਪ ਖੇਤਰਾਂ ਲਈ ਯੋਜਨਾਬਧ ਖਰਚ ਦੇ ਰੁਝਾਨ

(ਕੁੱਲ ਯੋਜਨਾਬਧ ਖਰਚ ਦਾ ਪ੍ਰਤਿਸ਼ਤ ਹਿੱਸਾ)




| ਤਾਲਿਕਾ-2 :ਖੇਤੀਬਾੜੀ ਖੋਜ ਲਈ ਕੇਂਦਰ ਸਰਕਾਰ, ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਲੋਂ ਕੀਤੇ ਗਏ ਖਰਚ ਦਾ ਅਨੁਪਾਤ | |
|---|---|
| ਸਾਲ | ਅਨੁਪਾਤ - ਕੇਂਦਰ ਸਰਕਾਰ : ਰਾਜ ਸਰਕਾਰਾਂ : ਕੇਂਦਰ ਸ਼ਾਸ਼ਿਤ ਪ੍ਰਦੇਸ਼ |
| 1960-61 | 39:61 |
| 1965-66 | 26:74 |
| 1974-75 | 59:41 |
| 1979-80 | 67:33 |
| 1990-91 | 71:29 |
| 1997-98 | 71:29 |
| 2006-07 | 75:25 |
| 2009-10 | 75:25 |

*ਸਰੋਤ : ਉੱਪਰ ਦਿਤੇ ਅੰਕੜਿਆਂ ਤੋਂ ਅਨੁਮਾਨਿਤ*

| ਤਾਲਿਕਾ-1 : ਰਾਸ਼ਟਰੀ ਖੇਤੀਬਾੜੀ ਖੋਜ ਖਰਚਾ (2004-05 ਦੀਆਂ ਕੀਮਤਾਂ ਅਨੁਸਾਰ) (ਕਰੋੜ ਰੁਪਏ) | | | |
|---|---|---|---|
| ਸਾਲ | ਕੁੱਲ ਕੇਂਦਰੀ ਸਰਕਾਰ | ਕੁੱਲ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ | ਕੁੱਲ ਐੱਨ ਏ ਆਰ ਈ |
| 1960-61 | 56.27 | 86.77 | 143.04 |
| 1970-71 | 261.98 | 187.53 | 449.51 |
| 1980-81 | 470.65 | 239.63 | 710.28 |
| 1990-91 | 784.67 | 327.05 | 1111.72 |
| 2000-01 | 1443.95 | 512.55 | 1956.50 |
| 2009-10 | 2302.40 | 765.95 | 3068.35 |

*ਸਰੋਤ :(ਸੀ ਏ ਜੀ ਦੇ ਵੱਖ-ਵੱਖ ਸਾਲਾਂ ਤੋਂ ਅਨੁਮਾਨਿਤ (ਰਾਜੇਸ਼ਵਰੀ, 1995, ਰੈਨਾ, 2014)*

*ਨੋਟ: ਕੁੱਲ ਸੀ ਆਰ ਈ = ਆਰ ਈ ਖੇਤੀਬਾੜੀ ਮੰਤਰਾਲਾ ਤੋਂ (ੳ) ਖੇਤੀਬਾੜੀ ਮੰਤਰਾਲਾ ਤੋਂ ਸੀ ਆਰ ਈ = ਆਈ ਸੀ ਏ ਆਰ ਦੇ ਖੋਜ ਭੁਗਤਾਨ + ਖੇਤੀਬਾੜੀ ਲਈ ਖੋਜ ਅਕਾਊਂਟ + ਪਸ਼ੂ ਪਾਲਣ ਲਈ ਖੋਜ ਅਕਾਊਂਟ। (ਅ) ਕੇਂਦਰੀ ਖੋਜ ਖਰਚ ਦਾ ਅਨੁਮਾਨ - ਅਸੀਂ ਕੇਂਦਰ ਸਰਕਾਰ ਦੇ ਖੇਤੀਬਾੜੀ ਖੋਜ ਤੇ ਸਿੱਖਿਆ ਖਰਚ ਦੇ 97 ਪ੍ਰਤਿਸ਼ਤ ਨੂੰ ਲਿਆ ਹੈ। (ੲ) ਸੂਬਾਈ ਖੋਜ ਖਰਚ ਦਾ ਅਨੁਮਾਨ - ਅਸੀਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਸਰਕਾਰਾਂ ਵਲੋਂ ਖੇਤੀ ਖੋਜ ਤੇ ਸਿੱਖਿਆ ਲਈ ਕੀਤੇ 33 ਪ੍ਰਤਿਸ਼ਤ ਨੂੰ ਲਿਆ ਹੈ। (ਸ) ਰਾਸ਼ਟਰੀ ਖੇਤੀਬਾੜੀ ਖੋਜ ਖਰਚਾ (ਐੱਨ ਏ ਆਰ ਈ) ਕੁੱਲ (97 ਪ੍ਰਤਿਸ਼ਤ ਕੇਂਦਰ ਸਰਕਾਰ 33 ਪ੍ਰਤਿਸ਼ਤ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਸਰਕਾਰਾਂ) ਖੇਤੀ ਖੋਜ ਅਤੇ ਸਿੱਖਿਆ 'ਤੇ ਖਰਚ।*

ਕਿ ਯੋਜਨਾ ਪ੍ਰੋਗਰਾਮ ਦੀ ਵਿਆਪਕ ਜਨਤਕ ਨਿਵੇਸ਼ ਵਿਚ ਤਬਦੀਲੀ ਨੂੰ ਖੇਤੀਬਾੜੀ ਲਈ ਪੂੰਜੀ ਬਣਤਰ ਬਣਾ ਦਿਤਾ ਜਾਵੇ (ਖੇਤੀਬਾੜੀ ਮੰਤਰਾਲਾ, 2003)। ਨੀਤੀ ਯੰਤਰਾਂ ਜਾਂ ਪ੍ਰੋਗਰਾਮਾਂ ਦੀ ਧਾਰਣਾ, ਨਮੂਨਾ ਵਿਕਸਤ ਕਰਨ ਅਤੇ ਲਾਗੂ ਕਰਨ ਦੀਆਂ ਸਮਰਥਾਵਾਂ ਨੂੰ ਢਾਹ ਲੱਗੀ ਹੈ ਜੋ ਲਗਾਤਾਰ ਸਾਹਮਣੇ ਆ ਰਹੀਆਂ ਵਾਤਾਵਰਨ ਅਤੇ ਉਤਪਾਦਨ ਚੁਣੌਤੀਆਂ ਨਾਲ ਨਜਿੱਠਦੇ ਹਨ।

## ਭਾਰਤੀ ਖੇਤੀਬਾੜੀ ਖੋਜ ਦਾ ਕੇਂਦਰੀਕਰਨ

ਵਿਕੇਂਦਰੀਕ੍ਰਿਤ ਖੇਤੀ-ਵਾਤਾਵਰਨ ਜਾਣਕਾਰੀ ਢਾਂਚੇ ਤੇ ਜਾਰੀ ਰਹਿਣ ਯੋਗ ਸਰੋਤ ਪ੍ਰਬੰਧਨ ਅਤੇ ਉਤਪਾਦਨ ਵਧਾਉਣ ਵਾਲੀ ਖੋਜ ਦੇ ਮੁਢਲੇ ਸਿਧਾਂਤਾਂ ਦੇ ਪੁਨਰ ਵਿਚਾਰ ਦੀਆਂ ਸਿਫ਼ਾਰਸ਼ਾਂ (ਯੋਜਨਾ ਆਯੋਗ, 2011 ਏ) ਜੈਵਿਕ-ਭੌਤਿਕ ਅਤੇ ਸਮਾਜਿਕ-ਆਰਥਿਕ ਸੰਦਰਭ ਵਿਚ ਖੇਤੀਬਾੜੀ ਪ੍ਰਣਾਲੀ ਨੂੰ ਸਮਝਣ ਦੀ ਮੰਗ ਕਰਦੀਆਂ ਹਨ। ਇਹ ਸਮਰਥਾਵਾਂ ਖੇਤੀ-ਵਾਤਾਵਰਨ ਖਿੱਤੇ ਤੋਂ ਅਲੱਗ ਹਨ ਜੋ ਜੈਵਿਕ-ਭੌਤਿਕ ਭਿੰਨਤਾਵਾਂ 'ਤੇ ਹੀ ਆਧਾਰਤ ਹਨ। ਇਹ ਵਿਕੇਂਦਰੀਕ੍ਰਿਤ ਪ੍ਰਸੰਗਿਕ ਜਾਣਕਾਰੀ ਅਤੇ ਲਾਗੂ ਕਰਨ ਦੀ ਸਮਰਥਾ ਦੀ ਮੰਗ ਕਰਦੀਆਂ ਹਨ। ਪਰ ਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਲਾਗੂਕਰਨ ਭਾਰਤ ਵਿਚ ਖੇਤੀਬਾੜੀ ਖੋਜ ਢਾਂਚੇ ਅਤੇ ਸਮੱਗਰੀ ਦੀ ਇਕ ਖ਼ਾਸੀਅਤ ਹੈ।

1960-61 ਦੇ 150 ਕਰੋੜ ਰੁਪਏ ਤੋਂ ਵੀ ਘੱਟ ਤੋਂ ਲੈ ਕੇ, ਰਾਸ਼ਟਰੀ ਜਨਤਕ ਖੇਤਰ ਦਾ ਖੋਜ ਕਾਰਜਾਂ 'ਤੇ ਖਰਚ (ਸਿੱਖਿਆ ਅਤੇ ਪਸਾਰ ਖਰਚਿਆਂ ਨੂੰ ਛੱਡ ਕੇ) ਇਹ ਰਕਮ 2009-10 ਵਿਚ 3000 ਕਰੋੜ ਰੁਪਏ ਤੋਂ ਵੀ ਵਧ ਗਈ (2004-05 ਦੀਆਂ ਕੀਮਤਾਂ 'ਤੇ ਆਧਾਰਤ, ਤਾਲਿਕਾ-1)। 1960 ਤਕ ਖੇਤੀਬਾੜੀ ਉਤਪਾਦਨ ਬੁਨਿਆਦੀ ਢਾਂਚਾ ਐੱਸ ਅਤੇ ਟੀ ਪ੍ਰਣਾਲੀਆਂ ਮੁੱਖ ਤੌਰ ਤੇ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਸਨ।

ਤਕਨੀਕ ਆਧਾਰਿਤ ਪ੍ਰੋਗਰਾਮਾਂ ਲਈ ਕੇਂਦਰ ਸਰਕਾਰ ਦੀ ਸਿੱਧੀ ਸਹਾਇਤਾ ਅਤੇ ਸਿੰਜਾਈ (90 ਪ੍ਰਸ਼ਿਤ ਤੋਂ ਵੱਧ), ਬੀਜ, ਰਸਾਇਣਕ ਖਾਦਾਂ ਅਤੇ ਖੇਤੀ ਮਸ਼ੀਨਰੀ ਲਈ ਜਨਤਕ ਨਿਵੇਸ਼ ਨਾਲ ਐੱਸ ਅਤੇ ਟੀ ਦਾ ਜ਼ਿਆਦਾ ਕੇਂਦਰੀਕਰਨ ਵੀ ਹੋਇਆ ਹੈ (ਰੈਨਾ,2011)। 1960 ਦੇ ਰਾਜ ਸਰਕਾਰਾਂ ਦੇ ਵੱਡੇ ਹਿੱਸੇ ਦੇ ਮੁਕਾਬਲੇ ਵਰਤਮਾਨ ਵਿਚ (1990 ਤੋਂ) ਰਾਜ ਸਰਕਾਰਾਂ ਦਾ ਰਾਸ਼ਟਰੀ ਖੇਤੀ ਖੋਜ ਖਰਚ ਦਾ ਹਿੱਸਾ ਨਿਗੂਣਾ ਜਿਹਾ ਇਕ ਤਿਹਾਈ ਤੋਂ ਘੱਟ ਰਹਿ ਗਿਆ ਹੈ (ਤਾਲਿਕਾ-2)।

ਇਹ ਸਮਝਣ ਲਈ ਕਿ ਇਹ ਕੇਂਦਰੀਕਰਨ ਕਿਵੇਂ ਵਿਕਸਤ ਹੋਇਆ, ਅਸੀਂ ਖੇਤੀਬਾੜੀ ਖੋਜ ਦੀ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਪੱਧਰ 'ਤੇ ਪ੍ਰਮੁੱਖ ਸੰਗਠਨਾਤਮਕ ਅਤੇ ਸੰਸਥਾਗਤ ਬਦਲਾਵਾਂ ਦੇ ਮੱਦੇਨਜ਼ਰ ਵਰਗ ਵੰਡ ਕਰਾਂਗੇ (ਤਾਲਿਕਾ-3)। ਆਈ ਸੀ ਏ ਆਰ ਇਕ ਪੰਜੀਕ੍ਰਿਤ ਸੋਸਾਇਟੀ ਸੀ ਜਿਸ ਦਾ ਗਠਨ 1929 ਵਿਚ ਹੋਇਆ ਸੀ। ਆਧੁਨਿਕ ਤਕਨੀਕ ਲਈ ਉਤਪਾਦਨ ਸੀਮਾ ਬਦਲਣ ਦੀ ਲੋੜ, ਜੋ 1950ਵਿਆਂ ਅਤੇ 60ਵਿਆਂ ਅੰਦਰ ਮਹਿਸੂਸ ਕੀਤੀ ਗਈ, ਵਿਚ ਮੰਗ ਕੀਤੀ ਗਈ ਕਿ "ਦੂਰਗਾਮੀ ਕੇਂਦਰੀ ਅਥਾਰਿਟੀ ਅਤੇ ਕਾਰਜ ਕਰਨ ਅਤੇ ਲਾਗੂ ਕਰਨ ਦੀ ਇਕ ਸਪੱਸ਼ਟ ਰੇਖਾ ਹੀ ਜ਼ਿਆਦਾ ਅਨਾਜ ਪੈਦਾ ਕਰਨ

| ਤਾਲਿਕਾ-3: ਕੇਂਦਰ ਤੇ ਰਾਜ ਸਰਕਾਰਾਂ ਵਲੋਂ ਖੇਤੀ ਖੋਜ ਖਰਚ ਦੇ ਵਿਕਾਸ ਦੇ ਦੌਰ (ਪ੍ਰਤਿਸ਼ਤ ਸੀ ਏ ਜੀ ਆਰ) | | |
|---|---|---|
| ਮਹੱਤਵਪੂਰਨ ਦੌਰ | ਸਾਲ | ਸੀ ਏ ਜੀ ਆਰ |
| **ਕੇਂਦਰੀ** | | |
| ਚੱਕਬੰਦੀ ਤੋਂ ਪਹਿਲਾਂ | 1960-61 ਤੋਂ 1965-66 | -1.96 |
| ਪੂਰਵ ਵਿਭਾਗੀ (ਡੀ ਏ ਆਰ ਈ) ਸਥਿਤੀ | 1966-67 ਤੋਂ 1974-75 | 9.53 |
| ਕੇਂਦਰੀਕ੍ਰਿਤ ਚੱਕਬੰਦੀ ਫ਼ੈਲਾਅ ਦਾ ਦੌਰ | 1975-76 ਤੋਂ 1996-97 | 7.49 |
| ਕੇਂਦਰੀਕ੍ਰਿਤ ਚੱਕਬੰਦੀ ਦੌਰ | 1997-98 ਤੋਂ 2009-10 | 8.15 |
| **ਰਾਜ** | | |
| ਪੂਰਵ ਮਾਡਲ ਐਕਟ ਅਤੇ ਐੱਸ ਏ ਯੂ ਐੱਸ | 1960-61 ਤੋਂ 1969-70 | 7.69 |
| ਪੂਰਵ ਐੱਨ ਏ ਏ ਸੀ +ਐੱਸ ਏ ਯੂ ਐੱਸ+ਏ ਆਈ ਸੀ ਆਰ ਪੀ ਦੌਰ | 1970-71 ਤੋਂ 1989-90 | 2.41 |
| ਕੇਂਦਰੀਕਰਨ ਦਾ ਦੌਰ | 1990-91 ਤੋਂ 2009-10 | 4.58 |

*ਸਰੋਤ : ਉੱਪਰ ਦਿਤੇ ਅੰਕੜਿਆਂ ਤੋਂ ਅਨੁਮਾਨਿਤ*

ਦੀ ਚੁਨੌਤੀ ਨਾਲ ਨਿਪਟਣ ਦੇ ਸਮਰੱਥ ਹੈ" (ਦਿ ਐਗਰੀਕਲਚਰਲ ਪ੍ਰੋਡਕਸ਼ਨ ਟੀਮ,1959,ਪੰਨਾ-6)।

ਭਾਵੇਂ ਕਿ ਵਿਭਿੰਨ ਖੋਜ ਸੰਗਠਨਾਂ ਅਤੇ ਹਿਤਾਂ ਵਾਲੇ ਸਮੂਹਾਂ ਦਾ ਇਕ ਲੰਮਾ ਇਤਿਹਾਸ ਸੀ, ਇਹ 'ਚੱਕਬੰਦੀ ਤੋਂ ਪਹਿਲਾਂ' ਵਾਲਾ ਦੌਰ ਤਣਾਅ ਭਰਿਆ ਸੀ, ਜਿਸ ਵਿਚ ਖੋਜ ਖਰਚੇ 'ਚ ਨਾਂਹ ਪੱਖੀ ਵਿਕਾਸ ਵੀ ਦਰਜ ਸੀ (ਤਾਲਿਕਾ-3)।

1965 ਵਿਚ ਸ਼ੁਰੂ ਹੋਏ ਦੂਜੇ ਦੌਰ ਵਿਚ ਸਾਰੇ ਖੋਜ ਸੰਸਥਾਨਾਂ ਨੂੰ ਮੰਤਰਾਲੇ ਹੇਠ ਲਿਆਂਦਾ ਗਿਆ। ਜਿਣਸ ਕਮੇਟੀਆਂ ਅਤੇ ਕੁਝ ਰਾਜ ਸਰਕਾਰਾਂ ਆਦਿ ਨੂੰ ਆਈ ਸੀ ਏ ਆਰ ਦੇ ਦਾਇਰੇ ਵਿਚੋਂ ਬਾਹਰ ਕੀਤਾ ਗਿਆ। ਇਸ ਨੇ ਆਈ ਸੀ ਏ ਆਰ ਦੀ ਇਕ ਖ਼ੁਦਮੁਖਤਿਆਰ ਇਕਾਈ ਵਜੋਂ ਹੋਂਦ ਨੂੰ ਖਤਮ ਕਰਨਾ ਸ਼ੁਰੂ ਕਰ ਦਿਤਾ ਅਤੇ ਖੋਜ ਲਈ ਵਿੱਤ ਅਤੇ ਲਾਗੂ ਕਰਨ ਦੀਆਂ ਸ਼ਕਤੀਆਂ ਕੇਂਦਰ ਸਰਕਾਰ ਦੇ ਖੇਤੀਬਾੜੀ ਵਿਭਾਗ ਕੋਲ ਆ ਗਈਆਂ। 1975 ਵਿਚ ਖੇਤੀ, ਖੋਜ ਅਤੇ ਸਿੱਖਿਆ ਵਿਭਾਗ (ਡੀ ਏ ਆਰ ਈ) ਨੂੰ ਮਾਨਤਾ ਮਿਲਣ ਨਾਲ ਖੇਤੀ ਖੋਜ ਪੱਖਾਂ ਦਾ ਪੂਰਨ ਰੂਪ ਵਿਚ ਕੇਂਦਰੀਕਰਨ ਹੋ ਗਿਆ (ਵਿੱਤ, ਯੋਜਨਾਬੰਦੀ, ਲਾਗੂਕਰਨ, ਕਰਮਚਾਰੀਆਂ ਦੀ ਭਰਤੀ ਅਤੇ ਪੇਸ਼ਾਵਰ ਤਰੱਕੀ)। ਇਸ ਵਿਚ ਖੋਜ ਦਾ ਪ੍ਰੋਟੋਕੋਲ ਵੀ ਸ਼ਾਮਿਲ ਸੀ - ਜਿਵੇਂ ਕਿ ਤਾਲਮੇਲ ਵਾਲੇ ਖੋਜ ਪ੍ਰਜੈਕਟਾਂ ਵਿਚ, ਖੇਤੀਬਾੜੀ ਵਿਗਿਆਨ ਪਾਠਕ੍ਰਮ ਦੇ ਉਦੇਸ਼ ਅਤੇ ਸਮੱਗਰੀ ਵਿਚ ਹੁੰਦਾ ਹੈ ਜੋ ਸਾਰੀਆਂ ਰਾਜ ਖੇਤੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਅਧੀਨ ਤਿੰਨ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਜਾਂਦਾ ਹੈ। ਇਹ ਤੀਜਾ ਦੌਰ 1990ਵਿਆਂ ਤਕ ਜਾਰੀ ਰਿਹਾ ਅਤੇ ਇਸ ਨੇ ਖੋਜ ਦਾ ਵਿਆਪਕ ਵਿਸਥਾਰ ਤੱਕਿਆ, ਭਾਵੇਂ ਕਿ ਛੋਟੇ, ਪਰਿਵਰਤਨਕਾਰੀ ਦੂਜੇ ਦੌਰ ਵਿਚ ਖੇਤੀ ਖੋਜ ਖਰਚੇ ਦੀ ਵਿਕਾਸ ਦਰ ਘੱਟ ਹੀ ਰਹੀ (ਤਾਲਿਕਾ-3)। ਵਿਸਤਾਰ ਵਾਲਾ ਦੌਰ ਨਿਰੰਤਰ ਜਾਰੀ ਰਿਹਾ, ਉਦੋਂ ਵੀ ਜਦੋਂ ਵਿਗਿਆਨਕ ਭਾਈਚਾਰੇ ਨੇ ਮਹਿਸੂਸ ਕੀਤਾ ਕਿ ਹਰੀ ਕ੍ਰਾਂਤੀ ਦੀਆਂ ਪ੍ਰਾਪਤੀਆਂ ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਹਨ (ਆਈ ਸੀ ਏ ਆਰ, 1998; ਭੱਲਾ ਅਤੇ ਸਿੰਘ, 2010)। ਇਹ ਠੁੱਕਬੰਦੀ, ਕੇਂਦਰੀਕ੍ਰਿਤ ਐੱਨ ਏ ਆਰ ਐੱਸ ਦਾ 1997 ਵਿਚ ਸ਼ੁਰੂ ਹੋਇਆ ਚੌਥਾ ਦੌਰ ਸੀ ਜੋ ਅੱਜ ਤਕ ਚੱਲ ਰਿਹਾ ਹੈ। ਇਸ ਦੌਰ ਅੰਦਰ ਜੈਵਿਕ ਅਤੇ ਅਜੈਵਿਕ ਤਣਾਅ ਲਈ ਰਾਸ਼ਟਰੀ ਸੰਸਥਾਨ ਦੀ ਸਥਾਪਨਾ ਹੋਈ, ਜੋ ਰਾਜ ਪੱਧਰ 'ਤੇ ਖੇਤੀਬਾੜੀ ਕਾਲਜਾਂ ਅਤੇ ਬਸਤੀਵਾਦੀ ਯੁਗ ਦੀ ਸਿੱਖਿਆ ਦੀ ਸ਼ੁਰੂਆਤ ਅਤੇ ਪੇਂਡੂ ਭਾਰਤ ਵਿਚ ਖੇਤੀ ਸੰਬੰਧੀ ਸਿੱਖਿਆ ਦੀ ਕਿਸਮ ਬਾਰੇ ਭਰਵੀਆਂ ਬਹਿਸਾਂ ਨਾਲ, ਪਹਿਲੇ ਦੌਰ ਵਿਚ ਭੂਮੀ ਤਬਦੀਲੀ ਗਰਾਂਟ ਮਾਡਲ (ਢਾਂਚੇ ਵਿਚ, ਵੇਖੋ ਬੁੱਸ਼, 1986), ਅਤੇ 1960 ਵਿਚ ਪਹਿਲੀ ਰਾਜਕੀ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਹੋਈ। ਐੱਸ ਏ ਯੂ ਐੱਸ ਦੇ ਮਾਡਲ ਐਕਟ (1966) ਨੂੰ 1960ਵਿਆਂ ਦੇ ਅਖੀਰ ਵਿਚ ਲਾਗੂ ਕਰ ਦਿਤਾ ਗਿਆ, ਜਿਸ ਅਧੀਨ ਰਾਜ ਅਤੇ ਕੇਂਦਰਸ਼ਾਸਿਤ ਪ੍ਰਦੇਸ਼ਾਂ ਦੇ ਖੋਜ ਤੇ ਖਰਚੇ ਨੂੰ ਵਧਾਉਣ ਦੇ ਨਾਲ-ਨਾਲ ਆਈ ਸੀ ਏ ਆਰ ਦੀਆਂ ਸ਼ਕਤੀਆਂ ਨੂੰ ਵੀ ਸੁਦ੍ਰਿੜ੍ਹ ਕੀਤਾ ਗਿਆ। ਦੂਜਾ ਦੌਰ, ਜਿਸ ਵਿਚ ਡੀ ਏ ਆਰ ਈ ਵਲੋਂ ਰਾਸ਼ਟਰੀ ਤਾਲਮੇਲ ਤੰਤਰ ਬਾਰੇ ਫ਼ੈਸਲਾ ਕੀਤਾ ਗਿਆ, ਸਾਰੀਆਂ ਐੱਸ ਏ ਯੂ ਐੱਸ ਲਈ ਪਾਠਕ੍ਰਮ ਅਤੇ ਦਿਸ਼ਾ ਨਿਰਦੇਸ਼ ਨਿਰਧਾਰਤ ਕਰਨ ਲਈ ਐੱਨ ਏ ਏ ਸੀ ਦੀ ਸਥਾਪਨਾ ਹੋਈ, ਖੋਜ ਅਤੇ ਪਸਾਰ ਸਿੱਖਿਆ ਲਈ ਇਕਸਮਾਨ ਲਾਗੂਕਰਨ ਹੋਇਆ - ਇਹ ਦੌਰ ਰਾਜ ਪੱਧਰੀ ਖੇਤੀ ਖੋਜ ਖਰਚੇ ਦੀ ਨਿਮਨ ਵਿਕਾਸ ਦਰ ਲਈ ਜਾਣਿਆ ਜਾਂਦਾ ਹੈ (ਤਾਲਿਕਾ-3)।

ਤੀਜਾ ਦੌਰ ਜੋ 1990ਵਿਆਂ ਦੇ ਸ਼ੁਰੂ ਵਿਚ ਆਰੰਭ ਹੋਇਆ, ਵਿਚ ਖੇਤੀ-ਵਾਤਾਵਰਣਿਕ ਖਿੱਤਾ ਮੁਖੀ ਖੋਜ ਦੀ ਮੰਗ ਨਾਲ ਸ਼ੁਰੂ ਹੋਇਆ। ਪਰ ਕੇਂਦਰੀਕ੍ਰਿਤ ਖੋਜ ਪ੍ਰਣਾਲੀ ਹੇਠ, ਆਈ ਸੀ ਏ ਆਰ ਨੇ ਯੋਜਨਾਬਧ ਢੰਗ ਨਾਲ ਰਾਜਾਂ ਦੀ ਖੋਜ ਸਮਰਥਾ ਦਾ ਮਲੀਆਮੇਟ ਕਰ ਦਿਤਾ ਸੀ (ਝਾ, 2002), ਭਾਵੇਂ ਕਿ ਮਹਾਂਰਾਸ਼ਟਰ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜ, ਰਾਸ਼ਟਰੀ ਖੇਤੀਬਾੜੀ ਖੋਜ ਅਤੇ ਸਿੱਖਿਆ ਖਰਚਿਆਂ ਦਾ ਵੱਡਾ ਹਿੱਸਾ (ਲਗਭਗ ਅੱਧਾ) ਕਰਦੇ ਸਨ ਅਤੇ ਜਿਨ੍ਹਾਂ ਨੇ ਸਥਾਨਕ ਉਤਪਾਦਨ ਪ੍ਰਣਾਲੀ ਬਾਰੇ ਅਨੇਕ ਤਜਰਬੇ ਕੀਤੇ, ਨੇ ਵੀ ਖੇਤੀਬਾੜੀ ਖੋਜ ਲਈ ਆਪਣੇ ਆਪਣੇ ਮਿਲੇ ਧਨ, ਨੂੰ ਘੱਟ ਕਰਨਾ ਸ਼ੁਰੂ ਕਰ ਦਿਤਾ। ਖੇਤੀਬਾੜੀ ਵਿਗਿਆਨ ਲਈ ਮੁਕਾਬਲਤਨ ਇਕਸਮਾਨ ਪਾਠਕ੍ਰਮ 21ਵੀਂ ਸਦੀ ਵਿਚ ਵੀ ਜਾਰੀ ਹੈ, ਬਾਵਜੂਦ ਇਸ ਦੇ ਕਿ ਰਾਜਾਂ ਵਲੋਂ ਹਾਲ ਹੀ ਵਿਚ ਵਰਤਮਾਨ ਰਾਜਕੀ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਖੇਤੀਬਾੜੀ ਬਾਗ਼ਬਾਨੀ, ਪਸ਼ੂ ਪਾਲਣ ਅਤੇ ਮੱਛੀ ਪਾਲਣ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਵੰਡਣ ਦਾ ਰੁਝਾਨ ਨਜ਼ਰ ਆ ਰਿਹਾ ਹੈ। ਭਾਵੇਂ ਕਿ ਸਿੱਖਿਆ ਅਤੇ ਖੋਜ ਦਾ ਇਹ ਤਥਾਕਥਿਤ ਭੰਡਾਰਨ ਅਧਿਕ ਕੇਂਦਰੀਕਰਨ ਅਤੇ ਸਥਾਨਕ ਸਮੱਸਿਆਵਾਂ ਦੇ ਸੰਦਰਭ ਵਿਚ ਇਕ ਤਰਕਸੰਗਤ ਹੱਲ ਹੈ, ਇਹ ਖੇਤੀ-ਵਾਤਾਵਰਨ ਅਧਾਰਿਤ ਖੇਤਰੀ ਖੋਜ, ਕਿਸਾਨ ਦੀ ਭਾਗੀਦਾਰੀ ਵਾਲੀ ਖੋਜ, ਕਿਸਾਨੀ ਪ੍ਰਣਾਲੀਆਂ ਦੀ ਖੋਜ, ਅਤੇ ਸਭ ਤੋਂ ਮਹੱਤਵਪੂਰਨ ਮੌਸਮ ਬਦਲਾਅ ਅਨੁਕੂਲਨ ਅਤੇ ਲਚਕ ਦਾ ਵਿਰੋਧਾਭਾਸ ਵੀ ਪ੍ਰਗਟ ਕਰਦਾ ਹੈ।

ਆਪਾਂ ਯਾਦ ਕਰੀਏ ਕਿ 1960ਵਿਆਂ ਅੰਦਰ ਖੇਤੀਬਾੜੀ ਖੋਜ ਦੀ ਠੁੱਕਬੰਦੀ ਅਤੇ ਕੇਂਦਰੀਕਰਨ ਇਕ ਜ਼ਰੂਰਤ ਸੀ, ਇਕ ਅਜਿਹਾ ਨਮੂਨਾ ਜਿਸ ਦੀ ਖੇਤੀਬਾੜੀ ਰਣਨੀਤੀ ਅਤੇ ਇਸ ਦੀ ਉਤਪਾਦਨ ਤਕਨੀਕ ਮਾਰਗ ਪ੍ਰਵਾਨਿਤ ਮੰਗ ਸੀ। 21ਵੀਂ ਸਦੀ ਵਿਚ ਤਕਨੀਕ ਦੁਆਰਾ ਉਭਾਰੇ ਖੋਜ ਅਤੇ ਵਿਕਾਸ ਨੂੰ ਬਹੁਤ ਵਧੀਆ ਨਹੀਂ ਸਮਝਿਆ ਜਾਂਦਾ ਜਾਂ ਇਸ ਨੂੰ ਵਾਧੂ ਨਿਵੇਸ਼ ਪ੍ਰਾਪਤ ਨਹੀਂ ਹੁੰਦਾ। ਇਸ ਸਨਮਾਨ ਦੇ ਘਟਣ ਦਾ ਇਕ ਸੂਚਕ ਬਜਟ ਵਿਚ ਕਟੌਤੀ ਹੈ

ਜਿਸ ਦਾ ਹਾਲੀਆ ਸਾਲਾਂ ਵਿਚ ਆਈ ਸੀ ਏ ਆਰ ਨੂੰ ਸਾਹਮਣਾ ਕਰਨਾ ਪਿਆ, ਜੋ ਸਾਲਾਨਾ ਯੋਜਨਾਵਾਂ ਵਿਚ ਪ੍ਰਵਾਨਿਤ ਬਜਟ ਦੇ ਉਲਟ ਹੈ। ਆਈ ਸੀ ਏ ਆਰ ਦੇ ਕੁੱਲ ਬਜਟ ਦੀ ਵਿਕਾਸ ਦਰ (ਯੋਜਨਾਬਧ ਅਤੇ ਗ਼ੈਰ ਯੋਜਨਾਬਧ) ਪਿਛਲੇ ਸਾਲਾਂ ਵਿਚ ਹੇਠਾਂ ਆਈ ਹੈ (-3.90 ਪ੍ਰਤਿਸ਼ਤ 2010-11 ਤੋਂ 2013-14) ਮੁਕਾਬਲਤਨ ਪਿਛਲੇ ਦਹਾਕੇ 9.16 ਪ੍ਰਤਿਸ਼ਤ 2006-07 ਤੋਂ 2010-11 ਲਈ) (ਆਈ ਸੀ ਏ ਆਰ ਦੇ ਸਾਲਾਨਾ ਅਕਾਊਂਟ ਅੰਕੜਿਆਂ ਤੋਂ ਅਨੁਮਾਨਿਤ)। ਛੇਵਾਂ ਤਨਖ਼ਾਹ ਆਯੋਗ ਲਾਗੂ ਹੋਣ ਉਪਰੰਤ 2006-07 ਤੋਂ 2010-11 ਦੇ ਸਮੇਂ ਦੌਰਾਨ ਹੋਇਆ ਵਿਕਾਸ ਹੁਣ ਮੱਠਾ ਪੈ ਚੁੱਕਾ ਹੈ। ਭਾਰਤੀ ਆਰਥਿਕਤਾ ਵਿਚ ਖੇਤੀਬਾੜੀ ਖੋਜ ਹਾਲੇ ਵੀ ਓਨੀ ਹੀ ਅਪ੍ਰਸੰਗਿਕ ਹੈ ਜਿੰਨੀ ਹਰੀ ਕ੍ਰਾਂਤੀ ਸ਼ੁਰੂ ਹੋਣ ਤੋਂ ਪਹਿਲਾਂ ਸੀ - ਰਾਸ਼ਟਰੀ ਖੇਤੀਬਾੜੀ ਖੋਜ ਖਰਚ (ਸਿੱਖਿਆ ਖਰਚ ਨੂੰ ਛੱਡ ਕੇ) 1965-66 ਦੇ 0.037 ਪ੍ਰਤਿਸ਼ਤ ਦੇ ਮੁਕਾਬਲੇ 2009-10 ਵਿਚ 0.068 ਪ੍ਰਤਿਸ਼ਤ 'ਤੇ ਆ ਗਿਆ ਹੈ, ਰਾਸ਼ਟਰੀ ਕੁੱਲ ਘਰੇਲੂ ਉਤਪਾਦ ਦੇ ਹਿਸਾਬ ਨਾਲ (ਤਾਲਿਕਾ-1 ਵਿਚ ਵਰਤੇ, ਸੀ ਏ ਜੀ ਦੇ ਅੰਕੜੇ ਅਤੇ ਸੀ ਐੱਸ ਓ ਅੰਕੜਿਆਂ ਤੋਂ ਅਨੁਮਾਨਿਤ)। ਖੇਤੀਬਾੜੀ ਕੁੱਲ ਘਰੇਲੂ ਉਤਪਾਦ ਵਿਚ, 1965-66 ਦੇ 0.094 ਪ੍ਰਤਿਸ਼ਤ ਦੇ ਮੁਕਾਬਲੇ 2009-10 ਵਿਚ ਖੇਤੀ ਖੋਜ ਖਰਚ ਦਾ ਹਿੱਸਾ ਵਧ ਕੇ 0.448 ਪ੍ਰਤਿਸ਼ਤ ਹੋ ਗਿਆ ਹੈ।

ਭਾਵੇਂ ਕਿ ਆਈ ਸੀ ਏ ਆਰ ਤਹਿਤ 95 ਸੰਗਠਨ ਦੇਸ਼ ਦੇ ਵੱਖ-ਵੱਖ ਖੇਤੀ ਵਾਤਾਵਰਨ ਖਿੱਤਿਆਂ ਵਿਚ ਖੇਤਰੀ ਕੇਂਦਰ ਵੀ ਹਨ, ਸਿੰਜਾਈ ਰਸਾਇਣ ਮੁਖੀ ਉਤਪਾਦਨ ਦਾ ਕੇਂਦਰੀ ਖੋਜ ਏਜੰਡਾ ਹਾਲੇ ਵੀ ਮੁਹਰੈਲ ਹੈ (ਭਾਰਤ ਸਰਕਾਰ, 2008; ਰੈਨਾ, 2011)। ਖੋਜ ਡਿਜ਼ਾਈਨ ਅਤੇ ਇਕ ਸਮਾਨ ਪ੍ਰਮੁੱਖ ਖੋਜ ਸਮੱਗਰੀ ਦੇ ਇਸ ਕੇਂਦਰੀਕਰਨ ਦਾ ਮਕਸਦ ਕੇਂਦਰ ਸਰਕਾਰ ਦੀ ਖੇਤੀਬਾੜੀ ਲਈ ਨੀਤੀਗਤ ਢਾਂਚੇ ਦੀ ਰਣਨੀਤੀ ਨੂੰ ਉਤਸ਼ਾਹਿਤ ਕਰਨਾ - ਕੇਂਦਰ ਅਤੇ ਰਾਜ ਸਰਕਾਰਾਂ ਦੀ ਸੰਵਿਧਾਨਕ ਭੂਮਿਕਾ ਨੂੰ ਕੱਟਦਾ ਹੈ। 'ਖੇਤੀਬਾੜੀ, ਸਮੇਤ ਖੇਤੀਬਾੜੀ ਪਸਾਰ ਅਤੇ ਖੋਜ, ਕੀਟਾਂ ਤੋਂ ਬਚਾਅ ਅਤੇ ਪੌਦਿਆਂ ਦੀਆਂ ਬੀਮਾਰੀਆਂ ਨੂੰ ਰੋਕਣ ਦੇ, ਇਕ ਰਾਜ ਦਾ ਵਿਸ਼ਾ ਹੈ (ਵੇਖੋ ਇੰਦਰਾਜ 14, ਸੂਚੀ-2-ਸੂਬਾਈ ਸੂਚੀ, ਭਾਰਤ ਦੇ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਵਿਚ)। ਸੰਵਿਧਾਨਕ ਸੰਧੀ ਅਤੇ ਯੋਜਨਾਬਧ ਵਿਕਾਸ ਦੇ ਬੇਤਹਾਸ਼ਾ ਕੇਂਦਰੀਕਰਨ ਨੂੰ ਧਿਆਨ ਵਿਚ ਰੱਖਦਿਆਂ (ਘੋਸ਼, 1992), ਰਾਜਾਂ ਦੇ ਅਨੁਕੂਲ ਖੇਤੀ ਵਿਕਾਸ ਸਕੀਮਾਂ ਸ਼ੁਰੂ ਕਰਕੇ ਗਿਆਰ੍ਹਵੀਂ ਪੰਜ ਸਾਲਾ ਯੋਜਨਾ (2007-2012) ਦੌਰਾਨ ਇਨ੍ਹਾਂ ਨੂੰ ਸਹਾਇਤਾ ਵੀ ਦਿਤੀ ਗਈ ਹੈ। ਆਰ ਕੇ ਵੀ ਵਾਈ (ਰਾਸ਼ਟਰੀ ਕ੍ਰਿਸ਼ੀ ਯੋਜਨਾ) ਅਤੇ ਵਿਆਪਕ ਜ਼ਿਲ੍ਹਾ ਖੇਤੀਬਾੜੀ ਯੋਜਨਾਵਾਂ (ਸੀ-ਡੀ ਏਪੀਜ਼) ਨੂੰ ਉਤਸਾਹਿਤ ਕਰਨ ਦੀਆਂ ਕੋਸ਼ਿਸ਼ਾਂ ਦੋ ਭਰੋਸੇਮੰਦ ਨੀਤੀ ਸੁਧਾਰ ਹਨ। ਪਰ ਇਨ੍ਹਾਂ ਦੇ ਨਾਲ-ਨਾਲ ਹੀ ਕੇਂਦਰੀਕ੍ਰਿਤ, ਖੇਤੀ ਵਾਤਾਵਰਨ ਖਿੱਤੇ ਪ੍ਰਤਿ ਵਿਗਿਆਨਕ ਖੋਜ ਸਹਾਇਤਾ ਵੀ ਮਿਲਣੀ ਚਾਹੀਦੀ ਹੈ ਤਾਂ ਕਿ ਸਮਾਜਿਕ ਤਕਨੀਕੀ ਉਤਪਾਦਨ ਸੰਦਰਭਾਂ ਅਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਨੂੰ ਸਮਝਿਆ ਜਾ ਸਕੇ ਅਤੇ ਸਮੱਸਿਆਵਾਂ ਦੀ ਵਿਆਖਿਆ ਲਈ ਸਮੁਦਾਇਕ ਭਾਗੀਦਾਰੀ, ਭਾਗੀਦਾਰੀ ਵਾਲੀ ਖੋਜ ਕਰਵਾਉਣਾ ਅਤੇ ਤਕਨੀਕ ਨੂੰ ਪ੍ਰਵਾਨ ਕਰਨ ਜਿਹੇ ਕਦਮ ਵੀ ਉਠਾਏ ਜਾਣੇ ਚਾਹੀਦੇ ਹਨ ਤਾਂ ਕਿ ਸਥਾਨਕ ਪੱਧਰ 'ਤੇ ਹੁੰਗਾਰਾ ਦੇਣ ਵਾਲੀਆਂ ਸਮਾਜਿਕ-ਤਕਨੀਕੀ ਪ੍ਰਣਾਲੀਆਂ ਪੈਦਾ ਕੀਤੀਆਂ ਜਾ ਸਕਣ।

ਖੇਤੀ ਖੋਜ, ਜਿਸ ਵਿਚ ਵਾਤਾਵਰਨਿਕ ਪ੍ਰਭਾਵ (ਯੋਜਨਾ ਆਯੋਗ, 2008) ਅਤੇ ਆਰਥਿਕ ਤੇ ਸਮਾਜਿਕ ਪ੍ਰਭਾਵ - ਖ਼ਾਸ ਕਰਕੇ ਘਰੇਲੂ ਆਮਦਨ ਅਤੇ ਪੋਸ਼ਣ ਸ਼ਾਮਿਲ ਹਨ (ਰਾਓ, 1982) ਅਤੇ ਜੋ ਸੰਕੀਰਣ ਸਿਰਿਆਂ ਤੋਂ ਅੱਗੇ ਜਾਂਦੇ ਹਨ, ਖੇਤੀ ਖੋਜ ਦੇ ਢਾਂਚੇ, ਪ੍ਰਚਾਲਨ ਅਤੇ ਸਮੱਗਰੀ ਵਿਚ ਬਦਲਾਅ ਦੀ ਮੰਗ ਕਰਦੇ ਹਨ। ਵਰਤਮਾਨ ਪ੍ਰਣਾਲੀ ਨੂੰ 1960ਵਿਆਂ ਤੋਂ ਬੜੇ ਧਿਆਨ ਨਾਲ ਵਿਕਸਤ ਕੀਤਾ ਗਿਆ ਹੈ, ਇਸ ਦਾ ਸੁਦ੍ਰਿੜ੍ਹੀਕਰਨ ਅਤੇ ਕੇਂਦਰੀਕਰਨ ਕੀਤਾ ਗਿਆ ਹੈ ਤਾਂ ਕਿ ਜਿਨਸ ਮੁਖੀ ਉਤਪਾਦ ਕੀਮਤ ਸਹਾਇਤਾ ਅਤੇ ਲਾਗਤ ਸਬਸਿਡੀ ਦੇ ਦੋਹਰੇ ਨੀਤੀਗਤ ਪੱਖਾਂ ਦੇ ਸੰਦਰਭ ਵਿਚ ਪੂਰਵ ਨਿਰਧਾਰਤ ਤਕਨੀਕਾਂ ਦਾ ਸਮੂਹ ਪ੍ਰਦਾਨ ਕੀਤਾ ਜਾ ਸਕੇ। ਜੇ ਸਰਕਾਰ ਨੂੰ ਉਤਪਾਦਨ ਪ੍ਰਭਾਵ ਅਤੇ ਵਾਤਾਵਰਨਿਕ ਪ੍ਰਭਾਵ ਚਾਹੀਦੇ ਹਨ (ਯੋਜਨਾ ਆਯੋਗ, 2008), ਤਾਂ ਇਸ ਨੂੰ ਕੇਂਦਰੀਕ੍ਰਿਤ ਯੋਜਨਾ ਅਤੇ ਪ੍ਰੋਗਰਾਮ ਬਣਾਉਣ ਲਈ ਸਮਰਥਾਵਾਂ ਨੂੰ ਹੋਂਦ ਵਿਚ ਲਿਆਉਣਾ ਪਵੇਗਾ - ਪ੍ਰਾਥਮਿਕ ਤੌਰ ਤੇ ਬਲਾਕ ਪੱਧਰ (ਯੋਜਨਾ ਆਯੋਗ, 2011ਏ) ਜਾਂ ਹੋਰ ਥੱਲੇ ਮੰਡਲ ਪੱਧਰ 'ਤੇ ਪ੍ਰਸ਼ਾਸਨਿਕ ਪੱਧਰਾਂ 'ਤੇ (ਜਿਵੇਂ ਕਿ ਆਂਧਰ ਪ੍ਰਦੇਸ਼ ਵਿਚ)।

## ਵਿਕੇਂਦਰੀਕ੍ਰਿਤ ਸਥਾਨ ਵਿਸ਼ੇਸ਼ ਖੋਜ ਅਤੇ ਉਤਪਾਦਨ ਸੇਵਾਵਾਂ ਵਲ

ਕੇਂਦਰੀਕਰਨ, ਜਿਸ ਦਾ ਮਕਸਦ ਇਕ ਖੋਜ ਏਜੰਡੇ ਦੀ ਮਦਦ ਕਰਨਾ ਸੀ, ਜਾਣਕਾਰੀ, ਉਤਪਾਦਿਕਤਾ, ਵਿਕਾਸ ਦਰਾਂ ਅਤੇ ਖੋਜ ਵਿਚ ਅਗਲੇਰੇ ਨਿਵੇਸ਼ ਵਿਚ ਤਰੱਕੀ ਦੀ ਵਿਰੋਧੀ ਹੈ। ਭਾਵੇਂ ਕਿ ਇਸ ਸੰਦਰਭ ਵਿਚ ਰਾਜ ਪੱਧਰੀ ਖੇਤੀਬਾੜੀ ਖੋਜ ਦੀ ਉਤਪਤੀ ਹੁੰਦੀ ਹੈ, ਵੱਖ-ਵੱਖ ਖੇਤਰਾਂ ਦੇ ਖੇਤੀਬਾੜੀ ਖੋਜ ਅਤੇ ਵਿਕਾਸ ਦੀ ਮਦਦ ਵਿਚ ਮੱਤਭੇਦ ਵੀ ਉਜਾਗਰ ਹੁੰਦੇ ਹਨ।

ਦੇਸ਼ ਵਿਚ ਰਾਜ ਸਰਕਾਰਾਂ ਦੀ ਸੂਚੀ ਵਿਚ ਦੱਖਣੀ ਰਾਜ ਕੁੱਲ ਖੇਤੀਬਾੜੀ ਖੋਜ ਅਤੇ ਸਿੱਖਿਆ ਖਰਚ ਵਿਚ ਹਿੱਸੇ ਦੇ ਹਿਸਾਬ ਨਾਲ ਮੋਹਰੀ ਹਨ (ਤਾਲਿਕਾ-4)। ਜਦ ਕਿ ਪੂਰਬੀ ਅਤੇ ਪੱਛਮੀ ਖੇਤਰਾਂ ਨੇ ਸਮੇਂ ਦੇ ਨਾਲ ਕੁੱਲ ਰਾਜ ਪੱਧਰੀ ਖੋਜ ਅਤੇ ਸਿੱਖਿਆ ਖਰਚ ਵਿਚ ਆਪਣਾ ਹਿੱਸਾ ਘੱਟ ਕਰ ਦਿਤਾ ਹੈ, ਉੱਤਰੀ ਰਾਜਾਂ (ਜੋ ਸਾਲਾਨਾ 70 ਪ੍ਰਤਿਸ਼ਤ ਕਣਕ ਦਾ ਉਤਪਾਦਨ ਕਰਦੇ ਹਨ) ਵਿਚ ਕੁੱਲ ਰਾਜ ਪੱਧਰੀ ਖੇਤੀ ਖੋਜ ਅਤੇ ਸਿੱਖਿਆ ਖਰਚ ਵਿਚ ਭਾਰੀ ਗਿਰਾਵਟ ਵੇਖਣ ਨੂੰ ਮਿਲੀ ਹੈ (1970-71 ਦੇ 38 ਪ੍ਰਤਿਸ਼ਤ ਦੇ ਮੁਕਾਬਲੇ 2010-11 ਵਿਚ 18 ਪ੍ਰਤਿਸ਼ਤ)। ਇਥੋਂ ਤਕ ਕਿ ਆਈ ਸੀ ਏ ਆਰ ਵਿਚ ਵੀ ਅਸਲ ਖੋਜ ਨੂੰ

ਤਾਲਿਕਾ-4 : ਵੱਖ-ਵੱਖ ਖੇਤਰਾਂ ਦਾ ਰਾਜ ਸਰਕਾਰਾਂ ਵਲੋਂ 1970-71 ਤੋਂ 2010-11 ਦਰਮਿਆਨ ਕੁੱਲ ਖੇਤੀ ਖੋਜ ਅਤੇ ਸਿੱਖਿਆ ਖਰਚ (ਵਰਤਮਾਨ ਕੀਮਤਾਂ 'ਤੇ, ਲੱਖ ਰੁਪਏ ਵਿਚ)

| ਸਾਲ | ਦੱਖਣ ਪ੍ਰਤਿਸ਼ਤ | ਉੱਤਰ ਪ੍ਰਤਿਸ਼ਤ | ਪੱਛਮ ਪ੍ਰਤਿਸ਼ਤ | ਪੂਰਬ ਪ੍ਰਤਿਸ਼ਤ | ਕੁੱਲ (100 ਪ੍ਰਤਿਸ਼ਤ) |
|---|---|---|---|---|---|
| 1970-71 | 12 | 38 | 32 | 18 | 3493 |
| 1980-81 | 22 | 31 | 29 | 17 | 8814 |
| 1990-91 | 25 | 31 | 27 | 17 | 38684 |
| 2000-01 | 30 | 25 | 33 | 12 | 115322 |
| 2010-11 | 35 | 18 | 30 | 16 | 332644 |


*ਸਰੋਤ : ਸੀ ਏ ਜੀ ਰਿਪੋਰਟਾਂ ਦੇ ਵੱਖ-ਵੱਖ ਅੰਕਾਂ ਤੋਂ ਅਨੁਮਾਨਿਤ*

ਸਮਰਪਿਤ ਘੱਟ ਤੋਂ ਘੱਟ ਖਰਚ ਦਾ ਨਿਰਾਸ਼ਾਜਨਕ ਰੁਝਾਨ ਹੈ।

ਖੋਜ ਅਤੇ ਸਿੱਖਿਆ ਖਰਚ ਨੂੰ ਬਣਾਈ ਰੱਖਣ ਲਈ ਜਾਪਦਾ ਹੈ ਕਿ ਇਕ ਪੂਰਵਕਾਲੀ ਪਹੁੰਚ ਨੂੰ ਨਿਯਮ ਬਣਾਇਆ ਗਿਆ ਹੈ, ਬਾਵਜੂਦ ਖੇਤਰੀ ਖੇਤੀਬਾੜੀ ਵਿਭਿੰਨਤਾ ਦੇ। ਰਾਸ਼ਟਰੀ ਪੱਧਰ 'ਤੇ ਖੇਤੀਬਾੜੀ ਖੋਜ ਅਤੇ ਸਿੱਖਿਆ ਖਰਚ ਦੀ ਔਸਤ ਸਾਲਾਨਾ ਵਿਕਾਸ ਦਰ (ਜਿਸ ਵਿਚ ਕੇਂਦਰ, ਰਾਜ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਸ਼ਾਮਿਲ ਹਨ) ਪਿਛਲੇ ਚਾਰ ਦਹਾਕਿਆਂ ਤੋਂ 1 ਪ੍ਰਤਿਸ਼ਤ ਤੋਂ 1.4 ਪ੍ਰਤਿਸ਼ਤ ਸਾਲਾਨਾ ਦੇ ਆਸ-ਪਾਸ ਰਹੀ ਹੈ (ਚਿੱਤਰ-3) ਦੱਖਣੀ ਰਾਜਾਂ ਨੇ ਖੇਤੀ ਖੋਜ ਅਤੇ ਸਿੱਖਿਆ ਖਰਚ ਵਿਚ ਸਥਿਰ ਵਿਕਾਸ ਬਣਾਈ ਰੱਖਿਆ ਹੈ, ਜੋ 2000ਵਿਆਂ ਦੇ ਅਖੀਰ ਵਿਚ 1.5 ਪ੍ਰਤਿਸ਼ਤ ਤਕ ਪਹੁੰਚ ਗਿਆ। ਖੇਤੀਬਾੜੀ ਖੋਜ ਦੇ ਇਸ ਸੁਦ੍ਰਿੜ੍ਹੀਕਰਨ ਅਤੇ ਕੇਂਦਰੀਕਰਨ ਦਾ ਪ੍ਰਭਾਵ ਸਭ ਤੋਂ ਵੱਧ ਉੱਤਰੀ ਰਾਜਾਂ 'ਚ ਦਿਸ ਰਿਹਾ ਹੈ, ਜਿਥੇ ਵਿਕਾਸ ਦਰ ਚਾਰ ਦਹਾਕਿਆਂ ਤੋਂ 1 ਪ੍ਰਤਿਸ਼ਤ ਦੇ ਆਸ-ਪਾਸ ਹੈ।

ਬਦਲ ਰਹੀਆਂ ਖੋਜ ਪਹਿਲਾਂ, ਬਾਗ਼ਬਾਨੀ, ਮੱਛੀ ਪਾਲਣ ਅਤੇ ਪਸ਼ੂਧਨ ਖੋਜ ਵਿਚ ਵੱਡੀ ਪੱਧਰ 'ਤੇ ਵਾਧੇ ਨਾਲ – ਦੱਖਣ ਭਾਰਤੀ ਰਾਜਾਂ ਦਾ ਇਕ ਪ੍ਰਮੁੱਖ ਯੰਤਰ ਹੈ – ਖੋਜ ਦੇ ਉਹ ਖੇਤਰ ਜਿਨ੍ਹਾਂ ਨੂੰ ਕੇਂਦਰੀ ਪੱਧਰ 'ਤੇ ਘੱਟ ਪੈਸਾ ਮਿਲਦਾ ਹੈ। ਕੇਂਦਰੀਕ੍ਰਿਤ ਪ੍ਰਣਾਲੀ ਦੇ ਅੰਦਰ ਵੀ, ਕੁੱਝ ਰਾਜਾਂ ਨੇ ਖੋਜ ਅਤੇ ਪਸਾਰ ਨੂੰ ਆਪਣੇ ਸਥਾਨਕ ਫ਼ਾਇਦਿਆਂ ਲਈ ਇਸਤੇਮਾਲ ਕੀਤਾ ਹੈ। ਉਦਾਹਰਨ ਲਈ, ਗਿਆਰ੍ਹਵੀਂ ਪੰਜ ਸਾਲਾ ਯੋਜਨਾ ਦੌਰਾਨ ਰਾਜਸਥਾਨ ਨੇ ਆਰ ਕੇ ਵੀ ਵਾਈ ਵੰਡ ਨੂੰ ਸਬਸਿਡੀ ਵਾਲੇ ਮੋਨਸੈਂਟੋ ਹਾਈਬ੍ਰਿਡ ਕਾਟਨ ਬੀਜ ਦੀ ਪੂਰਤੀ ਲਈ ਵਰਤਿਆ ਹੈ। ਪਰ ਮਹਾਂਰਾਸ਼ਟਰ ਨੇ ਆਪਣੇ ਆਰ ਕੇ ਵੀ ਵਾਈ ਰਕਮ ਵੰਡ ਨੂੰ ਸੰਗਠਿਤ ਕੀਟ ਪ੍ਰਬੰਧਨ (ਆਈ ਪੀ ਐੱਮ) ਲਈ 4 ਪ੍ਰਮੁੱਖ ਫ਼ਸਲਾਂ ਲਈ ਇਸਤੇਮਾਲ ਕੀਤਾ ਹੈ। ਇਸ ਵਾਸਤੇ ਨੈਸ਼ਨਲ ਸੈਂਟਰ ਫਾਰ ਪੈਸਟ ਮੈਨੇਜਮੈਂਟ ਨਾਲ ਭਿਆਲੀ ਪਾ ਕੇ ਰਾਜ ਦੇ ਵੱਖ-ਵੱਖ ਭਾਗਾਂ ਵਿਚ 28 ਅੰਕੜੇ ਇਕੱਤਰ ਕਰਨ ਅਤੇ ਨਿਗਰਾਨੀ ਕੇਂਦਰ ਬਣਾਏ ਗਏ। ਇਕ ਵਿਚ, ਰਾਜ ਵਿਗਿਆਨ ਸੰਬੰਧ ਕੇਂਦਰੀਕ੍ਰਿਤ ਤਕਨੀਕ ਪੂਰਤੀ ਜਾਂ ਸ਼ਾਮਿਲ ਲਾਗਤ ਇਨ੍ਹਾਂ ਵਿਚੋਂ ਇਕ ਸੀ। ਦੂਜੇ ਵਿਚ, ਸਥਾਨਕ ਸਮਾਜਿਕ, ਵਿੱਤੀ ਅਤੇ ਕੁਦਰਤੀ ਪੂੰਜੀ ਪੈਦਾ ਕਰਨ ਅਤੇ ਜਾਣਕਾਰੀ ਆਧਾਰਤ ਲਾਗਤ ਦਾ ਇਸਤੇਮਾਲ ਯਕੀਨੀ ਬਣਾਉਣਾ ਸੀ। ਖੇਤੀਬਾੜੀ ਰਾਜ ਦਾ ਵਿਸ਼ਾ ਹੋਣ ਕਰਕੇ, ਸਾਨੂੰ ਨੋਟ ਕਰਨਾ ਪਵੇਗਾ ਕਿ ਰਾਜ ਸਰਕਾਰਾਂ ਵੱਖ-ਵੱਖ ਤਰੀਕੇ ਨਾਲ ਸਮਾਜਿਕ ਸੇਵਾਵਾਂ (ਸਿੱਖਿਆ ਅਤੇ ਸਿਹਤ ਸੰਭਾਲ) ਅਤੇ ਆਰਥਿਕ ਸੇਵਾਵਾਂ (ਖੇਤੀਬਾੜੀ, ਪੇਂਡੂ ਵਿਕਾਸ ਅਤੇ ਆਵਾਜਾਈ) 'ਤੇ ਨਿਵੇਸ਼ ਕਰਦੀਆਂ ਹਨ, ਜਿਨ੍ਹਾਂ ਵਿਚ ਉਤਪਾਦਨ ਸੇਵਾਵਾਂ ਅਤੇ ਪ੍ਰਭਾਵੀ ਪਸਾਰ ਲਈ ਮਦਦ ਅਹਿਮ ਹੈ। ਮਹਾਂਰਾਸ਼ਟਰ ਦੇ ਐੱਨ ਸੀ ਆਈ ਪੀ ਐੱਮ ਨਾਲ ਕੰਮ ਦੀ ਗੱਲ ਦੁਬਾਰਾ ਕਰਦਿਆਂ, ਕੀਟਨਾਸ਼ਕ ਵਿਅਕਤੀਆਂ, ਸਥਾਨਕ ਪੱਧਰ 'ਤੇ ਪੈਦਾ ਕੀਤੀਆਂ ਨੌਕਰੀਆਂ, ਜਨਨ ਵਿਗਿਆਨ ਨਾਲ ਕੀਟ ਜਾਣਕਾਰੀ ਦੀ ਸਹਿ-ਉਤਪਤੀ, ਖੇਤੀ ਮੌਸਮ ਵਿਗਿਆਨ ਅਤੇ ਕੀਟ ਭੌਤਿਕੀ, ਕੀਟ ਪ੍ਰਬੰਧਨ ਲਾਗਤ ਅਤੇ ਸਲਾਹ ਲਈ ਸਥਾਨਕ ਪੱਧਰ 'ਤੇ ਸਥਾਪਤ ਕੀਤੇ ਉੱਦਮ, ਇਹ ਸਾਰੇ ਰਾਜ ਪੱਧਰੀ ਰਾਜਨੀਤੀ ਅਤੇ ਆਰਥਿਕ ਸੰਸਥਾਨਾਂ ਵਲੋਂ ਨਿਰਧਾਰਤ ਕੀਤੇ ਜਾਂਦੇ ਹਨ। ਇਸ ਨੂੰ ਸੰਸਦ ਮੈਂਬਰਾਂ, ਨੀਤੀ ਘਾੜਿਆਂ ਅਤੇ ਵਿਗਿਆਨਕਾਂ ਵਲੋਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜੋ ਕੇਂਦਰੀਕ੍ਰਿਤ ਖੇਤੀ ਖੋਜ ਪ੍ਰਣਾਲੀ ਲਈ ਪੈਸਾ ਵਧਾਉਣ ਲਈ ਉਤਸੁਕ ਹਨ ਜਿਸ ਦਾ ਕਿਸੇ ਅਜਿਹੀ ਸਮੁਦਾਇਕ ਮਦਦ ਜਾਂ ਖੋਜ ਨਾਲ ਕੋਈ ਸੰਬੰਧ ਨਹੀਂ।

ਚਿੱਤਰ-3: ਕੇਂਦਰ ਤੇ ਰਾਜ ਸਰਕਾਰਾਂ ਵਲੋਂ ਦੱਖਣੀ ਤੇ ਉੱਤਰੀ ਭਾਰਤ 'ਚ ਖੇਤੀਬਾੜੀ ਖੋਜ ਤੇ ਸਿੱਖਿਆ ਖਰਚ ਦੀ ਸਾਲਾਨਾ ਵਿਕਾਸ ਦਰ




ਸਰੋਤ : ਸੀ ਏ ਜੀ ਦੀਆਂ ਵੱਖ-ਵੱਖ ਸਾਲਾਂ ਦੀਆਂ ਰਿਪੋਰਟਾਂ (ਰੈਡੀ, 2014)

ਅਖ਼ੀਰ ਵਿਚ, ਅਸੀਂ ਪੁੱਛਦੇ ਹਾਂ ਕਿ ਖੇਤੀਬਾੜੀ ਉਤਪਾਦਨ, ਉਤਪਾਦਿਕਤਾ, ਕੁਪੋਸ਼ਣ, ਵਾਤਾਵਰਨ ਦਾ ਨਿਘਾਰ ਜਾਂ ਕੁੱਲ ਤਕਨੀਕੀ ਖੜੋਤ ਦੀਆਂ ਸਮੱਸਿਆਵਾਂ ਲਈ ਖੇਤੀਬਾੜੀ ਖੋਜ ਜਾਂ ਕਿਸੇ ਖ਼ਾਸ ਤਕਨੀਕ ਨੂੰ ਦੋਸ਼ ਦੇਣਾ ਜਾਇਜ਼ ਹੈ? (ਵੇਖੋ, ਐੱਨ ਡੀ ਸੀ, 2007, ਯੋਜਨਾ ਆਯੋਗ, 2008)। ਸਾਰੀਆਂ ਔਕੜਾਂ ਦੇ ਬਾਵਜੂਦ, ਜਾਰੀ ਰਹਿਣ ਲਈ ਕੇਂਦਰੀਕ੍ਰਿਤ ਖੋਜ ਪ੍ਰਣਾਲੀ ਮੁਬਾਰਕਬਾਦ ਦੀ ਹੱਕਦਾਰ ਹੈ। ਭਾਰਤ ਦੇ ਨੀਤੀ ਘਾੜਿਆਂ ਨੂੰ ਇਸ ਗੱਲ ਦੀ ਖ਼ੁਸ਼ੀ ਮਨਾਉਣੀ ਚਾਹੀਦੀ ਹੈ ਕਿ ਇਸ ਨੇ ਸਰਕਾਰ ਦੀ ਪੂਰਤੀ ਮੁਖੀ ਵਿਚਾਰਧਾਰਾ ਲਈ ਤਕਨੀਕਾਂ ਦਾ ਉਤਪਾਦਨ ਜਾਰੀ ਰੱਖਿਆ ਹੈ। ਸਾਡੇ ਪਾਰਲੀਮਾਨੀ ਮੈਂਬਰ, ਯੋਜਨਾ ਆਯੋਗ ਅਤੇ ਰਾਜ ਪੱਧਰੀ ਜ਼ਿਲ੍ਹਾ ਯੋਜਨਾ ਬੋਰਡ ਇਹ ਨਹੀਂ ਪੁੱਛਦੇ ਕਿ ਖੇਤੀ ਖੋਜ ਲਈ ਸਰੋਤ ਕਿਵੇਂ ਖਰਚ ਕੀਤੇ ਜਾਂਦੇ ਹਨ। ਆਈ ਸੀ ਏ ਆਰ ਅਤੇ ਰਾਜ ਖੇਤੀ ਯੂਨੀਵਰਸਿਟੀਆਂ ਨੂੰ ਇਸ ਤਰ੍ਹਾਂ ਬਣਾਇਆ ਅਤੇ ਕਿਲੇਬੰਦ ਕੀਤਾ ਗਿਆ ਹੈ ਕਿ ਉਹ ਆਪਣੇ ਸਰੋਤ ਸਿਰਫ਼ ਪ੍ਰਮੁੱਖ ਸਿੰਜਾਈ-ਰਸਾਇਣ ਮੁਖੀ ਉਤਪਾਦਨ ਮਿਸਾਲ ਲਈ ਹੀ ਇਸਤੇਮਾਲ ਕਰਨ। ਵਧਿਆ ਹੋਇਆ ਵਿੱਤ, ਛਪਾਈ ਦੇ ਨਵੇਂ ਨਿਯਮਾਂ ਦੇ ਨਾਲ ਵੀ ਪੇਟੈਂਟ ਜਾਂ ਕਿਸਾਨਾਂ ਦੀ ਭਾਗੀਦਾਰੀ ਨਾਲ ਹੀ ਗੱਲ ਨਹੀਂ ਬਣਨੀ, ਕੇਂਦਰੀਕਰਨ ਅਤੇ ਖੋਜ ਨਿਯਮਾਂ ਦੇ ਸੁਦ੍ਰਿੜ੍ਹੀਕਰਨ, ਸਮੱਗਰੀ ਅਤੇ ਢਾਂਚੇ ਦੀਆਂ ਵੱਡੀਆਂ ਰੁਕਾਵਟਾਂ ਨੂੰ ਧਿਆਨ ਵਿਚ ਰੱਖਿਅਦਿਆਂ ਵਧੀ ਹੋਈ ਰਾਜ ਸਰਕਾਰ ਦੀ ਮਲਕੀਅਤ ਅਤੇ ਸਥਾਨ ਵਿਸ਼ੇਸ਼ ਜਾਣਕਾਰੀ ਦੀ ਉਤਪਤੀ, ਪਹੁੰਚ ਅਤੇ ਵਰਤੋਂ ਲਈ ਖੇਤੀ ਖੋਜ ਦਾ ਵਿਕੇਂਦਰੀਕਰਨ ਯਕੀਨੀ ਬਣਾਉਣਾ ਨਿਹਾਇਤ ਜ਼ਰੂਰੀ ਹੈ।

*(ਲੇਖਕ ਕ੍ਰਮਵਾਰ ਪ੍ਰਿੰਸੀਪਲ ਸਾਇੰਟਿਸਟ, ਸਾਇੰਸਟਿਸਟ ਜੋ ਆਈ ਸੀ ਏ ਆਰ ਨਾਲ ਸੰਬੰਧਿਤ ਹਨ ਅਤੇ ਸਹਾਇਕ ਨਿਰਦੇਸ਼ਕ, ਐੱਮ ਐੱਸ ਐੱਮ ਈ ਹਨ।)*
*e-mail :rajeswari_raina@yahoo.com,*
*:vishnu.uas@gmail.com,*

# ਨੀਲਾ ਪ੍ਰਕਾਸ਼ ਨਿਕਾਸੀ ਐੱਲ ਈ ਡੀ : ਖੋਜ ਅਤੇ ਨੋਬਲ ਇਨਾਮ

**ਸਤਬੀਰ ਸਿੰਘ**

ਨੀਲੇ ਰੰਗ ਦਾ ਪ੍ਰਕਾਸ਼ ਉਤਸਰਜਨ ਕਰਨ ਵਾਲੇ ਐੱਲ ਈ ਡੀ (ਬਲਿਊ ਐੱਲ ਈ ਡੀ) ਦੀ ਖੋਜ ਆਧੁਨਿਕ ਤਕਨੀਕੀ ਯੁਗ ਦੀ ਇਕ ਮਹੱਤਵਪੂਰਨ ਕ੍ਰਾਂਤੀਕਾਰੀ ਖੋਜ ਹੈ। ਇਸ ਦੀ ਖੋਜ ਕਰਨ ਵਾਲੇ ਤਿੰਨ ਵਿਗਿਆਨਕਾਂ ਨੂੰ ਸਾਲ 2014 ਦਾ ਭੌਤਿਕ ਵਿਗਿਆਨ ਦਾ ਨੋਬਲ ਇਨਾਮ ਮਿਲਿਆ ਹੈ। ਨੀਲੇ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲੇ ਇਨ੍ਹਾਂ ਪ੍ਰਕਾਸ਼ੀ ਸਰੋਤਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਮ ਬਿਜਲੀ ਦੇ ਬਲਬਾਂ ਤੋਂ 90 ਪ੍ਰਤਿਸ਼ਤ ਘੱਟ ਬਿਜਲੀ ਊਰਜਾ ਫੂਕਦੇ ਹਨ। ਵਾਤਾਵਰਨ ਪੱਖੀ ਇਨ੍ਹਾਂ ਪ੍ਰਕਾਸ਼ੀ ਸਰੋਤਾਂ ਦੀ ਲਾਗਤ ਵੀ ਬਹੁਤ ਘੱਟ ਹੈ ਪਰ ਨਾਲ-ਨਾਲ, ਇਨ੍ਹਾਂ ਦੇ ਕੰਮ ਕਰਨ ਦੀ ਸਮਰੱਥਾ ਲਗਭਗ ਇਕ ਲੱਖ ਘੰਟੇ ਹੈ ਜੋ ਕਿ ਸਾਧਾਰਨ ਪ੍ਰਕਾਰ ਦੇ ਬਿਜਲੀ ਦੇ ਬਲਬਾਂ ਤੋਂ 100 ਗੁਣਾ ਜ਼ਿਆਦਾ ਹੈ। ਅਜਿਹੇ ਸਸਤੇ ਅਤੇ ਕੁਸ਼ਲ ਪ੍ਰਕਾਸ਼ੀ ਸਰੋਤ ਵੱਖ-ਵੱਖ ਤਰ੍ਹਾਂ ਦੇ ਕੰਮਾਂ ਵਿਚ ਵਰਤੇ ਜਾ ਸਕਦੇ ਹਨ। ਮਾਹਿਰਾਂ ਮੁਤਾਬਕ ਨੀਲੇ ਪ੍ਰਕਾਸ਼ ਨਿਕਾਸੀ ਐੱਲ ਈ ਡੀ ਵੱਲ ਕਈ ਤਰ੍ਹਾਂ ਦੇ ਕੀੜੇ-ਮਕੌੜੇ ਜ਼ਿਆਦਾ ਆਕਰਸ਼ਿਤ ਹੁੰਦੇ ਹਨ। ਇਹ ਆਕਰਸ਼ਨ ਪੀਲੇ ਰੰਗ ਅਤੇ ਚਿੱਟੇ ਰੰਗ ਦੀ ਰੌਸ਼ਨੀ ਵਾਲੇ ਸਰੋਤਾਂ ਤੋਂ ਜ਼ਿਆਦਾ ਦੇਖਿਆ ਗਿਆ ਹੈ। ਨਿਊਜ਼ੀਲੈਂਡ ਦੇ ਖੋਜ ਕਰਤਾਵਾਂ ਅਨੁਸਾਰ ਪ੍ਰਕਾਸ਼ੀ ਸਪੈਕਟਰਮ ਦਾ ਪ੍ਰਭਾਵ ਮਨੁੱਖਾਂ ਅਤੇ ਜਾਨਵਰਾਂ 'ਤੇ ਜ਼ਿਆਦਾ ਪੈਂਦਾ ਹੈ। ਜਾਨਵਰਾਂ ਦੇ ਵਰਤਾਉ ਵਿਚ ਤਬਦੀਲੀ ਨੀਲੇ ਰੰਗ ਦੇ ਪ੍ਰਕਾਸ਼ ਵਿਚ ਜ਼ਿਆਦਾ ਦੇਖੀ ਗਈ ਹੈ। ਕੀੜੇ-ਪਤੰਗਿਆਂ ਵਿਚ ਆਸਾਧਾਰਨ ਤਰ੍ਹਾਂ ਦੇ ਪ੍ਰਕਾਸ਼ੀ ਰਿਸੈਪਟਰ ਹੁੰਦੇ ਹਨ ਜੋ ਕਿ ਸੰਵੇਦਨਸ਼ੀਲ ਹੁੰਦੇ ਹਨ। ਨੀਲਾ ਪ੍ਰਕਾਸ਼ ਇਨ੍ਹਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ।

ਜਾਪਾਨ ਵਿਚ ਜਨਮੇ ਤਿੰਨ ਬਿਜਲਾਣੂ ਵਿਗਿਆਨੀਆਂ ਨੂੰ ਨੀਲੇ ਪ੍ਰਕਾਸ਼ ਨਿਕਾਸੀ ਸਰੋਤ ਦੀ ਖੋਜ ਕਰਨ ਸਦਕਾ ਭੌਤਿਕ ਵਿਗਿਆਨ ਦਾ ਨੋਬਲ ਇਨਾਮ ਅਕਤੂਬਰ 2014 ਵਿਚ ਤਕਸੀਮ ਕੀਤਾ ਗਿਆ ਹੈ। ਸੰਨ 1990 ਵਿਚ ਕੀਤੀ ਖੋਜ ਨੂੰ ਫਲ ਹੁਣ ਮਿਲਿਆ ਹੈ। ਇਸਾਮੂ ਆਕਾਸਾਕੀ, ਹੀਰੋਸ਼ੀ ਅਮਾਨੋ ਅਤੇ ਸੂਜੀ ਨਾਕਾਮੂਰਾ ਨੇ ਪਹਿਲੀ ਵਾਰ ਸੰਨ 1990 ਵਿਚ ਇਸ ਵਾਤਾਵਰਨ ਪੱਖੀ ਨੀਲੇ ਪ੍ਰਕਾਸ਼ੀ ਸਰੋਤ ਉਪਰ ਸਫਲਤਾਪੂਰਵਕ ਖੋਜ ਕੀਤੀ ਸੀ। ਇਸ ਖੋਜ ਕਾਰਜ ਦਾ ਮੁੱਖ ਕਰਤਾ ਸੂਜ਼ੀ ਨਾਕਾਮੂਰਾ ਹੈ। ਨਾਕਾਮੂਰਾ ਨੂੰ 1993 ਵਿਚ ਇਸ ਖੋਜ ਦੇ ਵੱਡੇ ਭਾਗੀਦਾਰ ਹੋਣ ਕਰਕੇ ਉਸ ਦੀ ਇਲੈਕਟ੍ਰਾਨਿਕ ਕੰਪਨੀ ਨੇ 200 ਡਾਲਰ ਦਾ ਇਨਾਮ ਦਿਤਾ ਸੀ। ਹੁਣ ਦੇ ਮਾਹਰਾਂ ਮੁਤਾਬਕ ਅੱਜ ਦੇ ਸਮੇਂ ਵਿਚ ਅਜਿਹੀ ਖੋਜ ਕਾਰਜ ਦੇ ਅੰਦਾਜ਼ੇ ਦਾ ਮੁੱਲ/ਇਨਾਮ ਲਗਭਗ 80 ਬਿਲੀਅਨ ਡਾਲਰ ਤਕ ਪਹੁੰਚ ਸਕਦਾ ਹੈ।

## ਕੀ ਹੈ ਪ੍ਰਕਾਸ਼ ਨਿਕਾਸੀ ਸਰੋਤ (ਐੱਲ ਈ ਡੀ)

ਐੱਲ ਈ ਡੀ ਸੈਮੀਕੰਡਕਟਰ ਪਦਾਰਥ ਜਾਂ ਪਦਾਰਥਾਂ ਤੋਂ ਬਣਿਆ ਦੋ ਸਿਰਿਆਂ ਵਾਲਾ ਪ੍ਰਕਾਸ਼ੀ ਸਰੋਤ ਹੈ। ਇਨ੍ਹਾਂ ਦੋ ਸਿਰਿਆਂ ਨੂੰ ਜਦੋਂ ਘੱਟ ਵੋਲਟੇਜ ਵਾਲੀ ਬਿਜਲਈ ਧਾਰਾ ਨਾਲ ਜੋੜਿਆ ਜਾਂਦਾ ਹੈ ਤਾਂ ਇਹ ਪੀ ਐਨ ਜੰਕਸ਼ਨ ਡਾਇਓਡ ਦੀ ਤਰ੍ਹਾਂ ਕੰਮ ਕਰਦਾ ਹੈ। ਵਿਚਲਾ ਸੈਮੀਕੰਡਕਟਰ ਪਦਾਰਥ ਕੁਦਰਤੀ ਰੰਗ ਦੀ ਰੌਸ਼ਨੀ ਛੱਡਣ ਲੱਗ ਪੈਂਦਾ ਹੈ। ਕਿਸੇ ਖ਼ਾਸ ਵੋਲਟੇਜ ਉਤੇ ਇਸ ਪ੍ਰਕਾਸ਼ੀ ਡਾਇਓਡ ਵਿਚ ਇਲੈਕਟ੍ਰਾਨਾਂ ਅਤੇ ਸਨਾਤਮਕ ਕਣਾਂ ਦਾ ਆਪਸੀ ਟਕਰਾਅ ਤਾਪ ਅਤੇ ਪ੍ਰਕਾਸ਼ ਊਰਜਾ ਪੈਦਾ ਕਰਦਾ ਹੈ। ਅਜਿਹੀ ਊਰਜਾ ਦਾ ਨਿਕਾਸ ਪ੍ਰਕਾਸ਼ ਦੇ ਫੋਟਾਨ ਕਣਾਂ ਦੇ ਰੂਪ ਵਿਚ ਹੁੰਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨੂੰ ਵਿਗਿਆਨੀ ਬਿਜਲ-ਚਮਕ ਵੀ ਕਹਿੰਦੇ ਹਨ। ਨਿਕਾਸੀ ਪ੍ਰਕਾਸ਼ ਦਾ ਰੰਗ ਨਿਕਲਣ ਵਾਲੇ ਫੋਟਾਨ ਕਣਾਂ ਦੀ ਊਰਜਾ ਅਤੇ ਸੈਮੀਕੰਡਕਟਰ ਪਦਾਰਥ ਦੀ ਊਰਜਾ ਬੈਂਡ ਵਿੱਥ 'ਤੇ ਨਿਰਭਰ ਕਰਦਾ ਹੈ। ਅਜਿਹੇ ਐੱਲ ਈ ਡੀ ਅਕਸਰ ਬਹੁਤ ਛੋਟੇ ਗੋਲ ਜਾਂ ਗੁੰਬਦ ਵਰਗੇ ਆਕਾਰ (ਇਕ ਵਰਗ ਮਿਲੀਮੀਟਰ) ਦੇ ਬਲਬ ਹਨ। ਹੁਣ ਅਜਿਹੇ ਪ੍ਰਕਾਸ਼ ਸਰੋਤ ਜ਼ਿਆਦਾਤਰ ਟੈਲੀਵੀਜ਼ਨਾਂ ਦੀਆਂ ਸਕਰੀਨਾਂ, ਰਿਮੋਟ ਕੰਟਰੋਲ, ਕੈਮਰਿਆਂ ਅਤੇ ਚਮਕਣ ਵਾਲੇ ਲੈਂਪਾਂ ਅਤੇ ਬਿਜਲਾਣੂ ਯੰਤਰਾਂ ਵਿਚ ਵੀ ਵਰਤੇ ਜਾਂਦੇ ਹਨ। ਇਹ ਪ੍ਰਕਾਸ਼ੀ ਸਰੋਤ ਪ੍ਰਕਾਸ਼ ਦੇ ਵਰਣਪੱਟ ਵਿਚ ਸ਼ਾਮਿਲ ਅਲਟਰਾ ਵਾਇਲਟ, ਇਨਫਰਾਰੈਡ ਅਤੇ ਸਾਡੀਆਂ ਅੱਖਾਂ ਨੂੰ ਦਿਸਣ ਵਾਲੀ ਰੌਸ਼ਨੀ ਦੀ ਤੀਬਰਤਾ ਬੈਂਡ ਵਿਚ ਕੰਮ ਕਰਦੇ ਹਨ। ਇਨ੍ਹਾਂ ਬਲਬਾਂ ਦੀ ਚਮਕ ਆਮ ਘਰਾਂ ਵਿਚ ਫਿੱਟ ਕੀਤੇ ਬਲਬਾਂ ਤੋਂ ਕਿਤੇ ਜ਼ਿਆਦਾ ਹੁੰਦੀ ਹੈ। ਇਹ ਛੋਟੇ ਪ੍ਰਕਾਸ਼ੀ ਸਰੋਤ ਸਾਧਾਰਨ ਲੈਂਪਾਂ ਅਤੇ ਟਿਊਬ ਲਾਈਟਾਂ ਤੋਂ ਘੱਟ ਊਰਜਾ ਸੋਖਦੇ ਹਨ। ਇਹ ਛੋਟੇ ਆਕਾਰ ਵਾਲੇ, ਤੇਜ਼-ਤਰਾਟ ਅਤੇ ਲੰਮੇ ਸਮੇਂ ਤਕ ਕਾਰਜ ਕਰਨ ਵਾਲੇ ਪ੍ਰਕਾਸ਼ੀ ਸਰੋਤ ਹਨ। ਇਸੇ ਕਰਕੇ ਇਹ ਐੱਲ ਈ ਡੀ ਵਾਤਾਵਰਨ ਪੱਖੀ (ਇਨ੍ਹਾਂ ਦਾ ਸਾਡੇ ਵਾਤਾਵਰਨ 'ਤੇ ਕੋਈ ਵੀ ਰੇਡੀਏਸ਼ਨ ਪ੍ਰਭਾਵ ਨਹੀਂ ਹੈ) ਅਤੇ ਪ੍ਰਕਾਸ਼ੀ ਯੰਤਰਾਂ ਵਿਚ ਵੱਡੇ ਪੱਧਰ 'ਤੇ ਵਰਤੇ ਜਾ ਰਹੇ ਹਨ। ਵਿਸ਼ਵ ਪੱਧਰ 'ਤੇ ਇਨ੍ਹਾਂ ਦਾ ਵਿਕਾਸ ਅਤੇ ਵਿਸਥਾਰ ਲਗਾਤਾਰ ਚੱਲ ਰਿਹਾ ਹੈ। ਇਨ੍ਹਾਂ ਸਰੋਤਾਂ ਦੇ ਪ੍ਰਕਾਸ਼ੀ ਪੈਟਰਨ ਨੂੰ ਹੋਰ ਸੁਹਿਰਦ ਬਣਾਉਣ ਲਈ ਕਈ ਤਰ੍ਹਾਂ ਦੇ ਸੰਯੁਕਤ ਲੇਪਣ ਵੀ ਇਨ੍ਹਾਂ ਵਿਚ ਕੀਤੇ ਜਾਂਦੇ ਹਨ। 1962 ਤਕ ਤਿਆਰ ਐੱਲ ਈ ਡੀ ਘੱਟ ਤੀਬਰਤਾ ਵਾਲਾ ਰੌਸ਼ਨੀ ਦਾ ਰੰਗ ਛੱਡਦੇ ਸਨ। ਇਹ ਇਨਫਰਾਰੈਡ ਸਪੈਕਟਰਮ ਵਿਚ ਹੀ ਕੰਮ ਕਰਨ ਦੇ ਸਮਰੱਥ ਸਨ। ਪਰ ਸਮੇਂ ਦੇ ਨਾਲ-ਨਾਲ ਵਧੀਆ ਖੋਜ

ਕਾਰਜਾਂ ਸਦਕਾ ਹੁਣ ਇਹ ਐੱਲ ਈ ਡੀ ਡਿਜ਼ੀਟਲ ਕੈਮਰਿਆਂ, ਮਸ਼ਹੂਰੀ ਵਾਲੇ ਸਾਈਨ ਬੋਰਡਾਂ, ਟਰੈਫ਼ਿਕ ਕੰਟਰੋਲ ਕਰਨ ਵਾਲੀਆਂ ਬੱਤੀਆਂ, ਕਾਰਾਂ ਅਤੇ ਗੱਡੀਆਂ ਦੀਆਂ ਮੁੱਖ ਲਾਈਟਾਂ ਵਿਚ ਵਰਤੇ ਜਾ ਰਹੇ ਹਨ। ਇਸ ਤੋਂ ਇਲਾਵਾ, ਇਹ ਐੱਲ ਈ ਡੀ ਘਰਾਂ ਦੀ ਅੰਦਰੂਨੀ ਅਤੇ ਬਾਹਰਲੀ ਪ੍ਰਕਾਸ਼ੀ ਸਜਾਵਟ ਵਿਚ ਵੀ ਬਹੁਤ ਲਾਹੇਵੰਦ ਸਿੱਧ ਹੋ ਰਹੇ ਹਨ। ਇਸ ਤੋਂ ਬਿਨਾਂ ਇਹ ਪ੍ਰਕਾਸ਼ੀ ਸਰੋਤ ਵੀਡਿਓ ਡਿਸਪਲੇਅ ਸਕਰੀਨਾਂ, ਮੋਬਾਇਲ ਫ਼ੋਨ ਸਕਰੀਨਾਂ, ਸੈਂਸਰਾਂ ਅਤੇ ਆਧੁਨਿਕ ਸੰਚਾਰ ਵਿਵਸਥਾ ਵਾਲੇ ਯੰਤਰਾਂ ਵਿਚ ਵੀ ਕੁਸ਼ਲਤਾ ਪੂਰਵਕ ਵਰਤੇ ਜਾ ਰਹੇ ਹਨ।

## ਐੱਲ ਈ ਡੀ ਸੰਬੰਧੀ ਖੋਜ ਕਾਰਜ

20ਵੀਂ ਸਦੀ ਦੇ ਆਰੰਭ ਵਿਚ (1907) ਇਕ ਬ੍ਰਿਟਿਸ਼ ਵਿਗਿਆਨਕ ਐੱਚ ਜੇ ਰਊਂਡ ਨੇ ਸਿਲੀਕਾਨ ਕਾਰਬਾਈਡ ਦੇ ਰਵਿਆਂ ਰਾਹੀਂ ਹਰੇ ਰੰਗ ਦੀ ਰੌਸ਼ਨੀ ਪੈਦਾ ਕੀਤੀ ਸੀ। ਮਾਰਕੋਨੀ ਪ੍ਰਯੋਗਸ਼ਾਲਾ ਵਿਚ ਐੱਲ ਈ ਡੀ ਉਪਰ ਇਹ ਪਹਿਲੀ ਖੋਜ ਸੀ। ਇਸ ਤੋਂ ਬਾਅਦ 1927 ਵਿਚ ਰੂਸੀ ਵਿਗਿਆਨਕ ਓਲੈਗ ਲੋਸੇਵ ਨੇ ਪਹਿਲਾ ਐੱਲ ਈ ਡੀ ਸਰੋਤ ਤਿਆਰ ਕੀਤਾ। ਉਸ ਦਾ ਇਹ ਖੋਜ ਕਾਰਜ ਰੂਸੀ, ਜਰਮਨੀ ਅਤੇ ਬ੍ਰਿਟੇਨ ਦੇ ਵਿਗਿਆਨਕ ਖੋਜ ਪੱਤਰਾਂ ਵਿਚ ਛਪਿਆ, ਪਰ ਕਈ ਦਹਾਕੇ ਬੀਤ ਗਏ, ਇਸ ਖੋਜ ਦੀ ਪ੍ਰੈਕਟੀਕਲ ਵਰਤੋਂ ਨਾ ਹੋ ਸਕੀ। ਫਿਰ ਅਮਰੀਕਨ ਵਿਗਿਆਨੀ ਰੂਬਨ ਬਰਾਨਸਟੀਨ ਨੇ 1955 ਵਿਚ ਇਕ ਸੈਮੀਕੰਡਕਟਰ ਪਦਾਰਥ ਗੈਲੀਅਮ ਆਰਸੇਨਾਈਡ ਤੋਂ ਇਨਫਰਾਰੈਡ ਕਿਰਨਾਂ ਦਾ ਉਤਸਰਜਨ ਪੈਦਾ ਕਰਨ ਵਿਚ ਸਫਲਤਾ ਹਾਸਿਲ ਕੀਤੀ। ਇਹ ਪ੍ਰਕਾਸ਼ੀ ਨਿਕਾਸ ਉਸ ਨੇ ਸਾਧਾਰਨ ਤਾਪਮਾਨ ($25^0$ ਸੈਲਸੀਅਸ) ਉਪਰ ਵੱਖ-ਵੱਖ ਸੈਮੀਕੰਡਕਟਰ ਪਦਾਰਥਾਂ ਦੇ ਰਵਿਆਂ/ਪਰਤਾਂ ਦੇ ਸੁਮੇਲ ਨਾਲ ਪੈਦਾ ਕੀਤਾ। 1957 ਵਿਚ ਦੋ ਖੋਜੀਆਂ ਕਰੋਮੈਰ ਅਤੇ ਬਰਾਨਸਟੀਨ ਨੇ ਇਸੇ ਪ੍ਰਕਾਸ਼ੀ ਸਰੋਤ ਨੂੰ ਪ੍ਰਕਾਸ਼ ਸੰਚਾਰ ਸਿਸਟਮ ਵਿਚ ਲਗਾ ਕੇ ਇਕ ਟੇਪ ਰਿਕਾਰਡਰ ਦੇ ਸੰਗੀਤ ਨੂੰ ਕਿਰਨਾਂ ਵਿਚ ਬਦਲ ਕੇ ਕੁਝ ਦੂਰੀ ਤਕ ਭੇਜਿਆ ਅਤੇ ਮੁੜ ਉਸ ਸੰਗੀਤ ਦੇ ਸਿਗਨਲਾਂ ਨੂੰ ਲੈਡ ਸਲਫਾਈਡ ਦੇ ਬਣੇ ਪ੍ਰਾਪਤਕਰਤਾ ਐੱਲ ਈ ਡੀ ਰਾਹੀਂ ਫੜਿਆ। ਇਹ ਇਕ ਬਹੁਤ ਹੀ ਮਹੱਤਵਪੂਰਨ ਖੋਜ ਸੀ। ਬਾਅਦ ਵਿਚ ਇਹ ਐੱਲ ਈ ਡੀ ਹੋਰਾਂ ਬਿਜਲਾਣੂ ਟਰਾਂਸਮੀਟਰਾਂ ਅਤੇ ਰਿਸੀਵਰ ਉਪਕਰਨਾਂ ਵਿਚ ਵਰਤੇ ਜਾਣ ਲੱਗ ਪਏ।

ਸੰਨ 1961 ਵਿਚ ਡੈਲਿਸ ਸੂਬੇ ਦੀ ਟੈਕਸਾਸ ਪ੍ਰਯੋਗਸ਼ਾਲਾ ਵਿਚ ਦੋ ਅਮਰੀਕਨ ਖੋਜ-ਕਰਤਾਵਾਂ ਨੇ ਗੈਲੀਅਮ ਆਰਸੇਕਾਈਡ ਦੀ ਸੈਮੀਕੰਡਕਟਰ ਪਰਤ ਵਿਚੋਂ ਬਿਜਲੀ ਧਾਰਾ ਲੰਘਾ ਕੇ ਨੋਟ ਕੀਤਾ ਕਿ ਇਹ ਤਾਂ ਇਨਫਰਾਰੈਡ ਪ੍ਰਕਾਸ਼ ਪੈਦਾ ਕਰਦਾ ਹੈ। 1962 ਵਿਚ ਬੀਆਰਡ ਅਤੇ ਪਿਟਸਨ ਨਾਮਕ ਇਨ੍ਹਾਂ ਦੋਹਾਂ ਅਮਰੀਕਨ ਵਿਗਿਆਨੀਆਂ ਨੇ ਇਨਫਰਾਰੈਡ ਐੱਲ ਈ ਡੀ ਉਪਰ ਆਪਣੀ ਪਹਿਲੀ ਪੇਟੈਂਟ ਜਮ੍ਹਾਂ ਕਰਵਾਈ। ਉਨ੍ਹਾਂ ਦੀ ਇਸ ਖੋਜ ਦੀ ਪ੍ਰੋੜ੍ਹਤਾ ਆਈ ਬੀ ਐਮ ਅਤੇ ਜੀ ਈ ਅਤੇ ਬੈਲ ਲੈਬਾਰੇਟਰੀਆਂ ਨੇ ਵੀ ਕੀਤੀ। ਪੇਟੈਂਟ ਸੰਸਥਾ ਨੇ ਇਸ ਖੋਜ ਕਾਰਜ ਉਪਰ ਆਪਣੀ ਮੋਹਰ ਲਗਾਈ ਅਤੇ ਟੈਕਸਾਸ ਪ੍ਰੀਖਣਸ਼ਾਲਾ ਵਿਚ 900 ਨੈਨੋਮੀਟਰ ਦੀ ਤੀਬਰਤਾ ਉਪਰ ਪ੍ਰਕਾਸ਼ ਪੈਦਾ ਕਰਨ ਵਾਲੇ ਪਹਿਲੇ ਕਾਰੋਬਾਰੀ ਐੱਲ ਈ ਡੀ ਦਾ ਈਜ਼ਾਦ ਹੋਇਆ।

ਲਾਲ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲੇ ਐੱਲ ਈ ਡੀ 1962 ਵਿਚ ਇਕ ਵਿਗਿਆਨੀ ਨਿੱਕ ਹੋਲੋਨਿਕ ਜੂਨੀਅਰ ਨੇ ਜਨਰਲ ਇਲੈਕਟ੍ਰਿਕ ਕੰਪਨੀ ਵਿਚ ਕੰਮ ਕਰਦਿਆਂ ਈਜ਼ਾਦ ਕੀਤੇ। 1972 ਵਿਚ ਹੋਲੋਨਿਕ ਦੇ ਇਕ ਵਿਦਿਆਰਥੀ ਰਹਿ ਚੁੱਕੇ ਖੋਜ ਕਰਤਾ ਐਮ ਜਾਰਜ ਕਰਾਫਾਰਡ ਨੇ ਪੀਲੇ ਰੰਗ ਦੇ ਐੱਲ ਈ ਡੀ ਦਾ ਨਿਰਮਾਣ ਕੀਤਾ। ਉਸ ਨੇ ਲਾਲ ਰੰਗ ਵਾਲੇ ਐੱਲ ਈ ਡੀ ਦੀ ਚਮਕ ਨੂੰ ਪਹਿਲਾਂ ਨਾਲੋਂ ਦਸ ਗੁਣਾ ਹੋਰ ਚਮਕੀਲਾ ਕਰ ਦਿਤਾ।

ਸੰਨ 1976 ਵਿਚ ਪੀਅਰਸੈੱਲ ਨਾਮਕ ਇਕ ਵਿਗਿਆਨਕ ਨੇ ਪ੍ਰਕਾਸ਼ੀ ਰੇਸ਼ਿਆਂ ਵਾਲੇ ਸੰਚਾਰ ਸਾਧਨਾਂ ਲਈ ਵੱਧ ਚਮਕੀਲਾ ਅਤੇ ਉੱਚ ਕੁਸ਼ਲਤਾ ਵਾਲਾ ਐੱਲ ਈ ਡੀ ਤਿਆਰ ਕੀਤਾ। 1968 ਤਕ ਐੱਲ ਈ ਡੀ ਮਹਿੰਗੇ ਸਨ, ਇਨ੍ਹਾਂ ਦੀ ਮਹਿੰਗਾਈ ਨੂੰ ਨੱਥ ਪਾਉਣ ਲਈ ਮਾਨਸੈਂਟੋ ਕੰਪਨੀ ਨੇ ਇਕ ਨਵਾਂ ਸੈਮੀਕੰਡਕਟਰ ਪਦਾਰਥ ਤਿਆਰ ਕੀਤਾ ਜਿਸ ਦਾ ਨਾਮ ਗੈਲੀਅਮ ਆਰ-ਸੇਨਾਈਡ ਫਾਸਫਾਈਡ ਸੀ। ਇਸ ਦਾ ਡਿਜ਼ਾਇਨ ਤਿਆਰ ਕਰਨਾ ਸੁਖਾਲਾ ਅਤੇ ਸਸਤਾ ਸੀ। ਫਿਰ ਵੱਡੇ ਪੱਧਰ 'ਤੇ ਇਹ ਪ੍ਰਕਾਸ਼ੀ ਸਰੋਤ ਬਾਜ਼ਾਰ ਦਾ ਹਿੱਸਾ ਬਣਨ ਲੱਗ ਪਿਆ। ਲਾਲ ਰੰਗ ਦੀ ਰੌਸ਼ਨੀ ਛੱਡਣ ਵਾਲੇ ਪ੍ਰਕਾਸ਼ੀ ਸਰੋਤ ਚਮਕੀਲੇ ਹੋਣ ਕਰਕੇ ਰਸਤਾ ਸੂਚਕ ਯੰਤਰਾਂ ਅਤੇ ਮਾਰਗ ਦਰਸ਼ਕਾਂ ਵਿਚ ਲਗਾਏ ਜਾਣ ਲੱਗ ਪਏ। ਇਸ ਨਾਲ ਕਈ ਦੇਸ਼ਾਂ ਵਿਚ ਟਰੈਫ਼ਿਕ ਨਾਲ ਸੰਬੰਧਿਤ ਘਟਨਾਵਾਂ ਘੱਟ ਹੋਣ ਲੱਗੀਆਂ। ਅਜਿਹੇ ਐੱਲ ਈ ਡੀ ਐੱਚ ਪੀ ਕੰਪਨੀ ਨੇ 1968 ਵਿਚ ਤਿਆਰ ਕੀਤੇ। ਕੈਲਕੂਲੇਟਰਾਂ ਵਿਚ ਇਹ ਐੱਲ ਈ ਡੀ ਵਰਤੇ ਜਾਣ ਲੱਗ ਪਏ। ਅੱਖਰ ਦਾ ਆਕਾਰ ਛੋਟਾ ਦਿਸਣ ਕਰਕੇ ਇਨ੍ਹਾਂ ਪ੍ਰਕਾਸ਼ੀ ਸਰੋਤਾਂ ਉਪਰ ਪਲਾਸਟਿਕ ਦੇ ਲੈਂਜ਼ ਫਿਟ ਕੀਤੇ ਜਾਣ ਲੱਗੇ ਤਾਂ ਕਿ ਅੱਖਰਾਂ ਦਾ ਆਕਾਰ ਦੇਖਣ ਜਾਂ ਪੜ੍ਹਨ ਵਿਚ ਕੋਈ ਦਿੱਕਤ ਨਾ ਆਵੇ। ਟੀ1-30 ਵਿਗਿਆਨਕ ਕੈਲਕੂਲੇਟਰਾਂ ਵਿਚ ਦਿਸਣ ਵਾਲੇ ਅੱਖਰਾਂ ਦਾ ਆਕਾਰ ਵਧਾਉਣ ਲਈ ਪਲਾਸਟਿਕ ਦੇ ਲੈਂਜ਼/ਡਿਪਲੇਅ ਵਰਤੇ ਗਏ। ਐੱਲ ਈ ਡੀ ਦੀ ਕੁਸ਼ਲਤਾ ਅਤੇ ਪਕਿਆਈ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹੋਰ ਨਵੇਂ ਸੈਮੀਕੰਡਕਟਰ ਅਤੇ ਨੈਨੋ-ਪਦਾਰਥਾਂ 'ਤੇ ਖੋਜ ਦਾ ਕੰਮ ਜਾਰੀ ਹੈ। ਐੱਲ ਈ ਡੀ ਜ਼ਿਆਦਾਤਰ 5 ਐੱਮ ਐੱਮ ਅਤੇ 3 ਐੱਮ ਐੱਮ ਵਾਲੀ ਪੈਕਜਿੰਗ ਤਕਨੀਕ ਦੁਆਰਾ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਪੈਕਜਿੰਗ ਰਾਹੀਂ ਉੱਚ-ਊਰਜਾ ਵਾਲੇ ਐੱਲ ਈ ਡੀ ਤਿਆਰ ਕੀਤੇ ਜਾਂਦੇ ਹਨ।

## ਨੀਲੇ ਅਤੇ ਚਿੱਟੇ ਪ੍ਰਕਾਸ਼ ਨਿਕਾਸੀ ਐੱਲ ਈ ਡੀ ਕੀ ਹਨ?

1994 ਵਿਚ ਸੂਜ਼ੀ ਨਾਕਾਮੂਰਾ ਨੇ ਸਭ ਤੋਂ ਪਹਿਲਾ ਵੱਧ ਚਮਕਦਾਰ ਨੀਲੇ ਰੰਗ ਦਾ ਪ੍ਰਕਾਸ਼ੀ ਸਰੋਤ ਇਕ ਸੈਮੀਕੰਡਕਟਰ ਇੰਡੀਅਮ ਗੈਲੀਅਮ ਨਾਈਟਰਾਈਡ ਦੀ ਸਹਾਇਤਾ ਨਾਲ ਤਿਆਰ ਕੀਤਾ। 1995 ਵਿਚ ਆਈ ਟੀ ਓ ਪਰਤਾਂ ਦਾ ਲੇਪਣ ਅਜਿਹੇ ਐੱਲ ਈ ਡੀ ਦੀ ਬਣਤਰ ਵਿਚ ਕੀਤਾ ਜਾਣ ਲੱਗ ਪਿਆ। ਅਜਿਹਾ ਕਰਨ ਨਾਲ ਗੈਲੀਅਮ ਆਰਸੇਨਾਈਡ ਫਾਸਫਾਈਡ ਵਰਗੇ ਸੈਮੀਕੰਡਕਟਰ ਪਦਾਰਥ ਪੀਲੇ ਰੰਗ ਅਤੇ ਨੀਲੇ ਰੰਗ ਦਾ ਪ੍ਰਕਾਸ਼ ਪੈਦਾ ਕਰਨ ਲੱਗ ਪਏ। ਪੀਲੇ ਅਤੇ ਨੀਲੇ ਰੰਗ ਦੇ ਪ੍ਰਕਾਸ਼ ਦੇ ਮਿਲਣ ਤੋਂ ਚਿੱਟੇ ਰੰਗ ਦੇ ਐੱਲ ਈ ਡੀ ਦਾ ਨਿਰਮਾਣ ਹੋਇਆ। ਇਸੇ ਖੋਜ ਕਰਕੇ ਸੰਨ 2006 ਵਿਚ ਸੂਜ਼ੀ ਨਾਕਾਮੂਰਾ ਨੂੰ ਮਿਲੇਨੀਅਮ ਤਕਨਾਲੋਜੀ ਦਾ ਐਵਾਰਡ ਪ੍ਰਦਾਨ ਕਰਕੇ ਸਨਮਾਨਿਆ ਗਿਆ। ਐੱਲ ਈ ਡੀ ਪ੍ਰਕਾਸ਼ੀ ਸਰੋਤਾਂ ਦੀ ਖੋਜ ਅਤੇ ਵਿਕਾਸ ਦੀ

ਦਰ ਹਰ 36 ਮਹੀਨਿਆਂ ਬਾਅਦ ਵਧ ਜਾਂਦੀ ਹੈ। ਇਹ ਸੂਖਮ ਤਕਨਾਲੋਜੀ 'ਤੇ ਆਧਾਰਤ ਮੂਰਜ਼ ਨਿਯਮ ਵਾਂਗ ਹੀ ਕੰਮ ਕਰਦੀ ਹੈ। ਆਧੁਨਿਕਤਾ ਦਾ ਇਹ ਰੁਝਾਨ ਪ੍ਰਕਾਸ਼ ਅਤੇ ਪਦਾਰਥ ਵਿਗਿਆਨ ਦੇ ਖੇਤਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵੱਖ-ਵੱਖ ਸੈਮੀਕੰਡਕਟਰ ਤਕਨੀਕਾਂ/ਵਿਧੀਆਂ ਨੂੰ ਬਰਾਬਰ ਦੇ ਵਿਕਾਸ ਪੱਖੀ ਮੋੜ 'ਤੇ ਲਿਆ ਕੇ ਖੜ੍ਹਾ ਕਰਦਾ ਹੈ। ਸੰਨ 2001, 2002 ਅਤੇ 2012 ਵਿਚ ਗੈਲੀਅਮ ਨਾਈਟਰਾਈਡ ਨੂੰ ਸਿਲੀਕਾਨ ਦੀ ਪਰਤ ਉਪਰ ਚੜ੍ਹਾ ਕੇ ਇਕ ਨਵੇਂ ਕਿਸਮ ਦੇ ਐੱਲ ਈ ਡੀ ਦੀ ਸਫਲ ਕੁਸ਼ਲਤਾ ਸੰਬੰਧਿਤ ਕਈ ਖੋਜ ਕਾਰਜ ਨੇਪਰੇ ਚਾੜ੍ਹੇ ਗਏ ਹਨ। ਅਜਿਹਾ ਹੀ ਇਕ ਖੋਜ ਕਾਰਜ 2012 ਵਿਚ ਉਸਰਾਮ ਨਾਮਕ ਖੋਜੀ ਨੇ ਉੱਚ ਊਰਜਾ ਪ੍ਰਦਾਨ ਕਰਨ ਵਾਲੇ ਇੰਡੀਅਮ ਗੈਲੀਅਮ ਨਾਈਟਰਾਈਡ ਪ੍ਰਕਾਸ਼ੀ ਸਰੋਤ ਨੂੰ ਸਿਲੀਕਾਨ ਦੇ ਪ੍ਰਤਿਸਥਾਪਕਾਂ ਉੱਪਰ ਲੇਪ ਕਰਕੇ ਈਜ਼ਾਦ ਕੀਤਾ ਹੈ। ਅਜਿਹੀ ਵਿਧੀ ਨਾਲ ਐੱਲ ਈ ਡੀ ਦੀ ਖੋਜ/ਬਣਤਰ ਦੇ ਆਕਾਰ ਦੇ ਖਰਚੇ ਨੂੰ ਲਗਭਗ 90 ਪ੍ਰਤਿਸ਼ਤ ਘੱਟ ਕੀਤਾ ਜਾ ਸਕੇਗਾ। ਹੁਣ ਦੇ ਦੌਰ ਦੇ ਨੀਲੀ ਰੌਸ਼ਨੀ ਵਾਲੇ ਐੱਲ ਈ ਡੀ ਚੌੜੇ ਬੈਂਡ ਵਿੱਥ ਵਾਲੇ ਗੈਨ ਨਾਮਕ ਸੈਮੀਕੰਡਕਟਰ ਅਤੇ ਇਨ ਗੈਨ ਦੇ ਸੁਮੇਲ ਨਾਲ ਬਣਾਏ ਜਾ ਰਹੇ ਹਨ। ਇਹ ਪਦਾਰਥ ਲਾਲ, ਨੀਲੀ ਅਤੇ ਚਿੱਟੀ ਰੌਸ਼ਨੀ ਪੈਦਾ ਕਰਨ ਦੇ ਸਮਰੱਥ ਹਨ। ਇਸ ਤੋਂ ਇਲਾਵਾ, ਇਹ ਸਸਤੇ ਅਤੇ ਜ਼ਿਆਦਾ ਕੁਸ਼ਲ ਅਤੇ ਭਰੋਸੇਮੰਦ ਸਰੋਤ ਹਨ। ਨੀਲੇ-ਜਾਮਣੀ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲੇ ਐੱਲ ਈ ਡੀ 1972 ਵਿਚ ਦੋ ਪੀ ਐੱਚ ਡੀ ਕਰ ਰਹੇ ਵਿਦਿਆਰਥੀਆਂ ਮਾਰੂਸਕਾ ਅਤੇ ਰਹੀਨਸ ਨੇ ਸਟੈਂਡਫੋਰ ਯੂਨੀਵਰਸਿਟੀ ਵਿਚ ਈਜ਼ਾਦ ਕੀਤੇ। 1974 ਵਿਚ ਉਨ੍ਹਾਂ ਦੀ ਖੋਜ ਪੇਟੈਂਟ ਹੋ ਗਈ। ਅੱਜਕੱਲ੍ਹ ਇਹੀ ਐੱਲ ਈ ਡੀ ਲੇਜ਼ਰ ਯੰਤਰਾਂ ਵਿਚ ਵੀ ਵਰਤੇ ਜਾਂਦੇ ਹਨ। ਪਹਿਲੇ-ਪਹਿਲੇ ਬਣਨ ਵਾਲੇ ਪ੍ਰਕਾਸ਼ੀ ਸਰੋਤਾਂ ਦੀ ਕੁਸ਼ਲਤਾ ਦਰ ਸਿਰਫ਼ 0.03 ਪ੍ਰਤਿਸ਼ਤ ਸੀ, ਪਰ ਹੁਣ ਇਹੀ ਕੁਸ਼ਲਤਾ ਦਰ 50 ਪ੍ਰਤਿਸ਼ਤ ਤੋਂ ਉੱਪਰ ਹੋ ਗਈ ਹੈ।

ਨੀਲੇ ਰੰਗ ਦੇ ਐੱਲ ਈ ਡੀ ਵਿਚ ਇਨਗੇਨ ਦੀ ਪਰਤ (ਨੈਨੋਮੀਟਰਾਂ ਵਿਚ ਇਸ ਦਾ ਆਕਾਰ ਹੁੰਦਾ ਹੈ) ਗੇਨ ਦੀਆਂ ਦੋ ਪਰਤਾਂ ਨਾਲ ਢਕੀ ਹੁੰਦੀ ਹੈ। ਰੰਗ ਦਾ ਸੁਭਾਅ ਇੰਡੀਅਮ ਜਾਂ ਗੈਲੀਅਮ ਪਦਾਰਥ ਦੇ ਅੰਸ਼ਾਂ/ਹਿੱਸਿਆਂ ਉੱਪਰ ਨਿਰਭਰ ਕਰਦਾ ਹੈ। 365 ਨੈਨੋਮੀਟਰ ਤੀਬਰਤਾ ਉੱਪਰ ਇਹ ਐੱਲ ਈ ਡੀ ਅਲਟਰਾਵਾਇਲਟ ਖਿੱਤੇ ਦੇ ਨਜ਼ਦੀਕ ਦਾ ਪ੍ਰਕਾਸ਼ੀ ਖੇਤਰ ਪ੍ਰਗਟ ਕਰਦੇ ਹਨ। 375-395 ਨੈਨੋਮੀਟਰ ਵਾਲੀ ਤੀਬਰਤਾ ਸਕੇਲ ਉੱਪਰ ਐੱਲ ਈ ਡੀ ਅਲਟਰਾ-ਵਾਇਲਟ ਰੌਸ਼ਨੀ ਦੇ ਨਜ਼ਦੀਕੀ ਪ੍ਰਕਾਸ਼ੀ ਖੇਤਰ ਨੂੰ ਦਰਸਾਉਂਦਾ ਹੈ। ਅਜਿਹੇ ਖੇਤਰਾਂ ਦੀ ਵਰਤੋਂ ਵਾਟਰ ਮਾਰਕਿੰਗ ਵਿਚ ਹੁੰਦੀ ਹੈ। ਇਹ ਵਾਟਰਮਾਰਕ ਕਰੰਸੀ ਨੋਟਾਂ ਜਾਂ ਮਹੱਤਵਪੂਰਨ ਦਸਤਾਵੇਜ਼ਾਂ ਦੀ ਸੁਰੱਖਿਆ ਵਾਸਤੇ ਵਰਤੇ ਜਾਂਦੇ ਹਨ। 250-270 ਨੈਨੋਮੀਟਰ ਸਕੇਲ ਵਾਲਾ ਅਲਟਰਾ-ਵਾਇਲਟ (ਪਾਰ-ਬੈਂਗਣੀ) ਐੱਲ ਈ ਡੀ ਸੰਕਰਮਣ ਰਹਿਤ ਅਤੇ ਸਟਰਲਾਈਜੇਸ਼ਨ ਯੰਤਰਾਂ ਵਿਚ ਵਰਤਿਆ ਜਾਂਦਾ ਹੈ। ਅਜਿਹੇ ਐੱਲ ਈ ਡੀ ਮੈਡੀਕਲ ਖੋਜ ਕਾਰਜਾਂ ਲਈ ਕਾਫ਼ੀ ਲਾਹੇਵੰਦ ਸਾਬਿਤ ਹੁੰਦੇ ਹਨ। ਅੱਖ ਦੇ ਕਈ ਨਿਕਟ ਅਤੇ ਦੀਰਘ ਦ੍ਰਿਸ਼ਟੀ ਨੁਕਸਾਂ ਨੂੰ ਲੇਜ਼ਰ ਕਿਰਨਾਂ ਦੀ ਸਹਾਇਤਾ ਨਾਲ ਦੂਰ ਕੀਤਾ ਜਾ ਰਿਹਾ ਹੈ। ਡੂੰਘੀਆਂ ਪਾਰ-ਬੈਂਗਣੀ ਤੀਬਰਤਾਵਾਂ 210 ਨੈਨੋਮੀਟਰ, 215 ਨੈਨੋਮੀਟਰ ਤੇ 235 ਐੱਮ ਐੱਮ ਪ੍ਰਕਾਸ਼ੀ ਖਿੱਤਿਆਂ ਵਿਚ ਮਾਪੀਆਂ ਜਾ ਸਕਦੀਆਂ ਹਨ।

ਅੱਜਕੱਲ੍ਹ ਤਾਂ ਕਾਰਬਨਿਕ ਪ੍ਰਕਾਸ਼ੀ ਸਰੋਤਾਂ ਉਪਰ ਖੋਜ ਕਾਰਜ ਵੀ ਬਹੁਤ ਵੱਡੇ ਪੱਧਰ 'ਤੇ ਹਰ ਦੇਸ਼ ਵਿਚ ਕੀਤੇ ਜਾ ਰਹੇ ਹਨ। ਅਜਿਹੇ ਖੋਜ ਕਾਰਜਾਂ ਵਿਚ ਭਾਰਤ, ਚੀਨ, ਅਮਰੀਕਾ, ਜਾਪਾਨ, ਜਰਮਨੀ, ਇੰਗਲੈਂਡ, ਈਰਾਨ, ਰੂਸ, ਮਲੇਸ਼ੀਆ, ਆਸਟ੍ਰੇਲੀਆ, ਨਾਰਵੇ, ਹਾਲੈਂਡ, ਸਵਿਟਜ਼ਰਲੈਂਡ, ਪੋਲੈਂਡ ਅਤੇ ਸਵੀਡਨ ਵਰਗੇ ਦੇਸ਼ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਕਾਰਬਨਿਕ ਪਦਾਰਥਾਂ ਦੇ ਅਣੂ ਬਿਜਲਈ ਤੌਰ ਤੇ ਪਾਈ (ਪੀ ਆਈ) ਇਲੈਕਟ੍ਰਾਨਾਂ ਨੂੰ ਉਤਸਰਜਿਤ ਕਰਦੇ ਹਨ। ਬਿਜਲਈ ਧਾਰਾ ਦਾ ਪ੍ਰਵਾਹ ਬਿਨਾਂ ਕਿਸੇ ਰੁਕਾਵਟ ਦੇ ਅੱਗੇ ਚਲਦਾ ਹੈ। ਕੁਝ ਖ਼ਾਸ ਤਰ੍ਹਾਂ ਦੇ ਪਾਲੀਮਰ ਰੇਸ਼ਿਆਂ ਵਿਚ ਅਜਿਹੀ ਕਿਸਮ ਪਾਈ ਜਾਂਦੀ ਹੈ। ਆਰਗੈਨਿਕ ਪ੍ਰਕਾਸ਼ੀ ਸਰੋਤ ਬਹੁਤ ਸਸਤੇ ਹਨ। ਬਹੁਤ ਹੀ ਘੱਟ ਊਰਜਾ ਸੋਖਦੇ ਹਨ। ਚਮਕੀਲੇ ਬਹੁਤ ਜ਼ਿਆਦਾ ਹੁੰਦੇ ਹਨ। ਪਾਲੀਮਰ ਤੋਂ ਤਿਆਰ ਐੱਲ ਈ ਡੀ ਅੱਜਕੱਲ੍ਹ ਦੇ ਅਤਿ ਆਧੁਨਿਕ ਕੰਪਿਊਟਰ ਤੇ ਟੀ ਵੀ ਸਕਰੀਨਾਂ ਵਿਚ ਲੱਗ ਰਹੇ ਹਨ। ਕੈਲੰਡਰ ਟੀ ਵੀ ਇਸ ਦੀ ਇਕ ਤਾਜ਼ਾ ਉਦਾਹਰਨ ਹੈ। ਕੈਲੰਡਰ ਦੀ ਤਰ੍ਹਾਂ ਇਸ ਟੀ ਵੀ ਨੂੰ ਤੁਸੀਂ ਫੋਲਡ ਕਰਕੇ ਜਿਥੇ ਮਰਜ਼ੀ ਲਿਜਾ ਸਕਦੇ ਹੋ। ਇਸ ਤੋਂ ਇਲਾਵਾ, ਅਜਿਹੇ ਐੱਲ ਈ ਡੀ ਮੋਬਾਈਲ ਫ਼ੋਨਾਂ, ਸੈਟੇਲਾਈਟ ਫ਼ੋਨਾਂ, ਡਿਜ਼ਿਟਲ ਕੈਮਰਿਆਂ, ਐੱਮ ਪੀ 3/4 ਸੰਗੀਤ ਪਲੇਅਰਾਂ ਅਤੇ ਉੱਚ ਪਰਿਭਾਸ਼ਾ ਐੱਚ ਡੀ, ਡੀ ਵੀ ਡੀ ਅਤੇ ਸੈੱਟ-ਟਾਪ ਬਾਕਸਾਂ ਵਿਚ ਵਰਤੇ ਜਾ ਰਹੇ ਹਨ। ਕੁਆਂਟਮ ਡਾਟ ਐੱਲ ਈ ਡੀ ਉਪਰ ਖੋਜ ਵੀ ਜਾਰੀ ਹੈ। ਦਿੱਸਹੱਦੇ ਪ੍ਰਕਾਸ਼ੀ ਖੇਤਰ ਤੋਂ ਲੈ ਕੇ ਇਨ੍ਹਾਂ ਦੀ ਸੀਮਾ ਇਨਫਰਾਰੈਡ ਪ੍ਰਕਾਸ਼ੀ ਖੇਤਰ ਤਕ ਹੁੰਦੀ ਹੈ। ਇਨ੍ਹਾਂ ਦਾ ਪ੍ਰਕਾਸ਼ ਉਤਸਰਜਨ ਬਹੁਤ ਭੀੜਾ ਹੁੰਦਾ ਹੈ। ਫ਼ਰਵਰੀ 2011 ਵਿਚ ਖੋਜ ਕਰਤਾਵਾਂ ਨੇ ਪਲਾਜਮ ਚੈਮ ਪ੍ਰੀਖਣਸ਼ਾਲਾ ਵਿਚ ਕੁਆਂਟਮ ਡਾਟ ਤੋਂ ਬਣੇ ਐੱਲ ਈ ਡੀ ਦਾ ਡਿਜ਼ਾਇਨ ਤਿਆਰ ਕੀਤਾ ਹੈ। ਉਨ੍ਹਾਂ ਨੇ ਇਕ ਪ੍ਰਕਾਸ਼ੀ ਰੰਗ ਬਦਲ ਯੰਤਰ ਵੀ ਤਿਆਰ ਕੀਤਾ ਹੈ ਜੋ ਕਿ ਨੀਲੇ ਰੰਗ ਤੋਂ ਕੋਈ ਵੀ ਹੋਰ ਰੰਗ ਦੀ ਰੌਸ਼ਨੀ ਪੈਦਾ ਕਰ ਸਕਦਾ ਹੈ। 2008 ਵਿਚ ਨੈਨੋ ਕਣਾਂ ਤੋਂ ਵੀ ਵਧੀਆ ਪ੍ਰਕਾਰ ਦੇ ਪ੍ਰਕਾਸ਼ੀ ਐੱਲ ਈ ਡੀ ਬਣਾਏ ਗਏ ਹਨ। ਅਜਿਹੇ ਐੱਲ ਈ ਡੀ, ਪਦਾਰਥ ਦੀ ਸੰਰਚਨਾ ਦਾ ਪਤਾ ਕਰਨ ਵਾਲੀ ਸਕੈਨਿੰਗ ਪ੍ਰਕਾਸ਼ੀ ਸੂਖਮਦਰਸ਼ੀ ਵਿਚ ਵਰਤੇ ਜਾਂਦੇ ਹਨ। ਹੁਣ ਤਕ ਨੈਨੋ ਕਣਾਂ ਤੋਂ ਬਣਨ ਵਾਲੇ ਐੱਲ ਈ ਡੀ ਦੀ ਉੱਚਤਮ ਪ੍ਰਕਾਸ਼ੀ ਕੁਸ਼ਲਤਾ 300 ਲਿਊਮਕ ਦਰਜ ਕੀਤੀ ਗਈ ਹੈ। ਇਸ ਕੁਸ਼ਲਤਾ ਤੇ ਆਕਾਰ 'ਤੇ ਬਣਾਵਟ ਦਾ ਕੋਈ ਅਸਰ ਨਹੀਂ ਹੁੰਦਾ।

ਐੱਲ ਈ ਡੀ ਪ੍ਰਕਾਸ਼ ਦੇ ਠੰਢੇ ਅਤੇ ਘੱਟ ਤਾਪ ਪੈਦਾ ਕਰਨ ਵਾਲੇ ਸਰੋਤ ਹਨ। ਇਨ੍ਹਾਂ ਦਾ ਫੇਲ੍ਹ ਰੇਟ ਬਹੁਤ ਘੱਟ ਹੈ। ਸਮਾਂ ਕਾਲ ਜ਼ਿਆਦਾ ਹੁੰਦਾ ਹੈ। ਅਜਿਹੇ ਐੱਲ ਈ ਡੀ ਸਾਲਿਡ ਸਟੇਟ ਤਕਨਾਲੋਜੀ 'ਤੇ ਆਧਾਰਿਤ ਹਨ। ਇਨ੍ਹਾਂ ਦੀ ਟੁੱਟ-ਭੱਜ ਅਤੇ ਨੁਕਸਾਨ ਦਾ ਖ਼ਤਰਾ ਵੀ ਬਹੁਤ ਘੱਟ ਹੁੰਦਾ ਹੈ। ਇਹ ਤੀਬਰ ਪ੍ਰਕਾਸ਼ ਪੈਦਾ ਕਰਨ ਦੇ ਸਰੋਤ ਹਨ, ਇਸ ਲਈ ਇਹ ਕੈਮਰਿਆਂ ਅਤੇ ਮੋਬਾਈਲ ਫ਼ੋਨਾਂ ਦੀਆਂ ਫਲੈਸ਼ ਲਾਈਟਾਂ ਵਿਚ ਇਸਤੇਮਾਲ ਹੁੰਦੇ ਹਨ।

## ਕੌਣ ਹਨ ਪ੍ਰੋਫੈਸਰ ਸੂਜ਼ੀ ਨਾਕਾਮੂਰਾ?

ਸੂਜ਼ੀ ਨਾਕਾਮੂਰਾ ਇਕ ਜਪਾਨੀ-ਅਮਰੀਕਨ

*ਬਾਕੀ ਸਫ਼ਾ 55 ਉੱਤੇ*

# ਈਧਨ ਦੀ ਬੱਚਤ ਅਤੇ ਆਰਥਿਕ ਵਿਕਾਸ

ਰਤਨ ਸਲਦੀ

ਪਿਛਲੇ ਕੁਝ ਮਹੀਨਿਆਂ ਤੋਂ ਕੱਚੇ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਲਗਾਤਾਰ ਕਮੀ ਇਕ ਸੁਆਗਤਯੋਗ ਪਹਿਲੂ ਹੈ। ਇਸ ਨਾਲ ਘਰ-ਪਰਿਵਾਰਾਂ ਅਤੇ ਸਮੁੱਚੇ ਦੇਸ਼ ਦਾ ਈਧਨ ਦਾ ਖਰਚਾ ਘਟ ਜਾਣਾ ਸੁਭਾਵਕ ਹੈ। ਪਰ ਇਕ ਗੱਲ ਹਰ ਨਾਗਰਿਕ ਨੂੰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਘਟ ਰਹੀਆਂ ਕੀਮਤਾਂ ਤੋਂ ਉਨ੍ਹਾਂ ਦੀ ਵਧੇਰੇ ਵਰਤੋਂ ਵੱਲ ਉਤਸ਼ਾਹਿਤ ਨਹੀਂ ਹੋਣਾ ਚਾਹੀਦਾ। ਈਧਨ ਦੀ ਕਿਫ਼ਾਇਤੀ ਅਤੇ ਸੁਚੱਜੀ ਵਰਤੋਂ ਵਿਚ ਹੀ ਸਾਡੇ ਘਰ-ਪਰਿਵਾਰਾਂ ਅਤੇ ਦੇਸ਼ ਦੀ ਖ਼ੁਸ਼ਹਾਲੀ ਟਿਕੀ ਹੋਈ ਹੈ। ਅੱਜ ਕਿਉਂਕਿ ਮਨੁੱਖੀ ਜੀਵਨ ਦਾ ਕੋਈ ਵੀ ਅਜਿਹਾ ਪਹਿਲੂ ਨਹੀਂ ਹੈ ਜੋ ਕਿਸੇ ਨਾ ਕਿਸੇ ਸ਼ਕਲ ਵਿਚ ਬਿਜਲੀ, ਕੋਲਾ, ਪੈਟਰੋਲੀਅਮ ਪਦਾਰਥਾਂ ਅਤੇ ਈਧਨ ਉਤਪਾਦਨ ਦੇ ਹੋਰ ਸਾਧਨਾਂ ਉਪਰ ਆਧਾਰਤ ਨਾ ਹੋਵੇ। ਕਿਸੇ ਵੀ ਦੇਸ਼ ਦਾ ਆਰਥਿਕ ਵਿਕਾਸ ਉਸ ਦੀ ਈਧਨ ਖਪਤ ਉੱਪਰ ਟਿਕਿਆ ਹੋਇਆ ਹੈ ਅਤੇ ਹਾਲਾਤ ਇਹ ਹਨ ਕਿ ਬਿਨਾਂ ਈਧਨ ਖਪਤ ਵਿਚ ਵਾਧੇ ਦੇ ਵਿਕਾਸ ਵਿਚ ਤੇਜ਼ੀ ਨਹੀਂ ਲਿਆਂਦੀ ਜਾ ਸਕਦੀ। ਇਹ ਪ੍ਰਕਿਰਿਆ ਵਿਕਾਸਸ਼ੀਲ ਦੇਸ਼ਾਂ ਉਪਰ ਹੋਰ ਵਧੇਰੇ ਲਾਗੂ ਹੁੰਦੀ ਹੈ ਕਿਉਂਕਿ ਅਮਰੀਕਾ ਆਦਿ ਵਿਕਸਤ ਦੇਸ਼ਾਂ ਵਿਚ ਪਹਿਲਾਂ ਤੋਂ ਹੀ ਈਧਨ ਦੀ ਖਪਤ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਬਹੁਤ ਵਾਧੂ ਹੈ। ਬਿਜਲੀ ਅਤੇ ਪੈਟਰੋਲੀਅਮ ਪਦਾਰਥਾਂ ਦੀ ਪੂਰਤੀ ਵਿਚ ਅਨਿਸਚਿਤਤਾ ਆਰਥਿਕ ਵਿਕਾਸ ਵਿਚ ਮੰਦੀ ਦਾ ਮੁੱਖ ਕਾਰਨ ਬਣ ਸਕਦੀ ਹੈ। ਇਸ ਲਈ ਸੁਰੱਖਿਆ ਅਤੇ ਲਗਾਤਾਰ ਬਿਜਲੀ ਪੂਰਤੀ ਅਤੇ ਵਾਜਬ ਕੀਮਤਾਂ ਉਪਰ ਪੈਟਰੋਲੀਅਮ ਪਦਾਰਥਾਂ ਦੀ ਆਵਾਜਾਈ, ਖੇਤੀਬਾੜੀ, ਉਦਯੋਗ ਅਤੇ ਵਿਕਾਸ ਦੇ ਹੋਰ ਖੇਤਰਾਂ ਲਈ ਪੂਰਤੀ ਆਰਥਿਕ ਵਿਕਾਸ ਲਈ ਅਤਿ ਲੋੜੀਂਦੀ ਹੈ। ਜੇ ਇਨ੍ਹਾਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਤਿ ਲੋੜੀਂਦੀਆਂ ਵਸਤਾਂ ਦੀ ਪੂਰਤੀ ਵਿਚ ਕਿਸੇ ਕਿਸਮ ਦਾ ਵਿਘਨ ਪੈ ਜਾਵੇ ਜਾਂ ਇਨ੍ਹਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਜਾਣ ਨਾਲ ਕਿਸੇ ਵੀ ਦੇਸ਼ ਨੂੰ ਵਧੇਰੇ ਭਾਰ ਸਹਿਣਾ ਪੈ ਜਾਵੇ ਤਾਂ ਵਿਕਾਸ ਦਰ ਵਿਚ ਗਿਰਾਵਟ ਹੋਣਾ ਸੁਭਾਵਕ ਹੋ ਜਾਂਦਾ ਹੈ। ਇਸ ਲਈ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਮਾਨਵੀ ਵਿਕਾਸ ਦੇ ਉਦੇਸ਼ਾਂ ਦੇ ਟੀਚੇ ਹਾਸਲ ਕਰਨ ਲਈ ਈਧਨ ਸੁਰੱਖਿਆ ਵੱਲ ਵਧੇਰੇ ਧਿਆਨ ਦਿਤਾ ਜਾਵੇ ਤਾਂ ਕਿ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਅਤੇ ਦੇਸ਼ ਵਿਚੋਂ ਗਰੀਬੀ ਘਟਾਈ ਜਾ ਸਕੇ। ਇਹ ਤਦੇ ਸੰਭਵ ਹੋ ਸਕਦਾ ਹੈ ਜੇ ਅਸੀ ਈਧਨ ਸੁਰੱਖਿਆ ਅਤੇ ਕਿਫ਼ਾਇਤੀ ਵਰਤੋਂ ਵੱਲ ਉਚੇਚਾ ਧਿਆਨ ਦੇ ਕੇ ਅਤੇ ਯੋਜਨਾਬਧ ਤਰੀਕੇ ਈਧਨ ਦੀ ਮੰਗ ਅਤੇ ਪੂਰਤੀ ਵਿਚ ਤਾਲਮੇਲ ਬਣਾ ਸਕੀਏ ਅਤੇ ਈਧਨ ਦੀ ਵਰਤੋਂ ਨਾਲ ਵਾਤਾਵਰਨ ਉਪਰ ਹੋਣ ਵਾਲੇ ਅਸਰਾਂ ਉੱਤੇ ਕਾਬੂ ਪਾ ਸਕੀਏ।

ਭਾਰਤ ਇਕ ਬਹੁਤ ਸੰਘਣੀ ਆਬਾਦੀ ਵਾਲਾ ਦੇਸ਼ ਹੈ ਅਤੇ ਇਸ ਦੀ ਜਨਸੰਖਿਆ ਵਿਚ ਲਗਾਤਾਰ ਵਾਧਾ ਜਾਰੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੀ ਆਬਾਦੀ 121 ਕਰੋੜ ਸੀ ਜੋ ਹੁਣ 125 ਕਰੋੜ ਤੋਂ ਵੱਧ ਆਂਕੀ ਜਾ ਰਹੀ ਹੈ। ਆਬਾਦੀ ਵਿਚ ਲਗਾਤਾਰ ਵਾਧੇ ਨਾਲ ਈਧਨ ਪੂਰਤੀ ਦੇ ਸਾਧਨਾਂ ਉਪਰ ਵੀ ਵਧੇਰੇ ਦਬਾਅ ਪੈਂਦਾ ਹੈ ਅਤੇ ਦੇਸ਼ ਨੂੰ ਆਪਣੀ ਵਿਦੇਸ਼ੀ ਮੁਦਰਾ ਦੇ ਭੰਡਾਰ ਦਾ ਸਭ ਤੋਂ ਵੱਡਾ ਹਿੱਸਾ ਕੱਚਾ ਤੇਲ, ਪੈਟਰੋਲੀਅਮ ਪਦਾਰਥ ਅਤੇ ਕੋਲਾ ਵਿਦੇਸ਼ਾਂ ਤੋਂ ਮੰਗਵਾਉਣ ਉਪਰ ਖਰਚ ਕਰਨਾ ਪੈਂਦਾ ਹੈ। ਭਾਰਤ ਵਿਚ, ਇਕ ਅਨੁਮਾਨ ਅਨੁਸਾਰ 31.3.2013 ਨੂੰ 298.94 ਬਿਲੀਅਨ ਟਨ ਕੋਲੇ ਦੇ ਭੰਡਾਰ ਸਨ। ਕੱਚੇ ਤੇਲ ਦੇ 760 ਮਿਲੀਅਨ ਟਨ ਅਤੇ ਕੁਦਰਤੀ ਗੈਸ ਦੇ 1.3 ਟਰਿਲੀਅਨ ਘਣ ਮੀਟਰ ਭੰਡਾਰ ਆਂਕੇ ਗਏ ਹਨ ਪਰ ਉਨ੍ਹਾਂ ਵਿਚੋਂ ਬਹੁਤੇ ਤਕਨੀਕੀ ਅਤੇ ਆਰਥਿਕ ਤੌਰ ਤੇ ਵਰਤੋਂਯੋਗ ਨਹੀਂ ਹਨ। ਕੋਲੇ ਦੇ ਭੰਡਾਰ ਮੁੱਖ ਤੌਰ ਤੇ ਦੇਸ਼ ਦੇ ਪੂਰਬੀ ਅਤੇ ਦੱਖਣੀ ਭਾਗਾਂ ਵਿਚ ਪਾਏ ਜਾਂਦੇ ਹਨ। ਦੇਸ਼ ਵਿਚ ਕੋਲੇ ਦੇ ਕੁੱਲ ਭੰਡਾਰਾਂ ਦਾ 99 ਪ੍ਰਤਿਸ਼ਤ ਹਿੱਸਾ ਝਾਰਖੰਡ, ਓਡੀਸ਼ਾ, ਛੱਤੀਸਗੜ੍ਹ, ਪੱਛਮੀ ਬੰਗਾਲ, ਆਂਧਰ ਪ੍ਰਦੇਸ਼, ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਪਾਇਆ ਜਾਂਦਾ ਹੈ। ਕੋਲੇ ਦੀ ਮੁੱਖ ਵਰਤੋਂ ਬਿਜਲੀ ਉਤਪਾਦਨ, ਉਦਯੋਗ ਤੇ ਘਰੇਲੂ ਖੇਤਰ ਵਿਚ ਹੁੰਦੀ ਹੈ। ਪਰ ਭਾਰਤ ਵਿਚ ਕੋਲੇ ਦੀ ਉੱਚੀ ਕਿਸਮ ਨਾ ਹੋਣ ਕਾਰਨ, ਬਿਜਲੀ ਉਤਪਾਦਨ ਲਈ ਦੇਸ਼ ਨੂੰ ਕੋਲਾ ਆਯਾਤ ਉਪਰ ਵੀ ਨਿਰਭਰ ਰਹਿਣਾ ਪੈਂਦਾ ਹੈ। ਦੇਸ਼ ਵਿਚ ਕੋਲੇ ਦਾ ਆਯਾਤ ਜੋ 2005-06 ਵਿਚ 36.60 ਮਿਲੀਅਨ ਟਨ ਸੀ, ਲਗਾਤਾਰ ਵਾਧੇ ਨਾਲ 2012-13 ਵਿਚ 134.73 ਮਿਲੀਅਨ ਟਨ ਹੋ ਗਿਆ। ਦੇਸ਼ ਵਿਚ ਕੁੱਲ ਬਿਜਲੀ ਉਤਪਾਦਨ ਦਾ 67 ਪ੍ਰਤਿਸ਼ਤ ਤੋਂ ਵੱਧ ਹਿੱਸਾ, 2012-13 ਦੇ ਅੰਕੜਿਆਂ ਅਨੁਸਾਰ, ਕੋਲਾ ਬਿਜਲੀ ਘਰਾਂ ਵਿਚ ਪੈਦਾ ਕੀਤਾ ਜਾਂਦਾ ਸੀ। ਇਨ੍ਹਾਂ ਬਿਜਲੀ ਘਰਾਂ ਵਿਚ ਸੁਧਾਰ ਦੀ ਲੋੜ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਹੈ।

ਸਾਡੇ ਦੇਸ਼ ਵਿਚ ਊਰਜਾ ਦਾ ਦੂਸਰਾ ਸਭ ਤੋਂ ਵੱਡਾ ਸਰੋਤ ਪਣ-ਬਿਜਲੀ, ਪੌਣ-ਮਿੱਲਾਂ ਅਤੇ ਬਾਇਓ ਗੈਸ ਪਲਾਂਟ ਆਧਾਰਿਤ ਬਿਜਲੀ ਉਤਪਾਦਨ ਵੱਲ ਵੀ ਉਚੇਚਾ ਧਿਆਨ ਦਿਤਾ ਜਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ, ਪ੍ਰਮਾਣੂ ਬਿਜਲੀ ਉਤਪਾਦਨ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ

ਨਵੇਂ ਪਲਾਂਟਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਭਾਰਤ ਆਪਣੀ ਲੋੜ ਅਨੁਸਾਰ ਗੁਆਂਢੀ ਦੇਸ਼ਾਂ ਜਿਵੇਂ ਕਿ ਭੁਟਾਨ ਅਤੇ ਨੇਪਾਲ ਤੋਂ ਵੀ ਦੇਸ਼ ਵਿਚ ਵਧ ਰਹੀ ਬਿਜਲੀ ਦੀ ਮੰਗ ਪੂਰੀ ਕਰਨ ਲਈ ਬਿਜਲੀ ਖਰੀਦ ਰਿਹਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਨੇਪਾਲ ਯਾਤਰਾ ਤੋਂ ਬਾਅਦ ਭਾਰਤ ਨੇ ਨੇਪਾਲ ਨਾਲ ਬਿਜਲੀ ਖਰੀਦ ਸੰਧੀ ਉਪਰ ਦਸਤਖ਼ਤ ਕੀਤੇ ਹਨ ਜੋ ਲੰਬੇ ਸਮੇਂ ਤੋਂ ਲਟਕੀ ਹੋਈ ਸੀ।

ਭਾਰਤ ਵਿਚ ਪੈਟਰੋਲੀਅਮ ਪਦਾਰਥਾਂ ਦੀ ਮੰਗ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਜਿਥੇ ਇਹ ਦੇਸ਼ ਦੇ ਆਰਥਿਕ ਵਿਕਾਸ ਵੱਲ ਤੇਜ਼ੀ ਨਾਲ ਵਧਣ ਦਾ ਸੂਚਕ ਹੈ, ਉਥੇ ਕਈ ਅਲਾਮਤਾਂ ਦਾ ਕਾਰਨ ਵੀ ਬਣਦਾ ਹੈ। ਦੇਸ਼ ਵਿਚ ਉੱਚ ਤਕਨੀਕ ਜਿਵੇਂ ਕਿ ਭਾਰਤ-3 ਅਤੇ ਭਾਰਤ-4 ਆਦਿ ਗੁਣਵੱਤਾ ਭਰਪੂਰ ਟਰਾਂਸਪੋਰਟ ਇੰਜਨਾਂ ਦੀ ਅਤੇ ਪਰੰਪਰਾਗਤ ਉਦਯੋਗਿਕ ਇਕਾਈਆਂ ਵਿਚ ਧੂੰਏਂ ਅਤੇ ਕਚਰੇ ਆਦਿ ਦੀ ਵੱਡੀ ਸਮੱਸਿਆ ਹੋਣ ਕਾਰਨ ਵਾਤਾਵਰਨ ਉਪਰ ਬਹੁਤ ਬੁਰਾ ਅਸਰ ਪੈਂਦਾ ਹੈ। ਭਾਰਤ ਵਿਚ ਕੱਚੇ ਤੇਲ ਦੇ ਭੰਡਾਰ ਹੋਣ ਦੇ ਬਾਵਜੂਦ ਸਾਨੂੰ ਵੱਡੀ ਮਾਤਰਾ ਵਿਚ ਕੱਚਾ ਤੇਲ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ। ਕੱਚੇ ਤੇਲ ਦਾ ਆਯਾਤ ਜੋ 2005-06 ਵਿਚ 99.41 ਮਿਲੀਅਨ ਟਨ ਸੀ, ਲਗਾਤਾਰ ਵਾਧੇ ਨਾਲ 2012-13 ਵਿਚ 184.80 ਮਿਲੀਅਨ ਟਨ ਹੋ ਗਿਆ ਸੀ। ਦੇਸ਼ ਵਿਚ 20 ਤੋਂ ਵੱਧ ਕੱਚਾ ਤੇਲ ਸੋਧਕ ਕਾਰਖਾਨੇ ਹਨ ਜਿਨ੍ਹਾਂ ਵਿਚ ਦੇਸ਼ ਅੰਦਰ ਉਤਪਾਦਨ ਅਤੇ ਆਯਾਤ ਕੱਚੇ ਤੇਲ ਨੂੰ ਸਾਫ਼ ਕਰ ਕੇ ਵੱਖ-ਵੱਖ ਪੈਟਰੋਲੀਅਮ ਪਦਾਰਥਾਂ ਅਤੇ ਨੈਪਥਾ ਆਦਿ ਬਣਾਏ ਜਾਂਦੇ ਹਨ।

ਸਮੁੱਚੀ ਦੁਨੀਆਂ ਅੰਦਰ ਪੈਟਰੋਲੀਅਮ ਪਦਾਰਥਾਂ ਦੀ ਖਪਤ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਕ ਅਨੁਮਾਨ ਅਨੁਸਾਰ, ਭਾਰਤ ਵਿਚ 2013-14 ਵਿਚ 158.2 ਮਿਲੀਅਨ ਟਨ ਪੈਟਰੋਲੀਅਮ ਪਦਾਰਥਾਂ ਦੇ ਉਤਪਾਦਨ ਦੇ ਮੁਕਾਬਲੇ ਇਹ ਮੰਗ ਵਧ ਕੇ 2021-22 ਤਕ 245 ਮਿਲੀਅਨ ਟਨ ਹੋ ਜਾਣ ਦੀ ਆਸ ਹੈ। ਪਰ ਦੇਸ਼ ਸਾਹਮਣੇ ਵੱਡੀ ਚੁਣੌਤੀ ਇਹ ਹੈ ਕਿ ਤੇਲ ਭੰਡਾਰਾਂ ਦੇ ਸੀਮਤ ਸਾਧਨ ਹਨ ਅਤੇ ਬਹੁਤਾ ਕਰਕੇ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਦੀ ਪੂਰਤੀ ਲਈ ਵਿਦੇਸ਼ਾਂ ਤੋਂ ਆਯਾਤ ਉਪਰ ਨਿਰਭਰ ਰਹਿਣਾ ਪੈਂਦਾ ਹੈ। ਭਾਰਤ ਵਿਚ ਇਸ ਸਮੇਂ ਕੱਚੇ ਤੇਲ ਦਾ ਉਤਪਾਦਨ ਵਧ ਰਹੀ ਮੰਗ ਦੇ ਮੁਕਾਬਲੇ 25 ਪ੍ਰਤਿਸ਼ਤ ਤੋਂ ਵੀ ਘੱਟ ਹੈ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਾਨੂੰ ਆਪਣੀ ਬਹੁਮੁੱਲੀ ਵਿਦੇਸ਼ੀ ਮੁਦਰਾ ਦੇ ਭੰਡਾਰ ਦਾ ਵੱਡਾ ਹਿੱਸਾ ਕੱਚੇ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਦੇ ਆਯਾਤ ਉਪਰ ਖਰਚ ਕਰਨਾ ਪੈਂਦਾ ਹੈ।

ਕੱਚਾ ਤੇਲ, ਪੈਟਰੋਲੀਅਮ ਪਦਾਰਥਾਂ, ਕੁਦਰਤੀ ਗੈਸ, ਕੋਲਾ ਅਤੇ ਬਿਜਲੀ ਦੀ ਵਧ ਰਹੀ ਮੰਗ ਨੂੰ ਧਿਆਨ ਵਿਚ ਰਖਦੇ ਹੋਏ, ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਅਸੀ ਇਨ੍ਹਾਂ ਕੁਦਰਤੀ ਸਰੋਤਾਂ ਦੀ ਕਿਫ਼ਾਇਤੀ ਵਰਤੋਂ ਅਤੇ ਸੁਚੱਜੀ ਸਾਂਭ-ਸੰਭਾਲ ਵੱਲ ਉਚੇਚਾ ਧਿਆਨ ਦਈਏ। ਕੇਂਦਰ ਸਰਕਾਰ ਵਲੋਂ ਵੀ ਇਸ ਵੱਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ ਅਤੇ ਉਸ ਨੇ ਉਦਯੋਗ, ਪਰਿਵਹਿਨ, ਖੇਤੀਬਾੜੀ ਅਤੇ ਘਰੇਲੂ ਖੇਤਰਾਂ ਵਿਚ ਕਿਫ਼ਾਇਤੀ ਵਰਤੋਂ ਅਤੇ ਬੱਚਤ ਨੂੰ ਉਤਸ਼ਾਹ ਦੇਣ ਲਈ ਕਈ ਕਦਮ ਚੁੱਕੇ ਹਨ। ਪੁਰਾਣੇ ਉਦਯੋਗਾਂ ਦਾ ਆਧੁਨਿਕੀਕਰਨ ਹੋ ਰਿਹਾ ਹੈ ਅਤੇ ਨਵੇਂ ਲੱਗਣ ਵਾਲੇ ਭਾਰੀ ਉਦਯੋਗ ਅਤੇ ਛੋਟੀਆਂ ਇਕਾਈਆਂ ਨਵੀਂ ਅਤੇ ਸੁਧਰੀ ਹੋਈ ਤਕਨਾਲੋਜੀ ਉਪਰ ਆਧਾਰਿਤ ਹੁੰਦੀਆਂ ਹਨ ਜਿਨ੍ਹਾਂ ਵਿਚ ਈਂਧਨ ਦੀ ਘੱਟ ਖਪਤ ਨਾਲ ਵਧੇਰੇ ਉਤਪਾਦਨ ਦੇਣ ਦੀ ਸਮਰਥਾ ਹੁੰਦੀ ਹੈ ਅਤੇ ਜੋ ਵਾਤਾਵਰਨ ਨੂੰ ਘੱਟ ਪਲੀਤ ਕਰਦੇ ਹਨ। ਜ਼ਰੂਰੀ ਵਸਤਾਂ ਦੇ ਉਤਪਾਦਨ ਦੇ ਹਰ ਖੇਤਰ ਜਿਵੇਂ ਕਿ ਸਟੀਲ, ਲੋਹਾ, ਸੀਮਿੰਟ, ਕੋਲਾ ਅਤੇ ਭੱਠੀਆਂ, ਖੇਤੀਬਾੜੀ ਦੇ ਸਾਜ਼-ਸਾਮਾਨ ਜਿਵੇਂ ਕਿ ਟਰੈਕਟਰ ਅਤੇ ਕਾਰਬਾਈਨਾਂ ਆਦਿ ਅਤੇ ਘਰੇਲੂ ਵਰਤੋਂ ਦੀ ਹਰ ਵਸਤੂ ਦੇ ਉਤਪਾਦਨ ਖੇਤਰ ਵਿਚ ਅੱਜ ਨਵੀਨੀਕਰਨ ਹੋ ਰਿਹਾ ਹੈ। ਉਦਯੋਗ ਵਿਚ ਲੱਗੇ ਕਾਰੀਗਰਾਂ ਅਤੇ ਖੇਤੀ ਇੰਜੀਨੀਅਰਾਂ ਨੂੰ ਆਧੁਨਿਕ ਸਾਜ਼-ਸਾਮਾਨ ਦੀ ਕਿਫ਼ਾਇਤੀ ਵਰਤੋਂ ਲਈ ਸਿਖਲਾਈ ਪ੍ਰੋਗਰਾਮ ਚਲਾਏ ਜਾ ਰਹੇ ਹਨ। ਕੇਂਦਰ ਸਰਕਾਰ ਪੈਟਰੋਲੀਅਮ ਖੇਤਰ ਵਿਚ ਖਪਤ ਵਿਚ ਬੱਚਤ ਲਈ ਕਈ ਉਪਰਾਲੇ ਕਰ ਰਹੀ ਹੈ। ਇਸ ਖੇਤਰ ਵਿਚ ਵਰਤੋਂ ਘੱਟ ਅਤੇ ਕਾਰਗਰ ਢੰਗ ਨਾਲ ਕਰਨ ਲਈ ਪੈਟਰੋਲੀਅਮ ਬੱਚਤ ਖੋਜ ਸੰਸਥਾਨ ਦੀ ਸਥਾਪਨਾ ਕੀਤੀ ਹੈ ਜੋ ਤੇਲ ਬਾਜ਼ਾਰੀਕਰਨ ਕੰਪਨੀਆਂ ਨਾਲ ਤਾਲਮੇਲ ਕਰ ਕੇ ਤੇਲ ਅਤੇ ਗੈਸ ਦੀ ਵਧੇਰੇ ਕਾਰਗਰ ਅਤੇ ਕਿਫ਼ਾਇਤੀ ਵਰਤੋਂ ਦੇ ਨਵੇਂ-ਨਵੇਂ ਤਰੀਕੇ ਖੋਜ ਰਿਹਾ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਸਹਾਇਤਾ ਕਰ ਰਿਹਾ ਹੈ। ਤੇਲ, ਗੈਸ, ਕੋਲਾ ਅਤੇ ਬਿਜਲੀ ਦੀ ਕੁਸ਼ਲ ਅਤੇ ਕਿਫ਼ਾਇਤੀ ਵਰਤੋਂ ਨਾਲ ਦੇਸ਼ ਉਪਰ ਆਰਥਿਕ ਬੋਝ ਘੱਟ ਪੈਂਦਾ ਹੈ ਅਤੇ ਇਸ ਨਾਲ ਕੁਦਰਤੀ ਸਰੋਤਾਂ ਦੀ ਫਜ਼ੂਲ ਖਰਚੀ ਤੋਂ ਬਚਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭ-ਸੰਭਾਲ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਵੀ ਬਚਾਇਆ ਜਾ ਸਕਦਾ ਹੈ। ਦੇਸ਼ ਦੀ ਅਰਥਵਿਵਸਥਾ ਨੂੰ ਵਿਸ਼ਵਵਿਆਪੀ ਮੰਦੀ ਦੇ ਦੌਰ ਵਿਚੋਂ ਉਭਾਰਨ ਲਈ ਅਤੇ ਵਿਕਾਸ ਦਰ ਜੋ ਇਕ ਅਨੁਮਾਨ ਅਨੁਸਾਰ ਘਟ ਕੇ 5.5 ਪ੍ਰਤਿਸ਼ਤ ਦੇ ਆਸਪਾਸ ਰਹਿ ਗਈ ਹੈ, ਵਿਚ ਗਤੀ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਆਰਥਿਕ ਸੁਧਾਰਾਂ ਦੇ ਨਾਲ-ਨਾਲ ਵਧੇਰੇ ਉਤਪਾਦਨ ਲਈ ਉੱਚੇਚੇ ਉਪਾਅ ਕੀਤੇ ਜਾਣ। ਪਰ ਵਧੇਰੇ ਉਤਪਾਦਨ ਸਮਰਥਾ ਲਈ ਵਧੇਰੇ ਬਿਜਲੀ, ਪੈਟਰੋਲੀਅਮ ਪਦਾਰਥ ਅਤੇ ਊਰਜਾ ਦੇ ਹੋਰ ਸਾਧਨਾਂ ਦੀ ਲੋੜ ਹੈ ਜੋ ਸੀਮਤ ਮਾਤਰਾ ਵਿਚ ਹੀ ਉਪਲਬਧ ਹਨ। ਇਸ ਲਈ ਇਹ ਅਤਿ ਲੋੜੀਂਦਾ ਹੋ ਜਾਂਦਾ ਹੈ ਕਿ ਊਰਜਾ ਦੇ ਸਾਧਨਾਂ ਦੀ ਵਰਤੋਂ ਵਧੇਰੇ ਕਾਰਗਰ, ਕੁਸ਼ਲ ਅਤੇ ਕਿਫ਼ਾਇਤੀ ਢੰਗ ਨਾਲ ਕੀਤੀ ਜਾ ਸਕੇ। ਪੈਟਰੋਲੀਅਮ ਬੱਚਤ ਖੋਜ ਸੰਸਥਾਨ ਵਲੋਂ ਇਸ ਕਾਰਜ ਦੀ ਪੂਰਤੀ ਲਈ ਦੇਸ਼ ਵਿਆਪੀ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਉਦਯੋਗ, ਵਪਾਰ, ਖੇਤੀਬਾੜੀ, ਪਰਿਵਹਿਨ ਅਤੇ ਘਰੇਲੂ ਖੇਤਰਾਂ ਵਿਚ ਊਰਜਾ ਦੀ ਕਿਫ਼ਾਇਤੀ ਵਰਤੋਂ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ।

ਉਦਯੋਗਿਕ ਖੇਤਰ ਵਿਚ ਪੈਟਰੋਲੀਅਮ ਪਦਾਰਥਾਂ ਅਤੇ ਊਰਜਾ ਦੇ ਹੋਰ ਸਾਧਨਾਂ ਦੀ ਕਾਰਗਰ ਅਤੇ ਕਿਫ਼ਾਇਤੀ ਵਰਤੋਂ ਲਈ ਨਵੀਨੀਕਰਨ ਵੱਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਨਵੇਂ ਲੱਗਣ ਵਾਲੇ ਕਾਰਖ਼ਾਨਿਆਂ ਵਿਚ ਯਕੀਨੀ ਬਣਾਇਆ ਜਾਂਦਾ ਹੈ ਕਿ ਉਹ ਨਵੀਨ ਅਤੇ ਸੁਧਰੀ ਹੋਈ ਤਕਨਾਲੋਜੀ ਉਪਰ ਆਧਾਰਿਤ ਹੋਣ ਜਿਨ੍ਹਾਂ ਵਿਚ ਘੱਟ ਲਾਗਤ ਨਾਲ ਵਧੇਰੇ ਉਤਪਾਦਨ ਪੈਦਾ ਕੀਤਾ ਜਾ ਸਕੇ ਅਤੇ ਉਸ ਤੋਂ ਪੈਦਾ ਹੋਣ ਵਾਲੇ ਰਸਾਇਣਕ ਜਾਂ ਹੋਰ ਕਿਸੇ ਕਿਸਮ ਦੇ ਕਚਰੇ ਅਤੇ ਧੂੰਏਂ ਆਦਿ ਉਪਰ ਕਾਬੂ ਪਾਇਆ ਜਾ ਸਕੇ ਅਤੇ ਉਸ ਦੇ ਵਾਤਾਵਰਨ ਵਿਚ ਜਾਣ ਤੋਂ ਪਹਿਲਾਂ ਸਾਫ਼-ਸਫ਼ਾਈ ਦੇ ਪ੍ਰਬੰਧ ਹੋਣ। ਖੇਤੀਬਾੜੀ ਵਿਚ ਵਰਤੋਂ ਹੋਣ ਵਾਲੀ ਮਸ਼ੀਨਰੀ

ਅਤੇ ਸਾਜ਼-ਸਾਮਾਨ ਵਿਚ ਵੀ ਨਵੀਨੀਕਰਨ ਦੀ ਪ੍ਰਕਿਰਿਆ ਜਾਰੀ ਹੈ ਅਤੇ ਟਿਊਬਵੈੱਲਾਂ ਅਤੇ ਪੰਪਸੈੱਟਾਂ ਦਾ ਮਿਆਰੀਕਰਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਊਰਜਾ ਖਪਤ ਕਿਫ਼ਾਇਤੀ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਪਰਿਵਹਿਨ ਖੇਤਰ ਵਿਚ ਊਰਜਾ ਬੱਚਤ ਦੇ ਉਪਰਾਲਿਆਂ ਲਈ ਲਗਾਤਾਰ ਇਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਖੇਤਰ ਵਿਚ ਵੀ ਤੇਲ ਅਤੇ ਊਰਜਾ ਦੀ ਕੁਸ਼ਲ ਅਤੇ ਕਿਫ਼ਾਇਤੀ ਵਰਤੋਂ ਦੀ ਸਖ਼ਤ ਲੋੜ ਹੈ। ਘਰਾਂ ਵਿਚ ਹਮੇਸ਼ਾ ਕਿਫ਼ਾਇਤੀ ਖਪਤ ਵਾਲੇ ਗੈਸ ਜਾਂ ਮਿੱਟੀ ਦੇ ਤੇਲ ਦੇ ਸਟੋਵ ਵਰਤਣੇ ਚਾਹੀਦੇ ਹਨ ਅਤੇ ਜਿਥੋਂ ਤਕ ਸੰਭਵ ਹੋ ਸਕੇ ਖਾਣਾ ਪਕਾਉਣ ਲਈ ਚੌੜੇ ਤਲੇ ਵਾਲੇ ਬਰਤਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਖਾਣਾ ਪਕਾਉਣ ਲਈ ਪ੍ਰੈਸ਼ਰ ਕੁਕਰ ਜਾਂ ਸੂਰਜੀ ਕੁਕਰ ਦੀ ਵਰਤੋਂ ਨਾਲ ਊਰਜਾ ਦੀ ਖਪਤ ਘਟਾਈ ਜਾ ਸਕਦੀ ਹੈ। ਘਰਾਂ ਵਿਚ ਪਾਣੀ ਗਰਮ ਕਰਨ ਲਈ ਜਿਥੋਂ ਤਕ ਸੰਭਵ ਹੋ ਸਕੇ, ਪਾਣੀ ਗਰਮ ਕਰਨ ਦੇ ਸੂਰਜੀ ਊਰਜਾ ਨਾਲ ਚਲਣ ਵਾਲੇ ਹੀਟਰ ਲਗਾਏ ਜਾ ਸਕਦੇ ਹਨ। ਪਿੰਡਾਂ ਵਿਚ ਬਾਇਓ ਗੈਸ ਪਲਾਂਟ ਲਗਾਉਣ ਨੂੰ ਉਤਸ਼ਾਹਿਤ ਕਰ ਕੇ ਪਰੰਪਰਾਗਤ ਊਰਜਾ ਦੀ ਬੱਚਤ ਕੀਤੀ ਜਾ ਸਕਦੀ ਹੈ।

ਊਰਜਾ ਦੀ ਵਰਤੋਂ ਵਿਚ ਫਜ਼ੂਲ ਖਰਚੀ ਵਿਚ ਰੋਕਥਾਮ ਅਤੇ ਉਸ ਦੀ ਕੁਸ਼ਲ ਅਤੇ ਕਿਫ਼ਾਇਤੀ ਵਰਤੋਂ ਵਿਚ ਹੀ ਘਰ-ਪਰਿਵਾਰਾਂ ਅਤੇ ਦੇਸ਼ ਦੀ ਭਲਾਈ ਹੈ। ਇਸ ਨਾਲ ਅਰਥਵਿਵਸਥਾ ਉਪਰ ਘੱਟ ਬੋਝ ਪਵੇਗਾ ਅਤੇ ਊਰਜਾ ਦੇ ਕੀਮਤੀ ਕੁਦਰਤੀ ਭੰਡਾਰਾਂ ਦੀ ਕਿਫ਼ਾਇਤੀ ਵਰਤੋਂ ਨਾਲ ਉਹ ਲੰਬੇ ਸਮੇਂ ਤਕ ਚੱਲਣਗੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਪਲਬਧ ਰਹਿ ਸਕਣਗੇ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

***ਸਫ਼ਾ 52 ਦੀ ਬਾਕੀ***

ਵਿਗਿਆਨਕ ਹੈ। ਉਸ ਦਾ ਜਨਮ 22 ਮਈ 1954 ਨੂੰ ਜਪਾਨ ਵਿਚ ਹੋਇਆ ਸੀ। ਉਹ ਅੱਜਕੱਲ੍ਹ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਸਾਂਤਾ ਬਾਰਬਰਾ ਵਿਚ ਪਦਾਰਥ ਅਤੇ ਪ੍ਰਕਾਸ਼ ਵਿਗਿਅਨ ਵਿਭਾਗ ਵਿਚ ਪ੍ਰੋਫ਼ੈਸਰ ਦੇ ਅਹੁਦੇ 'ਤੇ ਹਨ। 2014 ਦੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਮਿਲਣ ਵਾਲੇ ਨੋਬਲ ਇਨਾਮ ਦੇ ਜੇਤੂਆਂ ਵਿਚ ਉਹ ਪ੍ਰਮੁੱਖ ਹਨ। ਇਹ ਇਨਾਮ ਉਨ੍ਹਾਂ ਦੁਆਰਾ ਕੁਸ਼ਲ ਨੀਲੇ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲੇ ਪ੍ਰਕਾਸ਼ੀ ਸਰੋਤ ਦੀ ਖੋਜ ਕਰਨ ਸਦਕਾ ਮਿਲਿਆ ਹੈ। ਸੰਨ 1990 ਵਿਚ ਕੀਤੀ ਇਸ ਖੋਜ ਨੂੰ ਆਖ਼ਰ 24 ਸਾਲਾਂ ਬਾਅਦ ਫਲ ਮਿਲਿਆ ਹੈ। ਨਾਕਾਮੂਰਾ ਨੇ 1977 ਵਿਚ ਜਾਪਾਨ ਦੀ ਟੋਕੂਸ਼ਿਮਾ ਯੂਨੀਵਰਸਿਟੀ ਤੋਂ ਇਲੈਕਟ੍ਰਾਨਿਕ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਨੇ ਟੋਕੂਸ਼ਿਮਾ ਵਿਚ ਹੀ ਇਕ ਇਲੈਕਟ੍ਰਾਨਿਕ ਕੰਪਨੀ ਨਿਚੀਆ ਵਿਚ ਨੌਕਰੀ ਕਰ ਲਈ। ਇਥੇ ਰਹਿ ਕੇ ਉਨ੍ਹਾਂ ਨੇ ਸੈਮੀਕੰਡਕਟਰ ਪਦਾਰਥ ਗੈਲੀਅਮ ਨਾਈਟਰਾਈਡ ਤੋਂ ਨੀਲੇ ਰੰਗ ਦਾ ਪ੍ਰਕਾਸ਼ ਦੇਣ ਵਾਲਾ ਪ੍ਰਕਾਸ਼ ਉਤਸਰਜਕ ਡਾਇਓਡ ਤਿਆਰ ਕੀਤਾ। ਫਾਸਫੋਰਸ ਦੇ ਲੇਪਣ ਕਰਨ ਉਪਰੰਤ ਇਹ ਰੌਸ਼ਨੀ ਪੀਲੇ ਰੰਗ ਵਿਚ ਬਦਲ ਜਾਂਦੀ ਹੈ। ਦੋਹਾਂ ਰੰਗਾਂ ਦੀਆਂ ਰੌਸ਼ਨੀਆਂ ਦੇ ਸੁਮੇਲ ਤੋਂ ਪਹਿਲੀ ਵਾਰ 1993 ਵਿਚ ਚਿੱਟੇ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲਾ ਐੱਲ ਈ ਡੀ ਤਿਆਰ ਕੀਤਾ ਗਿਆ। ਇਸ ਸਾਰੀ ਖੋਜ ਦਾ ਸਿਹਰਾ ਸੂਜ਼ੀ ਨਾਕਾਮੂਰਾ ਨੂੰ ਜਾਂਦਾ ਹੈ।

ਇਸ ਤੋਂ ਪਹਿਲਾਂ, 1960 ਵਿਚ ਵੀ ਇਕ ਖੋਜ ਕਰਤਾ ਜੇ ਆਈ ਪੈਨਕੋਵ ਨੇ ਗੈਲੀਅਮ ਨਾਈਟਰਾਈਡ ਐੱਲ ਈ ਡੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਸਫਲ ਨਾ ਹੋ ਸਕਿਆ। ਮੁਸ਼ਕਿਲ ਇਹ ਸੀ ਕਿ ਪੀ-ਟਾਈਪ ਗੇਨ ਕਿਵੇਂ ਬਣਾਇਆ ਜਾਵੇ? ਇਸ ਤੋਂ ਬਾਅਦ ਜਾਪਾਨੀ ਪ੍ਰੋ. ਇਸਾਮੂ ਆਕਾਸਾਕੀ ਨੇ ਆਪਣੇ ਇਕ ਪ੍ਰਕਾਸ਼ਿਤ ਖੋਜ ਪੱਤਰ ਵਿਚ ਪੀ (ਬਨਾਤਮਕ) ਟਾਈਪ ਗੇਨ ਬਣਾਉਣ ਦਾ ਤਰੀਕਾ ਦੱਸਿਆ। ਮੈਗਨੀਸ਼ੀਅਮ ਦਾ ਗੇਨ ਉੱਪਰ ਲੇਪ ਕਰਨ ਨਾਲ ਪੀ-ਟਾਈਪ ਪਦਾਰਥ ਤਿਆਰ ਹੋ ਜਾਂਦਾ ਹੈ ਅਤੇ ਇਹ ਇਲੈਕਟ੍ਰਾਨਿਕ-ਕਿਰਨਾਂ ਦੀ ਰੇਡੀਏਸ਼ਨ ਨਾਲ ਪੂਰਾ ਕੀਤਾ ਜਾਂਦਾ ਹੈ। ਪਰ ਇਹ ਤਰੀਕਾ ਵੀ ਐੱਲ ਈ ਡੀ ਪ੍ਰਕਾਸ਼ੀ ਸਰੋਤਾਂ ਦਾ ਵੱਡੇ ਪੱਧਰ 'ਤੇ ਨਿਰਮਾਣ ਕਰਨ ਲਈ ਅਯੋਗ ਸਾਬਿਤ ਹੋਇਆ। ਉਪਰੰਤ ਸੂਜ਼ੀ ਨਾਕਾਮੂਰਾ ਨੇ ਤਾਪਕ ਮਾਨੀਲਿੰਗ ਤਰੀਕੇ ਨਾਲ ਐੱਲ ਈ ਡੀ ਤਿਆਰ ਕੀਤੇ। ਇਹ ਤਰੀਕਾ ਬਾਕੀ ਤਰੀਕਿਆਂ ਨਾਲੋਂ ਸੁਖਾਲਾ ਅਤੇ ਸਸਤਾ ਸੀ। ਮਾਰਕੀਟ ਵਿਚ ਅਜਿਹੇ ਪ੍ਰਕਾਸ਼ੀ ਸਰੋਤ ਵੱਡੇ ਪੱਧਰ 'ਤੇ ਭੇਜੇ ਜਾ ਸਕਦੇ ਸਨ ਅਤੇ ਇਹ ਇਲੈਕਟ੍ਰਾਨਿਕ ਵਸਤਾਂ ਦੇ ਸਟੈਂਡਰਡ ਦੇ ਅਨੁਕੂਲ ਸੀ। ਕੰਪਨੀ ਵਿਚ ਕੰਮ ਕਰਦਿਆਂ ਉਸ ਦੇ ਮਾਲਕ ਨੋਬੂਆ ਓਗਾਵਾ ਨੇ ਸੂਜ਼ੀ ਨਾਕਾਮੂਰਾ ਦੀ ਕਾਫ਼ੀ ਮਦਦ ਕੀਤੀ ਅਤੇ ਮਨੋਬਲ ਉੱਚਾ ਕੀਤਾ। ਪਰ ਇਸ ਦੇ ਬਾਵਜੂਦ ਵੀ ਕੰਪਨੀ ਨੇ ਉਸ ਨੂੰ ਗੇਨ ਉੱਪਰ ਕੰਮ/ਖੋਜ ਬੰਦ ਕਰਨ ਦਾ ਹੁਕਮ ਦੇ ਦਿਤਾ। ਕਿਉਂਕਿ ਬਾਰ-ਬਾਰ ਪ੍ਰੀਖਣ ਕਰਨ ਨਾਲ ਕੰਪਨੀ ਸਮਝਦੀ ਸੀ ਕਿ ਪੈਸਾ ਅਤੇ ਸਮੇਂ ਦੀ ਬਰਬਾਦੀ ਹੋ ਰਹੀ ਹੈ। ਪਰ ਨਾਕਾਮੂਰਾ ਨੇ ਹਿੰਮਤ ਨਾ ਹਾਰੀ ਅਤੇ ਲਗਾਤਾਰ ਖੋਜ ਕਾਰਜ ਕਰਦਾ ਰਿਹਾ। ਆਖ਼ਰਕਾਰ ਉਸ ਨੇ ਨੀਲੇ ਰੰਗ ਦੀ ਰੌਸ਼ਨੀ ਪੈਦਾ ਕਰਨ ਵਾਲਾ ਐੱਲ ਈ ਡੀ ਤਿਆਰ ਕਰ ਹੀ ਦਿਤਾ। 1994 ਵਿਚ ਉਸ ਦੇ ਵਧੀਆ ਖੋਜ ਕਾਰਜ ਕਾਰਨ ਟੋਕੋਸ਼ਿਮਾ ਯੂਨੀਵਰਸਿਟੀ ਨੇ ਉਸ ਨੂੰ ਪੀ ਐੱਚ ਡੀ ਦੀ ਡਿਗਰੀ ਪ੍ਰਦਾਨ ਕੀਤੀ। 1995 ਵਿਚ ਨਾਕਾਮੂਰਾ ਨੂੰ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਦੇ ਅਹੁਦੇ ਦਾ ਸੱਦਾ ਪੱਤਰ ਮਿਲਿਆ। 2005 ਵਿਚ ਉਸੇ ਕੰਪਨੀ (ਨਿਚੀਆ) ਨੇ ਸੂਜ਼ੀ ਨਾਕਾਮੂਰਾ ਨੂੰ 9 ਮਿਲੀਅਨ ਡਾਲਰ ਦਾ ਬੋਨਸ ਦੇ ਕੇ ਸਨਮਾਨਿਤ ਕੀਤਾ। ਇਹ ਬੋਨਸ ਕਿਸੇ ਵੀ ਜਾਪਾਨੀ ਕੰਪਨੀ ਵਲੋਂ ਦਿਤਾ ਹੁਣ ਤਕ ਦਾ ਸਭ ਤੋਂ ਵੱਡਾ ਬੋਨਸ ਸੀ। ਪ੍ਰੋ. ਨਾਕਾਮੂਰਾ ਨੇ ਹੁਣ ਤਕ 100 ਖੋਜਾਂ ਪੇਟੈਂਟ ਕਰਵਾਈਆਂ ਹਨ। ਨਾਕਾਮੂਰਾ ਦੁਆਰਾ ਬਣਾਏ (ਐੱਲ ਈ ਡੀ) ਪ੍ਰਕਾਸ਼ੀ ਸਰੋਤ ਬਲਿਊ ਰੇਅ ਸੀ ਡੀ ਪਲੇਅਰਾਂ, ਡੀ ਵੀ ਡੀ ਅਤੇ ਹਾਈ ਡੇਫੀਨੇਸ਼ਨ ਸੈਟੇਲਾਈਟ ਸੈੱਟ ਟਾਪ ਬਾਕਸਾਂ ਅਤੇ ਮੋਬਾਈਲ ਫ਼ੋਨਾਂ ਵਿਚ ਵਰਤੇ ਜਾਂਦੇ ਹਨ। 2020 ਤਕ ਅਜਿਹੀਆਂ ਹੋਰ ਆਧੁਨਿਕ ਖੋਜਾਂ ਅਤੇ ਨਵੀਆਂ ਵਸਤਾਂ ਨਾਲ ਧਰਤੀ ਦਾ ਸੱਭਿਆਚਾਰ ਹੀ ਬਦਲ ਜਾਣ ਦੀ ਸੰਭਾਵਨਾ ਹੈ। ਅੱਜ ਲੋੜ ਹੈ ਕਿ ਅਸੀ ਨੌਜਵਾਨ ਵਰਗ ਜ਼ਿਆਦਾ ਮਿਹਨਤ ਕਰੀਏ ਅਤੇ ਮਨੁੱਖਤਾ ਦੀ ਭਲਾਈ ਅਤੇ ਦੇਸ਼ ਦੇ ਸਨਮਾਨ ਨੂੰ ਮੁੱਖ ਰੱਖਦਿਆਂ ਈਮਾਨਦਾਰੀ ਨਾਲ ਖੋਜ ਕਾਰਜਾਂ ਵਿਚ ਹਿੱਸਾ ਲਈਏ।

*(ਲੇਖਕ ਸੀਨੀਅਰ ਅਸਿਟੈਂਟ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਤਰੀ ਕੈਂਪਸ, ਗੁਰਦਾਸਪੁਰ (ਪੰਜਾਬ) ਹੈ।)*

*e-mail :satbir1_78@yahoo.co.in*

# ਕਾਮਾਗਾਟਾ ਮਾਰੂ ਸਾਕੇ ਦੀ ਪਿੱਠ ਭੂਮੀ ਉੱਤੇ ਪ੍ਰਭਾਵ

ਚਰੰਜੀ ਲਾਲ ਕੰਗਣੀਵਾਲ

ਬਜ ਬਜ ਘਾਟ ਦਾ ਸਾਕਾ 20ਵੀਂ ਸਦੀ ਦੇ ਸ਼ੁਰੂਆਤੀ ਦੌਰ ਦਾ ਇਕ ਪਹਿਲਾ ਖ਼ੂਨੀ ਸਾਕਾ ਹੈ ਜਿਸ ਦੀ ਆਜ਼ਾਦੀ ਦੇ ਸੰਘਰਸ਼ ਵਿਚ ਮਹੱਤਵਪੂਰਨ ਭੂਮਿਕਾ ਹੈ। ਇਸ ਸਾਕੇ ਪ੍ਰਤਿ ਅੱਜ ਵੀ ਰੀਸੋ-ਰੀਸੀ ਉਨ੍ਹਾਂ ਪ੍ਰਚਲਤ ਧਾਰਨਾਵਾਂ ਨੂੰ ਹੀ ਬਹੁਤਾ ਪ੍ਰਚਾਰਿਆ ਜਾ ਰਿਹਾ ਹੈ ਜਿਹੜੀਆਂ ਅੰਗਰੇਜ਼ੀ ਹਕੂਮਤ ਵੱਲੋਂ ਇਸ ਸਾਕੇ ਵਿਰੁੱਧ ਫ਼ੈਲਾਈਆਂ ਗਈਆਂ ਸਨ। ਜਿਵੇਂ ਕਿ, ''ਕਾਮਾਗਾਟਾ ਮਾਰੂ ਇਕ ਵਿਅਕਤੀਗਤ ਕਾਰੋਬਾਰੀ ਉੱਦਮ ਸੀ।'' ਜਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਸਿਆਸੀ ਲੋਕ ਨਹੀਂ ਸਨ, ਨਾ ਹੀ ਜਹਾਜ਼ ਭਾੜੇ 'ਤੇ ਕਰਨ ਵਾਲਾ ਵਿਅਕਤੀ ਦੇਸ਼ ਭਗਤ ਸੀ।'' ਕਾਮਾਗਾਟਾ ਮਾਰੂ ਦਾ ਉੱਦਮ ਅੰਗਰੇਜ਼ੀ ਸਾਮਰਾਜ ਦੀ ਬਸਤੀ ਬ੍ਰਿਟਿਸ਼ ਕੋਲੰਬੀਆ ਵਿਚ ਦਾਖ਼ਲੇ ਦੀ ਜੱਦੋ-ਜਹਿਦ ਦੀ ਨਿਰੰਤਰਤਾ ਵਿਚ ਸੀ ਜਿਹੜੀ ਕੈਨੇਡਾ ਦੇ ਉਸ ਪ੍ਰਾਂਤ ਵਿਚ ਹਿੰਦੁਸਤਾਨੀ ਪਰਵਾਸੀਆਂ ਵਲੋਂ ਪਹਿਲਾਂ ਹੀ ਵਿੱਢੀ ਹੋਈ ਸੀ।

ਜਿਉਂ-ਜਿਉਂ ਕੈਨੇਡਾ ਵਿਚ ਹਿੰਦੀਆਂ ਦੀ ਗਿਣਤੀ ਵੱਧਦੀ ਗਈ, ਉਨ੍ਹਾਂ ਨੇ ਆਪਣੀ ਮਿਹਨਤ ਨਾਲ ਧਨ ਕਮਾ ਕੇ ਆਪਣੀ ਰਹਿਣੀ-ਬਹਿਣੀ ਨੂੰ ਯੂਰਪ ਦੀਆਂ ਕੌਮਾਂ ਵਾਂਗ ਕਰਕੇ ਆਪਣੇ ਕਾਰੋਬਾਰ ਸਥਾਪਤ ਕਰ ਲਏ ਸਨ। ਵੈਨਕੂਵਰ ਅਤੇ ਵਿਕਟੋਰੀਆ ਜਾਂ ਇਨ੍ਹਾਂ ਦੇ ਆਲੇ-ਦੁਆਲੇ ਉਨ੍ਹਾਂ ਨੇ ਜ਼ਮੀਨਾਂ ਖਰੀਦ ਲਈਆਂ। 1910 ਤਕ ਉਨ੍ਹਾਂ ਨੇ ਸੱਤਰ ਲੱਖ ਡਾਲਰ ਕੈਨੇਡਾ ਨੂੰ ਵਸਨੀਕ ਭੂਮੀ ਮੰਨ ਕੇ ਖਰਚੇ। ਗੋਰੇ ਇਨ੍ਹਾਂ ਨੂੰ 'ਬਾਇੱਜ਼ਤ' ਤੇ 'ਅਮਨ ਪਸੰਦ' ਹੋਣ ਦੇ ਬਾਵਜੂਦ ਇਥੋਂ ਦੇ ਵਸਨੀਕਾਂ ਵਾਂਗ ਨਹੀਂ ਵਰਤਦੇ ਸਨ। ਇਨ੍ਹਾਂ ਪਰਵਾਸੀਆਂ ਵਿਚੋਂ ਨੱਬੇ ਪ੍ਰਤਿਸ਼ਤ ਸਿੱਖ ਸਨ।

### ਹਾਂਡੋਰਾਸ ਦਾ ਮਸਲਾ

1907 ਤਕ ਕੈਨੇਡਾ ਦੇ ਪਰਵਾਸੀ ਮਹਿਕਮੇ ਦੇ ਉੱਚ ਅਧਿਕਾਰੀਆਂ ਨੇ ਹਿੰਦੀਆਂ ਨਾਲ ਮਾੜਾ ਸਲੂਕ ਕਰਨਾ ਸ਼ੁਰੂ ਕਰ ਦਿਤਾ ਅਤੇ ਨਵੇਂ ਗਏ ਹਿੰਦੀਆਂ ਉਪਰ ਸਖ਼ਤੀਆਂ ਅਤੇ ਬੰਦਸ਼ਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਬ੍ਰਗੇਡੀਅਰ ਜਨਰਲ ਸੁਏਨ ਜਿਹੜਾ ਬ੍ਰਿਟਿਸ਼ ਹਾਂਡੋਰਾਸ ਦਾ ਗਵਰਨਰ ਜਨਰਲ ਤੇ ਕਮਾਂਡਰ ਇਨ-ਚੀਫ ਸੀ, ਦਾ ਕਥਨ ਕਿ, ''ਇਨ੍ਹਾਂ ਲਈ ਦਰਵਾਜ਼ਾ ਬੰਦ'' ਨੇ ਪਰਵਾਸੀਆਂ ਸਾਹਮਣੇ ਢੇਰ ਸਾਰੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿਤੀਆਂ। ਉਸ ਦੇ ਇਸ ਕਥਨ ਪਿਛੇ ਭੇਦ ਇਹ ਸੀ ਕਿ ਹਿੰਦੁਸਤਾਨੀਆਂ ਨੂੰ ਭੁਸਲਾ ਕੇ ਬ੍ਰਿਟਿਸ਼ ਹਾਂਡੋਰਾਸ ਭੇਜ ਦਿਤਾ ਜਾਵੇ। ਹਾਂਡੋਰਾਸ ਦੀ ਭੈੜੀ ਆਬੋ-ਹਵਾ ਅਤੇ ਜਲੀਲ ਕਰਨ ਵਾਲੀਆਂ ਸ਼ਰਤਾਂ ਤਹਿਤ ਹਿੰਦੀਆਂ ਨੂੰ ਭੇਜਣਾ ਸੀ।

ਇਸੇ ਦੌਰਾਨ ਬੰਗਾਲੀ ਇਨਕਲਾਬੀ ਤਾਰਕ ਨਾਥ ਦਾਸ ਜਿਹੜਾ ਭੱਜ ਕੇ ਕੈਨੇਡਾ ਪੁੱਜ ਗਿਆ ਸੀ ਤੇ ਹੁਣ ਅਮਰੀਕਾ ਰਹਿੰਦਾ ਸੀ, ਬੜਾ ਪੜ੍ਹਿਆ-ਲਿਖਿਆ ਸੀ। ਉਸ ਨੂੰ ਕੰਨਸੋਅ ਪਈ ਕਿ ਕੈਨੇਡਾ ਦੇ ਹਿੰਦੀ ਹਾਂਡੋਰਾਸ ਜਾਣ ਲਈ ਤਿਆਰ ਹਨ ਤਾਂ ਉਹ ਉਨ੍ਹਾਂ ਨੂੰ ਰੋਕਣ ਲਈ ਉਤਾਵਲਾ ਹੋ ਗਿਆ, ਪਰ ਉਹ ਕੈਨੇਡਾ ਨਹੀਂ ਸੀ ਜਾ ਸਕਦਾ। ਉਸ ਨੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੂੰ ਚਿੱਠੀ ਲਿਖ ਕੇ ਪ੍ਰੇਰਿਆ ਕਿ ਹਾਂਡੋਰਾਸ ਬਹੁਤ ਮਾੜਾ ਇਲਾਕਾ ਹੈ। ਉਥੇ ਹਿੰਦੀ ਚਲੇ ਨਾ ਜਾਣ।

ਉਨੀਂ ਦਿਨੀਂ ਪ੍ਰੋ. ਤੇਜਾ ਸਿੰਘ ਮਸਤੂਆਣਾ ਅਮਰੀਕਾ ਵਿਚ ਸੀ ਜੋ ਹਿੰਦੀਆਂ ਵਿਚ ਛੇਤੀ ਹੀ ਚਰਚਿਤ ਸ਼ਖ਼ਸੀਅਤ ਬਣ ਗਿਆ ਸੀ। ਸੁਸਾਇਟੀ ਨੇ ਚਿੱਠੀ ਲਿਖ ਕੇ ਉਸ ਨੂੰ ਕੈਨੇਡਾ ਬੁਲਾ ਲਿਆ। ਸੁਸਾਇਟੀ ਦੀ ਚਿੱਠੀ ਪੜ੍ਹ ਕੇ ਪ੍ਰੋ. ਤੇਜਾ ਸਿੰਘ 17 ਅਕਤੂਬਰ 1908 ਨੂੰ ਵੈਨਕੂਵਰ ਪੁੱਜ ਗਿਆ। ਜਦ ਨੂੰ ਭਾਈ ਨਾਗਰ ਸਿੰਘ ਤੇ ਸ਼ਾਮ ਸਿੰਘ ਦੋਹਾਂ ਦੀਆਂ ਚਿੱਠੀਆਂ ਪੁੱਜੀਆਂ। ਹਾਲਾਤ ਨੂੰ ਪੜ੍ਹ ਕੇ ਹਿੰਦੀਆਂ ਨੇ ਹਾਂਡੋਰਾਸ ਨਾ ਜਾਣ ਦਾ ਫ਼ੈਸਲਾ ਕਰ ਲਿਆ। ਜਦ ਤਕ ਦੋਨੋਂ ਨਾਗਰ ਸਿੰਘ ਤੇ ਸ਼ਾਮ ਸਿੰਘ ਵੀ 7 ਨਵੰਬਰ 1908 ਨੂੰ ਵਾਪਸ ਆ ਗਏ ਤੇ ਉਨ੍ਹਾਂ ਉਥੋਂ ਦੇ ਮਾੜੇ ਹਾਲਾਤ ਬਾਰੇ ਜਾਣਕਾਰੀ ਦੇ ਦਿਤੀ।

ਸਾਰੇ ਇਕੱਠ ਵਲੋਂ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਬ੍ਰਿਟਿਸ਼ ਹਾਂਡੋਰਾਸ ਜਾਣ ਤੋਂ ਇਨਕਾਰ ਕੀਤਾ ਗਿਆ। ਉਪਰੰਤ ਜਨਰਲ ਸੁਏਨ, ਹੋਪਕਿਨਸਨ ਨੂੰ ਨਾਲ ਲੈ ਕੇ ਖੁਦ ਪ੍ਰੋ. ਤੇਜਾ ਸਿੰਘ ਨੂੰ ਮਿਲਿਆ, ਪਰ ਪ੍ਰੋ. ਦੀਆਂ ਦਲੀਲਾਂ ਸੁਣ ਕੇ ਉਹ ਨਿਰਾਸ਼ ਹੋ ਕੇ ਮੁੜ ਗਏ। ਉਨ੍ਹਾਂ ਨੂੰ ਆਪ ਬੇਇੱਜ਼ਤ ਹੋਣ ਦੀ ਇੰਨੀ ਚਿੰਤਾ ਨਹੀਂ ਸੀ ਜਿੰਨੀ ਹਿੰਦੁਤਸਾਨੀ ਹਿੰਦੂ, ਸਿੱਖ, ਮੁਸਲਮਾਨ ਤੇ ਇਤਫਾਕ ਨੂੰ ਦੇਖ ਕੇ। ਇਹ ਉਨ੍ਹਾਂ ਦੀ ਨਮੋਸ਼ੀ ਭਰੀ ਹਾਰ ਸੀ। ਹਿੰਦੀਆਂ ਦੀ ਇਸ ਇਕਮੁੱਠਤਾ, ਜਿਸ ਨੇ ਉਨ੍ਹਾਂ ਨੂੰ ਏਕਤਾ ਦੇ ਬਲ ਦਾ ਅਹਿਸਾਸ ਕਰਾ ਕੇ ਅੱਗੋਂ ਆਪਣੇ ਹੱਕਾਂ-ਹਿੱਤਾਂ ਲਈ ਜੱਦੋ-ਜਹਿਦ ਕਰਨ ਦੀ ਸ਼ਕਤੀ ਪ੍ਰਦਾਨ ਕਰ ਦਿਤੀ ਸੀ। ਦੂਜੇ ਪਾਸੇ ਗੋਰੇ ਅਧਿਕਾਰੀਆਂ ਅੰਦਰ ਈਰਖਾ ਭਰੀ ਗਈ, ਜਿਸ ਨੇ ਹਿੰਦੀਆਂ ਵਿਰੁੱਧ ਸਾਜ਼ਿਸ਼ਾਂ ਲਈ ਰਾਹ ਖੋਲ੍ਹ ਦਿਤਾ। ਹਾਂਡੋਰਾਸ ਦੇ ਮਾਮਲੇ 'ਤੇ ਕੈਨੇਡੀਅਨ ਸਰਕਾਰ ਹਿੰਦੀਆਂ ਦੇ ਹੋਰ ਵੀ ਵਿਰੁੱਧ ਹੋ ਗਈ ਸੀ।

### ਹਿੰਦੀਆਂ ਦੀ ਤਰੱਕੀ

ਪੰਜਾਬੀਆਂ ਨੇ ਸਖ਼ਤ ਮਿਹਨਤ ਨਾਲ 1908 ਤਕ ਕਰੋੜਾਂ ਡਾਲਰ ਜਾਇਦਾਦ, ਘਰ ਬਣਾਉਣ ਜਾਂ ਕਾਰੋਬਾਰ ਚਲਾਉਣ 'ਤੇ ਖਰਚ ਕਰ ਲਏ ਸਨ। ਬਾਬਾ ਜਵਾਲਾ ਸਿੰਘ ਠੱਠੀਆਂ ਅਮਰੀਕਾ ਵਿਚ ਵੱਡੇ ਕਾਰੋਬਾਰੀ ਸਨ। ਕੈਨੇਡਾ ਦੇ ਹਿੰਦੀਆਂ

ਵਲੋਂ ਆਪਣੀਆਂ ਮੁਸ਼ਕਿਲਾਂ ਦੇ ਸੰਬੰਧ ਵਿਚ ਉਨ੍ਹਾਂ ਨੂੰ ਕੈਨੇਡਾ ਬੁਲਾਇਆ ਗਿਆ ਸੀ। ਕੈਨੇਡਾ ਵਿਚ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਘੁਮਾਇਆ ਵੀ ਗਿਆ। ਉਥੋਂ ਦੇ ਹਿੰਦੀਆਂ ਦੇ ਹਾਲਾਤ ਬਾਰੇ ਉਨ੍ਹਾਂ ਲਿਖਿਆ : "1903 ਤੋਂ ਲੈ ਕੇ ਭਾਰਤੀ-ਪੰਜਾਬੀ ਕੈਨੇਡਾ ਵਿਚ ਆਏ। ਅੱਜ ਲਗਭਗ ਦਸ ਸਾਲ ਦਾ ਅਰਸਾ ਕੈਨੇਡਾ ਵਿਚ ਆਇਆਂ ਨੂੰ ਹੋ ਗਿਆ ਹੈ ਅਤੇ ਦਸਾਂ ਸਾਲਾਂ ਵਿਚ ਇਥੇ ਦੇ ਲੋਕਾਂ ਨੇ ਹਜ਼ਾਰਾਂ ਰੁਪਏ ਦੇਸ਼ ਭੇਜੇ ਹਨ ਆਪਣਿਆਂ ਘਰਾਂ ਨੂੰ, ਤੇ ਲੱਖਾਂ ਹੀ ਰੁਪਏ ਇਕੱਠੇ ਕਰ ਕੇ ਦੇਸ਼ ਵਿੱਦਿਆ ਵਾਸਤੇ ਭੇਜੇ ਗਏ। ਇਧਰ ਕੈਨੇਡਾ ਵਿਚ ਉਨ੍ਹਾਂ ਆਪਣੀਆਂ ਲੱਖਾਂ ਡਾਲਰਾਂ ਦੀਆਂ ਜਾਇਦਾਦਾਂ ਬਣਾ ਲਈਆਂ ਤੇ ਅੱਗੇ ਨੂੰ ਬਣਾਈ ਜਾ ਰਹੇ ਹਨ। ਵੈਨਕੂਵਰ ਵਿਚ ਸਾਡੇ ਦਰਜਨ ਤੋਂ ਉੱਪਰ ਰੀਅਲ-ਅਸਟੇਟ ਆਫ਼ਿਸ ਖੁੱਲ੍ਹੇ ਹੋਏ ਹਨ ਤੇ ਇਨ੍ਹਾਂ ਦਾ ਕੰਮ, ਜ਼ਮੀਨਾਂ ਖ਼ਰੀਦੋ-ਫ਼ਰੋਖ਼ਤ ਕਰਨਾ ਹੈ। ਆਪਣਿਆਂ ਆਦਮੀਆਂ ਨੇ ਯੂਰਪੀਨ ਕਲਰਕ ਨੌਕਰ ਰੱਖੇ ਹੋਏ ਹਨ, ਜਿਨ੍ਹਾਂ ਨੂੰ ਮੋਟੀਆਂ-ਮੋਟੀਆਂ ਤਨਖ਼ਾਹਾਂ ਦਿੰਦੇ ਹਨ। ਮੈਂ ਉਨ੍ਹਾਂ ਵਿਚੋਂ ਬਹੁਤ ਆਦਮੀਆਂ ਨੂੰ ਜਾਣਦਾ ਹਾਂ। ਪੰਜਾਬੀ ਕੋਈ ਵਿਰਲਾ ਹੀ ਹੋਵੇਗਾ, ਜਿਸ ਨੇ ਕੋਈ ਜ਼ਮੀਨ ਦਾ ਟੁਕੜਾ ਨਹੀਂ ਖਰੀਦਿਆ ਹੋਇਆ ਹੋਵੇਗਾ। ਵੈਨਕੂਵਰ ਸ਼ਹਿਰ ਵਿਚ ਲਗਭਗ ਚੌਥਾ ਹਿੱਸਾ ਜ਼ਮੀਨ ਪੰਜਾਬੀਆਂ ਦੇ ਕਬਜ਼ੇ ਵਿਚ ਹੈ।

ਹੁਣ ਵਿਕਟੋਰੀਆ ਦੀ ਸੁਣੀਏ। ਵਿਕਟੋਰੀਆ ਵਿਚ ਕੋਈ ਪੰਜ ਕੁ ਸੌ ਆਦਮੀ ਰਹਿੰਦਾ ਹੈ। ਇਥੇ ਵੀ ਅੱਠ ਨੌਂ ਰੀਅਲ-ਅਸਟੇਟ ਹਨ ਤੇ ਉਨ੍ਹਾਂ ਦਾ ਕੰਮ ਵੀ ਉਹੀ ਹੈ। ਉਨ੍ਹਾਂ ਆਪਣੀਆਂ ਮੋਟਰਾਂ ਰੱਖੀਆਂ ਹੋਈਆਂ ਹਨ ਤੇ ਯੂਰਪੀਨ ਕਲਰਕ ਰੱਖੇ ਹੋਏ ਹਨ।"

ਸੰਨ 1908 ਵਿਚ ਹਿੰਦੀਆਂ ਵਿਰੁੱਧ ਪਹਿਲਾ ਕਾਨੂੰਨ ਬਣਾਇਆ ਗਿਆ, ਸਿਰਫ਼ ਬ੍ਰਿਟਿਸ਼, ਫਰਾਂਸ, ਆਇਰਲੈਂਡ ਅਤੇ ਕਾਮਨਵੈਲਥ ਗੋਰਿਆਂ ਨੂੰ ਹੀ ਕੈਨੇਡਾ 'ਚ ਖੁੱਲ੍ਹ ਸੀ। ਕੈਨੇਡਾ ਦੇ ਗੋਰਿਆਂ ਦਾ ਕਹਿਣਾ ਸੀ ਕਿ ਏਸ਼ੀਆਈ ਲੋਕਾਂ ਦੀ ਰੰਗਤ ਸਾਡੇ ਨਾਲ ਨਹੀਂ ਮਿਲਦੀ, ਇਨ੍ਹਾਂ ਦੇ ਇਥੇ ਰਹਿਣ ਨਾਲ ਸਾਡੀ ਨਸਲ ਵਿਗੜ ਜਾਵੇਗੀ, ਏਸ਼ੀਆਈ ਸਾਡੇ ਨਾਲੋਂ ਵੱਧ ਕੰਮ ਕਰਦੇ ਤੇ ਮਜ਼ਦੂਰੀ ਘੱਟ ਲੈਂਦੇ ਹਨ। ਭਾਈ ਕਰਤਾਰ ਸਿੰਘ ਚੰਦ ਨੇ ਪੰਜਾਬੀਆਂ ਦੇ ਜੁੱਸੇ ਅਤੇ ਮਿਹਨਤ ਬਾਰੇ ਲਿਖਿਆ, "ਜਿਸ ਇਕ ਲੱਕੜ ਨੂੰ ਗੋਰੇ ਮਜ਼ਦੂਰ ਟਰੱਕ ਉਤੇ ਲੱਦ ਕੇ ਘੋੜੇ ਜੋੜ ਕੇ ਲਈ ਫਿਰਦੇ, ਹਿੰਦੀ ਮਜ਼ਦੂਰ ਉਸੇ ਲੱਕੜ ਨੂੰ ਇਕੱਲਾ ਜਾਂ ਦੋ ਜਣੇ ਮੋਢਿਆਂ ਉੱਪਰ ਚੁੱਕੀ ਫਿਰਦੇ। ਗੋਰੇ ਮਜ਼ਦੂਰ ਇਹ ਸਹਿਣ ਨਹੀਂ ਕਰਦੇ ਕਿ ਉਨ੍ਹਾਂ ਦੀ ਧਰਤੀ 'ਤੇ ਗੁਲਾਮ ਲੋਕ ਉਨ੍ਹਾਂ ਦੇ ਮੁਕਾਬਲੇ ਵਿਚ ਆਪਣੇ ਕਾਰੋਬਾਰ ਕਰਨ। ਕੈਨੇਡੀਅਨ ਇਸ ਗੱਲੋਂ ਬੜੇ ਖ਼ੌਫ਼ ਖਾਂਦੇ ਸਨ ਕਿ ਇਨ੍ਹਾਂ ਨੇ ਜੇ ਸਟੀਮ ਕੰਪਨੀ ਸ਼ੁਰੂ ਕਰ ਦਿਤੀ ਤਾਂ ਇਹ ਧੜਾ-ਧੜ ਹਿੰਦੀਆਂ ਨੂੰ ਕੈਨੇਡਾ ਵਿਚ ਦਾਖਲ ਕਰ ਦੇਣਗੇ ਅਤੇ ਇਨ੍ਹਾਂ ਦੀ ਗਿਣਤੀ ਵਧ ਜਾਣ ਕਾਰਨ ਉਥੇ ਦੇ ਗੋਰਿਆਂ ਦੀ ਆਪਣੀ ਉੱਚਤਾ ਕਾਇਮ ਨਹੀਂ ਰਹੇਗੀ। 1908 ਵਿਚ ਹਿੰਦੀਆਂ ਦੀ ਗਿਣਤੀ ਕੈਨੇਡਾ ਵਿਚ 8000 ਤਕ ਪੁੱਜ ਚੁੱਕੀ ਸੀ ਕੈਨੇਡਾ ਦੇ ਡਿਪਟੀ ਕਮਿਸ਼ਨਰ ਆਫ਼ ਲੇਬਰ 'ਮਕੈਨਜੀ ਕਿੰਗ' ਨੇ ਕੈਨੇਡਾ ਸਰਕਾਰ ਨੂੰ ਭਵਿੱਖ ਦੀ ਇਮੀਗ੍ਰੇਸ਼ਨ ਪਾਲਿਸੀ ਉਲੀਕੇ ਜਾਣ ਬਾਰੇ ਇਕ ਰਿਪੋਰਟ ਪੇਸ਼ ਕੀਤੀ, ਜਿਸ ਵਿਚ ਕਿਹਾ ਗਿਆ ਕਿ, "ਕੈਨੇਡਾ ਪੂਰਬੀ ਲੋਕਾਂ ਦੀ ਇਮੀਗ੍ਰੇਸ਼ਨ 'ਤੇ ਪਾਬੰਦੀ ਲਾਵੇ।"

ਕੈਨੇਡੀਅਨ ਸਰਕਾਰ ਕੈਨੇਡਾ ਨੂੰ ਸਿਰਫ਼ ਚਿੱਟੇ ਲੋਕਾਂ ਦਾ ਦੇਸ਼ ਰੱਖਣਾ ਚਾਹੁੰਦੀ ਸੀ। ਨਸਲਵਾਦੀ ਤੇ ਕੁਝ ਰਾਜਨੀਤਕ ਕਾਰਨਾਂ ਕਰਕੇ ਕੈਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕੈਨੇਡਾ ਵਿਚ ਦਾਖਲੇ ਨੂੰ ਰੋਕਣ ਲਈ ਦੋ ਫਰਮਾਨ ਆਰਡਰ-ਇਨ-ਕੌਂਸਲ ਪਾਸ ਕੀਤੇ ਜੋ 9 ਮਈ 1910 ਨੂੰ ਲਾਗੂ ਹੋ ਗਏ। ਪਹਿਲਾ ਫਰਮਾਨ ਪੀ ਸੀ 920 ਅਨੁਸਾਰ, ਏਸ਼ੀਅਨ ਮੂਲ ਦੇ ਕਿਸੇ ਵੀ ਇਮੀਗਰਾਂਟ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਜੇ ਉਸ ਕੋਲ 200 ਡਾਲਰ ਨਾ ਹੋਣ ਦੂਜੇ ਫਰਮਾਨ ਵਿਚ ਪੀ ਸੀ 926 ਅਨੁਸਾਰ ਏਸ਼ੀਅਨ ਮੂਲ ਦੇ ਕਿਸੇ ਵੀ ਇਮੀਗਰਾਂਟ ਨੂੰ ਕੈਨੇਡਾ ਵਿਚ ਉਤਰਨ ਦੀ ਇਜਾਜ਼ਤ ਨਹੀਂ ਹੋਵੇਗੀ। ਜੇ ਉਹ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਸਿੱਧਾ ਸਫ਼ਰ ਕਰਕੇ ਨਾ ਆਇਆ ਹੋਵੇ, ਇਹ ਵੀ ਲਾਜ਼ਮੀ ਹੋਵੇਗਾ ਕਿ ਉਸ ਨੇ ਇਹ ਟਿਕਟ ਵੀ ਆਪਣੇ ਦੇਸ਼ ਵਿਚੋਂ ਹੀ ਖਰੀਦਿਆ ਹੋਵੇ।

ਇਨ੍ਹਾਂ ਪਾਬੰਦੀਆਂ ਖ਼ਿਲਾਫ਼ ਪਹਿਲਾ ਕਦਮ ਉਦੋਂ ਰਾਮ ਜੋਸ਼ੀ (ਰਾਇਕੋਟ) ਤੇ ਦੇਵੀ ਚੰਦ (ਹਿਸਾਰ) ਨੇ ਦਸੰਬਰ ਵਿਚ ਚੁੱਕਿਆ। ਜਦੋਂ ਉਨ੍ਹਾਂ ਇਕ ਹਜ਼ਾਰ ਪੌਂਡ ਜਮਾਨਤਾਂ ਦੇ ਜਮ੍ਹਾਂ ਕਰਵਾ ਦਿਤੇ। ਪਰ ਉਹ ਸਫਲ ਨਾ ਹੋਏ। ਦੂਜੀ ਵਾਰ ਕੈਨੇਡਾ ਦੇ ਹਿੰਦੀਆਂ ਵਲੋਂ ਤਾਰਕ ਨਾਥ ਦਾਸ ਨੂੰ ਪ੍ਰੇਰਿਆ ਗਿਆ ਕਿ ਉਹ ਕਲੱਕਤੇ ਵਿਚ ਕੋਈ ਅਜਿਹਾ ਵਕੀਲ ਤਿਆਰ ਕਰੇ ਜਿਹੜਾ ਹਿੰਦੁਸਤਾਨੀ ਸਰਕਾਰ ਵਿਰੁੱਧ ਜਹਾਜ਼ੀ ਕੰਪਨੀਆਂ ਦੇ ਕਲਕੱਤੇ ਵਿਚਲੇ ਏਜੰਟਾਂ ਨੂੰ ਸਿੱਧੀਆਂ ਟਿਕਟਾਂ ਵੇਚਣ 'ਤੇ ਦਿਤੇ ਜਾਂਦੇ ਡਰਾਵਿਆਂ ਵਿਰੁੱਧ ਮੁਕੱਦਮਾ ਦਾਇਰ ਕਰੇ। ਜੂਨ, 1912 ਦੇ ਅੰਤ ਵਿਚ ਕਲਕੱਤਾ ਦੀ ਇਕ ਜਹਾਜ਼ੀ ਕੰਪਨੀ ਦਾ ਏਜੰਟ ਮਿ. ਵ. ਐਟਕਿਨਸਲ ਵੈਨਕੂਵਰ ਗਿਆ ਤੇ ਉਸ ਨੇ ਕਲਕੱਤੇ ਤੋਂ ਕੈਨੇਡਾ ਆਉਣ ਵਾਲਿਆਂ ਲਈ ਨਗਦ ਡਾਲਰਾਂ ਨੂੰ ਦਿਖਾਉਣ ਅਤੇ ਹੋਰ ਵੀ ਮਾਲੀ ਮਦਦ ਦੇਣ ਦਾ ਭਰੋਸਾ ਦੁਆਇਆ। ਹਿੰਦੀਆਂ ਦੀ ਇਕ ਅਮਰੀਕਨ-ਇੰਡੀਅਨ ਕੋਲੋ-ਨਾਈਜੇਸ਼ਨ ਕੰਪਨੀ ਦੇ ਸਕੱਤਰ ਬਿਹਾਰੀ ਲਾਲ ਵਰਮਾ ਨੇ ਕਲਕੱਤੇ ਦੀ ਇਕ ਅੰਗਰੇਜ਼ ਫਰਮ ਐਂਡਰੀਉ ਯੂਲ ਐਂਡ ਕੰਪਨੀ ਨਾਲ 50 ਮੁਸਾਫ਼ਰਾਂ ਨੂੰ ਕਲਕੱਤੇ ਤੋਂ ਸਿੱਧੇ ਟਿਕਟ ਦੇਣ ਦੀ ਗੱਲਬਾਤ ਚਲਾਈ। ਪਰ ਅੰਗਰੇਜ਼ੀ ਸਰਕਾਰ ਦੀ ਕੈਰੀ ਅੱਖ ਵੇਖ ਕੇ ਇਸ ਕੰਪਨੀ ਨੇ ਵੀ ਨਾਂਹ ਕਰ ਦਿਤੀ।

## ਕਾਮਾਗਾਟਾ ਮਾਰੂ ਕੋਈ ਅਚਨਚੇਤ ਘਟਨਾ ਨਹੀਂ ਸੀ

ਸਟੀਮ ਕੰਪਨੀ ਦਾ ਵਿਚਾਰ ਕੈਨੇਡਾ ਵਿਚਲੇ ਹਿੰਦੀਆਂ ਵਿਚ ਉਦੋਂ ਹੀ ਪਨਪ ਪਿਆ ਸੀ ਜਦੋਂ ਆਡਰ ਇਨ ਕੌਂਸਲ ਲਾਗੂ ਕੀਤਾ ਗਿਆ ਸੀ ਕਿ 'ਹਿੰਦੁਸਤਾਨੀ ਕੈਨੇਡਾ ਵਿਚ ਦਾਖਲ ਨਾ ਹੋਣ'। ਵਜ਼ੀਰ ਜਿਸ ਨੇ ਇਹ ਰੈਗੂਲੇਸ਼ਨ ਲਿਖਿਆ ਸੀ ਉਸ ਨੂੰ ਇਹ ਜਾਣਕਾਰੀ ਸੀ ਕਿ ਕੋਈ ਅਜਿਹਾ ਜਹਾਜ਼ ਨਹੀਂ ਜਿਹੜਾ ਹਿੰਦੁਸਤਾਨ ਦੀ ਬੰਦਰਗਾਹ ਤੋਂ ਕੈਨੇਡਾ ਤਕ ਆਉਂਦਾ ਹੋਵੇ। ਵੈਨਕੂਵਰ ਵਿਕਟੋਰੀਆ ਵਿਚ ਬਣੇ ਗੁਰਦੁਆਰੇ ਜਿਥੇ ਹਿੰਦੁਸਤਾਨੀਆਂ ਦੀਆਂ ਹਰ ਐਤਵਾਰ ਨੂੰ ਬੈਠਕਾਂ ਹੁੰਦੀਆਂ। ਇਨ੍ਹਾਂ ਬੈਠਕਾਂ ਵਿਚ ਹੀ ਇਹ ਵਿਚਾਰ ਪਨਪਿਆ ਕਿ, "ਸਾਨੂੰ ਆਪਣਾ ਜਹਾਜ਼ ਚਾਹੀਦਾ ਹੈ ਜੋ ਕਲਕੱਤੇ ਤੋਂ ਵੈਨਕੂਵਰ ਤਕ ਆਉਂਦਾ ਹੋਵੇ "ਤਾਹੀਉਂ ਅਸੀ ਆਡਰ ਇਨ ਕੌਂਸਲ ਨੂੰ ਹਰਾ ਸਕਦੇ ਹਾਂ।" ਉਸ ਵੇਲੇ ਭਾਈ ਬਲਵੰਤ ਸਿੰਘ ਨੇ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿਤਾ ਸੀ। ਸੰਨ 1911 ਦੇ ਅਖੀਰ ਵਿਚ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਆਪਣੇ ਪਰਿਵਾਰਾਂ ਨੂੰ ਲੈ ਕੇ ਗਏ ਤਾਂ ਇਨ੍ਹਾਂ ਨੂੰ ਕਲਕੱਤਾ

ਅਤੇ ਹਾਂਗਕਾਂਗ ਵਿਚ ਢਾਈ ਮਹੀਨੇ ਅਧਿਕਾਰੀਆਂ ਵਲੋਂ ਖੱਜਲ-ਖਰਾਬ ਕੀਤਾ ਗਿਆ ਸੀ। ਉਥੋਂ ਹੀ ਇਸ ਗੱਲ ਦਾ ਅਹਿਸਾਸ ਭਾਰੂ ਹੋਇਆ ਤਾਂ ਹਾਂਗਕਾਂਗ ਗੁਰਦੁਆਰੇ ਦੀ ਸੰਗਤ ਅਤੇ ਹਰ ਮਿਲਣ ਵਾਲੇ ਨਾਲ ਉਹ ਇਹੀ ਪ੍ਰਚਾਰ ਕਰਦੇ ਰਹੇ।

ਭਾਈ ਬਲਵੰਤ ਸਿੰਘ ਦੀ ਰਹਿਨੁਮਾਈ ਵਿਚ ਕੈਨੇਡੀਅਨ ਵਫ਼ਦ 1913 ਵਿਚ ਭਾਰਤ ਆਇਆ ਤਾਂ ਪਰਵਾਸੀ ਮਸਲਿਆਂ ਤੋਂ ਬਿਨਾਂ ਉਨ੍ਹਾਂ ਦਾ ਮਿਸ਼ਨ ਇਸ ਮੁੱਦੇ 'ਤੇ ਕੇਂਦਰਤ ਹੋ ਗਿਆ ਕਿ ਸਾਨੂੰ ਇਕ ਜਹਾਜ਼ ਕਿਰਾਏ 'ਤੇ ਜਾਂ ਖਰੀਦ ਲੈਣਾ ਚਾਹੀਦਾ ਹੈ। ਜਿਹੜਾ ਕਲਕੱਤਾ ਤੋਂ ਵੈਨਕੂਵਰ ਜਾ ਸਕੇ। ਭਾਈ ਤਖਤ ਸਿੰਘ ਮੈਨੇਜਰ ਕੰਨਿਆ ਮਹਾਂ ਵਿਦਿਆਲਾ ਫ਼ਿਰੋਜ਼ਪੁਰ ਵਾਲੇ ਨਾਲ ਜਦੋਂ ਇਸ ਮਸਲੇ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਭਾਈ ਬਲਵੰਤ ਸਿੰਘ ਦੀ ਇਸ ਦਲੀਲ ਦੀ ਪ੍ਰੋੜ੍ਹਤਾ ਕੀਤੀ। ਲਾਇਲਪੁਰ ਵਿਚ ਇਨ੍ਹਾਂ ਨੇ ਇਹ ਵਿਚਾਰ ਸ. ਹਰਚੰਦ ਸਿੰਘ ਲਾਇਲਪੁਰ ਤੇ ਭਾਈ ਦੇਵਾ ਸਿੰਘ ਜੋ ਸਿੰਘ ਸਿੰਘ ਸਭਾ ਅੰਮ੍ਰਿਤਸਰ ਦੇ ਸਕੱਤਰ ਨਾਲ ਵੀ ਕੀਤੀ। ਜਦੋਂ ਇਕ ਵਾਰ ਫਿਰ ਭਾਈ ਬਲਵੰਤ ਸਿੰਘ ਫ਼ਿਰੋਜ਼ਪੁਰ ਵਿਚ ਗਏ ਤਾਂ ਉਸ ਨੂੰ ਜਾਣ ਕੇ ਬੜੀ ਖ਼ੁਸ਼ੀ ਹੋਈ ਕਿ ਭਾਈ ਗੁਰਦਿਤ ਸਿੰਘ ਸਿਰਹਾਲੀ ਨੇ ਇਸ ਪ੍ਰੋਜੈਕਟ ਨੂੰ ਬੜੀ ਗੰਭੀਰਤਾ ਨਾਲ ਆਪਣੇ ਹੱਥਾਂ ਵਿਚ ਲੈ ਲਿਆ ਹੈ। ਇਹ ਕੋਈ ਅਚੰਭਾ ਨਹੀਂ ਕਿ ਜਦੋਂ ਕਾਮਾਗਾਟਾਮਾਰੂ ਨੂੰ ਚਾਰਟਰ ਕੀਤਾ ਤਾਂ ਦਲਜੀਤ ਸਿੰਘ ਤੇ ਵੀਰ ਸਿੰਘ ਪਹਿਲਾਂ ਹੀ ਹਾਂਗਕਾਂਗ ਵਿਚ ਪਹੁੰਚੇ ਹੋਏ ਸਨ।

ਜਾਪਦਾ ਹੈ ਸਟੀਮ ਕੰਪਨੀ ਦੇ ਵਿਚਾਰ ਪਨ੍ਹਪਣ ਤੋਂ ਲੈ ਕੇ ਕਾਮਾਗਾਟਾਮਾਰੂ ਨੂੰ ਕਿਰਾਏ 'ਤੇ ਲੈਣ ਤਕ ਭਾਈ ਤਖਤ ਸਿੰਘ ਫ਼ਿਰੋਜ਼ਪੁਰ ਦੀ ਵਿਸ਼ੇਸ਼ ਭੂਮਿਕਾ ਹੈ। 1911 ਵਿਚ ਭਾਈ ਤਖਤ ਸਿੰਘ ਵਿਦਿਅਕ ਸੰਸਥਾ ਲਈ ਫ਼ੰਡਾਂ ਦੀ ਉਗਰਾਹੀ ਕਰਨ ਇਨ੍ਹਾਂ ਟਾਪੂਆਂ ਰਾਹੀਂ ਕਈ ਦੇਸ਼ਾਂ ਵਿਚ ਗਿਆ ਅਤੇ 58 ਹਜ਼ਾਰ ਰੁਪਏ ਇਕੱਠੇ ਕਰ ਕੇ ਉਸ ਨੇ ਕੰਨਿਆ ਮਹਾਂਵਿਦਿਆਲਾ ਫ਼ਿਰੋਜ਼ਪੁਰ ਨੂੰ ਪੱਕੇ ਪੈਰੀਂ ਕਰ ਦਿਤਾ ਸੀ। ਉਦੋਂ ਤੋਂ ਹੀ ਉਹ ਇਨ੍ਹਾਂ ਟਾਪੂਆਂ 'ਤੇ ਪੁੱਜੇ ਹੋਏ ਪੰਜਾਬੀਆਂ ਦੀ ਦੁਰਦਸ਼ਾ ਤੋਂ ਜਾਣੂ ਸਨ, ਜਿਹੜੇ ਪਿੱਛੇ ਮੁੜਨ ਨਾਲੋਂ ਅੱਗੇ ਮੌਤ ਦੇ ਮੂੰਹ ਵਿਚ ਪੈਣਾ ਚੰਗਾ ਸਮਝਦੇ ਸਨ। ਇਸ ਤੋਂ ਪਹਿਲਾਂ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਦੇ ਪਰਿਵਾਰਾਂ ਨਾਲ ਭੈੜਾ ਸਲੂਕ ਹੋਇਆ ਸੀ ਜਦੋਂ ਉਹ ਕੈਨੇਡਾ ਲਈ ਜਾ ਰਹੇ ਸਨ। ਪਹਿਲਾਂ ਉਹ ਢਾਈ ਮਹੀਨੇ ਮੌਂਟੇਰਲ ਦੀ ਪੁਲਿਸ ਹਿਰਾਸਤ ਵਿਚ ਰੱਖੇ ਗਏ ਸਨ। ਛੇ ਹਜ਼ਾਰ ਰੁਪਏ ਨਕਦ ਜਮਾਨਤ ਅਤੇ ਅਦਾਲਤੀ ਚਾਰਾਜੋਈ ਬਾਅਦ 30 ਅਪ੍ਰੈਲ 1912 ਨੂੰ ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚਿਆਂ ਨੂੰ ਰਿਹਾਅ ਕੀਤਾ ਗਿਆ ਸੀ।

ਹਿੰਦੀਆਂ ਦੀਆਂ ਇਹ ਮੁਸ਼ਕਿਲਾਂ ਕਿ ਇਸਤਰੀਆਂ ਨੂੰ ਪਤੀਆਂ ਤੋਂ ਵਿਛੋੜਨਾ ਅਤੇ ਬੱਚਿਆਂ ਨੂੰ ਬਾਪ ਤੋਂ ਵਿਛੋੜਨਾ ਇਕ ਅਜਿਹੀ ਸਜ਼ਾ ਜਿਹੜੀ ਇਕ ਬੜੇ ਵੱਡੇ ਭਿਅੰਕਰ ਮੁਜਰਮ ਨੂੰ ਭੁਗਤਣੀ ਪੈਂਦੀ ਹੋਵੇ, ਇਨ੍ਹਾਂ ਨਿੱਤ ਦੀਆਂ ਜ਼ਹਿਮਤਾਂ ਤੋਂ ਛੁਟਕਾਰਾ ਕਰਨ ਲਈ ਸੋਚ ਵਿਚਾਰ ਤੋਂ ਬਾਅਦ 2 ਫ਼ਰਵਰੀ 1913 ਨੂੰ ਵੈਨਕੂਵਰ ਦੇ ਡੁਮੀਨੀਅਨ ਹਾਲ ਵਿਚ ਹਿੰਦੀ ਪਰਵਾਸੀਆਂ ਦਾ ਬੜਾ ਭਾਰੀ ਇਕੱਠ ਕੀਤਾ ਗਿਆ ਤੇ ਬੜੀਆਂ ਵਿਚਾਰਾਂ ਕਰਨ ਤੋਂ ਬਾਅਦ ਫ਼ੈਸਲਾ ਕੀਤਾ ਗਿਆ ਕਿ ਇਕ ਪ੍ਰਤਿਨਿਧੀ ਮੰਡਲ ਦੀ ਚੋਣ ਕਰਕੇ ਇੰਗਲੈਂਡ ਤੇ ਹਿੰਦੁਸਤਾਨ ਭੇਜਿਆ ਜਾਵੇ। ਵਫਦ ਅੰਗਰੇਜ਼ੀ ਹਕਮਾਂ ਤੇ ਭਾਰਤੀਆਂ ਅੱਗੇ ਇਨ੍ਹਾਂ ਮੁਸ਼ਕਿਲਾਂ ਨੂੰ ਪੇਸ਼ ਕਰਕੇ ਇਨ੍ਹਾਂ ਦੇ ਹੱਲ ਲਈ ਅਪੀਲ ਕਰੇ। ਇਹ ਵੀ ਫ਼ੈਸਲਾ ਕੀਤਾ ਕਿ ਅਮਰੀਕਾ ਤੋਂ ਭਾਈ ਜਵਾਲਾ ਸਿੰਘ ਠੱਠੀਆਂ ਜਿਹੜੇ ਉਥੋਂ ਦੇ ਇਕ ਸਿਰਕੱਢ ਆਗੂ ਸਨ, ਨੂੰ ਬੁਲਾ ਕੇ ਸਲਾਹ ਲਈ ਜਾਵੇ।

22 ਫ਼ਰਵਰੀ 1913 ਨੂੰ ਡੁਮੀਨੀਅਨ ਹਾਲ ਵਿਚ ਹਿੰਦੀਆਂ ਦੀ ਬੈਠਕ ਕਰ ਕੇ ਵਫਦ ਦੇ ਸੰਬੰਧ ਵਿਚ ਮਤਾ ਪਾਸ ਕਰ ਕੇ ਵਫਦ ਨੂੰ ਵਿਦਾ ਕੀਤਾ ਗਿਆ। ਕੈਨੇਡਾ ਵਿਚ ਤਾਂ ਵਫਦ ਲਈ ਦਰਵਾਜ਼ੇ ਬੰਦ ਹੀ ਸਨ। ਮਾਰਚ 21, 1913 ਨੂੰ ਵਫਦ ਇੰਗਲੈਂਡ ਲਈ ਰਵਾਨਾ ਹੋਇਆ। ਵੱਖ-ਵੱਖ ਥਾਵਾਂ 'ਤੇ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਉਂਦਾ ਇੰਗਲੈਂਡ ਵਿਚੋਂ ਰਵਾਨਾ ਹੋ ਕੇ ਇਹ ਭਾਰਤ ਪੁੱਜ ਗਿਆ। 20 ਦਸੰਬਰ 1913 ਨੂੰ ਵਾਇਸਰਾਏ ਹਿੰਦ ਨੂੰ ਵੀ ਮਿਲਿਆ, ਪਰ ਇਹ ਕੋਈ ਸਾਰਥਿਕ ਨਤੀਜੇ ਨਾ ਕੱਢ ਸਕਿਆ। ਪਰ ਇਹ ਜਿਥੇ-ਜਿਥੇ ਵੀ ਗਿਆ ਉਥੇ-ਉਥੇ ਅੰਗਰੇਜ਼ੀ ਸ਼ਹਿਨਸ਼ਾਹ ਜਾਰਜ ਪੰਚਮ ਦੀ ਪਰਜਾ ਦਾ ਭਰਮ ਪਾਲੀ ਬੈਠੇ ਹਿੰਦੀਆਂ ਅੰਦਰ ਅੰਗਰੇਜ਼ੀ ਸਾਮਰਾਜ ਦੇ ਨਸਲੀ ਕਿਰਦਾਰ ਨੂੰ ਨੰਗਾ ਕਰਨ ਵਿਚ ਕਾਫੀ ਹੱਦ ਤਕ ਕਾਮਯਾਬ ਹੋਇਆ। ਵਫਦ ਨੇ ਹਰ ਥਾਂ ਹਿੰਦੀਆਂ ਨੂੰ ਇਹ ਅਹਿਸਾਸ ਕਰਵਾਇਆ ਕਿ ਕੈਨੇਡਾ ਵਿਚ ਜਾਣ ਦੀਆਂ ਬੰਦਸ਼ਾਂ ਨੂੰ ਤੋੜਨ ਲਈ ਸਾਡੀ ਆਪਣੀ ਸਟੀਮ ਕੰਪਨੀ ਹੋਣੀ ਚਾਹੀਦੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਭਾਈ ਭਗਵਾਨ ਸਿੰਘ ਉਪਰ ਚੱਲੇ ਦੇਸ਼ ਨਿਕਾਲੇ ਦੇ ਮੁਕੱਦਮੇ ਨੂੰ ਅਦਾਲਤ ਨੇ ਸਰਕਾਰੀ ਹੁਕਮ ਨੂੰ ਗਲਤ ਕਰਾਰ ਦੇ ਦਿਤਾ। ਕੋਲੰਬੀਆ ਦੀ ਅਦਾਲਤ ਦੇ ਚੀਫ ਜਸਟਿਸ ਮਿ. ਹੰਟਰ ਨੇ 24 ਨਵੰਬਰ 1913 ਨੂੰ ਸਿੱਧੇ ਸਫ਼ਰ ਦੀ ਸ਼ਰਤ ਵਾਲਾ ਹੁਕਮ ਨਜਾਇਜ਼ ਕਰਾਰ ਦੇ ਦਿਤਾ ਤੇ 39 ਪੰਜਾਬੀ ਵੈਨਕੂਵਰ ਉਤਰਨ ਵਿਚ ਸਫਲ ਹੋ ਗਏ। ਇਨ੍ਹਾਂ 39 ਮੁਸਾਫ਼ਰਾਂ, ਭਾਈ ਭਗਵਾਨ ਸਿੰਘ ਦੇ ਮੁਕੱਦਮਿਆਂ ਦੇ ਫ਼ੈਸਲਿਆਂ ਦੇ ਕੈਨੇਡਾ ਵਿਚਲੇ ਅਤੇ ਟਾਪੂਆਂ ਵਿਚ ਰੁਕੇ ਹੋਏ ਹਿੰਦੀਆਂ ਵਿਚ ਮੁੜ ਜੋਸ਼ ਤੇ ਵਿਸ਼ਵਾਸ ਪੈਦਾ ਕਰ ਦਿਤਾ।

## ਬਾਬਾ ਗੁਰਦਿੱਤ ਸਿੰਘ ਦਾ ਉਦੇਸ਼ ਨਿਰਾ ਵਪਾਰ ਨਹੀਂ ਸੀ

ਇਨ੍ਹਾਂ ਹੀ ਦਿਨਾਂ ਵਿਚ ਭਾਈ ਗੁਰਦਿੱਤ ਸਿੰਘ ਮਲਾਇਆ ਵਿਚ ਪੈਸਾ ਕਮਾਉਣ ਦੇ ਨਾਲ-ਨਾਲ ਆਪਣਾ ਨਾਂ ਵੀ ਕਮਾ ਚੁੱਕੇ ਸਨ। ਸਿੰਘਾਪੁਰ ਰਹਿੰਦਿਆਂ ਉਹ ਇਕ ਮੁਕੱਦਮੇ ਦੇ ਸੰਬੰਧ ਵਿਚ ਦਸੰਬਰ 1913 ਨੂੰ ਹਾਂਗਕਾਂਗ ਆਇਆ ਜਿਥੇ ਉਸ ਨੇ ਆਪਣਾ ਕਾਰੋਬਾਰੀ ਦਫ਼ਤਰ ਵੀ ਖੋਲ੍ਹਿਆ। ਹਾਂਗਕਾਂਗ 'ਗ਼ਦਰ ਗੂੰਜ' ਤੇ 'ਗ਼ਦਰ' ਅਖ਼ਬਾਰ ਦੇ ਆਉਣ ਨਾਲ ਇਥੇ ਦਾ ਵਾਤਾਵਰਨ ਪਹਿਲਾਂ ਤੋਂ ਦੇਸ਼ ਭਗਤੀ ਵਾਲਾ ਬਣ ਚੁੱਕਾ ਸੀ। ਗੁਰਦਿੱਤ ਸਿੰਘ ਨੇ ਵੀ ਜੋਸ਼ੀਲਾ ਭਾਸ਼ਣ ਦੀਵਾਨ ਵਿਚ ਕੀਤਾ ਜਿਸ ਵਿਚ ਉਨ੍ਹਾਂ ਕਿਹਾ, ''ਹਰ ਇਕ ਸਿੱਖ ਦਾ ਫ਼ਰਜ਼ ਹੈ ਕਿ ਉਹ ਸੁਤੰਤਰਤਾ ਲਈ ਜੂਝੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਤਨ ਲਈ ਆਪਣੇ ਪਰਿਵਾਰ ਸਮੇਤ ਸਭ ਕੁਝ ਨਿਸ਼ਾਵਰ ਕਰ ਦਿਤਾ ਸੀ।'' ਅਜਿਹੇ ਵਿਚਾਰ ਉਸ ਦੇ ਮਲਾਇਆ ਰਹਿੰਦਿਆਂ ਬਣੇ ਸਨ। ਜਦੋਂ ਉਹ ਇਕ ਵਾਰ ਮਦਰਾਸ ਰਾਹੀਂ ਪੰਜਾਬ ਆ ਰਿਹਾ ਸੀ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਸਥਾਨ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਠਹਿਰਿਆ। ਰਸਤੇ ਵਿਚ ਉਨ੍ਹਾਂ ਦੀ ਮਰਹੱਟਿਆਂ ਨਾਲ ਹੋਈ ਵਾਰਤਾਲਾਪ ਸਮੇਂ ਉਸ ਨੂੰ ਇਹ ਕਹਿ ਕੇ ਸ਼ਰਮਸਾਰ ਕੀਤਾ ਗਿਆ

ਕਿ 1857 ਦੇ ਗ਼ਦਰ ਸਮੇਂ ਸਿੱਖਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਬਾਬਾ ਨੇ ਤੁਰੰਤ ਉੱਤਰ ਦਿੰਦਿਆਂ ਕਿਹਾ, "ਉਹ ਤਾਂ ਰਜਵਾੜੇ ਤੇ ਰਾਜੇ-ਮਹਾਰਾਜੇ ਸਨ। ਆਮ ਸਿੱਖਾਂ ਨੇ ਅਜਿਹਾ ਨਹੀਂ ਸੀ ਕੀਤਾ। ਗੁਰਦਿੱਤ ਸਿੰਘ ਨੇ ਇਹ ਜਵਾਬ ਦੇ ਕੇ ਵਕਤ ਲੰਘਾਈ ਤਾਂ ਕਰ ਲਈ ਪਰ ਮਰਹੱਟਿਆਂ ਦੀ ਗੱਲ ਉਸ ਦੇ ਹਿਰਦੇ ਨੂੰ ਤੀਰ ਵਾਂਗ ਵਿੰਨ੍ਹ ਗਈ। ਉਸ ਨੇ ਮਨ ਹੀ ਮਨ ਵਿਚ ਇਹ ਧਾਰ ਲਿਆ ਕਿ ਇਸ ਨਮੋਸ਼ੀ ਨੂੰ ਦੂਰ ਕਰਨ ਲਈ ਸਾਨੂੰ ਆਪਣੇ ਦੇਸ਼ ਭਗਤੀ ਦੇ ਸਬੂਤ ਦੇਣੇ ਹੀ ਪੈਣਗੇ।

ਹਾਂਗਕਾਂਗ ਵਿਚ 'ਗ਼ਦਰ' ਅਖ਼ਬਾਰ ਰਾਹੀਂ, ਆਉਂਦੇ ਜਾਂਦੇ ਮੁਸਾਫ਼ਰਾਂ ਰਾਹੀਂ ਅੰਗਰੇਜ਼ੀ ਸਾਮਰਾਜੀਆਂ ਵਿਰੁੱਧ ਕਾਫ਼ੀ ਪ੍ਰਚਾਰ ਹੋਣ ਨਾਲ ਉਥੋਂ ਦਾ ਗੁਰਦੁਆਰਾ ਹਿੰਦੀ ਪਰਵਾਸੀਆਂ ਦੀ ਖ਼ਬਰਸਾਰ ਦਾ ਪੱਕਾ ਕੇਂਦਰ ਸੀ। ਇਥੋਂ ਦੀ ਪ੍ਰਬੰਧਕ ਕਮੇਟੀ ਨੇ ਕਾਮਾਗਾਟਾਮਾਰੂ ਦੇ ਇੰਤਜ਼ਾਮ, ਸਵਾਰ ਤਿਆਰ ਕਰਨ ਅਤੇ ਜਹਾਜ਼ ਨੂੰ ਤੋਰਨ ਲਈ ਬਹੁਤ ਕੰਮ ਕੀਤਾ। ਕੁਝ ਦਿਨਾਂ ਪਿਛੋਂ ਭਾਈ ਗੁਰਦਿੱਤ ਸਿੰਘ ਨੇ ਸਿੰਘਾਪੁਰ ਤੋਂ ਕਲਕੱਤੇ ਪੁੱਜ ਕੇ ਕੰਪਨੀ ਦੇ ਇਸ਼ਤਿਹਾਰ ਛਪਵਾਏ ਜਿਸ ਵਿਚ ਲਿਖਿਆ ਸੀ ਕਿ "ਜਹਾਜ਼ ਕਲਕੱਤਾ ਤੋਂ ਰਵਾਨਾ ਹੋ ਕੇ ਵੈਨਕੂਵਰ ਜਾਵੇਗਾ।" ਇਹ ਇਸ਼ਤਿਹਾਰ ਪੰਜਾਬ ਅਤੇ ਕਲਕੱਤਾ ਦੇ ਗੁਰਦੁਆਰਿਆਂ ਵਿਚ ਵੰਡੇ ਗਏ। ਪਰ ਸਰਕਾਰ ਦੀ ਸਖ਼ਤੀ ਕਾਰਨ ਕਲਕੱਤਾ ਤੋਂ ਇਨ੍ਹਾਂ ਨੂੰ ਮੁਸਾਫ਼ਿਰ ਨਹੀਂ ਸਨ ਮਿਲੇ। ਉਸ ਨੇ ਇਕ ਜਰਮਨ ਏਜੰਟ 'ਬੂਨ' ਦੇ ਰਾਹੀਂ ਜਪਾਨੀ ਸਮੁੰਦਰੀ ਜਹਾਜ਼ ਗਿਆਰਾਂ ਹਜ਼ਾਰ ਡਾਲਰ ਮਹੀਨਾ ਕਿਰਾਏ 'ਤੇ ਲੈ ਲਿਆ। ਚਾਰ ਅਪ੍ਰੈਲ ਨੂੰ ਜਹਾਜ਼ ਹਾਂਗਕਾਂਗ ਤੋਂ ਤੁਰਿਆ 8 ਅਪ੍ਰੈਲ ਨੂੰ ਸ਼ੰਘਾਈ, 19 ਅਪ੍ਰੈਲ ਨੂੰ ਜਪਾਨ, 28 ਅਪ੍ਰੈਲ ਨੂੰ ਯੋਕੋਹਾਮਾ ਤੋਂ ਸਵਾਰ ਲੈ ਕੇ 21 ਮਈ ਨੂੰ ਕੈਨੇਡਾ ਵਿਕਟੋਰੀਆ ਦੀ ਕੁਰਾਈਨ ਵਿਚ ਪੁੱਜਾ ਤੇ 23 ਮਈ ਨੂੰ ਵੈਨਕੂਵਰ ਪਹੁੰਚ ਗਿਆ। ਕੈਨੇਡਾ ਦੇ ਹਿੰਦੀਆਂ ਅੰਦਰ ਅਥਾਹ ਖ਼ੁਸ਼ੀ ਸੀ ਕਿ ਉਨ੍ਹਾਂ ਦੇ ਹਮਵਤਨੀ ਪੁੱਜਣ ਵਾਲੇ ਹਨ। ਉਹ ਉਨ੍ਹਾਂ ਦੇ ਸਵਾਗਤ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ।

ਕੈਨੇਡਾ ਵਿਚਲੇ ਹਿੰਦੀਆਂ ਦੀਆਂ ਖ਼ੁਸ਼ੀਆਂ ਦੁੱਖ ਵਿਚ ਬਦਲ ਗਈਆਂ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਹਾਜ਼ ਦੂਰ ਪਾਣੀਆਂ ਵਿਚ ਰੋਕ ਦਿਤਾ ਗਿਆ, ਦੁਆਲੇ ਇਮੀਗ੍ਰੇਸ਼ਨ ਮਹਿਕਮੇ ਦੇ ਕਰਮਚਾਰੀ ਤੇ ਪੁਲਿਸ ਬੇੜੀਆਂ 'ਤੇ ਸਵਾਰ ਹੋ ਕੇ ਨਿਗਰਾਨੀ ਲਈ ਤਾਇਨਾਤ ਹੋ ਗਏ ਹਨ। ਵੈਨਕੂਵਰ ਤੋਂ ਵਾਪਸ ਕੀਤੇ ਜਾਣ ਤੋਂ ਲੈ ਕੇ ਅਗੋਂ ਬਜ ਬਜ ਘਾਟ 'ਤੇ ਪੁੱਜਣ ਤਕ ਦੀਆਂ ਘਟਨਾਵਾਂ ਦਾ ਵਿਸਥਾਰ ਆਮ ਪੁਸਤਕਾਂ ਵਿਚ ਪੜ੍ਹਨ ਨੂੰ ਮਿਲਦਾ ਹੈ।

ਸਰਕਾਰ ਕੈਨੇਡਾ ਕਾਮਾਗਾਟਾ ਮਾਰੂ ਦੇ 360 ਹਿੰਦੁਸਤਾਨੀ ਮੁਸਾਫ਼ਿਰਾਂ ਵਾਸਤੇ ਦੋ ਤਰ੍ਹਾਂ ਦੀ ਮੌਤ ਤਜ਼ਵੀਜ਼ ਕਰ ਰਹੀ ਸੀ। ਜੰਗੀ ਜਹਾਜ਼ਾਂ ਦੀਆਂ ਤੋਪਾਂ ਦੇ ਗੋਲਿਆਂ ਨਾਲ ਜਾਂ ਦੂਰ ਸਮੁੰਦਰ ਵਿਚ ਜਾ ਕੇ ਕੁਝ ਭੁੱਖੇ ਜਪਾਨੀ ਖਲਾਸੀਆਂ ਹੱਥੋਂ ਹਿੰਦੁਸਤਾਨੀ ਮੁਸਾਫ਼ਿਰਾਂ ਨੇ ਉਤਰ ਦੇਣਾ ਸੀ, ਉਹ ਕਿਹੜੀ ਮੌਤ ਪਸੰਦ ਕਰਦੇ ਹਨ। ਇਹ ਅਹਿਸਾਸ ਸਵਾਰਾਂ ਅੰਦਰ ਅਤੇ ਬਾਹਰਲੇ ਹਿੰਦੀਆਂ ਅੰਦਰ ਪੈਦਾ ਹੋ ਗਿਆ ਸੀ।

ਉਪਰੋਂ ਜਪਾਨੀ ਜਹਾਜ਼ਾਂ ਵਲੋਂ ਸੁਨੇਹੇ ਆ ਰਹੇ ਸਨ ਕਿ 'ਜਹਾਜ਼ ਲੈ ਜਾਉ ਨਹੀਂ ਤਾਂ ਮਾਰੇ ਜਾਓਗੇ।' ਮੁਸਾਫ਼ਿਰਾਂ ਦਾ ਉੱਤਰ ਸੀ ਕਿ 'ਰਸਦ ਲਏ ਬਿਨਾਂ ਨਹੀਂ ਤੁਰਨਾ।' ਕੈਨੇਡਾ ਦੇ ਹਿੰਦੀਆਂ ਦੀ ਇਕ ਵਿਸ਼ਾਲ ਬੈਠਕ 31 ਮਈ 1914 ਨੂੰ ਡੁਮੀਨੀਅਨ ਹਾਲ ਵਿਚ 'ਖਾਲਸਾ ਦੀਵਾਨ ਸੁਸਾਇਟੀ' ਤੇ 'ਯੂਨਾਈਟਿਡ ਇੰਡੀਆ ਲੀਗ' ਦੇ ਯਤਨਾਂ ਨਾਲ ਹੋਈ। ਭਾਈ ਭਾਗ ਸਿੰਘ ਤੇ ਹਸਨ ਰਹੀਮ ਵਲੋਂ ਵਿਸ਼ੇਸ਼ ਤੌਰ ਤੇ ਕਿਹਾ ਗਿਆ ਕਿ, 'ਇਸ ਜਹਾਜ਼ ਦਾ ਫ਼ੈਸਲਾ ਸਿਰਫ਼ 376 ਹਿੰਦੁਸਤਾਨੀਆਂ ਦਾ ਫ਼ੈਸਲਾ ਨਹੀਂ ਹੈ ਤੇਤੀ ਕਰੋੜ ਹਿੰਦੁਸਤਾਨੀਆਂ ਦੀ ਕਿਸਮਤ ਦਾ ਫ਼ੈਸਲਾ ਹੈ।' ਇਸ ਮੌਕੇ ਭਾਈ ਬਲਵੰਤ ਸਿੰਘ ਖੁਰਦਪੁਰੀ ਨੇ ਬੜੀ ਭਾਵਪੂਰਨ ਤਕਰੀਰ ਕੀਤੀ। ਇਸ ਸਮੇਂ ਹਸਨ ਰਹੀਮ ਤੇ ਭਾਈ ਭਾਗ ਸਿੰਘ ਵਲੋਂ ਸਹਾਇਤਾ ਦੀ ਅਪੀਲ ਕੀਤੀ ਗਈ।

## ਪ੍ਰਤਿਕਰਮ

ਕੈਨੇਡਾ ਦੀ ਹਕੂਮਤ ਦਾ ਕਾਮਾਗਾਟਾ ਮਾਰੂ ਦੇ ਸਵਾਰਾਂ ਨਾਲ ਵਿਕਟੋਰੀਆ ਪੁੱਜਣ ਅਤੇ ਵਾਪਸ ਪਰਤਣ ਸਮੇਂ ਬਜ ਬਜ ਘਾਟ 'ਤੇ ਉਨ੍ਹਾਂ ਨਾਲ ਕੀਤਾ ਅਣਮਨੁੱਖੀ ਤੇ ਵਹਿਸ਼ੀਆਨਾਂ ਵਰਤਾਉ ਜਿਸ ਨੇ ਅੰਗਰੇਜ਼ੀ ਸਾਮਰਾਜ ਦੇ ਨਸਲਵਾਦੀ ਇਰਾਦੇ ਨੂੰ ਨੰਗਾ ਕੀਤਾ। ਇਸ ਨੂੰ ਦੇਸ਼-ਵਿਦੇਸ਼ ਤੇ ਖ਼ਾਸ ਕਰਕੇ ਪੰਜਾਬ ਦੇ ਲੋਕਾਂ ਨੇ ਕਿਵੇਂ ਮਹਿਸੂਸ ਕੀਤਾ? ਇਸ ਦੀ ਥਾਹ ਪਾਉਣੀ ਅਸੰਭਵ ਹੈ। ਹਾਂ ਇਹ ਪੰਜਾਬੀਆਂ ਲਈ ਇਕ ਭਿਆਨਕ ਹਾਦਸੇ ਵਾਂਗ ਸੀ। ਸਰਕਾਰੀ ਪ੍ਰੈੱਸ ਅਤੇ ਰਿਪੋਰਟਰਾਂ ਨੇ ਜੋ ਮਰਜ਼ੀ ਲਿਖਿਆ ਪਰ ਲੋਕਾਂ ਨੇ ਕਿਸੇ ਵੀ ਗੱਲ ਉਤੇ ਇਤਬਾਰ ਨਹੀਂ ਕੀਤਾ ਨਾ ਹੀ ਉਨ੍ਹਾਂ ਨੂੰ ਸਰਕਾਰ ਤੇ ਉਸ ਦੇ ਝੋਲੀ ਚੁੱਕਾਂ ਉੱਪਰ ਯਕੀਨ ਸੀ। ਕਾਮਾਗਾਟਾਮਾਰੂ ਦੇ ਸਵਾਰਾਂ ਦੀ ਹੀ ਗੱਲ ਨਾ ਰਹੀ ਇਨ੍ਹਾਂ ਤੋਂ ਬਿਨਾਂ, ਅਣਗਿਣਤ ਉਹ ਲੋਕ ਜਿਹੜੇ ਕੈਨੇਡਾ ਜਾ ਅਮਰੀਕਾ ਜਾਣ ਲਈ ਵੱਖ-ਵੱਖ ਟਾਪੂਆਂ ਉਤੇ ਰੁਕੇ ਬੈਠੇ ਸਨ ਜਾਂ ਕੰਮ ਕਰਦੇ ਸਨ, ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਫ਼ਿਕਰਾਂ ਵਿਚ ਪਾ ਦਿਤਾ ਸੀ। ਸਾਰਾ ਪੰਜਾਬ ਸੋਗ ਗ੍ਰਸਤ ਸੀ। ਸਰਕਾਰੀ ਡਰ ਤੇ ਗਮ ਦੇ ਸਾਏ ਹੇਠ ਜਿਥੇ ਵੀ ਗੱਲ ਹੁੰਦੀ ਤਾਂ ਉਸ ਦਾ ਮੁੱਦਾ 'ਬਜ ਬਜ ਘਾਟੀਏ' ਹੁੰਦਾ। ਇਸ ਤਖ਼ੱਲਸ ਨੇ ਆਪਣਾ ਇੰਨਾ ਅਸਰ ਛੱਡਿਆ ਕਿ ਛੇਤੀ ਕੈਨੇਡਾ, ਅਮਰੀਕਾ ਤੇ ਹੋਰ ਟਾਪੂਆਂ ਤੋਂ ਆਉਣ ਵਾਲੇ ਗ਼ਦਰੀ ਦੇਸ਼ ਭਗਤ 'ਬਜ ਬਜ ਘਾਟੀਏ' ਹੀ ਕਹਿਲਾਏ ਗਏ।

ਬਾਬਾ ਭਾਗ ਸਿੰਘ ਕੈਨੇਡੀਅਨ ਨੇ ਲਿਖਿਆ, "ਹਕੂਮਤ ਕੈਨੇਡਾ ਨੇ ਅਨਿਆਂ ਤੇ ਜਬਰ ਨਾਲ ਕਾਮਾਗਾਟਾ ਮਾਰੂ ਨੂੰ ਵਾਪਸ ਕੀਤਾ। ਇਸ ਜਬਰ ਤੇ ਅਨਿਆਂ ਨੇ ਕੈਨੇਡਾ, ਅਮਰੀਕਾ ਤੇ ਸਾਰੇ ਪ੍ਰਦੇਸ਼ਾਂ ਵਿਚ ਗਏ ਹਿੰਦੀਆਂ ਦੇ ਦਿਲ ਲੂਹ ਦਿਤੇ। ਹਰ ਥਾਂ ਗੁੱਸਾ ਤੇ ਜੋਸ਼ ਫੈਲ ਗਿਆ। ਹਿੰਦੀ ਦਬਾ ਦਬ ਗ਼ਦਰ ਪਾਰਟੀ ਵਿਚ ਭਰਤੀ ਹੋ ਕੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਤਿਆਰ ਹੋ ਗਏ।"

*ਅਜੋਕੇ ਕਾਮਾਗਾਟਾ ਮਾਰੂ ਦੇ ਸ਼ਤਾਬਦੀ ਵਰ੍ਹੇ ਦੇ ਮੌਕੇ 'ਤੇ ਇਕ ਸਦੀ ਪਿਛੋਂ ਦੁਨੀਆਂ ਭਰ ਵਿਚ ਅੱਜ ਵੀ ਸਰਮਾਏਦਾਰ ਨੂੰ ਤਾਂ ਖੁੱਲ੍ਹ ਹੈ ਕਿ ਜਿਥੇ ਚਾਹੇ ਉਹ ਕਿਰਤ ਦੀ ਲੁੱਟ ਕਰੇ ਪਰ ਕਿਰਤੀਆਂ ਨੂੰ ਦੇਸ਼ਾਂ ਵਿਚ ਦਾਖ਼ਲ ਹੋਣ 'ਤੇ ਪਾਬੰਦੀਆਂ ਹਨ। ਅੱਜ ਵੀ ਕਾਮਾਗਾਟਾ ਮਾਰੂ ਦਾ ਸਾਕਾ ਵਿਸ਼ਵ ਭਰ ਦੇ ਲੋਕਾਂ ਲਈ ਇਨਸਾਨੀ ਹੱਕਾਂ ਦੀ ਪ੍ਰਾਪਤੀ ਖਾਤਰ ਪ੍ਰੇਰਨਾ ਦਾ ਵੱਡਾ ਸਰੋਤ ਹੈ। ਇਕ ਅਹਿਮ ਤੇ ਮਜ਼ਬੂਤ ਪ੍ਰਤੀਕ ਵਜੋਂ ਕਾਮਾਗਾਟਾ ਮਾਰੂ ਸਾਕਾ ਪ੍ਰੇਰਨਾ ਦਾ ਸਰੋਤ ਹੈ।*

*(ਲੇਖਕ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਗ਼ਦਰ ਪਾਰਟੀ ਸਾਹਿਤ ਅਤੇ ਕ੍ਰਾਂਤੀਕਾਰੀ ਸਾਹਿਤ ਦਾ ਉੱਘਾ ਖੋਜੀ ਵਿਦਵਾਨ ਹੈ।)*

# ਸ਼ਹੀਦਾਂ ਦੀ ਚਿਤਾ 'ਤੇ ...

**ਜਸਵੰਤ ਸਿੰਘ ਸੈਣੀ**

ਯਕੀਨਨ ਸ਼ਹੀਦ ਕਿਸੇ ਕੌਮ ਜਾਂ ਦੇਸ਼ ਨੂੰ ਲੰਬੀ ਉਮਰ ਦੇ ਜਾਂਦੇ ਹਨ ਅਤੇ ਕਿਸੇ ਵੀ ਕ੍ਰਿਤਗ ਕੌਮ ਲਈ ਉਸ ਦੇ ਸ਼ਹੀਦ ਉਸ ਦੀ ਵਿਰਾਸਤ ਦਾ ਅਣਮੋਲ ਖਜ਼ਾਨਾ ਹੁੰਦੇ ਹਨ। ਸ਼ਹੀਦਾਂ ਨੂੰ ਸਮੇਂ-ਸਮੇਂ ਯਾਦ ਕਰਨਾ, ਉਨ੍ਹਾਂ ਨਾਲ ਸੰਬੰਧਿਤ ਦਿਨ ਮਨਾਉਣਾ, ਉਨ੍ਹਾਂ ਪ੍ਰਤਿ ਦੇਸ਼/ਕੌਮ ਦੀ ਕ੍ਰਿਤਗਤਾ ਦਾ ਸਬੂਤ ਤਾਂ ਹੁੰਦੇ ਹੀ ਹਨ, ਇਸ ਨਾਲ ਨੌਜਵਾਨਾਂ ਨੂੰ, ਆਉਣ ਵਾਲੀ ਪੀੜ੍ਹੀ ਨੂੰ ਦੇਸ਼ ਤੇ ਕੌਮ ਲਈ ਕੁਝ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁਲਾ ਦਿੰਦੀਆਂ ਹਨ ਉਨ੍ਹਾਂ ਉਤੇ ਅਕ੍ਰਿਤਘਣਤਾ ਦਾ ਦੋਸ਼ ਤਾਂ ਲਗਦਾ ਹੀ ਹੈ, ਪਰ ਉਨ੍ਹਾਂ ਨੂੰ ਇਸ ਦੀ ਕੀਮਤ ਵੀ ਕਦੀ ਨਾ ਕਦੀ ਚੁਕਾਉਣੀ ਪੈਂਦੀ ਹੈ।

ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤਕ ਸ਼ਹੀਦਾਂ ਦੀ ਨਿਰੰਤਰ ਇਕ ਲੰਬੀ ਸੂਚੀ ਹੈ। ਆਪਣੀ ਮਾਤ-ਭੂਮੀ 'ਤੇ ਮਰ ਮਿਟਣ ਵਾਲੇ ਪ੍ਰਵਾਨੇ ਬਿਨਾਂ ਕਿਸੇ ਇਨਾਮ ਜਾਂ ਮਾਣ-ਸਨਮਾਨ ਦੀ ਆਸ ਦੇ ਆਪਣਾ ਫ਼ਰਜ਼ ਪੂਰਾ ਕਰਦੇ ਹਨ ਅਤੇ ਕਰ ਰਹੇ ਹਨ। ਜਿਥੋਂ ਤਕ ਉਨ੍ਹਾਂ ਦੇ ਨਾਲ ਸੰਬੰਧਿਤ ਦਿਨ ਮਨਾਉਣ ਦਾ, ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਦਾ ਜਾਂ ਉਨ੍ਹਾਂ ਨੂੰ ਯਾਦ ਕਰਨ ਦਾ ਸੰਬੰਧ ਹੈ, ਭਾਰਤ ਨੇ ਰਾਸ਼ਟਰੀ ਪੱਧਰ 'ਤੇ ਆਪਣੀ ਕ੍ਰਿਤਗਤਾ ਪ੍ਰਗਟ ਕਰਨ ਵਿਚ ਬੜਾ ਉਤਸ਼ਾਹ ਦਿਖਾਇਆ ਹੈ। ਪਿਛਲੇ ਸਾਲਾਂ ਦੌਰਾਨ ਆਜ਼ਾਦੀ ਲਈ ਮਰ-ਮਿਟਣ ਵਾਲੇ ਸ਼ਹੀਦਾਂ ਨੂੰ ਯਾਦ ਕਰਨ ਦਾ ਰੁਝਾਨ ਹੋਰ ਵੀ ਵਧਿਆ ਹੈ। ਪਰ ਸਿਰਫ਼ ਯਾਦ ਕਰ ਲੈਣਾ ਹੀ ਕਾਫ਼ੀ ਨਹੀਂ ਹੈ।

ਅਣਗਿਣਤ ਅਨਜਾਣ ਤੋਂ ਅਣਗੌਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ 30 ਜਨਵਰੀ ਦਾ ਦਿਨ ਮਿਥਿਆ ਗਿਆ ਹੈ। ਇਸ ਨੂੰ ਪੂਰੇ ਦੇਸ਼ ਵਿਚ ਰਾਸ਼ਟਰੀ ਸ਼ਹੀਦ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਆਜ਼ਾਦੀ ਪ੍ਰਾਪਤ ਹੋਣ ਦੇ ਕੁਝ ਮਹੀਨਿਆਂ ਬਾਅਦ ਹੀ 30 ਜਨਵਰੀ 1948 ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ ਸੀ। ਉਹ ਮਹਾਤਮਾ ਗਾਂਧੀ ਜਿਨ੍ਹਾਂ ਨੂੰ ਪੂਰੀ ਦੁਨੀਆਂ ਅਹਿੰਸਾ ਦੇ ਦੂਤ ਵਜੋਂ ਮਾਨਤਾ ਦਿੰਦੀ ਹੈ, ਜਿਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜ ਦੇ ਭਾਰਤ ਵਿਚੋਂ ਬਿਨਾਂ ਖ਼ੂਨ ਖਰਾਬੇ ਦੇ ਛੱਡ ਜਾਣ ਦਾ ਮਾਣ ਦਿਤਾ ਜਾਂਦਾ ਹੈ, ਨੂੰ ਗੋਲੀਆਂ ਦਾ ਸ਼ਿਕਾਰ ਹੋਣਾ ਪਿਆ। ਯਕੀਨਨ ਸ਼ਹੀਦਾਂ ਨੂੰ ਸਾਂਝੀ ਸ਼ਰਧਾਂਜਲੀ ਦੇਣ ਲਈ ਇਸ ਤੋਂ ਵਧੀਆ ਦਿਨ ਨਹੀਂ ਹੋ ਸਕਦਾ ਸੀ।

ਇਸ ਦਿਨ ਮਹਾਤਮਾ ਗਾਂਧੀ ਦੀ ਸਮਾਧੀ ਰਾਜਘਾਟ (ਦਿੱਲੀ) 'ਤੇ ਵਿਸ਼ੇਸ਼ ਸਰਬਧਰਮ ਪ੍ਰਾਰਥਨਾ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਸਾਰੇ ਧਰਮ ਗ੍ਰੰਥਾਂ ਵਿਚੋਂ ਪਾਠ, ਕੀਰਤਨ, ਭਜਨ ਆਦਿ ਪੜ੍ਹੇ ਜਾਂਦੇ ਹਨ। ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਅਤੇ ਤਿੰਨਾਂ ਸੈਨਿਕ ਸੇਵਾਵਾਂ ਦੇ ਮੁਖੀ ਮਹਾਤਮਾ ਗਾਂਧੀ ਦੀ ਸਮਾਧੀ ਉਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਂਟ ਕਰਦੇ ਹਨ। ਇਸ ਤੋਂ ਇਲਾਵਾ, ਸਵੇਰੇ 11 ਵਜੇ ਪੂਰੇ ਦੇਸ਼ ਵਿਚ ਦੋ ਮਿੰਟ ਦਾ ਮੌਨ ਰੱਖਿਆ ਜਾਦਾ ਹੈ। ਕੇਂਦਰੀ ਤੇ ਰਾਜ ਸਰਕਾਰਾਂ ਗਰੀਬਾਂ ਦੀ ਭਲਾਈ ਲਈ ਨਵੀਆਂ ਸਕੀਮਾਂ ਦਾ ਐਲਾਨ ਵੀ ਕਰਦੀਆਂ ਹਨ।

ਮਹਾਤਮਾ ਗਾਂਧੀ ਤੋਂ ਬਾਅਦ ਜਿਸ ਸ਼ਹੀਦ ਦਾ ਨਾਂ ਪੂਰੇ ਦੇਸ਼ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਹੁੰਦਾ ਹੈ ਉਹ ਹਨ ਸ਼ਹੀਦੇ ਆਜ਼ਮ ਭਗਤ ਸਿੰਘ ਜਿਨ੍ਹਾਂ ਆਪਣੇ ਸਾਥੀਆਂ ਨਾਲ ਖ਼ੁਸ਼ੀ-ਖ਼ੁਸ਼ੀ ਫ਼ਾਂਸੀ ਦਾ ਰੱਸਾ ਚੁੰਮਿਆ। ਉਨ੍ਹਾਂ ਨਾਲ ਸ਼ਹੀਦ ਸੁਖਦੇਵ ਅਤੇ ਰਾਜਗੁਰੂ ਨੂੰ ਵੀ ਉਸੇ ਦਿਨ ਫਾਂਸੀ ਚਾੜ੍ਹੇ ਗਏ ਸਨ। ਯਾਦ ਰਹੇ, ਅੱਜ ਸੰਸਾਰ ਵਿਚ ਮਨੁੱਖੀ ਹੱਕਾਂ ਦੇ ਕਾਨੂੰਨ ਦੇ ਅਲੰਬਰਦਾਰ ਅੰਗਰੇਜ਼ਾਂ ਨੇ ਕਾਨੂੰਨ ਦੇ ਰਾਜ ਦੀਆਂ ਧੱਜੀਆਂ ਉਡਾ ਕੇ ਇਨ੍ਹਾਂ ਦੇਸ਼ ਭਗਤਾਂ ਨੂੰ ਚੋਰੀ-ਚੋਰੀ ਫ਼ਾਂਸੀ ਦਿਤੀ ਸੀ। ਇਹ ਕਾਰਾ 23 ਮਾਰਚ 1931 ਨੂੰ ਕੀਤਾ ਗਿਆ ਸੀ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਰਖਣ ਲਈ ਹਰ ਸਾਲ 23 ਮਾਰਚ ਨੂੰ ਵੀ ਸ਼ਹੀਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਦਿਨ ਹੁਸੈਨੀਵਾਲਾ ਵਿਖੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ।

17 ਨਵੰਬਰ ਨੂੰ ਹਰ ਸਾਲ ਓਡੀਸ਼ਾ ਵਿਚ ਸ਼ੇਰੇ-ਪੰਜਾਬ ਦੇ ਨਾਂ ਨਾਲ ਜਾਣੇ ਜਾਂਦੇ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਦਾ ਦਿਨ ਵੀ ਰਾਜ ਪੱਧਰ 'ਤੇ ਮਨਾਇਆ ਜਾਂਦਾ ਹੈ। ਮਹਾਂਰਾਣੀ ਝਾਂਸੀ ਲਕਸ਼ਮੀ ਦਾ ਜਨਮ ਦਿਨ 1857 ਦੀ ਜੰਗੇ ਆਜ਼ਾਦੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਹਰ ਸਾਲ 19 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਸ਼ਹੀਦਾਂ ਦੀ ਲੜੀ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਕੌਣ ਨਹੀਂ ਜਾਣਦਾ? "ਤੁਸੀਂ ਮੈਨੂੰ ਖ਼ੂਨ ਦਿਉ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ" ਦਾ ਅਤੇ 'ਦਿੱਲੀ ਚਲੋ' ਦਾ ਨਾਅਰਾ ਦੇਣ ਵਾਲੇ ਉਸ ਮਹਾਨ ਦੇਸ਼ ਭਗਤ ਦਾ ਜਨਮ 23-11-1897 ਨੂੰ ਹੋਇਆ। ਸੁਭਾਸ਼ ਚੰਦਰ ਬੋਸ ਨਾ ਕੇਵਲ ਅੰਗਰੇਜ਼ਾਂ ਦੀ ਕੈਦ ਵਿਚੋਂ ਭੇਸ ਬਦਲੇ ਕੇ ਨਿਕਲ ਗਏ ਸਗੋਂ ਭਾਰਤ ਦੀ ਸੀਮਾ ਵੀ ਪਾਰ ਕਰ ਗਏ ਅਤੇ ਜਰਮਨੀ ਦੇ ਤਾਨਾਸ਼ਾਹ ਹਿਟਲਰ ਨੂੰ ਜਾ ਮਿਲੇ ਤਾਂ ਕਿ ਭਾਰਤ ਦੀ ਆਜ਼ਾਦੀ ਲਈ ਫੌਜ

ਬਣਾਈ ਜਾ ਸਕੇ। ਬਾਅਦ ਵਿਚ ਉਨ੍ਹਾਂ ਨੇ ਆਈ ਐੱਨ ਏ ਨਾਂ ਦੀ ਫ਼ੌਜ ਤਿਆਰ ਕੀਤੀ। ਉਨ੍ਹਾਂ ਦਾ ਕਥਨ ਸੀ ਕਿ "ਇਕ ਵਿਅਕਤੀ ਕਿਸੇ ਵਿਚਾਰ ਲਈ ਜਾਨ ਦੇ ਸਕਦਾ ਹੈ ਪਰ ਉਸ ਦੀ ਮੌਤ ਤੋਂ ਬਾਅਦ ਉਹੀ ਵਿਚਾਰ ਹਜ਼ਾਰਾਂ ਅਵਤਾਰ ਧਾਰੇਗਾ।" ਵਿਕਾਸ ਦਾ ਪਹੀਆ ਇਸੇ ਤਰ੍ਹਾਂ ਚਲਦਾ ਹੈ ਅਤੇ ਇਕ ਦੇਸ਼ ਦੇ ਵਿਚਾਰ ਅਤੇ ਸੁਪਨੇ ਅਗਲੇ ਦੇਸ਼ ਅਤੇ ਪੀੜ੍ਹੀ ਦੇ ਹਵਾਲੇ ਕੀਤੇ ਜਾਂਦੇ ਹਨ। ਉਸ ਮਹਾਨ ਆਜ਼ਾਦੀ ਘੁਲਾਟੀਏ ਦੀ ਮੌਤ ਸ਼ੱਕੀ ਹਾਲਤ ਵਿਚ ਇਕ ਹਵਾਈ ਹਾਦਸੇ ਵਿਚ ਹੋ ਗਈ। ਇਹ ਇਕ ਵਿੰਡਬਨਾ ਹੀ ਕਹੀ ਜਾ ਸਕਦੀ ਹੈ ਕਿ ਲਗਭਗ ਇਕ ਸਦੀ ਦੇ ਬਾਅਦ ਵੀ ਭਾਰਤ ਦੇ ਮਹਾਨ ਸਪੁੱਤਰ ਦੀ ਮੌਤ ਬਾਰੇ ਭੰਬਲਭੂਸਾ ਬਣਿਆ ਹੋਇਆ ਹੈ।

ਜਤਿਨ ਦਾਸ ਅਜਿਹੇ ਸ਼ਹੀਦਾਂ ਦੀ ਲੰਬੀ ਸੂਚੀ ਵਿਚ ਸ਼ਾਮਿਲ ਹਨ ਜਿਨ੍ਹਾਂ ਬਾਰੇ ਆਮ ਭਾਰਤੀ ਲੋਕਾਂ ਨੂੰ ਬਹੁਤਾ ਪਤਾ ਨਹੀਂ ਹੈ। ਇਥੇ ਇਹ ਚੇਤੇ ਕਰਾਉਣ ਦੀ ਲੋੜ ਹੈ ਕਿ ਜਤਿਨ ਦਾਸ ਸ਼ਹੀਦ ਭਗਤ ਸਿੰਘ ਦੇ ਨਾਲ ਹੀ ਲਾਹੌਰ ਜੇਲ੍ਹ ਵਿਚ ਨਜ਼ਰਬੰਦ ਸਨ ਜਦੋਂ ਕੈਦੀਆਂ ਨੇ ਜੇਲ੍ਹ ਵਿਚ ਦਿਤੇ ਜਾ ਰਹੇ ਘਟੀਆ ਖਾਣੇ ਵਿਰੁੱਧ ਹੜਤਾਲ ਕੀਤੀ। 63 ਦਿਨਾਂ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਭਾਰਤ ਮਾਤਾ ਦਾ ਇਹ ਮਹਾਨ ਸਪੁੱਤਰ ਤੇਰਾਂ ਸਤੰਬਰ 1929 ਨੂੰ ਸ਼ਹਾਦਤ ਦਾ ਜਾਮ ਪੀ ਗਿਆ।

ਸ਼ਹੀਦ ਊਧਮ ਸਿੰਘ ਨੂੰ ਕੌਣ ਭੁੱਲ ਸਕਦਾ ਹੈ ਜਿਸ ਨੇ ਭਾਰਤੀ ਅਣਖ ਦੀ ਲਾਜ ਰਖ ਵਿਖਾਈ – ਵਿਦੇਸ਼ੀ ਧਰਤੀ ਉਤੇ। 26 ਦਸੰਬਰ 1899 ਨੂੰ ਪੰਜਾਬ ਦੇ ਸੁਨਾਮ ਸ਼ਹਿਰ ਵਿਚ ਜਨਮੇ ਇਸ ਬਹਾਦਰ ਨੇ ਜੱਲ੍ਹਿਆਂਵਾਲਾ ਬਾਗ਼ ਦੇ ਹਤਿਆਰੇ ਮਾਈਕਲ ਓਡਵਾਇਰ ਨੂੰ ਗੋਲੀਆਂ ਨਾਲ ਉਡਾ ਦਿਤਾ ਸੀ। ਇਸ ਦੇ ਬਦਲੇ ਉਸ ਨੂੰ 31 ਜੁਲਾਈ 1940 ਵਾਲੇ ਦਿਨ ਲੰਦਨ ਵਿਚ ਹੀ ਫ਼ਾਂਸੀ 'ਤੇ ਚੜ੍ਹਾ ਦਿਤਾ ਗਿਆ ਸੀ।

## ਗ਼ਦਰ ਲਹਿਰ ਤੇ ਗ਼ਦਰੀ ਬਾਬੇ

ਕਿਹਾ ਜਾਦਾ ਹੈ ਕਿ ਹਰ ਸਫਲ ਬਗਾਵਤ ਕ੍ਰਾਂਤੀ ਹੁੰਦੀ ਹੈ ਅਤੇ ਹਰ ਅਸਫਲ ਕ੍ਰਾਂਤੀ ਨੂੰ ਬਗਾਵਤ ਕਿਹਾ ਜਾਂਦਾ ਹੈ। ਕੁਝ ਅਜਿਹਾ ਹੀ ਭਾਰਤੀ ਆਜ਼ਾਦੀ ਲਈ ਲੜੀ ਗਈ ਗ਼ਦਰ ਲਹਿਰ ਨਾਲ ਹੋਇਆ। ਇਹ ਬਦਕਿਸਮਤੀ ਹੀ ਕਹੀ ਜਾਣੀ ਚਾਹੀਦੀ ਹੈ ਕਿ ਇਸ ਦੀ ਅਖੌਤੀ ਅਸਫਲਤਾ ਕਾਰਨ ਰਾਸ਼ਟਰੀ ਪੱਧਰ 'ਤੇ ਇਸ ਲਹਿਰ ਨੂੰ ਅਜੇ ਵੀ ਉਹ ਮਾਨਤਾ ਨਹੀਂ ਮਿਲੀ ਜਿਸ ਦੀ ਕਿ ਇਹ ਹੱਕਦਾਰ ਸੀ।

ਇਹ ਲਹਿਰ ਅਮਰੀਕਾ ਅਤੇ ਕੈਨੇਡਾ ਵਿਚ ਵਸੇ ਭਾਰਤੀ ਪ੍ਰਵਾਸੀਆਂ ਨੇ ਸ਼ੁਰੂ ਕੀਤੀ ਸੀ ਜਿਸ ਦੀ ਪ੍ਰੇਰਨਾ ਉਥੇ ਉਨ੍ਹਾਂ ਪਰਵਾਸੀਆਂ ਵਿਰੁੱਧ ਪ੍ਰਚੱਲਤ ਭੇਦ-ਭਾਵ ਤੋਂ ਮਿਲੀ। ਇਹ ਮਹਿਸੂਸ ਕੀਤਾ ਗਿਆ ਕਿ ਇਸ ਨਸਲੀ ਭੇਦਭਾਵ ਦਾ ਪ੍ਰਮੁੱਖ ਕਾਰਨ ਸੀ ਭਾਰਤ ਦੀ ਗੁਲਾਮੀ। ਮਾਰਚ 1913 ਵਿਚ ਉਰੇਗਾਨ ਸਟੇਟ ਦੇ ਐਸਟੋਰੀਆ ਸ਼ਹਿਰ ਵਿਚ ਸਿਰਕੱਢ ਪਰਵਾਸੀਆਂ ਦੀ ਬੈਠਕ ਹੋਈ ਅਤੇ 'ਹਿੰਦ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਨਾਮ ਦੀ ਪਾਰਟੀ ਬਣਾਉਣ ਦਾ ਫ਼ੈਸਲਾ ਲਿਆ ਗਿਆ। ਇਸ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਚੁਣੇ ਗਏ ਅਤੇ ਜਨਰਲ ਸਕੱਤਰ ਲਾਲਾ ਹਰਦਿਆਲ। ਇਸ ਦਾ ਕੇਂਦਰੀ ਦਫ਼ਤਰ ਸਾਨ ਫਰਾਂਸਿਸਕੋ ਵਿਖੇ 'ਯੁਗਾਂਤਰ' ਨੂੰ ਬਣਾਇਆ ਗਿਆ। ਬਾਅਦ ਵਿਚ ਇਸੇ ਸੰਗਠਨ ਦਾ ਨਾਂ ਬਦਲ ਕੇ 'ਗ਼ਦਰ ਪਾਰਟੀ' ਕਰ ਦਿਤਾ ਗਿਆ। ਮਾਰਚ 1913 ਵਿਚ ਹੋਈ ਬੈਠਕ ਵਿਚ ਹੀ ਇਕ ਅਖ਼ਬਾਰ 'ਗ਼ਦਰ' ਕੱਢਣ ਦਾ ਵੀ ਫ਼ੈਸਲਾ ਲਿਆ ਗਿਆ ਜਿਸ ਦਾ ਨਾਂ 1857 ਦੇ ਗ਼ਦਰ ਦੇ ਆਧਾਰ 'ਤੇ ਰੱਖਿਆ ਗਿਆ। ਇਕ ਨਵੰਬਰ 1913 ਨੂੰ ਗ਼ਦਰ ਦਾ ਪਹਿਲਾ ਅੰਕ ਉਰਦੂ ਵਿਚ ਕੱਢਿਆ ਗਿਆ ਜਿਸ ਦੇ ਸੰਪਾਦਕ ਸਨ ਲਾਲਾ ਹਰਦਿਆਲ। ਇਸ ਤੋਂ ਇਕ ਮਹੀਨਾ ਬਾਅਦ ਗ਼ਦਰ ਦਾ ਪੰਜਾਬੀ ਅੰਕ ਵੀ ਜਾਰੀ ਕੀਤਾ ਗਿਆ ਜਿਸ ਦਾ ਸੰਪਾਦਕ ਨੌਜਵਾਨ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਨੂੰ ਬਣਾਇਆ ਗਿਆ। ਪਹਿਲੇ ਹੀ ਅੰਕ ਵਿਚ ਕਰਤਾਰ ਸਿੰਘ ਸਰਾਭਾ ਨੇ ਲਿਖਿਆ : ਅੱਜ ਵਿਦੇਸ਼ੀ ਭੂਮੀ 'ਤੇ ਗ਼ਦਰ ਸ਼ੁਰੂ ਹੋਇਆ ਹੈ ਪਰ ਸਾਡੀ ਮਾਂ ਬੋਲੀ ਵਿਚ ਇਹ ਅੰਗਰੇਜ਼ੀ ਰਾਜ ਦੇ ਵਿਰੁੱਧ ਜੰਗ ਹੈ। ਸਾਡਾ ਨਾਂ ਕੀ ਹੈ – ਗ਼ਦਰ, ਸਾਡਾ ਕੰਮ ਕੀ ਹੈ – ਗ਼ਦਰ, ਇਹ ਕਿਥੇ ਹੋਵੇਗਾ – ਭਾਰਤ ਵਿਚ। ਛੇਤੀ ਹੀ ਸਮਾਂ ਆਵੇਗਾ ਜਦੋਂ ਕਲਮ ਅਤੇ ਸਿਆਹੀ ਦੀ ਥਾਂ ਰਾਈਫ਼ਲਾਂ ਅਤੇ ਖ਼ੂਨ ਲੈ ਲੈਣਗੇ।

ਇਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਗ਼ਦਰ ਪਾਰਟੀ ਵਿਚ 90 ਪ੍ਰਤਿਸ਼ਤ ਸਿੱਖ ਸਨ। ਇਹ ਭਾਰਤ ਦੀ ਆਜ਼ਾਦੀ ਲਈ ਸ਼ੁਰੂ ਕੀਤੀ ਗਈ ਲਹਿਰ ਸੀ ਜਿਸ ਵਿਚ ਸਾਰੇ ਭਾਰਤੀ ਬਿਨਾਂ ਕਿਸੇ ਭੇਦ-ਭਾਵ ਦੇ ਸ਼ਾਮਿਲ ਸਨ। ਗ਼ਦਰੀਆਂ ਨੇ ਜਿਸ ਭਾਰਤ ਦੀ ਕਲਪਨਾ ਕੀਤੀ ਸੀ ਉਹ ਸੰਯੁਕਤ ਭਾਰਤ ਸੀ ਜੋ ਪਰਜਾਤੰਤਰ ਹੋਣ ਦੇ ਨਾਲ-ਨਾਲ ਧਰਮ ਨਿਰਪੇਖ, ਵਰਗ, ਜਾਤ ਅਤੇ ਲੁੱਟ-ਖਸੁੱਟ ਤੋਂ ਰਹਿਤ ਹੋਵੇ। ਅਫ਼ਸੋਸ ਕਿ ਉਨ੍ਹਾਂ ਸ਼ਹੀਦਾਂ ਦਾ ਸੁਪਨਾ ਅਜੇ ਤਕ ਪੂਰਾ ਨਹੀਂ ਹੋਇਆ।

ਗ਼ਦਰ ਅਖ਼ਬਾਰ ਕੇਵਲ 8 ਸਫ਼ਿਆਂ ਦਾ ਸੀ ਜਿਸ ਵਿਚ ਇਹ ਇਸ਼ਤਿਹਾਰ ਕਦੀ-ਕਦੀ ਛਪਦਾ ਸੀ :

ਜ਼ਰੂਰਤ ਹੈ : ਭਾਰਤ ਵਿਚ ਬਗ਼ਾਵਤ ਕਰਨ ਲਈ ਨਿਡਰ ਅਤੇ ਦਲੇਰ ਸਿਪਾਹੀਆਂ ਦੀ

ਤਨਖ਼ਾਹ : ਮੌਤ

ਸਨਮਾਨ : ਸ਼ਹਾਦਤ ਤੇ ਆਜ਼ਾਦੀ

ਸਥਾਨ : ਹਿੰਦੁਸਤਾਨ

ਚਾਰ ਅਗਸਤ 1914 ਨੂੰ ਪਹਿਲੇ ਵਿਸ਼ਵ ਯੁਧ ਦੇ ਐਲਾਨ ਹੋਣ 'ਤੇ ਹਜ਼ਾਰਾਂ ਗ਼ਦਰੀ ਆਪਣੀ ਜਾਇਦਾਦ ਅਤੇ ਗ਼ਦਰ ਆਸ਼ਰਮ ਛੱਡ ਕੇ ਭਾਰਤ ਲਈ ਰਵਾਨਾ ਹੋ ਗਏ। ਭਾਰਤ ਦੀ ਬ੍ਰਿਟਿਸ਼ ਸਰਕਾਰ ਨੂੰ ਵੀ ਇਸ ਦੀ ਖ਼ਬਰ ਪੂਰੀ ਸੀ। ਉਸ ਨੇ ਵੀ ਗ਼ਦਰੀਆਂ ਦੇ ਭਾਰਤ ਵਿਚ ਦਾਖ਼ਲੇ ਅਤੇ ਉਨ੍ਹਾਂ ਦੀਆਂ ਕਾਰਵਾਈਆਂ 'ਤੇ ਤਿੱਖੀ ਨਜ਼ਰ ਰੱਖੀ ਹੋਈ ਸੀ। 90 ਪ੍ਰਤਿਸ਼ਤ ਗ਼ਦਰੀ ਸਿੱਖ ਅਤੇ ਪੰਜਾਬੀ ਹੋਣ ਕਾਰਨ ਉਨ੍ਹਾਂ ਦੀ ਕਰਮ ਭੂਮੀ ਪੰਜਾਬ ਵਿਚ ਹੋਣਾ ਕੁਦਰਤੀ ਸੀ। ਪਰ ਕਲਕੱਤੇ/ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਸੰਪਰਕ ਅਤੇ ਸਹਿਯੋਗ ਨਿਰੰਤਰ ਬਣਿਆ ਰਿਹਾ। ਬਾਰਾਂ ਫ਼ਰਵਰੀ 1915 ਨੂੰ ਕਾਰਜਕਾਰਨੀ ਦੀ ਬੈਠਕ ਹੋਈ ਜਿਸ ਵਿਚ ਇੱਕੀ ਫ਼ਰਵਰੀ ਨੂੰ ਬਗਾਵਤ ਕਰਨ ਦਾ ਫ਼ੈਸਲਾ ਲਿਆ ਗਿਆ। ਪਰ ਇਹ ਸੂਚਨਾ ਘਰ ਦੇ ਭੇਤੀਆਂ ਵਲੋਂ ਮੁਖਬਰੀ ਵਿਚ ਬਦਲ ਗਈ।

ਇਸ ਨੂੰ ਮੁੱਖ ਰੱਖ ਕੇ ਬਗਾਵਤ ਦੀ ਤਰੀਕ 19 ਫ਼ਰਵਰੀ ਅਗਾਉਂ ਕਰ ਦਿਤੀ ਗਈ। ਪਰ ਗ਼ਦਰੀਆਂ ਵਿਚਲੇ ਗਦਾਰਾਂ ਨੇ ਇਹ ਬਦਲਵੀ ਤਰੀਕ ਵੀ ਸਰਕਾਰ ਤਕ ਪਹੁੰਚਾ ਦਿਤੀ ਜਿਸ ਕਾਰਨ ਪਾਰਟੀ ਦੇ ਲਾਹੌਰ ਦੇ ਹੈੱਡਕੁਆਰਟਰ ਉੱਤੇ ਛਾਪਾ ਮਾਰ ਕੇ ਕਾਰਜਕਾਰਨੀ ਦੇ ਪ੍ਰਮੁੱਖ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਵਿਰੁੱਧ ਵਿਸ਼ੇਸ਼ ਇਨਵੈਸਟੀਗੇਸ਼ਨ ਟੀਮ ਵਲੋਂ

ਮੁਕੱਦਮਾ ਚਲਾਇਆ ਗਿਆ ਜਿਸ ਲਈ ਤਿੰਨ ਜੱਜਾਂ ਦਾ ਟ੍ਰਿਬਿਊਨਲ ਬਣਾਇਆ ਗਿਆ, ਜਿਸ ਵਿਚ ਇਕ ਭਾਰਤੀ ਵੀ ਸੀ। ਇਸ ਨੂੰ ਲਾਹੌਰ ਸਾਜ਼ਿਸ਼ ਕੇਸ ਦੇ ਨਾਂ ਨਾਲ ਜਾਣਿਆ ਗਿਆ। 26 ਅਪ੍ਰੈਲ 1915 ਨੂੰ ਪਹਿਲੇ ਬੈਚ ਦਾ ਮੁਕੱਦਮਾ ਸ਼ੁਰੂ ਹੋਇਆ ਜੋ 291 ਗ਼ਦਰੀਆਂ 'ਤੇ ਚੱਲਿਆ। ਇਨ੍ਹਾਂ ਵਿਚੋਂ 42 ਨੂੰ ਫ਼ਾਂਸੀ, 114 ਨੂੰ ਉਮਰ ਕੈਦ, 93 ਨੂੰ ਵੱਖ-ਵੱਖ ਮਿਆਦ ਦੀ ਕੈਦ ਹੋਈ। 42 ਨੂੰ ਛੱਡ ਦਿਤਾ ਗਿਆ। ਫ਼ਾਂਸੀ ਮਿਲਣ ਵਾਲਿਆਂ ਵਿਚ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਵਿਸ਼ਣੂ ਪਿੰਗਲੇ, ਹਰਨਾਮ ਸਿੰਘ, ਬਖਸ਼ੀਸ਼ ਸਿੰਘ ਆਦਿ ਸਨ। ਇਨ੍ਹਾਂ ਨੂੰ 16 ਨਵੰਬਰ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ 'ਤੇ ਚੜ੍ਹਾ ਦਿਤਾ ਗਿਆ।

ਗ਼ਦਰੀ ਲਹਿਰ ਵਲੋਂ ਆਮ ਪੰਜਾਬੀਆਂ ਦੇ ਦਿਲਾਂ ਵਿਚ ਆਜ਼ਾਦੀ ਲਈ ਸੰਘਰਸ਼ਸ਼ੀਲ ਹੋਣ ਦੀ ਲਾਈ ਚਿਣਗ ਦਾ ਯੋਗ ਮੁਲੰਕਣ ਹੋਣਾ ਅਜੇ ਬਾਕੀ ਹੈ। ਕੌਮੀ ਪੱਧਰ 'ਤੇ ਇਸ ਲਹਿਰ ਦੇ ਯੋਗਦਾਨ ਨੂੰ ਅਜੇ ਯੋਗ ਸਥਾਨ ਮਿਲਣਾ ਵੀ ਬਾਕੀ ਹੈ। ਯਕੀਨਨ ਇਕ ਤਾਨਾਸ਼ਾਹ ਮਰਦਾ ਹੈ ਤਾਂ ਉਸ ਦੇ ਸ਼ਾਸ਼ਨ ਦਾ ਅੰਤ ਹੋ ਜਾਂਦਾ ਹੈ। ਪਰ "ਇਕ ਸ਼ਹੀਦ ਜਦੋਂ ਮਰਦਾ ਹੈ ਤਾਂ ਉਸ ਦਾ ਸ਼ਾਸਨ ਸ਼ੁਰੂ ਹੁੰਦਾ ਹੈ।" ਗ਼ਦਰੀ ਬਾਬੇ ਤੇ ਹੋਰ ਸ਼ਹੀਦ ਇਸ ਕਥਨ ਦੇ ਗਵਾਹ ਹਨ।

*(ਲੇਖਕ ਬਹੁ-ਪੱਖੀ ਰਚਨਾਕਾਰ ਤੇ ਸੁਤੰਤਰ ਪੱਤਰਕਾਰ ਹੈ।)*

*e-mail :jaswantsinghaman@yahoo.com*

**ਵਿਚਾਰ**

- ਵੀਰ ਪੁਰਸ਼ ਮੁਕਤ ਆਤਮਾ ਹੁੰਦੇ ਹਨ। (ਪ੍ਰੇਮ ਚੰਦ)
- ਬਹਾਦਰ ਹਜ਼ਾਰਾਂ ਮੌਤਾਂ ਮਰਦੇ ਹਨ, ਪਰ ਉਹ ਕਦੀ ਜਿਤਾਉਂਦੇ ਨਹੀਂ। (ਹੈਮਿੰਗਵੇ)
- ਝੂਠੀ ਲੜਾਈ ਵਿਚ ਸੱਚੀ ਵੀਰਤਾ ਨਹੀਂ ਹੁੰਦੀ। (ਸ਼ੈਕਸਪੀਅਰ)
- ਸ਼ੋਹਰਤ ਵੀਰਤਾ ਦੀ ਖ਼ੁਸ਼ਬੋ ਹੈ। (ਸੁਕਰਾਤ)
- ਜ਼ਿੰਦਗੀ ਦਾ ਮੋਹ ਤਿਆਗਣਾ ਹੀ ਵੀਰਤਾ ਦਾ ਰਹੱਸ ਹੈ। (ਜੈ ਸ਼ੰਕਰ ਪ੍ਰਸਾਦ)
- ਆਤਮ ਵਿਸ਼ਵਾਸ ਵੀਰਤਾ ਦਾ ਸਾਰ ਹੈ। (ਐਮਰਸਨ)

# ਖ਼ਬਰਾਂ ਵਿਚੋਂ ਖ਼ਬਰਾਂ

## ਪੁਲਾੜ 'ਚ ਮਨੁੱਖੀ ਮਿਸ਼ਨ ਭੇਜਣ ਵਲ ਭਾਰਤੀ ਪੁਲਾਂਘ

### *ਜੀ ਐੱਸ ਐੱਲ ਵੀ ਰਾਕੇਟ ਰਾਹੀਂ ਮਾਨਵਯਾਨ ਭੇਜਣ ਤੇ ਵਾਪਸ ਉਤਾਰਨ ਦਾ ਸਫਲ ਤਜਰਬਾ*

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ 18 ਦਸੰਬਰ, 2014 ਨੂੰ ਸ੍ਰੀਹਰੀਕੋਟਾ ਤੋਂ ਆਪਣਾ ਸਭ ਤੋਂ ਭਾਰਾ ਜੀ ਐੱਸ ਐੱਲ ਵੀ ਮਾਰਕ-3 ਦਾਗ ਕੇ ਮਾਨਵ ਨੂੰ ਪੁਲਾੜ ਵਿਚ ਲਿਜਾ ਕੇ ਵਾਪਸ ਲਿਆਉਣ ਵਾਲੇ ਪੁਲਾੜ ਗੱਡੀ ਦੇ ਹਿੱਸੇ ਦੀ ਸਫਲ ਅਜ਼ਮਾਇਸ਼ ਕੀਤੀ ਹੈ। ਇਹ ਪੁਲਾੜ ਵਿਚ ਮਨੁੱਖ ਭੇਜਣ ਦਾ ਭਾਰਤ ਦਾ ਸੁਪਨਾ ਪੂਰਾ ਹੋਣ ਵੱਲ ਇਕ ਕਦਮ ਹੈ।

ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਸਵੇਰੇ 9.30 ਵਜੇ ਕ੍ਰਿਊ ਮਾਡਿਊਲ-ਸੀਏਆਰਈ ਦਾਗਿਆ ਗਿਆ ਅਤੇ ਇਹ ਐਲ ਵੀ ਐੱਮ-3 ਐਕਸ ਰਾਵੇਟ ਤੋਂ ਵੱਖ ਹੋ ਕੇ ਬੰਗਾਲ ਦੀ ਖਾੜੀ ਵਿਚ ਡਿੱਗਿਆ। ਤਿੰਨ ਪਰਤਾਂ ਵਾਲੇ ਪੈਰਾਸ਼ੂਟਾਂ ਨੇ ਕ੍ਰਿਊ ਮਾਡਿਊਲ ਨੂੰ ਸੁਰੱਖਿਅਤ ਸਮੁੰਦਰ 'ਚ ਉਤਾਰਨ ਵਿਚ ਮਦਦ ਕੀਤੀ। ਇਹ ਜਿਸ ਜਗ੍ਹਾ 'ਤੇ ਡਿੱਗਿਆ ਸੀ, ਉਹ ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ ਇੰਦਰਾ ਪੁਆਇੰਟ ਤੋਂ ਲਗਭਗ 180 ਕਿਲੋਮੀਟਰ ਦੂਰ ਸੀ। ਇਹ ਪੈਰਾਸ਼ੂਟ ਆਗਰਾ ਆਧਾਰਤ ਡੀ ਆਰ ਡੀ ਓ ਦੀ ਲੈਬਸ ਏਰੀਅਲ ਡਿਲਿਵਰੀ ਰਿਸਰਚ ਐਂਡ ਡਿਵੈਲਪਮੈਂਟ ਐਸਟੈਬਲਿਸ਼ਮੈਂਟ ਵਲੋਂ ਤਿਆਰ ਕੀਤੇ ਗਏ ਸਨ।

ਤਿੰਨ ਟਨ ਭਾਰੀ ਅਤੇ 2.7 ਮੀਟਰ ਲੰਬੀ ਪੁਲਾੜ ਗੱਡੀ (ਕ੍ਰਿਊ ਮਾਡਿਊਲ) ਦਾ 3.1 ਮੀਟਰ ਵਿਆਸ ਹੈ। ਇਹ ਐਲੁਮੀਨੀਅਮ ਨਾਲ ਤਿਆਰ ਕੀਤੀ ਗਈ ਹੈ ਅਤੇ ਇਸ ਦੇ ਅੰਦਰ ਪੁਲਾੜ ਦੀ ਤਪਸ਼ ਤੋਂ ਬਚਾਓ ਦੀ ਪ੍ਰਣਾਲੀ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਇਸ ਵਿਚ ਦੋ-ਤਿੰਨ ਪੁਲਾੜ ਵਿਗਿਆਨੀ ਭੇਜੇ ਜਾ ਸਕਦੇ ਹਨ।

ਇਸਰੋ ਦੇ ਸਾਬਕਾ ਚੇਅਰਮੈਨ ਕੇ. ਕਸਤੂਰੀਵੰਗਨ ਵੀ ਇਸ ਮੌਕੇ ਮੌਜੂਦ ਸਨ ਅਤੇ ਉਨ੍ਹਾਂ ਕਿਹਾ ਕਿ ਵਾਕਈ ਮਾਣ ਵਾਲੀ ਗੱਲ ਹੈ।




ਰਾਕੇਟ ਉਪਰ 140 ਕਰੋੜ ਰੁਪਏ ਖਰਚ ਆਏ ਹਨ ਅਤੇ ਪੁਲਾੜ ਗੱਡੀ 'ਤੇ 15 ਕਰੋੜ ਰੁਪਏ ਦੀ ਲਾਗਤ ਆਈ ਸੀ। ਉਂਜ, ਭਾਰਤ ਸਰਕਾਰ ਨੇ ਹਾਲੇ ਤਕ ਪੁਲਾੜ ਵਿਚ ਕੋਈ ਮਨੁੱਖੀ ਮਿਸ਼ਨ ਭੇਜਣ ਦੇ ਕਿਸੇ ਵੀ ਪ੍ਰੋਗਰਾਮ ਨੂੰ ਪ੍ਰਵਾਨਗੀ ਨਹੀਂ ਦਿਤੀ। ਕ੍ਰਿਊਜੈਨਿਕ ਇੰਜਣ ਇਸਰੋ ਦੀ ਮਹੇਂਦਰਗਿਰੀ ਲੈਬ ਵਿਚ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਇਹ ਉਪਰਾਲਾ ਜੀ ਐੱਸ ਐੱਲ ਵੀ-3 ਰਾਕੇਟ ਦੀਆ ਪਹਿਲੀਆਂ ਦੋ ਪੜਾਵਾਂ ਵਿਚ ਪਰਖ ਹੋਣ ਵਾਲਾ ਹੈ।

**ਮਿਸ਼ਨ ਦੀ ਸਫਲਤਾ 'ਤੇ ਖ਼ੁਸ਼ੀ**

*ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਅਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਲੋਕ ਸਭਾ ਵਲੋਂ ਇਸ ਪ੍ਰਾਪਤੀ 'ਤੇ ਇਸਰੋ ਦੇ ਵਿਗਿਆਨੀਆਂ ਨੂੰ ਵਧਾਈ ਦਿਤੀ ਗਈ ਹੈ। ਭਾਰਤ ਭਰ ਦੀਆਂ ਬਹੁਤ ਸਾਰੀਆਂ ਪ੍ਰਮੁੱਖ ਸਖ਼ਸ਼ੀਅਤਾਂ ਨੇ ਵੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਮੰਗਲ ਗ੍ਰਹਿ ਦੇ ਪੰਧ ਵਿਚ ਭਾਰਤੀ ਵਾਹਨ ਪਹੁੰਚਣ ਬਾਅਦ ਇਸ ਸਾਲ ਦੀ ਇਹ ਦੂਜੀ ਵੱਡੀ ਸਫਲਤਾ ਹੈ।*

# ਮਨੋਰੰਜਨ ਉਦਯੋਗ ਅਤੇ ਨੈਤਿਕਤਾ

ਰਵੇਲ ਸਿੰਘ

1990ਵਿਆਂ ਦੇ ਸ਼ੁਰੂ ਵਿਚ ਸੋਵੀਅਤ ਯੂਨੀਅਨ ਅਤੇ ਹੋਰ ਪੂਰਬੀ ਦੇਸ਼ਾਂ ਵਿਚ ਸਰਬ ਸੱਤਾਵਾਦ ਦੇ ਖ਼ਾਤਮੇ ਨੇ ਉਦਾਰਵਾਦੀ ਲੋਕਰਾਜੀ ਸਿਲਸਿਲੇ ਅਤੇ ਬਾਜ਼ਾਰਵਾਦੀ ਆਰਥਿਕਤਾਵਾਂ ਵੱਲ ਆਕਰਸ਼ਣ ਪੈਦਾ ਕੀਤਾ ਹੈ। ਇਨ੍ਹਾਂ ਦੇ ਪ੍ਰਭਾਵ ਹੇਠ ਹੀ ਮੀਡੀਆ, ਵਿਸ਼ਵੀਕਰਨ ਅਤੇ ਮੀਡੀਆ ਉਦਾਰਵਾਦ ਦਾ ਯੁਗ ਸ਼ੁਰੂ ਹੋਇਆ, ਜਿਸ ਦੇ ਪ੍ਰਭਾਵ ਨੂੰ ਅੱਜ ਉੱਨਤੀਸ਼ੀਲ ਦੇਸ਼ ਤੀਬਰਤਾ ਨਾਲ ਮਹਿਸੂਸ ਕਰ ਰਹੇ ਹਨ। ਸੰਚਾਰ ਕ੍ਰਾਂਤੀ ਨੇ ਵਿਸ਼ਵ ਪਿੰਡ ਦੇ ਸੰਕਲਪ ਨੂੰ ਸੱਚ ਸਾਬਤ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਸੂਚਨਾ ਅਤੇ ਤਕਨਾਲੋਜੀ ਦੇ ਵਿਕਸਤ ਹੁੰਦੇ ਦੌਰ ਵਿਚ ਜਿਥੇ ਵਿਸ਼ਵ ਪਿੰਡ ਦੇ ਸੰਕਲਪ ਦੇ ਉਭਾਰ ਹੇਠ ਉਦਾਰਵਾਦੀ ਲੋਕਰਾਜੀ ਸਿਲਸਿਲੇ ਅਤੇ ਬਾਜ਼ਾਰਵਾਦੀ ਆਰਥਿਕਤਾ ਪ੍ਰਭਾਵਤ ਹੋਈ ਹੈ ਉਥੇ ਮੀਡੀਆ ਵਿਸ਼ਵੀਕਰਨ ਅਤੇ ਮੀਡੀਆ ਉਦਾਰਵਾਦ ਦਾ ਯੁਗ ਵੀ ਆਰੰਭ ਹੋਇਆ ਹੈ। ਉੱਪ-ਗ੍ਰਹਿ ਅਤੇ ਕੇਬਲ ਟੈਲੀਵੀਜ਼ਨ, ਬਹੁ-ਰਾਸ਼ਟਰੀ ਮੀਡੀਆ ਦੇ ਰਲੇਵੇਂ ਅਤੇ ਇੰਟਰਨੈੱਟ ਕ੍ਰਾਂਤੀ ਇਸ ਦੇ ਮੁੱਖ ਔਜ਼ਾਰ ਬਣ ਕੇ ਸਾਹਮਣੇ ਆਏ ਹਨ। ਵਪਾਰਕ ਉਦਾਰੀਕਰਨ ਅਤੇ ਆਰਥਿਕ ਵਾਧੇ ਨੇ ਆਮ ਲੋਕਾਂ ਨੂੰ ਮੀਡੀਆ ਮਨੋਰੰਜਨ ਦੇ ਖ਼ਤਪਤਕਾਰ ਬਣਨ ਦੇ ਵਧੇਰੇ ਸਾਧਨ ਜੁਟਾਏ ਹਨ। ਏਸ਼ੀਆਈ ਦੇਸ਼ਾਂ ਵਿਚ ਵਧ ਰਹੀ ਸਾਖਰਤਾ ਦਰ ਅਤੇ ਇਥੋਂ ਦੇ ਲੋਕਾਂ ਨੇ ਵਿੱਦਿਅਕ ਅਦਾਰਿਆਂ ਵਿਚ ਤਕਨਾਲੋਜੀ ਦੇ ਪ੍ਰਭਾਵ ਨੂੰ ਕਬੂਲਿਆ ਉਥੇ ਲੋਕਾਂ ਦੀ ਪੱਛਮੀ ਮਨੋਰੰਜਨ ਤਕ ਪਹੁੰਚ ਵੀ ਵਧੀ ਹੈ। ਇਹੋ ਕਾਰਨ ਹੈ ਕਿ ਮੀਡੀਆ ਖ਼ਪਤਕਾਰਾਂ ਦੀ ਆਪਣੇ ਪਰੰਪਰਕ ਸਭਿਆਚਾਰਾਂ ਅਤੇ ਮਨੋਰੰਜਨ ਉਦਯੋਗ ਤੋਂ ਅਕਾਂਕਸ਼ਾ ਵਧੀ ਹੈ। ਭਾਰਤ ਵਿਚ ਵੱਖ-ਵੱਖ ਤਰ੍ਹਾਂ ਦੇ ਮਨੋਰੰਜਨ ਵਿਸ਼ੇਸ਼ ਕਰਕੇ ਫ਼ਿਲਮਾਂ, ਟੈਲੀਵੀਜ਼ਨ ਪ੍ਰੋਗਰਾਮ, ਇੰਟਰਨੈੱਟ ਤੇ ਇਸ਼ਤਿਹਾਰਬਾਜ਼ੀ ਵਿਚ ਪੱਛਮੀ ਮਨੋਰੰਜਨ ਉਦਯੋਗ ਦੀ ਘੁਸਪੈਠ ਵਧੀ ਹੈ।

ਜਿਨ੍ਹਾਂ ਤੱਥਾਂ ਦੇ ਮੱਦੇਨਜ਼ਰ ਇਕ ਮਹੱਤਵਪੂਰਨ ਗੱਲ ਸਾਹਮਣੇ ਆਉਂਦੀ ਹੈ, ਪੱਛਮੀ ਮਨੋਰੰਜਨ ਉਦਯੋਗ ਅਤੇ ਵਿਸ਼ਵੀਕਰਨ ਦੇ ਉੱਨਤੀਸ਼ੀਲ ਦੇਸ਼ਾਂ ਦੇ ਦੇਸੀ ਸਭਿਆਚਾਰਾਂ ਉੱਤੇ ਕੀ ਪ੍ਰਭਾਵ ਪੈ ਰਹੇ ਹਨ? ਮੀਡੀਆ ਵਿਸ਼ਵੀਕਰਨ ਦੇ ਇਸ ਯੁਗ ਵਿਚ ਵੇਖਣ ਵਾਲੀ ਗੱਲ ਇਹ ਹੈ ਕਿ ਇਹ ਪ੍ਰਭਾਵ ਪੱਛਮ ਤੋਂ ਪੂਰਬ ਵੱਲ ਆ ਰਹੇ ਹਨ ਜਾਂ ਪੂਰਬ ਤੋਂ ਪੱਛਮ ਵੱਲ ਵੀ ਜਾ ਰਹੇ ਹਨ!

1990ਵਿਆਂ ਦੇ ਦਹਾਕੇ ਵਿਚ ਕਈ ਸਮਾਜਵਾਦੀ ਦੇਸ਼ਾਂ ਵਿਚ ਲੋਕਰਾਜ ਦੀ ਸਥਾਪਨਾ ਅਤੇ ਆਰਥਿਕ ਉਦਾਰੀਕਰਨ ਦੇ ਫਲਸਰੂਪ ਵਿਸ਼ਵ ਭਰ ਵਿਚ ਪੱਛਮੀ ਸਭਿਆਚਾਰ ਨੇ ਬੇਜੋੜ ਪ੍ਰਭਾਵ ਛੱਡਿਆ ਅਤੇ ਇਸ ਪ੍ਰਤਿ ਸਮਾਜ-ਸ਼ਾਸਤਰੀਆਂ ਅਤੇ ਨੀਤੀਕਾਰਾਂ ਨੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਭਾਵੇਂ ਕਿ ਅਸੀਂ ਇਹ ਮੰਨਦੇ ਹਾਂ ਕਿ ਪੱਛਮੀ ਦੇਸ਼ਾਂ ਦੀ ਉੱਨਤੀਸ਼ੀਲ ਦੇਸ਼ਾਂ ਬਾਰੇ ਸਰਦਾਰੀ ਆਧੁਨਿਕ ਤਕਨਾਲੋਜੀ, ਖ਼ਾਸ ਕਰਕੇ ਸੰਚਾਰ ਤਕਨਾਲੋਜੀ ਉੱਤੇ ਆਧਾਰਿਤ ਹੈ। ਪਰ ਇਸ ਗੱਲ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਤੀਜੀ ਦੁਨੀਆਂ ਦੇ ਕਈ ਹਿੱਸਿਆਂ ਵਿਚ ਇਸ ਨੇ ਵਿਚਾਰਧਾਰਕ ਤੌਰ ਤੇ ਵੀ ਪ੍ਰਭਾਵ ਛੱਡੇ ਹਨ, ਅਜਿਹਾ ਪੱਛਮੀ ਪੂੰਜੀਵਾਦੀ ਉਦਯੋਗਿਕ ਸਮਾਜ ਦੀਆਂ ਨੀਤੀਆਂ ਦੀ ਉੱਨਤੀਸ਼ੀਲ ਦੇਸ਼ਾਂ ਵਿਚ ਘੁਸਪੈਠ ਕਰਵਾਉਣ ਲਈ ਲਾਜ਼ਮੀ ਵੀ ਸੀ। ਉੱਨਤੀਸ਼ੀਲ ਦੇਸ਼ਾਂ ਦੀ ਭਾਸ਼ਾ ਅਤੇ ਕਦਰਾਂ ਕੀਮਤਾਂ ਉੱਤੇ ਪੱਛਮੀ ਪ੍ਰਭਾਵ ਨੂੰ ਸਭਿਆਚਾਰਕ ਸਾਮਰਾਜਵਾਦ ਜਾਂ ਸਭਿਆਚਾਰਕ ਨਿਰਭਰਤਾ ਦਾ ਨਾਂ ਵੀ ਦਿਤਾ ਜਾਂਦਾ ਹੈ, ਜਿਸ ਵਿਚ ਧਰਮ, ਜਨ-ਜੀਵਨ, ਸਿਆਸਤ ਦੀ ਸ਼ੈਲੀ, ਪੇਸ਼ਾਵਰ ਸਿਖਲਾਈ, ਇਥੋਂ ਤਕ ਕਿ ਕਪੜਿਆਂ ਦੇ ਡਿਜ਼ਾਈਨ ਅਤੇ ਹੋਰ ਸਭਿਆਚਾਰਕ ਵਸਤਾਂ ਸ਼ਾਮਿਲ ਹੋ ਗਈਆਂ ਹਨ ਅਤੇ ਇਸ ਨੇ ਪ੍ਰਭੁਤਾ ਦਾ ਇਕ ਨਵਾਂ ਮਾਡਲ ਪੈਦਾ ਕੀਤਾ ਹੈ, ਜਿਸ ਨੂੰ ਅਸੀਂ ਨਵ-ਬਸਤੀਵਾਦ ਵੀ ਕਹਿ ਸਕਦੇ ਹਾਂ। ਪੱਛਮੀ ਦੇਸ਼ਾਂ ਵਲੋਂ ਆਪਣੇ ਮਨੋਰੰਜਨ ਉਦਯੋਗ ਰਾਹੀਂ ਫੈਲਾਏ ਜਾ ਰਹੇ ਸਭਿਆਚਾਰਕ ਪ੍ਰਦੂਸ਼ਨ ਦੇ ਦੂਰਦਰਸ਼ੀ ਪ੍ਰਭਾਵ ਪਏ ਹਨ, ਜਿਸ ਦੇ ਫਲਸਰੂਪ ਸਥਾਨਕ ਸਭਿਆਚਾਰ ਚਕਾਚੌਂਧ ਵਾਲੇ ਪੱਛਮੀ ਸਭਿਆਚਾਰਾਂ ਵਿਚ ਸਿਮਟ ਜਾਣ ਦੇ ਖ਼ਤਰੇ ਅਤੇ ਗਰੀਬ ਦੇਸ਼ਾਂ ਦੇ ਮਨੋਰੰਜਨ ਪ੍ਰੋਗਰਾਮਾਂ ਵਿਚ ਖ਼ਪਤਕਾਰੀ ਸਿਲਸਿਲਾ ਠੋਸੇ ਜਾਣ ਕਾਰਨ ਸਮਾਜ ਸ਼ਾਸਤਰੀਆਂ ਦਰਮਿਆਨ ਵੱਡੀ ਪੱਧਰ 'ਤੇ ਮਾਯੂਸੀ ਪੈਦਾ ਹੋਈ ਹੈ।

ਸਭਿਆਚਾਰਕ ਨਿਰਭਰਤਾ ਦੇ ਸਿਧਾਂਤ ਸਮੇਤ ਦੋ ਹੋਰ ਤੱਥ ਵੀ ਹਨ, ਜਿਹੜੇ ਕਿ ਉੱਨਤੀਸ਼ੀਲ ਦੇਸ਼ਾਂ ਦੇ ਮਨੋਰੰਜਨ ਉਦਯੋਗ ਉੱਤੇ ਪੱਛਮੀ ਪ੍ਰਭਾਵ ਵਜੋਂ ਵਿਚਾਰੇ ਜਾ ਸਕਦੇ ਹਨ ਪਹਿਲਾ, ਅਮਰੀਕੀ ਮਨੋਰੰਜਨ ਉਦਯੋਗ ਵਿਚ ਘੱਟ ਤੋਂ ਘੱਟ ਲਾਗਤ ਨਾਲ ਪ੍ਰੋਗਰਾਮ ਤਿਆਰ ਕਰਨ ਦਾ ਸਿਧਾਂਤ ਹੈ। ਜਿਸ ਰਾਹੀਂ ਪ੍ਰੋਗਰਾਮ ਨਿਰਮਾਤਾ ਵੱਡੀ ਪੱਧਰ ਉਤੇ ਦਰਸ਼ਕਾਂ/ਸਰੋਤਿਆਂ ਲਈ ਤਿਆਰ ਕੀਤੇ ਜਾਂਦੇ ਪ੍ਰੋਗਰਾਮਾਂ ਦੀ ਵਿਕਰੀ ਅਤੇ ਇਸ਼ਾਇਤ ਵਧਾਉਣ ਅਤੇ ਇਸ਼ਤਿਹਾਰਾਂ ਤੋਂ ਆਮਦਨ ਇਕੱਠੀ ਕਰਨ ਵਿਚ ਵਧੇਰੇ ਕਾਮਯਾਬ ਹੋਏ ਹਨ। ਅਜਿਹੇ ਮਨੋਰੰਜਨ ਪ੍ਰੋਗਰਾਮਾਂ ਵਿਚ ਕਾਮ, ਹਿੰਸਾ ਅਤੇ ਨਸ਼ੀਲੇ ਪਦਾਰਥਾਂ ਰਾਹੀਂ ਮਨੁੱਖ ਅੰਦਰ ਛੁਪੀਆਂ ਆਯਾਸ਼ੀ ਦੀਆਂ ਭਾਵਨਾਵਾਂ ਨੂੰ ਜਗਾਉਣ ਵਾਲੇ ਪ੍ਰੋਗਰਾਮ ਤਿਆਰ ਕਰਨਾ ਸ਼ਾਮਿਲ ਹੈ। ਇਹ ਸਿਧਾਂਤ ਅਮੀਰੀਕੀ ਫ਼ਿਲਮ ਉਦਯੋਗ ਹੌਲੀਵੁਡ ਵਲੋਂ 70 ਦੇ ਦਹਾਕਿਆਂ ਤੋਂ ਵਰਤਿਆ ਜਾ ਰਿਹਾ ਹੈ। ਇਸ ਫਾਰਮੂਲੇ ਨੂੰ ਹੀ ਤੀਜੀ

ਦੁਨੀਆਂ ਦੇ ਟੈਲੀਵੀਜ਼ਨ ਪ੍ਰੋਗਰਾਮਾਂ ਵਿਚ ਲਾਗੂ ਕੀਤਾ ਗਿਆ ਹੈ।

ਮੀਡੀਆ ਵਿਸ਼ਵੀਕਰਨ ਅਤੇ ਸੰਚਾਰ ਦੇ ਇਸ ਯੁਗ ਵਿਚ ਉੱਨਤੀਸ਼ੀਲ ਦੇਸ਼ ਕਿਵੇਂ ਪਿੱਛੇ ਰਹਿ ਸਕਦੇ ਹਨ। ਕੁਝ ਪ੍ਰੋਗਰਾਮ ਨਿਰਮਾਤਾਵਾਂ ਅਤੇ ਅਦਾਕਾਰਾਂ ਨਾਲ ਗੱਲਬਾਤ ਕਰਨ ਉਪਰੰਤ ਕੁਝ ਸਨਸਨੀਖੇਜ਼ ਤੱਥ ਵੀ ਸਾਹਮਣੇ ਆਏ ਹਨ। ਜੇ ਕਿਸੇ ਲੜੀਵਾਰ ਦਾ ਕੋਈ ਅਦਾਕਾਰ ਸ਼ੂਟਿੰਗ ਉਤੇ ਵਕਤ ਸਿਰ ਨਹੀਂ ਪੁੱਜਦਾ, ਜਾਂ ਲੜੀਵਾਰ ਵਿਚ ਕੰਮ ਕਰਨ ਦੇ ਪੈਸੇ ਵੱਧ ਮੰਗਦਾ ਹੈ ਜਾਂ ਫਿਰ ਕਿਸੇ ਕਾਰਨ ਨਿਰਮਾਤਾ/ਨਿਰਦੇਸ਼ਕ ਉਸ ਤੋਂ ਖ਼ੁਸ਼ ਨਹੀਂ ਹੈ ਤਾਂ ਉਸ ਨੂੰ ਤੁਰਤ ਸਟੂਡੀਓ ਵਿਚੋਂ ਬਾਹਰ ਦਾ ਰਸਤਾ ਦਿਖਾ ਦਿਤਾ ਜਾਂਦਾ ਹੈ। ਫਿਰ ਕਿਸੇ ਦੂਸਰੇ ਪਾਤਰ ਰਾਹੀਂ ਟੀ.ਵੀ. ਸਕਰੀਨ ਉਤੇ ਇਹ ਬੁਲਵਾ ਦਿਤਾ ਜਾਂਦਾ ਹੈ ਕਿ ਫਲਾਣਾ ਪਾਤਰ ਹਾਦਸੇ ਵਿਚ ਮਰ ਗਿਆ ਹੈ ਜਾਂ ਕਿਸੇ ਬਾਹਰਲੇ ਦੇਸ਼ ਚਲਾ ਗਿਆ ਹੈ। ਇਸ ਦੇ ਨਾਲ ਹੀ ਦੂਜਾ ਬਦਲਵਾਂ ਅਦਾਕਾਰ ਉਸ ਪਾਤਰ ਵਜੋਂ ਸ਼ਾਮਿਲ ਹੋ ਜਾਂਦਾ ਹੈ ਜਾਂ ਲੜੀਵਾਰ ਦੀ ਕਹਾਣੀ ਵਿਚ ਉਸ ਨੂੰ ਫਿਟ ਕਰਨ ਲਈ ਕੋਈ ਰਿਸ਼ਤਾ ਘੜ ਲਿਆ ਜਾਂਦਾ ਹੈ।

ਸਾਡੇ ਮਨੋਰੰਜਨ ਉਦਯੋਗ ਵਿਚ ਨੈਤਿਕਤਾ ਦੀ ਗਿਰਾਵਟ ਦਾ ਦੂਜਾ ਕਾਰਨ ਆਰਥਿਕਤਾ, ਵਿਸ਼ਵੀਕਰਨ ਅਤੇ ਉੱਨਤੀਸ਼ੀਲ ਦੇਸ਼ਾਂ ਵਿਚ ਵਧ ਰਿਹਾ ਉਦਯੋਗੀਕਰਨ ਵੀ ਹੈ, ਜਿਸ ਰਾਹੀਂ ਇਕ ਨਵਾਂ ਮੱਧ ਵਰਗੀ ਸਮਾਜ ਪੈਦਾ ਹੋਇਆ ਹੈ। ਪੱਛਮੀ ਦੇਸ਼ਾਂ ਵਿਚ ਮਨੋਰੰਜਨ ਉਦਯੋਗ ਦਾ ਇਤਿਹਾਸ ਦੱਸਦਾ ਹੈ ਕਿ ਪੂਰਵ ਉਦਯੋਗੀ ਯੁਗ ਵਿਚ ਅਮੀਰ ਲੋਕਾਂ ਲਈ ਉੱਚਪਾਏ ਦੇ ਮਨੋਰੰਜਨ ਪ੍ਰੋਗਰਾਮ ਤਿਆਰ ਕੀਤੇ ਜਾਂਦੇ ਸਨ। ਕਲਾਕਾਰਾਂ ਨੂੰ ਰਾਜੇ-ਮਹਾਰਾਜੇ ਜਾਂ ਉਦਯੋਗਿਕ ਘਰਾਣੇ ਸਰਪ੍ਰਸਤੀ ਦਿੰਦੇ ਸਨ। ਉਨ੍ਹਾਂ ਦੀ ਹਰ ਲੋੜ ਇਸ ਸਰਪ੍ਰਸਤੀ ਹੇਠ ਹੀ ਪੂਰੀ ਹੁੰਦੀ ਸੀ ਅਤੇ ਨਾਲ-ਨਾਲ ਮਾਣ ਸਨਮਾਨ ਵੀ ਪੂਰਾ ਮਿਲਦਾ ਸੀ। ਕਲਾਕਾਰਾਂ ਦਾ ਆਪਣਾ ਵੀ ਕੋਈ ਆਚਰਣ ਹੁੰਦਾ ਸੀ। ਸ਼ਾਸਤਰੀ ਗਾਇਨ ਜਾਂ ਸ਼ਾਸਤਰੀ ਨ੍ਰਿਤ ਕਰਨ ਵਾਲੇ ਕਲਾਕਾਰ ਕੋਈ ਹਲਕਾ-ਫੁਲਕਾ ਸੰਗੀਤ ਜਾਂ ਅਦਾਵਾਂ ਨਹੀਂ ਦਿੰਦੇ ਸਨ। ਉਨ੍ਹਾਂ ਦਾ ਕੰਮ ਆਪਣੇ ਸਰਪ੍ਰਸਤਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਮਿਆਰੀ ਸਭਿਆਚਾਰ ਦੀ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਕਰਨਾ ਵੀ ਸੀ। ਉਦਾਰੀਕਰਨ ਦੇ ਨਵੇਂ ਯੁਗ ਵਿਚ ਇਹ ਸਰਪ੍ਰਸਤੀ ਖ਼ਤਮ ਹੋ ਗਈ ਹੈ, ਕਲਾਕਾਰਾਂ ਨੂੰ ਰੋਜ਼ੀ-ਰੋਟੀ ਲਈ ਨੰਗੇ ਧੜ ਲੜਨਾ ਪੈ ਰਿਹਾ ਹੈ। ਉਸ ਲਈ ਹੁਣ ਕਲਾ ਸਾਧਨਾ ਨਹੀਂ ਸੀ, ਸਗੋਂ ਵਪਾਰ ਬਣ ਗਈ ਹੈ। ਉਹ ਖ਼ੁਦ ਬਾਜ਼ਾਰ ਦਾ ਇਕ ਹਿੱਸਾ ਬਣ ਕੇ ਵਿਕਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਸ ਵਾਸਤੇ ਉਸ ਨੂੰ ਅਸਮਾਜਿਕ ਕਾਮੁਕ ਦ੍ਰਿਸ਼ ਦੇਣ ਅਤੇ ਨਸ਼ੇ ਆਦਿ ਦੀ ਵਰਤੋਂ ਕਰਨ ਵਿਚ ਕੋਈ ਗੁਰੇਜ਼ ਨਹੀਂ ਰਿਹਾ। ਫ਼ਿਲਮਾਂ ਅਤੇ ਇਡੀਅਟ ਬਾਕਸ ਉੱਤੇ ਕੰਮ ਕਰਨ ਵਾਲੇ ਅਦਾਕਾਰਾਂ ਦੇ ਨੈਤਿਕਤਾ ਦੇ ਮਾਪਦੰਡ ਬਦਲ ਗਏ ਹਨ। ਫਲਸਰੂਪ, ਸਾਡੇ ਸਮਾਜ ਵਿਚ ਪੈਦਾ ਹੋਇਆ ਨਵਾਂ ਯੁਵਾ ਦਰਸ਼ਕ ਵਰਗ ਹੁਣ ਮਨੋਰੰਜਨ ਦੀਆਂ ਹਰ ਤਰ੍ਹਾਂ ਦੀਆਂ ਸੰਭਾਵਨਾਵਾਂ ਤਕ ਪਹੁੰਚ ਰੱਖਦਾ ਹੈ। ਸਾਡਾ ਇਹ ਨਵਾਂ ਖ਼ਪਤਕਾਰ ਹੁਣ ਰਾਤਾਂ ਨੂੰ ਜਾਗਣ ਅਤੇ ਦਿਨ ਨੂੰ ਸੌਣਾ ਸਿਖ ਗਿਆ ਹੈ, ਜੋ ਕਿ ਪੱਛਮੀ ਦੇਸ਼ਾਂ ਦੀ ਹੀ ਅਲਾਮਤ ਹੈ। ਜੇ ਅਸੀਂ ਟੈਲੀਵੀਜ਼ਨ ਪ੍ਰੋਗਰਾਮਾਂ ਦੇ ਸ਼ੋਅ ਤੋਂ ਅਗਾਂਹ ਇਸ਼ਤਿਹਾਰਾਂ ਦੇ ਕੰਟੈਂਟ ਵੱਲ ਵੇਖੀਏ ਤਾਂ ਇਹ ਸਹਿਜੇ ਹੀ ਸਮਝ ਆ ਜਾਂਦਾ ਹੈ ਕਿ ਇਸਤਰੀ ਦੇ ਜਿਸਮ ਦੀ ਬੇਲੋੜੀ ਵਰਤੋਂ ਹੋ ਰਹੀ ਹੈ।

ਹੌਲੀਵੁਡ ਨਿਰਮਾਣ ਫਾਰਮੂਲੇ ਦੇ ਭਾਰਤੀ ਫ਼ਿਲਮ ਉਦਯੋਗ ਉੱਤੇ ਪ੍ਰਭਾਵ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ। ਭਾਰਤ ਦਾ ਫ਼ਿਲਮ ਉਦਯੋਗ ਹਰ ਸਾਲ ਵੱਖ-ਵੱਖ ਭਾਸ਼ਾਵਾਂ ਵਿਚ ਲਗਭਗ 1000 ਫ਼ਿਲਮਾਂ ਦਾ ਨਿਰਮਾਣ ਕਰਦਾ ਹੈ, ਜਦ ਕਿ ਬੌਲੀਵੁਡ ਸਾਲਾਨਾ ਕੋਈ 300 ਫ਼ਿਲਮਾਂ ਬਣਾਉਂਦਾ ਹੈ। ਸੋ ਇਸ ਤਰ੍ਹਾਂ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਫ਼ਿਲਮਾਂ ਨਿਰਮਾਣ ਕਰਨ ਵਾਲਾ ਦੇਸ਼ ਹੈ। ਵਿਸ਼ਵੀਕਰਨ ਅਤੇ ਸਭਿਆਚਾਰਕ ਸਾਮਰਾਜਵਾਦ ਦੇ ਪ੍ਰਭਾਵ ਹੇਠ ਭਾਰਤੀ ਦਰਸ਼ਕ ਵਰਗ ਦਾ ਸੁਆਦ ਵਿਗੜਨ ਨਾਲ ਸਾਡੇ ਫ਼ਿਲਮ ਥੀਏਟਰਾਂ ਵਿਚ ਦਰਸ਼ਕਾਂ ਦੀ ਗਿਣਤੀ ਇਸ ਸਦੀ ਦੇ ਸ਼ੁਰੂ ਵਿਚ ਡਿਗਣੀ ਸ਼ੁਰੂ ਹੋਈ ਸੀ ਜਦੋਂ ਦਰੱਖ਼ਤਾਂ ਦੁਆਲੇ ਨੱਚਦੇ ਅਦਾਕਾਰਾਂ ਅਤੇ ਪਰੰਪਰਾਗਤ ਪ੍ਰੇਮ ਦ੍ਰਿਸ਼ਾਂ ਨੂੰ ਮਿਲਾ ਕੇ ਤਿਆਰ ਕੀਤੀਆਂ ਗਈਆਂ ਫ਼ਿਲਮਾਂ ਦਰਸ਼ਕਾਂ ਵਿਚ ਬਹੁਤ ਕਾਮਯਾਬ ਨਹੀਂ ਹੋ ਸਕੀਆਂ। ਸਾਡੇ ਫ਼ਿਲਮ ਨਿਰਮਾਤਾਵਾਂ ਨੇ ਆਰਥਿਕ ਦਬਾਅ ਹੇਠ ਖੁੱਲ੍ਹੇ ਤੌਰ ਤੇ ਅਨੈਤਿਕਤਾ ਦੀ ਨੁਮਾਇਸ਼ ਸ਼ੁਰੂ ਕੀਤੀ। ਬਰਤਾਨੀਆਂ ਦੀ ਸਮਾਚਾਰ ਏਜੰਸੀ ਰਾਇਟਰ ਨੇ ਲਿਖਿਆ ਸੀ ਕਿ ਭਾਰਤ ਦੇ ਯੁਵਾ ਅਦਾਕਾਰਾਂ ਨੇ ਆਪਣੀ ਸ਼ਰਮ, ਹਯਾ ਤੇ ਕੱਪੜੇ ਹਵਾ ਵਿਚ ਉਛਾਲ ਮਾਰੇ ਹਨ।

ਪੰਜਾਬੀ ਫ਼ਿਲਮਾਂ ਵੀ ਹਿੰਦੀ ਉਦਯੋਗ ਦੇ ਪਦ-ਚਿੰਨ੍ਹਾਂ ਉੱਤੇ ਚੱਲ ਰਹੀਆਂ ਹਨ। ਪੰਜਾਬੀ ਟੈਲੀਵੀਜ਼ਨ ਚੈਨਲਾਂ ਉੱਤੇ ਦਿਖਾਏ ਜਾਂਦੇ ਗੀਤਾਂ ਵਿਚ ਪੇਸ਼ ਹੁੰਦੀ ਔਰਤ, ਗੀਤਾਂ ਦੇ ਬੋਲ ਅਤੇ ਗੀਤਾਂ ਵਿਚ ਵਜਦੇ ਸਾਜ਼ ਵਿਚੋਂ ਨਿਕਲਦੀਆਂ ਧੁਨੀਆਂ ਨੈਤਿਕਤਾ ਤੋਂ ਕੋਹਾਂ ਦੂਰ ਹਨ।

ਖਾਣਿਆਂ ਵਲ ਵੀ ਦੇਖੀਏ ਤਾਂ ਉਹ ਦਿਨ ਹੁਣ ਦੂਰ ਦੀ ਗੱਲ ਜਾਪਦੇ ਹਨ ਜਦੋਂ ਗ੍ਰਹਿਣੀਆਂ ਬੜੇ ਪ੍ਰੇਮ ਤੇ ਰੀਝ ਨਾਲ ਖਾਣਾ ਤਿਆਰ ਕਰ ਕੇ ਪਰੋਸਦੀਆਂ ਸਨ। ਖਾਣਾ ਬਣਾਉਣਾ ਇਕ ਕਲਾ ਸੀ ਅਤੇ ਚੰਗਾ ਤੇ ਸੁਆਦ ਖਾਣਾ ਪਕਾਉਣ ਵਾਲੀਆਂ ਇਸਤਰੀਆਂ ਨੂੰ ਘਰਾਂ ਵਿਚ ਵਧੇਰੇ ਸਨਮਾਨ ਨਾਲ ਦੇਖਿਆ ਜਾਂਦਾ ਸੀ। ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਸ਼ਾਮਿਲ ਹੋਏ ਫਾਸਟ ਫੂਡ ਨੇ ਸਾਡੇ ਡਾਈਨਿੰਗ ਟੇਬਲਾਂ ਉਤੇ ਸਜਦੇ ਖਾਣਿਆਂ ਦੀ ਮਹਿਕ ਖੋਹ ਲਈ ਹੈ। ਘਰਾਂ ਵਿਚ ਖਾਣਾ ਪਕਾਉਣ ਦੀ ਬਜਾਇ ਪਰਿਵਾਰਾਂ ਦੇ ਪਰਿਵਾਰ ਬਹੁ-ਰਾਸ਼ਟਰੀ ਰੈਸਤਰਾਂ ਦੇ ਬਾਹਰ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰਦੇ ਨਜ਼ਰ ਆਉਂਦੇ ਹਨ।

ਮਨੋਰੰਜਨ ਦੇ ਨਾਮ ਹੇਠ ਸਾਡੇ ਸਮਾਜ ਵਿਚ ਘੁਸਪੈਠ ਕਰੀ ਬੈਠੇ ਸਭਿਆਚਾਰਕ ਸਾਮਰਾਜਵਾਦ ਨੇ ਸਾਡੇ ਜੀਵਨ ਵਿਚੋਂ ਸਾਧਨਾਂ ਤੇ ਰੂਹ ਦੇ ਸੁਆਦ ਖੋਹ ਲਏ ਹਨ। ਹੁਣ ਨੈਤਿਕਤਾ ਦਾ ਘੁੱਟ ਕੇ ਪੱਲਾ ਫੜਨ ਵਾਲੇ ਨੂੰ ਬਹੁਤੇ ਸਨਮਾਨ ਨਾਲ ਨਹੀਂ ਦੇਖਿਆ ਜਾ ਰਿਹਾ, ਸਗੋਂ ਉਨ੍ਹਾਂ ਲੋਕਾਂ ਦਾ ਹੀ ਬੋਲ-ਬਾਲਾ ਹੋ ਰਿਹਾ ਹੈ ਜਿਨ੍ਹਾਂ ਨੇ ਦੁਨੀਆਂ ਨੂੰ ਦੇਖਣ ਦੀ ਐਨਕ ਹੀ ਨਹੀਂ ਬਦਲੀ, ਸਗੋਂ ਆਪਣਾ ਵਤੀਰਾ ਵੀ ਬਦਲ ਲਿਆ ਹੈ। ਹੁਣ ਦਾ ਮਨੁੱਖ ਇਸ ਸਭਿਆਚਾਰਕ ਹਮਲੇ ਤੋਂ ਵੀ ਸੁਆਦ ਲੈ ਰਿਹਾ ਹੈ ਤੇ ਇਸ ਵਿਚ ਹੀ ਨੈਤਿਕ ਹੋਣ ਦਾ ਢੌਂਗ ਵੀ ਰਚਾ ਰਿਹਾ ਹੈ।

*(ਲੇਖਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਅਤੇ ਸੁਤੰਤਰ ਪੱਤਰਕਾਰ ਹੈ।)*

*e-mail :rawail@gmail.com*

# ਸਦਾਚਾਰਕ ਸਭਿਆਚਾਰ ਤੇ ਵਿਕਾਸ

**ਸੁਰਜੀਤ ਸਿੰਘ ਢਿੱਲੋਂ**

ਸਾਡੇ ਵਤੀਰੇ ਅੰਦਰ ਪਏ ਵੱਟ ਸਾਫ਼ ਦਿਖਾਈ ਦੇ ਰਹੇ ਹਨ। ਕੀ ਇਨ੍ਹਾਂ ਨੂੰ ਕੱਢਿਆ ਜਾ ਸਕਦਾ ਹੈ? ਅਫਲਾਤੂਨ (ਪਲੈਟੋ), ਅਰਸਤੂ, ਰੂਸੋ ਜਿਹੇ ਵਿਚਾਰਵਾਨ ਇਸ ਪ੍ਰਸ਼ਨ ਦਾ ਉੱਤਰ ਖੋਜਦੇ ਰਹੇ ਸਨ। ਅੱਜ ਵਿਗਿਆਨ ਵੀ ਇਹੋ ਕਰ ਰਿਹਾ ਹੈ ਅਤੇ ਇਸ ਮਨੁੱਖ ਦੇ ਹੋਏ ਵਿਕਾਸ ਵਿਚੋਂ ਇਸ ਪ੍ਰਸ਼ਨ ਦਾ ਉੱਤਰ ਖੋਜ ਰਿਹਾ ਹੈ।

ਜਿਹੜਾ ਚਿੰਪਾਜ਼ੀ ਜਿਹਾ ਬਣਮਾਨਸ ਕਦੀ ਵਣਾਂ ਵਿਚ ਵਿਚਰਦਾ ਸੀ, ਅਸੀਂ ਉਸੇ ਦੀ ਸੰਤਾਨ ਹਾਂ। ਇਸੇ ਲਈ ਕਦੀ-ਕਦਾਈਂ, ਉਸ ਦਾ ਝਉਲਾ ਸਾਡੇ ਵਤੀਰੇ ਵਿਚੋਂ ਪੈਂਦਾ ਰਹਿੰਦਾ ਹੈ। ਅੱਜ, ਖ਼ਬਰਾਂ ਪੜ੍ਹ ਕੇ ਤੇ ਸੁਣ ਕੇ ਆਪਣੇ ਆਪ ਤੋਂ ਗਿਲਾਨੀ ਆਉਣ ਲਗਦੀ ਹੈ। ਆਪਣਾ ਮਨ ਹੌਲਾ ਕਰਨ ਲਈ ਫਿਰ ਵੀ ਸੋਚ ਲਿਆ ਜਾਂਦਾ ਹੈ ਕਿ ਮਨੁੱਖ ਪ੍ਰਸ਼ ਹੋ ਕੇ ਵੀ ਸਾਊ ਹੈ, ਸ਼ਰੀਫ਼ ਹੈ, ਕੁਲੀਨ ਹੈ ਅਤੇ ਹੋਰਨਾਂ ਲਈ ਉਦਾਰ ਹੈ। ਲੜਨਾ-ਭਿੜਨਾ, ਭ੍ਰਿਸ਼ਟਾਚਾਰ ਅਤੇ ਵਿਭਚਾਰ ਜੇ ਇਸ ਦਾ ਚਲਣ ਹੈ ਅਤੇ ਹੋਰਨਾਂ ਦਾ ਦਰਦ ਮਹਿਸੂਸ ਕਰਨ ਵਾਲਾ ਪਰਉਪਕਾਰੀ ਅਤੇ ਹਿਤੈਸ਼ੀ ਇਸ ਦਾ ਸੁਭਾਓ ਵੀ ਹੈ। ਇਕ ਵਿਅਕਤੀ, ਇਕ ਵੇਲੇ ਜੇਕਰ ਦੈਂਤ ਬਣਿਆ ਵਿਚਰਦਾ ਹੈ, ਤਾਂ ਦੂਜੇ ਪਲ ਉਹੋ ਹੀ ਸੁਸ਼ੀਲ ਬਣਿਆ ਵੀ ਦਿਸਦਾ ਹੈ।

ਮਨੁੱਖ ਦਾ ਅਜਿਹਾ ਦੋ ਰੰਗਾ ਵਤੀਰਾ ਕਿਉਂ ਹੈ? ਸਾਊ-ਸ਼ਰੀਫ ਵਿਅਕਤੀ ਕਿਉਂ ਕਠੋਰ ਧੱਕੜ ਵਤੀਰਾ ਅਪਨਾਉਣੋਂ ਨਹੀਂ ਝਿਜਕਦਾ ਅਤੇ ਕਿਉਂ ਇਹ ਹੋਰਨਾਂ ਦੀ ਪੀੜ ਵੰਡਾਉਂਦਾ-ਵੰਡਾਉਂਦਾ, ਹੋਰਨਾਂ ਦੀ ਪੀੜ ਦਾ ਕਾਰਨ ਬਣਦਾ ਰਹਿੰਦਾ ਹੈ? ਹੋਰਨਾਂ ਦਾ ਭਲਾ ਕਰਦਿਆਂ ਵੀ ਇਹ ਤਰਜੀਹ ਆਪਣਿਆਂ ਨੂੰ ਹੀ ਦਿੰਦਾ ਹੈ, ਕਿਉਂ? ਅਸੀਂ ਪਹਿਲਾਂ ਖ਼ੈਰ ਆਪਣੇ ਟੱਬਰ ਦੀ ਝੋਲੀ ਵਿਚ ਅਤੇ ਜੇ ਬਚਿਆ ਰਹਿ ਜਾਂਦਾ ਹੈ, ਉਸ ਨੂੰ ਆਪਣੀ ਜਾਤ-ਬਰਾਦਰੀ ਵਿਚ ਵੰਡ ਛੱਡਦੇ ਹਾਂ। ਉਹ ਵਿਰਲੇ ਹਨ, ਮਾਨਵਤਾ ਜਿਨ੍ਹਾਂ ਦੀ ਕਰਮਭੂਮੀ ਹੈ। ਕੌਮਾਂ ਦੀਆਂ ਕੌਮਾਂ ਤਰਫ਼ਦਾਰ ਪੱਖ-ਪਾਤ ਵਿਚ ਉਲਝੀਆਂ ਹੋਈਆਂ ਹਨ। ਜਿਹੜਾ ਵੀ ਹੱਦ ਦੇ ਉਸ ਪਾਰ ਰਹਿੰਦਾ ਹੈ, ਉਹ ਹੱਦ ਦੇ ਇਸ ਪਾਰ ਰਹਿਣ ਵਾਲਿਆਂ ਨੂੰ ਸ਼ੈਤਾਨ, ਦੁਸ਼ਟ, ਦੁਸ਼ਮਣ ਲਗਦਾ ਰਹਿੰਦਾ ਹੈ।

ਕਿਸੇ ਦਾ ਵੀ ਧਾਰਨ ਕੀਤਾ ਵਤੀਰਾ ਉਸ ਦੇ ਮਨ ਦਾ ਪਰਛਾਵਾਂ ਹੁੰਦਾ ਹੈ, ਉਸ ਮਨ ਦਾ, ਜਿਸ ਦਾ ਨਿਵਾਸ-ਸਥਾਨ ਦਿਮਾਗ਼ ਹੈ ਅਤੇ ਦਿਮਾਗ਼ ਦਾ ਰੇਸ਼ਾ-ਰੇਸ਼ਾ ਜੀਨਾਂ ਦੀ ਉਪਜ ਹੈ, ਜਿਹੜੇ ਹਰ ਇਕ ਨੂੰ ਉਸ ਦੇ ਮਾਂ ਅਤੇ ਪਿਓ ਤੋਂ, ਬਰਾਬਰ-ਬਰਾਬਰ, ਵਿਰਸੇ ਵਿਚ ਮਿਲਦੇ ਰਹਿੰਦੇ ਹਨ। ਇਸੇ ਕਾਰਨ, ਚਿਹਰੇ ਦੇ ਨਕਸ਼ਾਂ ਵਾਂਗ, ਹਰ ਇਕ ਦਾ ਆਪੋ-ਆਪਣਾ ਵੱਖਰਾ ਸੁਭਾਅ ਹੈ। ਜਿਸ ਨੂੰ ਅਸੀਂ ਚਰਿੱਤਰ ਸੱਦਦੇ ਹਾਂ, ਉਹ ਕੁਦਰਤੀ ਸੁਭਾਅ ਉਪਰ ਸਭਿਆਚਾਰ ਦੇ ਪ੍ਰਭਾਵ ਅਧੀਨ ਚੜ੍ਹਿਆ ਮੁਲੰਮਾ ਹੁੰਦਾ ਹੈ। ਸਭਿਆਚਾਰਕ ਕਦਰਾਂ ਹੀ ਇਹ ਨਿਰਧਾਰਤ ਕਰਦੀਆਂ ਹਨ ਕਿ ਕੀ ਸਾਨੂੰ ਚੰਗਾ ਲਗਦਾ ਹੈ, ਕੀ ਮਾੜਾ ਅਤੇ ਕਿਹੜੀ ਸੋਚ ਸਾਡੀ ਸੂਝ ਲਈ ਸੁਖਾਵੀਂ ਹੈ ਅਤੇ ਕਿਹੜੀ ਹੁਸੜਵੀਂ। ਕਈ ਸਭਿਆਚਾਰ ਧਾਰਮਿਕ ਮਰਿਆਦਾ ਉਪਰ ਜ਼ੋਰ ਦਿੰਦੇ ਹਨ, ਜਦ ਕਿ ਹੋਰ ਨਿਆਂਕਾਰ ਨਿਰਪੱਖਤਾ ਨੂੰ ਉੱਤਮ ਸਮਝਦੇ ਹਨ। ਪੂਰਬ ਵਿਚ 'ਕਲਪਣਾ' ਪ੍ਰਧਾਨ ਰਹੀ, ਜਦ ਕਿ ਪੱਛਮ ਵਿਚ ਤਰਕ। ਇਸੇ ਕਾਰਨ ਕਾਲਪਿਕ ਫਿਲਾਸਫੀ ਪੂਰਬ ਵਿਚੋਂ ਪੁੰਗਰੀ ਅਤੇ ਵਿਗਿਆਨ ਪੱਛਮ ਦੀ ਸੰਪਤੀ ਬਣਿਆ।

ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ੇ ਦੇ ਰੰਗ ਫੜਨ ਵਾਂਗ, ਸਾਡੀ ਸਭਨਾਂ ਦੀ ਲਾਈ-ਲੱਗ ਰੁਚੀ ਹੈ। ਇਹ ਰੁਚੀ ਹੈ ਸਭ ਦੀ, ਪਰ ਨਕਲ ਕਰਨ ਲਈ ਕੌਣ ਕਿਸ ਨੂੰ ਮਾਡਲ ਚੁਣਦਾ ਹੈ, ਇਸ ਕਾਰਨ ਸੂਝ-ਬੂਝ ਵਿਚ ਫ਼ਰਕ ਆ ਜਾਂਦਾ ਹੈ। ਵਿਅਕਤੀਗਤ ਵਤੀਰਾ ਕੋਈ ਠੋਸ ਆਕ੍ਰਿਤੀ ਨਹੀਂ ਕਿ ਜਿਸ ਵੀ ਸਾਂਚੇ ਵਿਚ ਇਹ ਇਕ ਵਾਰ ਢਲ ਗਿਆ, ਢਲ ਗਿਆ ਅਤੇ ਫਿਰ ਇਹ ਬਦਲਦਾ ਨਹੀਂ। ਸਾਡਾ ਵਤੀਰਾ ਦੁਆਲੇ ਵਿਆਪਕ ਸਭਿਆਚਾਰਕ ਪਰਿਸਥਿਤੀਆਂ ਦਾ ਹੁੰਗਾਰਾ ਭਰਦਾ-ਭਰਦਾ ਮੂਰਤੀਮਾਨ ਹੋਇਆ ਹੁੰਦਾ ਹੈ। ਇਸੇ ਕਾਰਨ ਸਾਡੇ ਅਮਲ ਬਹੁਰੰਗੇ ਹਨ : ਕਿਸੇ ਲਈ ਕੌਮ ਸਭ ਕੁਝ ਹੈ, ਕਿਸੇ ਲਈ ਧਰਮ ਦਾ ਮਹੱਤਵ ਹੈ, ਕਿਸੇ ਉਪਰ ਅੰਧਵਿਸ਼ਵਾਸ ਭਾਰੂ ਹਨ, ਕੋਈ ਉਦਾਰ ਸੋਚਣੀ ਦਾ ਕਦਰਦਾਨ ਹੈ। ਕਿਸੇ ਦੇ ਧਿਆਨ ਦਾ ਕੇਂਦਰ ਟੱਬਰ-ਕਬੀਲੇ ਹਨ ਅਤੇ ਕਿਸੇ ਲਈ ਵਿਅਕਤੀਗਤ ਸਵਾਧੀਨਤਾ ਸਰਬੋਤਮ ਹੈ। ਇਕੋ ਸਮਾਜ ਅੰਦਰ ਵਿਚਰਦਿਆਂ ਵੀ, ਇਸੇ ਕਰਕੇ ਵਿਰਸੇ ਵਿਚ ਮਿਲੀਆਂ ਪਰਿਵਿਰਤੀਆਂ ਅਨੁਕੂਲ ਅਸੀਂ ਵੱਖਰਾ-ਵੱਖਰਾ ਵਤੀਰਾ ਧਾਰਨ ਕਰਦੇ ਰਹਿੰਦੇ ਹਾਂ।

ਹਰ ਇਕ ਨੂੰ, ਇਸ ਕਰਕੇ, ਇਹ ਵੀ ਲਗਦਾ ਹੈ ਕਿ ਸੰਸਾਰ ਵਿਚ ਉਹ ਆਪਣੇ ਜਿਹਾ ਆਪ ਹੀ ਹੈ ਅਤੇ ਉਸ ਨੂੰ ਦੂਜਾ ਕੋਈ ਵੀ ਨਹੀਂ ਸਮਝ ਰਿਹਾ।

*ਹਮ ਅਨਜੁਮਨ ਮੇਂ ਸਭ ਕੀ ਤਰਫ ਦੇਖਤੇ ਰਹੇ,*

*ਅਪਨੀ ਤਰਹ ਸੇ ਕੋਈ ਅਕੇਲਾ ਨਹੀਂ ਮਿਲਾ।*

ਹਰ ਕੋਈ ਆਪਣੇ ਜਿਹਾ ਆਪ ਹੀ ਹੁੰਦਾ ਹੈ, ਨੇਕ, ਧੱਕੜ, ਧਾੜਵੀ, ਆਪ-ਹੁਦਰਾ, ਸੁਆਰਥੀ ਜਾਂ ਫਿਰ ਉਦਾਰ।

ਸਾਡੇ ਸਮਾਜ ਦੀ ਇਕ ਹੋਰ ਊਣਤਾਈ ਵੀ ਪ੍ਰਤੱਖ ਹੈ। ਇਸ ਅੰਦਰ ਸੁਆਰਥਹੀਣਤਾ ਦੇ

ਅਭਿਆਸ ਨਾਲੋਂ, ਇਸ ਦਾ ਪਾਖੰਡੀ ਵਿਖਾਲਾ ਕਿਧਰੇ ਵੱਧ ਹੋ ਰਿਹਾ ਹੈ। ਮਾਂ-ਪਿਓ ਬੱਚਿਆਂ ਨੂੰ ਝਾੜਦੇ-ਝੰਭਦੇ ਹੋਏ, ਅਧਿਆਪਕ ਵਿਦਿਆਰਥੀਆਂ ਦੀ ਅਗਵਾਈ ਕਰਦੇ ਹੋਏ, ਧਨਾਢ ਗ਼ਰੀਬਾਂ ਦਾ ਮੂੰਹ ਪੂੰਝਦੇ ਹੋਏ ਅਤੇ ਸਿਆਸੀ ਆਗੂ ਜਨਤਾ ਦੇ ਹਿੱਤਾਂ ਲਈ ਕੁਰਬਾਨ ਹੁੰਦੇ ਹੋਏ ਇਹੋ ਕਰਦੇ ਰਹਿੰਦੇ ਹਨ ਅਤੇ ਨਾਲੋ-ਨਾਲ ਇਹ ਵੀ ਜਤਾਉਂਦੇ ਰਹਿੰਦੇ ਹਨ ਕਿ ਚੰਗਾ ਨਾ ਲੱਗਣ ਵਾਲਾ ਜੋ ਵੀ ਉਹ ਕਰ ਰਹੇ ਹਨ, ਹੋਰਨਾਂ ਦੀ ਭਲਾਈ ਲਈ ਕਰ ਰਹੇ ਹਨ। ਇਸ ਪ੍ਰਸੰਗ ਵਿਚ ਸ਼ਾਅ ਨੇ ਸਹੀ ਕਿਹਾ ਸੀ :

*ਭਲੀ ਨੀਯਤ ਨਾਲ ਲਿੰਬੇ-ਪੋਚੇ ਦੁਆਰ ਹੀ,*
*ਨਰਕ ਦੇ ਦੁਆਰ ਹੁੰਦੇ ਹਨ।*

ਡਿਪਲੋਮੇਸੀ ਦੇ ਸਿਰਲੇਖ ਅਧੀਨ ਪਖੰਡੀ ਅਤੇ ਦੰਭੀ ਪ੍ਰਚਲਣ ਭਲੀ ਪ੍ਰਕਾਰ ਪਲ ਰਹੇ ਹਨ। ਨਿਰੋਲ ਕਥਨੀ ਨੁੰਮੂਨਿਆਂ ਦਾ ਸਤਾਇਆ ਗ਼ਾਲਿਬ ਵੀ ਕਹਿ ਗਿਆ ਸੀ :

*ਯੇ ਕਹਾਂ ਕੀ ਦੋਸਤੀ ਹੈ ਕਿ ਬਨੇ ਹੈਂ ਦੋਸਤ ਨਾਸਹਿ (ਨਸਹੀਤ ਕਰਨ ਵਾਲਾ),*
*ਕੋਈ ਚਾਰਾਸਾਜ਼ ਹੋਤਾ, ਕੋਈ ਗ਼ਮਗੁਸਾਰ (ਹਮਦਰਦ) ਹੋਤਾ।*

ਅਸੀਂ ਭਲਾਈ ਵੀ ਜੇਕਰ ਕਰਦੇ ਹਾਂ ਤਦ ਉਸ ਸਮੇਂ, ਜਦ ਲੋਕ ਸਾਨੂੰ ਦੇਖ ਰਹੇ ਹੁੰਦੇ ਹਨ। ਗੁਪਤਦਾਨ ਕੋਈ ਨਹੀਂ ਕਰਦਾ ਅਤੇ ਦਾਨੀ ਦਾ ਨਾਮ ਜਦ ਤਕ ਸੰਗਮਰਮਰੀ ਸਿੱਲ 'ਚ ਉੱਕਰ ਨਹੀਂ ਜਾਂਦਾ, ਉਸ ਨੂੰ ਸਬਾਬ ਦਾ ਅਨੁਭਵ ਹੀ ਨਹੀਂ ਹੁੰਦਾ। ਫਿਰ, ਸਾਡੀ ਭਲਾਈ ਦੇ ਕੇਵਲ ਉਹ ਹੀ ਹੱਕਦਾਰ ਬਣਦੇ ਰਹਿੰਦੇ ਹਨ, ਜਿਹੜੇ ਸਾਡੇ ਲਈ ਕੁਝ ਨਾ ਕੁਝ ਕਰਨ ਦੀ ਸਥਿਤੀ ਵਿਚ ਹੁੰਦੇ ਹਨ। ਸਮਾਜ ਦੀ ਹਰ ਇਕ ਪੱਧਰ ਉਪਰ ਆਪਸਦਾਰੀ ਆਦਰਸ਼ ਬਣੀ ਹੋਈ ਹੈ, ਜਿਸ ਵਿਚ ਨਿਰਪੱਖ ਸਾਊਪੁਣਾ ਅਤੇ ਬੇਲਾਗ ਨਿਆਂਕਾਰੀ ਨੁਮਾਇਸ਼ ਹੈ, ਢਕੌਂਸਲਾ ਹੈ, ਸੁਆਂਗ ਹੈ। ਅਸੀਂ ਸਾਰੇ ਉਹੋ ਕੁਝ ਵੇਚਣ ਦੇ ਯਤਨ ਕਰਦੇ ਰਹਿੰਦੇ ਹਾਂ, ਜੋ ਸਾਡੇ ਕੋਲ ਹੁੰਦਾ ਹੀ ਨਹੀਂ ਅਤੇ ਉਸੇ ਨਾਲ ਇਕ ਦੂਜੇ ਨੂੰ ਲੁਭਾਉਣ ਲਈ ਅਸੀਂ ਫਰੇਬ ਪਾਲਦੇ ਰਹਿੰਦੇ ਹਾਂ, ਠੱਗੀਆਂ ਮਾਰਦੇ ਰਹਿੰਦੇ ਹਾਂ ਅਤੇ ਝਾਂਸੇ ਬਰੂਰਦੇ ਰਹਿੰਦੇ ਹਾਂ। ਇਕ ਦੂਜੇ ਲਈ ਟੋਏ ਪੁੱਟਦੇ ਹੋਏ, ਵਹਿਮਾਂ ਵਿਚ ਅਤੇ ਭਰਮਾਂ ਵਿਚ ਅਸੀਂ ਆਪ ਵੀ ਖੁੱਭਦੇ ਰਹਿੰਦੇ ਹਾਂ। ਜਿਹੜਾ ਝੂਠਾ ਹੈ, ਉਹ ਹੋਰਨਾਂ ਦਾ ਵਿਸ਼ਵਾਸ ਕਰਨ ਯੋਗ ਨਹੀਂ ਰਹਿੰਦਾ ਅਤੇ ਹੋਰਨਾਂ ਵਿਚ ਭਰੋਸਾ ਗੁਆ ਕੇ ਉਹ ਨਰਕ ਭੋਗਦਾ ਰਹਿੰਦਾ ਹੈ।

*ਜ਼ਰਦ ਪੱਤੋਂ ਕਾ ਬਨ ਯੇ ਮੇਰਾ ਦੇਸ ਹੈ,*
*ਦਰਦ ਕੀ ਅਨਜੁਮਨ ਯੇ ਮੇਰਾ ਦੇਸ ਹੈ।*

ਮਨੁੱਖ ਦੇ ਸੁਭਾਓ ਦੇ ਜੇਕਰ ਇਹ ਬੁਰੇ ਅੰਸ਼ ਹਨ ਤਾਂ ਇਸ ਅੰਦਰ ਸਮਾਈਆਂ ਹੋਰ ਪਰਿਵਿਰਤੀਆਂ ਸਤਿਕਾਰਯੋਗ ਵੀ ਹਨ, ਜਿਨ੍ਹਾਂ ਕਾਰਨ ਹੀ ਇਕ ਮਨੁੱਖ ਮਾਨਵ ਬਣਿਆ। ਮਨੁੱਖ ਨੂੰ ਪ੍ਰਾਣੀਆਂ ਤੋਂ ਜਿਹੜੀ ਪਰਿਵਿਰਤੀ ਵਿਰਸੇ ਵਿਚ ਮਿਲੀ, ਉਹ ਹੈ 'ਉਤਸੁਕਤਾ', ਜਿਸ ਦਾ ਮਨੁੱਖ ਨੇ ਅਤਿ ਉੱਤਮ ਉਪਯੋਗ ਕੀਤਾ। ਗਿਆਨ ਦੀ ਖੋਜ ਨੂੰ ਇਸੇ ਨੇ ਸੰਭਵ ਬਣਾਇਆ ਅਤੇ ਇਸੇ ਕਾਰਨ ਫਲਸਫ਼ੇ ਅਤੇ ਵਿਗਿਆਨ ਜਨਮੇ। ਮਨੁੱਖ ਦੇ ਸੁਭਾਅ ਦੀ ਇਕ ਹੋਰ ਪਰਿਵਿਰਤੀ ਬਦਨਾਮ ਭਾਵੇਂ ਬਹੁਤ ਹੈ, ਪਰ ਜਿਸ ਨੇ ਮਾਨਵੀ ਹੋਂਦ ਨੂੰ ਗੌਰਵਮਈ ਵਕਾਰ ਵੀ ਅਰਪਣ ਕੀਤਾ, ਇਹ ਹੈ 'ਹਉਮੈਂ', ਜਿਸ ਦੇ ਮਾੜੇ ਅਤੇ ਚੰਗੇ ਦੋਵੇਂ ਪੱਖ ਹਨ। ਇਸ ਰੁਚੀ ਦਾ ਥੋੜ੍ਹਾ-ਬਹੁਤ ਮਾੜਾ ਉਪਯੋਗ ਤਾਂ ਸਭ ਹੀ ਕਰਦੇ ਰਹਿੰਦੇ ਹਨ, ਪਰ ਜਿਸ ਵਿਚ ਇਹ ਸਵੈਸਨਮਾਨ ਦਾ ਰੂਪ ਧਾਰ ਲੈਂਦੀ ਹੈ, ਉਹ ਵਿਅਕਤੀ ਸਮਾਜ ਦਾ ਰਚਨਾਤਮਕ ਉਪਕਰਨ ਬਣ ਕੇ ਅਤੇ ਪੀੜ ਤੋਂ ਵੱਖ ਹੋ ਕੇ, ਵੱਖਰਾ ਨਿੱਜਤਵ ਪ੍ਰਦਰਸ਼ਿਤ ਕਰਨ ਲਗਦਾ ਹੈ। ਸਵੈਸਨਮਾਨ ਵਾਲੇ ਜਜ਼ਬੇ ਅਧੀਨ ਮਾਨਵਤਾ ਨਿਖਰਦੀ ਰਹੀ ਹੈ ਅਤੇ ਅਗਾਂਹ ਵਧਦੀ ਰਹੀ ਹੈ, ਅਤੇ ਇਸੇ ਨੇ ਵਧੀਆ ਸਾਹਿਤਕਾਰ ਅਤੇ ਕਲਾਕਾਰ ਉਪਜਾਏ, ਫਿਲਾਸਫਰਾਂ ਨੂੰ ਉਤਸ਼ਾਹਤ ਕੀਤਾ, ਖੋਜਕਾਰਾਂ ਨੂੰ ਪ੍ਰੇਰਿਆ ਅਤੇ ਅਧਿਕਾਰੀਆਂ ਨੂੰ ਨਿਆਂ ਕਰਨ ਲਈ ਉਕਸਾਇਆ।

ਮਨੁੱਖ ਦਾ ਪਾਰਦਰਸ਼ੀ ਸਵੱਛ ਵਤੀਰਾ ਵੀ ਸਤਿਕਾਰ ਦੇ ਯੋਗ ਹੈ, ਜਿਸ ਦੀ ਪਰ ਕਦਰ ਨਹੀਂ ਪੈ ਰਹੀ। ਸਵੱਛ ਪਾਰਦਰਸ਼ਤਾ ਦਾ ਪ੍ਰਚਾਰ ਧਾਰਮਿਕ ਆਗੂ ਕਰਦੇ ਭਾਵੇਂ ਰਹਿੰਦੇ ਹਨ, ਪਰ ਰੂਹਾਨੀ ਸਕੂਨ ਲਈ ਉਸਾਰੇ ਗਏ ਸੰਸਥਾਨਾਂ ਵਿਚ ਇਸ ਦਾ ਖਿੜਿਆ ਰੰਗ ਦਿਖਾਈ ਨਹੀਂ ਦਿੰਦਾ।

ਜੇਕਰ ਨੇਕ ਬਣ ਕੇ ਵਿਚਰਨਾ ਔਖਾ ਹੈ, ਮਹਿੰਗਾ ਹੈ, ਤਾਂ ਫਿਰ ਜਿਹੜੇ ਨੇਕ ਹਨ, ਕਿਉਂ ਨੇਕ ਹਨ? ਇਸ ਲਈ, ਕਿਉਂਕਿ ਜਿਹੜੇ ਨੇਕ ਹਨ, ਉਨ੍ਹਾਂ ਦੀ ਜ਼ਮੀਰ, ਜਿਸ ਨੂੰ ਅੰਤਰ-ਆਤਮਾ ਵੀ ਕਿਹਾ ਜਾਂਦਾ ਹੈ, ਨੇਕ ਬਣੇ ਰਹਿਣ ਲਈ ਪ੍ਰੇਰਦੀ ਰਹਿੰਦੀ ਹੈ। ਜਦ ਵੀ ਅਸੀਂ ਹੋਰਨਾਂ ਲਈ ਕੁਝ ਚੰਗਾ ਕਰਦੇ ਹਾ ਤਾਂ ਸਾਨੂੰ ਇਕ ਪ੍ਰਕਾਰ ਦੇ ਰੂਹਾਨੀ ਸਕੂਨ ਦਾ ਅਨੁਭਵ ਹੁੰਦਾ ਹੈ ਅਤੇ ਅਸੀਂ ਆਪਣੀਆਂ ਨਜ਼ਰਾਂ ਵਿਚ ਉੱਚਾ ਹੋਇਆ ਮਹਿਸੂਸ ਕਰਦੇ ਹਾਂ। ਇਸ ਕਾਰਨ ਸਾਡੇ ਸਵੈ-ਸਨਮਾਨ ਨੂੰ ਵੀ ਹੁਲਾਰਾ ਮਿਲਦਾ ਹੈ। ਨਿਰਪੱਖ ਨਿਆਂਕਾਰੀ, ਈਮਾਨਦਾਰੀ ਅਤੇ ਉਦਾਰਤਾ ਦੇ ਅਭਿਆਸ ਦੇ ਵੀ ਇਹੋ ਜਿਹੇ ਹੀ ਸਿੱਟੇ ਨਿਕਲਦੇ ਹਨ।

**ਕਿਸੇ ਦਾ ਭਲਾ ਕੀਤਿਆਂ ਚੰਗਾ ਅਨੁਭਵ ਕਿਉਂ ਉਤਪੰਨ ਹੁੰਦਾ ਹੈ, ਇਸ ਦੀ ਵਿਆਖਿਆ ਵਿਗਿਆਨ ਕੁਝ ਕੁ ਇਸ ਪ੍ਰਕਾਰ ਕਰਦਾ ਹੈ। ਵਿਆਪਕ ਹਾਲਾਤ ਦੇ ਪ੍ਰਭਾਵ ਅਧੀਨ ਸਾਡੇ ਦਿਮਾਗ਼ ਅੰਦਰ ਭਾਂਤ-ਭਾਂਤ ਦੇ ਰਸ ਰਿਸਦੇ ਹਨ। ਜਿਹੜੇ ਜੀਨ ਇਹ ਰਸ ਉਪਜਾਉਂਦੇ ਹਨ, ਉਹ ਵਿਅਕਤੀ ਨੂੰ ਵਿਰਸੇ ਵਿਚ ਮਿਲੇ ਹੁੰਦੇ ਹਨ। ਸਾਡੇ ਮਨ ਅੰਦਰ ਡਰ, ਮੋਹ, ਸਾਹਸ, ਉਦਾਸੀ, ਆਨੰਦ ਅਦਿ ਦਾ ਆਧਾਰ ਬਣਦੀਆਂ ਪਰਿਸਥਿਤੀਆਂ, ਇਨ੍ਹਾਂ ਰਸਾਂ ਕਾਰਨ ਪੁੰਗਰਦੀਆਂ ਰਹਿੰਦੀਆਂ ਹਨ। ਇਨ੍ਹਾਂ ਰਸਾਂ ਵਿਚੋਂ ਇਕ ਰਸ ਹੈ ਆਕਸੀਟਾਸਿਨ, ਜਿਹੜਾ ਜਿਨ੍ਹਾਂ ਵਿਚ ਵੀ ਵੱਧ ਮਾਤਰਾ ਵਿਚ ਰਿਸਦਾ ਹੈ, ਉਹ ਵਧੇਰੇ ਉਦਾਰਚਿਤ ਵਿਅਕਤੀ ਹੁੰਦੇ ਹਨ। ਜਿਸ ਲਈ ਵੀ ਇਹ ਮੋਹ ਪਾਲਦੇ ਹਨ, ਇਸ਼ਕ ਦੀ ਹੱਦ ਤਕ ਪਾਲਦੇ ਹਨ ਅਤੇ ਉਸ ਦੀ ਲੋੜ ਤੋਂ ਵੱਧ ਪ੍ਰਵਾਹ ਇਹ ਕਰਦੇ ਹਨ। ਅਜਿਹੇ ਵਿਅਕਤੀਆਂ ਦਾ ਜੇਕਰ ਲੋਕ ਭਲਾਈ ਆਦਰਸ਼ ਬਣ ਜਾਵੇ, ਤਦ ਇਹ ਉਸ ਵਿਚ ਖੁੱਭ ਕੇ, ਹੋਰ ਸਭ ਕੁਝ ਵਿਸਾਰ ਛੱਡਦੇ ਹਨ। ਅਸਾਡੇ ਕਈ ਆਗੂ ਅਤੇ ਰਹਿਬਰ ਇਸੇ ਵੰਨਗੀ ਦੇ ਵਿਅਕਤੀ ਸਨ।**

ਪਾਲ ਜ਼ਾਕ ਨਾਮ ਦੇ ਵਿਗਿਆਨੀ ਨੇ ਆਕਸੀਟਾਸਿਨ ਦੇ ਮਨੁੱਖੀ ਵਤੀਰੇ ਉਪਰ ਪੈਣ ਵਾਲੇ ਪ੍ਰਭਾਵ ਪ੍ਰਤਿ ਖੋਜ ਕੀਤੀ ਹੈ ਅਤੇ ਉਸ ਨੇ ਇਸ ਹਾਰਮੋਨ ਲਈ 'ਪਰਉਪਕਾਰ ਪ੍ਰੇਰਕ' ਦਾ

*ਬਾਕੀ ਸਫ਼ਾ 71 ਉੱਤੇ*

# ਜੁੱਤੀ : ਬਣਤਰ, ਸ਼ਿਲਪਕਾਰੀ ਤੇ ਉਦਯੋਗ

ਗੁਰਿੰਦਰਬੀਰ ਸਿੰਘ

ਮਨੁੱਖ ਦੀ ਇਹ ਸੁਭਾਵਿਕ ਪ੍ਰਵਿਰਤੀ ਹੈ ਕਿ ਉਹ ਕੇਵਲ ਆਪਣੀਆਂ ਪਦਾਰਥਕ ਲੋੜਾਂ ਦੀ ਪੂਰਤੀ ਤੋਂ ਸੰਤੁਸ਼ਟ ਨਹੀਂ ਹੁੰਦਾ। ਮਨੁੱਖੀ ਚੇਤਨਾ ਦੀ ਸੂਖ਼ਮ ਤਲਾਸ਼ ਇਨ੍ਹਾਂ ਪਦਾਰਥਕ ਵਰਤਾਰਿਆਂ ਤੋਂ ਪਾਰ ਫੈਲਦੀ ਹੋਈ ਖ਼ਾਸ ਤਰ੍ਹਾਂ ਦੀਆਂ ਕਲਾਤਮਕ ਤੇ ਸੁਹਜਾਤਮਕ ਲੋੜਾਂ ਦੀ ਤ੍ਰਿਪਤੀ ਦੀ ਜਗਿਆਸਾ ਵੀ ਰੱਖਦੀ ਹੈ। ਇਸੇ ਮਾਨਵੀ ਜਗਿਆਸਾ ਵਿਚੋਂ ਸ਼ਿਲਪ ਕਲਾ ਜਿਹੇ ਵਰਤਾਰੇ ਪੈਦਾ ਹੁੰਦੇ ਹਨ। ਸ਼ਿਲਪ ਕਲਾਵਾਂ ਦੇ ਵੱਖ-ਵੱਖ ਰੂਪਾਂ ਦੀ ਸਿਰਜਨਾ ਬਹੁ-ਪੱਖੀ ਪਸਾਰਾਂ ਵਿਚ ਫੈਲੀ ਹੁੰਦੀ ਹੈ। ਸੰਦ, ਪਦਾਰਥਕ ਸਮੱਗਰੀ, ਮਨੁੱਖ ਮਾਧਿਅਮ, ਬਣਾਉਣ ਦੀ ਵਿਧੀ ਆਦਿ ਜਿਥੇ ਸ਼ਿਲਪਗਤ ਵਸਤੂਆਂ ਨੂੰ ਸਮੁੱਚਾ ਰੂਪ ਪ੍ਰਦਾਨ ਕਰਨ ਵਾਲੀਆਂ ਵੱਖ-ਵੱਖ ਪ੍ਰਕਿਰਿਆਵਾਂ ਜਾਂ ਸਹਾਇਕ ਸਰੋਤ ਹਨ, ਉਥੇ ਇਹ ਜੁੱਤੀ ਦੀ ਬਣਤਰ ਤੇ ਸ਼ਿਲਪਕਾਰੀ ਨਾਲ ਜੁੜੇ ਮਹੱਤਵਪੂਰਨ ਪਸਾਰ ਵੀ ਹਨ।

## ਸਮੱਗਰੀ/ਪਦਾਰਥ ਮਾਧਿਅਮ

ਕਿਸੇ ਵੀ ਪਦਾਰਥਕ ਜਾਂ ਕਲਾਤਮਕ ਵਸਤੂ ਦਾ ਨਿਰਮਾਣ ਪ੍ਰਾਪਤ ਸਮੱਗਰੀ ਦੇ ਆਧਾਰ 'ਤੇ ਹੀ ਸੰਭਵ ਹੁੰਦਾ ਹੈ। ਸਮੱਗਰੀ ਦੀ ਅਣਹੋਂਦ ਵਿਚ ਸ਼ਿਲਪਕਾਰੀ ਦੀ ਕਿਸੇ ਵੰਨਗੀ ਦੇ ਨਿਰਮਾਣ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਭਾਵੇਂ ਵਿਭਿੰਨ ਪ੍ਰਕਾਰ ਦੇ ਸੰਦ ਵੀ ਸ਼ਿਲਪ ਕਲਾ ਦੀਆਂ ਵੰਨਗੀਆਂ ਦੀ ਸਿਰਜਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਪਰ ਸਮੱਗਰੀ ਦਾ ਸਥਾਨ ਜਾਂ ਮਹੱਤਵ ਸੰਦਾਂ ਤੋਂ ਪਹਿਲਾਂ ਜਾਂ ਵਧੇਰੇ ਹੈ, ਕਿਉਂਕਿ ਸੰਦਾਂ ਦੀ ਹੋਂਦ ਦੀ ਸਮੱਗਰੀ 'ਤੇ ਹੀ ਨਿਰਭਰ ਕਰਦੀ ਹੈ।

ਜੁੱਤੀ ਸ਼ਿਲਪ ਕਲਾ ਦੀ ਇਕ ਅਜਿਹੀ ਵੰਨਗੀ ਹੈ ਜਿਸ ਨੂੰ ਬਣਾਉਣ ਲਈ ਬਹੁ-ਭਾਂਤੀ ਸਮੱਗਰੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਕੱਚੇ ਮਾਲ ਦੀ ਉਪਲਬਧਤਾ ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਦੇ ਮੌਸਮ ਦੀਆਂ ਸਥਿਤੀਆਂ 'ਤੇ ਨਿਰਭਰ ਕਰਦਾ ਹੈ ਕਿ ਜੁੱਤੀਆਂ ਬਣਾਉਣ ਲਈ ਕਿਸ ਤਰ੍ਹਾਂ ਦੀ ਸਮੱਗਰੀ ਵਰਤੀ ਜਾਵੇ? ਇਸੇ ਕਰਕੇ ਆਰੰਭਕ ਦੌਰ ਵਿਚ ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਉਸ ਦੇਸ਼ ਜਾਂ ਇਲਾਕੇ ਦੇ ਜਲਵਾਯੂ ਅਤੇ ਉਸ ਦੇ ਆਸ-ਪਾਸ ਆਸਾਨੀ ਨਾਲ ਮਿਲ ਜਾਣ ਵਾਲੀ ਸਮੱਗਰੀ, ਉਥੋਂ ਦੀਆਂ ਜੁੱਤੀਆਂ ਦਾ ਪ੍ਰਮੁੱਖ ਮਾਧਿਅਮ ਬਣਦੀ ਹੈ। ਉਦਾਹਰਣ ਵਜੋਂ, ਪੁਰਾਤਨ ਸਮੇਂ ਵਿਚ ਮਨੁੱਖ ਘਾਹ-ਫੂਸ ਅਤੇ ਦਰੱਖ਼ਤਾਂ ਦੀਆਂ ਛਿੱਲਾਂ ਆਦਿ ਸਮੱਗਰੀ ਨੂੰ ਪੈਰਾਂ ਨਾਲ ਬੰਨ੍ਹ ਕੇ ਆਪਣੇ ਪੈਰ ਢੱਕਦਾ ਰਿਹਾ ਹੈ। ਪਹਾੜੀ ਲੋਕ ਮੁੰਜ ਜਾਂ ਸਰਕੜੇ ਦੀਆਂ ਬਣੀਆਂ ਜੁੱਤੀਆਂ ਪਹਿਨਦੇ ਰਹੇ ਹਨ, ਜਿਸ ਦੇ ਅਵਸ਼ੇਸ਼ ਅੱਜ ਵੀ ਕਿਤੇ-ਕਿਤੇ ਗੁੱਜਰਾਂ ਵਲੋਂ ਪਹਿਨੀ ਜਾਂਦੀ ਪਰਾਲ਼ੀ ਤੇ ਰੱਸੀ ਆਦਿ ਸਮੱਗਰੀ ਤੋਂ ਬਣੀ ਜੁੱਤੀ ਵਿਚ ਵੇਖੇ ਜਾ ਸਕਦੇ ਹਨ। ਯੂਰਪ ਦੇ ਜੰਗਲੀ ਇਲਾਕਿਆਂ ਅਤੇ ਮੱਧ ਪੂਰਬ ਦੇ ਗਰਮ ਇਲਾਕਿਆਂ ਵਿਚ ਅਤੇ ਜਪਾਨ ਵਿਚ ਲੱਕੜ ਦੀਆਂ ਜੁੱਤੀਆਂ ਪਹਿਨੀਆਂ ਜਾਂਦੀਆਂ ਰਹੀਆਂ ਹਨ, ਜਿਨ੍ਹਾਂ ਨੂੰ 'ਕਲਾਗ', 'ਪਊਏ', 'ਖੜਾਵਾਂ' ਆਦਿ ਨਾਂ ਦਿਤੇ ਜਾਂਦੇ ਹਨ। ਸਕੈਂਡਨੇਵੀਆ ਵਿਚ ਸਿਨਕੋਨਾ/ਕੁਨੀਨ ਦੇ ਰੁੱਖ ਦੇ ਛਿਲਕੇ ਤੋਂ ਬਣੀਆਂ 'ਮਕਾਸਿਨ' ਕਿਸਮ ਦੀਆਂ ਜੁੱਤੀਆਂ ਪਹਿਨੀਆਂ ਜਾਂਦੀਆਂ ਰਹੀਆਂ ਹਨ। ਪੁਰਾਤਨ ਮਿਸਰ ਵਿਚ 'ਪੈਪੀਰਸ' ਨਾਂ ਦੇ ਇਕ ਬੂਟੇ ਦੇ ਪੱਤਿਆਂ ਨੂੰ ਵੱਟ ਜਾਂ ਗੁੰਦ ਕੇ ਸੈਂਡਲ ਬਣਾਏ ਜਾਂਦੇ ਰਹੇ ਹਨ। ਚੀਨ ਵਿਚ ਪੈਰਾਂ ਨੂੰ ਛੋਟੇ ਰੱਖਣ ਲਈ ਲੋਹੇ ਦੀਆਂ ਜੁੱਤੀਆਂ ਪਾਉਣ ਦਾ ਰਿਵਾਜ ਸੀ। ਅੱਜ ਵੀ ਬਰਫ਼ੀਲੇ ਜਾਂ ਠੰਢੇ ਇਲਾਕਿਆਂ ਵਿਚ ਰਹਿਣ ਵਾਲੇ ਲੋਕ ਪਸ਼ਮੀਨੇ ਦੀ ਖੱਲ ਦੀਆਂ ਬਣੀਆਂ ਜੁੱਤੀਆਂ ਜਾਂ ਵਿਸ਼ੇਸ਼ ਕਰਕੇ ਕਾਲੇ ਜਾਂ ਲਾਲ ਚਮੜੇ ਦੇ ਬਣੇ 'ਰਸ਼ੀਅਨ ਬੂਟ' ਪਹਿਨਦੇ ਹਨ। ਇਸੇ ਤਰ੍ਹਾਂ ਹਿਮਾਲਿਆ

ਪੰਜਾਬੀ ਜੁੱਤੀ



ਖੇਤਰ ਜਿਵੇਂ ਤਿੱਬਤ, ਭੂਟਾਨ, ਨੇਪਾਲ ਆਦਿ ਦੇਸ਼ਾਂ ਦੇ ਲੋਕ 'ਯਾਕ' ਦੀ ਚਮੜੀ ਤੋਂ ਬਣੇ ਬੂਟਾਂ ਦਾ ਪ੍ਰਯੋਗ ਵਧੇਰੇ ਕਰਦੇ ਹਨ। 'ਯਾਕ' ਤਿੱਬਤ ਅਤੇ ਹਿਮਾਲਿਆ ਦੇ ਖੇਤਰਾਂ ਵਿਚ ਪਾਈ ਜਾਂਦੀ ਇਕ ਲੰਮੇ ਵਾਲਾਂ ਵਾਲੀ ਗਾਂ ਹੁੰਦੀ ਹੈ।

ਨਿਰਸੰਦੇਹ, ਜੁੱਤੀਆਂ ਦੀ ਨਿਰਮਾਣਕਾਰੀ ਲਈ ਮੌਸਮੀ ਸਥਿਤੀਆਂ ਅਤੇ ਸਮੱਗਰੀ ਦੀ ਸੌਖਾਲੀ ਉਪਲਬਧਤਾ ਉਪਰ ਬਹੁਤ ਕੁਝ ਨਿਰਭਰ ਕਰਦਾ ਹੈ, ਜਿਸ ਦਾ ਪ੍ਰਮਾਣ ਜੁੱਤੀਆਂ ਨੂੰ ਬਣਾਉਣ ਲਈ ਵਰਤੀ ਜਾਂਦੀ ਪ੍ਰਮੁੱਖ ਸਮੱਗਰੀ ਜਾਂ ਮਾਧਿਅਮ 'ਚਮੜੇ' ਤੋਂ ਵੀ ਮਿਲਦਾ ਹੈ। 'ਐਨਸਾਈਕਲੋਪੀਡੀਆ ਅਮੇਰੀਕਾਨਾ' ਅਨੁਸਾਰ ਪੱਥਰ ਯੁੱਗ ਦਾ ਆਦਮੀ ਜਿਨ੍ਹਾਂ ਜਾਨਵਰਾਂ ਨੂੰ ਖਾਣ ਲਈ ਵਰਤਦਾ ਸੀ, ਉਨ੍ਹਾਂ ਦੇ ਚਮੜੇ ਤੋਂ ਬਗ਼ੈਰ ਆਪਣੇ-ਆਪ ਨੂੰ ਕਿਸੇ ਹੋਰ ਪਦਾਰਥ ਨਾਲ ਵੱਡੀ ਮਾਤਰਾ ਵਿਚ ਢੱਕਣ ਤੋਂ ਅਸਮਰਥ ਸੀ। ਸੰਭਾਵਿਤ ਤੌਰ ਤੇ ਉਹ ਚਮੜੇ ਦੇ ਟੁਕੜਿਆਂ ਨਾਲ ਪੈਰਾਂ ਨੂੰ ਢੱਕ ਕੇ ਠੰਢ ਤੋਂ ਬਚਿਆ ਕਰਦਾ ਸੀ। ਜਦੋਂ ਇਹ ਚਮੜੀ ਸੁੱਕ ਜਾਂ ਫਟ ਜਾਂਦੀ ਤਾਂ ਆਦਿ ਮਾਨਵ ਜਾਨਵਰਾਂ ਦੇ ਤੇਲ ਜਾਂ ਥਿੰਧਿਆਈ ਨਾਲ ਇਸ ਨੂੰ ਨਰਮ ਕਰਦਾ। ਇਹ ਚਮੜੇ ਨੂੰ ਪਹਿਨਣ ਜਾਂ ਚਮੜੇ ਦੇ ਪਹਿਰਾਵੇ ਦਾ ਪਹਿਲਾ ਯਤਨ ਸੀ। ਇਸ ਤੋਂ ਬਾਅਦ, ਮਨੁੱਖ ਨੇ ਆਪਣੇ ਆਲੇ-ਦੁਆਲੇ ਦੀ ਬਨਸਪਤੀ ਦੀ ਵਰਤੋਂ ਨਾਲ ਆਪਣੇ ਚਮੜੇ ਦੇ ਕੱਪੜਿਆਂ ਨੂੰ ਰੰਗਣਾ ਜਾਂ ਸੋਧਣਾ ਸ਼ੁਰੂ ਕੀਤਾ। ਇਸ ਤਰ੍ਹਾਂ ਕਰਨ ਨਾਲ ਉਸ ਨੇ ਖੱਲ ਨੂੰ ਖਰਾਬ ਹੋਣ ਤੋਂ ਬਚਾਉਣ ਦੀ ਵਿਧੀ ਵਿਚ ਭਾਰੀ ਬਦਲਾਵ ਲਿਆਂਦਾ ਅਤੇ ਪਸ਼ੂਆਂ ਅਤੇ ਜਾਨਵਰਾਂ ਦੀ ਖੱਲ ਜਾਂ ਚੰਮ ਨੂੰ ਚਮੜੇ ਵਿਚ ਤਬਦੀਲ ਕਰਨ ਦੀ ਵਿਧੀ ਵਿਚ ਵੀ ਇਕ ਨਵਾਂ ਮੋੜ ਆਇਆ। ਕੁਦਰਤੀ ਤੇਲ ਅਤੇ ਬਨਸਪਤੀ ਰੰਗਾਈ ਦੁਆਰਾ ਖੱਲ ਨੂੰ ਸੋਧਣ ਦੀ ਪ੍ਰਕਿਰਿਆ ਵੀਹਵੀਂ ਸਦੀ ਤਕ ਨਿਰੰਤਰ ਚਲਦੀ ਰਹੀ। ਵਰਤਮਾਨ ਵਿਚ ਚਮੜੇ ਨੂੰ ਸੋਧਣ ਦੀਆਂ ਅਨੇਕ ਨਵੀਆਂ ਵਿਗਿਆਨਕ ਵਿਧੀਆਂ ਪ੍ਰਚਲਿਤ ਹੋ ਚੁੱਕੀਆਂ ਹਨ, ਜਿਨ੍ਹਾਂ ਦੀ ਵਰਤੋਂ ਨਾਲ ਪਸ਼ੂਆਂ ਤੇ ਜਾਨਵਰਾਂ ਦੀ ਖੱਲ ਨੂੰ ਸੋਧ ਕੇ ਰੰਗ ਤੇ ਉੱਤਮ ਕਿਸਮ ਦਾ ਚਮੜਾ ਜੁੱਤੀਆਂ ਅਤੇ ਹੋਰ ਵਸਤਾਂ ਦੇ ਨਿਰਮਾਣ ਲਈ ਵਰਤਿਆ ਜਾ ਰਿਹਾ ਹੈ।

ਚਮੜੇ ਤੋਂ ਜਿਥੇ ਪਰਸ, ਬੈਗ, ਬਕਸੇ, ਕਾਠੀਆਂ, ਦਸਤਾਨੇ, ਬੈਲਟਾਂ, ਕਿਤਾਬਾਂ ਦੀਆਂ ਜਿਲਦਾਂ, ਮਸ਼ੀਨਾਂ ਦੇ ਹਿੱਸੇ, ਫਰਨੀਚਰ ਦੀ ਸਮੱਗਰੀ ਆਦਿ ਅਨੇਕ ਉਪਯੋਗੀ ਵਸਤੂਆਂ ਦਾ ਨਿਰਮਾਣ ਹੁੰਦਾ ਹੈ, ਉਥੇ ਜੁੱਤੀਆਂ ਬਣਾਉਣ ਲਈ ਇਸ ਦੀ ਸਭ ਤੋਂ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਚਮੜਾ ਜੁੱਤੀ ਦਾ ਸਭ ਤੋਂ ਪ੍ਰਮੁੱਖ ਪਦਾਰਥਕ ਮਾਧਿਅਮ ਹੈ। ਵੱਖ-ਵੱਖ ਕਿਸਮ ਦੀਆਂ ਜੁੱਤੀਆਂ ਬਣਾਉਣ ਲਈ ਬਹੁਪੱਖੀ ਚਮੜੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਮੁੱਖ ਰੂਪ ਵਿਚ ਜੁੱਤੀਆਂ ਬਣਾਉਣ ਲਈ ਜਿਨ੍ਹਾਂ ਪਸ਼ੂਆਂ, ਜਾਨਵਰਾਂ ਅਤੇ ਜੀਵ-ਜੰਤੂਆਂ ਦੀ ਖੱਲ ਜਾਂ ਚਮੜੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਨ੍ਹਾਂ ਵਿਚ ਗਾਂ, ਮੱਝ, ਬੱਕਰੀ, ਭੇਡ, ਊਠ, ਘੋੜਾ, ਖੋਤਾ, ਸੂਰ, ਹਾਥੀ, ਹਿਰਨ, ਵੱਛਾ, ਮੇਮਣਾ, ਘੜਿਆਲ, ਅਜਗਰ, ਮਗਰਮੱਛ, ਸ਼ਤਰਮੁਰਗ, ਸੱਪ, ਛਿਪਕਲੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਇਨ੍ਹਾਂ ਪਸ਼ੂਆਂ ਅਤੇ ਜੀਵ-ਜੰਤੂਆਂ ਦੀ ਖੱਲ ਜਾਂ ਚਮੜੀ ਤੋਂ ਵੱਖ-ਵੱਖ ਹਿੱਸਿਆਂ ਨੂੰ ਬਣਾਉਣ ਲਈ ਵੀ ਵਿਭਿੰਨ ਕਿਸਮ ਦੇ ਚਮੜੇ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜੁੱਤੀਆਂ ਲਈ ਸਭ ਤੋਂ ਜ਼ਿਆਦਾ ਵਰਤੋਂ ਵਿਚ ਆਉਣ ਵਾਲਾ ਚਮੜਾ ਗਾਂ, ਬੱਕਰੀ ਤੇ ਭੇਡ ਆਦਿ ਪਸ਼ੂਆਂ ਦੇ ਚੰਮ ਤੋਂ ਬਣਦਾ ਹੈ। ਇਨ੍ਹਾਂ ਪਸ਼ੂਆਂ ਦੀ ਖੱਲ ਤੋਂ ਤਿਆਰ ਚਮੜੇ ਦੀ ਵਧੇਰੇ ਵਰਤੋਂ ਜੁੱਤੀ ਦੇ ਉਪਰਲੇ ਹਿੱਸੇ ਅਤੇ ਕਈ ਵਾਰ ਤਲਿਆਂ ਲਈ ਵੀ ਕੀਤੀ ਜਾਂਦੀ ਹੈ। ਮੱਝ ਅਤੇ ਊਠ ਦੇ ਚੰਮ ਤੋਂ ਮਜ਼ਬੂਤ ਅਤੇ ਮੋਟਾ ਚਮੜਾ ਬਣਦਾ ਹੈ। ਸਭ ਤੋਂ ਉੱਤਮ ਕਿਸਮ ਦੀਆਂ ਜੁੱਤੀਆਂ ਵੱਛੇ ਦੇ ਚੰਮ ਤੋਂ ਬਣਦੀਆਂ ਹਨ। ਇਸੇ ਕਰਕੇ ਆਦਮੀਆਂ ਅਤੇ ਔਰਤਾਂ ਦੀਆਂ ਵਧੀਆ ਕਿਸਮ ਦੀਆ ਜੁੱਤੀਆਂ ਦਾ ਉਪਰਲਾ ਹਿੱਸਾ ਵੱਛੇ ਦੀ ਖੱਲ ਦਾ ਬਣਿਆ ਹੁੰਦਾ ਹੈ, ਕਿਉਂਕਿ ਇਸ ਕਿਸਮ ਦਾ ਚਮੜਾ ਪੈਰਾਂ ਲਈ ਅਰਾਮਦਾਇਕ ਸਿੱਧ ਹੁੰਦਾ ਹੈ। ਬੱਕਰੀ ਦੇ ਮੇਮਣੇ ਦੀ ਖੱਲ ਦੀ ਵਧੇਰੇ ਵਰਤੋਂ ਔਰਤਾਂ ਦੀਆਂ ਪੁਸ਼ਾਕੀ ਜੁੱਤੀਆਂ ਅਤੇ ਆਦਮੀਆਂ ਦੇ ਸਲੀਪਰਾਂ ਲਈ ਕੀਤੀ ਜਾਂਦੀ ਹੈ। ਘੋੜਿਆਂ ਦੇ ਭਾਰੀ ਕਿਸਮ ਦੇ ਚੰਮ ਦੀ ਵਰਤੋਂ ਆਦਮੀਆਂ ਦੀਆਂ ਜੁੱਤੀਆਂ ਲਈ ਕੀਤੀ ਜਾਂਦੀ ਹੈ। ਰੀਂਗਣ ਵਾਲੇ ਜੀਵ-ਜੰਤੂਆਂ (ਸੱਪ, ਘੜਿਆਲ, ਛਿਪਕਲੀ/ਕਿਰਲੀ) ਦੇ ਚੰਮ ਦੀ ਵਰਤੋਂ ਜ਼ਿਆਦਾਤਰ ਔਰਤਾਂ ਦੀਆਂ ਜੁੱਤੀਆਂ ਅਤੇ ਕਿਤੇ-ਕਿਤੇ ਮਰਦਾਂ ਦੇ ਬੂਟਾਂ ਲਈ ਕੀਤੀ ਜਾਂਦੀ ਹੈ। ਭੇਡ ਦੀ ਖੱਲ ਦੀ ਵਰਤੋਂ ਜੁੱਤੀਆਂ ਦੇ ਅਸਤਰ ਵਾਲੇ ਹਿੱਸੇ ਲਈ ਕੀਤੀ ਜਾਂਦੀ ਹੈ। ਸੂਰ ਦੇ ਚੰਮ ਦੀ ਵਰਤੋਂ ਜੁੱਤੀਆਂ ਦੇ ਉਪਰਲੇ ਹਿੱਸੇ ਲਈ ਹੁੰਦੀ ਹੈ। ਜੁੱਤੀਆਂ 'ਪੇਟੈਂਟ ਚਮੜੇ' ਦੀਆਂ ਬਣੀਆਂ ਵੀ ਹੋ ਸਕਦੀਆਂ ਹਨ, ਜਿਹੜਾ ਵੱਖ-ਵੱਖ ਪਸ਼ੂਆਂ ਦੀ ਖੱਲ ਤੋਂ ਬਣਦਾ ਹੈ। ਇਸ ਕਿਸਮ ਦੇ ਚਮੜੇ ਨੂੰ ਬਣਾਉਟੀ ਚਮਕ ਜਾਂ ਰੋਗਨ ਦੇ ਕੇ ਸ਼ੀਸ਼ੇ ਵਾਂਗ ਚਮਕਦਾਰ ਰੂਪ ਦਿਤਾ ਜਾਂਦਾ ਹੈ। 'ਸਵੇਡ ਚਮੜਾ' ਜੋ ਵੱਛੇ, ਮੇਮਣੇ, ਬੱਕਰੀ, ਗਾਂ ਆਦਿ ਦੀ ਖੱਲ ਦਾ ਬਣਿਆ ਹੋ ਸਕਦਾ ਹੈ, ਉਸ ਵਿਚ ਚਮੜੇ ਨੂੰ ਅੰਦਰਲੇ ਹਿੱਸੇ ਤੋਂ ਰਗੜ ਕੇ ਚਮਕਾਇਆ ਜਾਂਦਾ ਹੈ ਤਾਂ ਜੋ ਬੁਰ ਜਾਂ ਲੂੰਈਂ ਉਤਪੰਨ ਕੀਤੀ ਜਾ ਸਕੇ।

ਪੰਜਾਬੀ ਜੁੱਤੀ



ਜੁੱਤੀਆਂ ਦੀ ਨਿਰਮਾਣਕਾਰੀ ਲਈ ਵਰਤੀ ਜਾਂਦੀ ਸਮੱਗਰੀ ਵਿਚ ਭਾਵੇਂ ਚਮੜੇ ਨੂੰ ਪ੍ਰਮੁਖਤਾ ਹਾਸਿਲ ਹੈ, ਪਰ ਵੀਹਵੀਂ ਸਦੀ ਵਿਚ ਰਬੜ, ਪਲਾਸਟਿਕ, ਸਿੰਥੈਟਿਕ ਕੱਪੜਾ ਅਤੇ ਹੋਰ ਕਈ ਉਦਯੋਗਿਕ ਪਦਾਰਥਾਂ ਦਾ ਵਿਕਾਸ ਹੋਣ ਨਾਲ ਜੁੱਤੀਆਂ ਬਣਾਉਣ ਦੀ ਪੁਰਾਤਨ ਸ਼ਿਲਪਗਤ ਤਕਨੀਕ ਅਤੇ ਇਸ ਵਿਚ ਵਰਤੀ ਜਾਂਦੀ ਸਮੱਗਰੀ ਵਿਚ ਵੱਡਾ ਪਰਿਵਰਤਨ ਆਉਂਦਾ ਹੈ। ਚਮੜਾ ਜੋ ਪੁਰਾਤਨ ਸਮੇਂ ਤੋਂ ਪ੍ਰਮੁੱਖ ਪਦਾਰਥਕ ਮਾਧਿਅਮ ਵਜੋਂ ਕਾਰਜਸ਼ੀਲ ਰਿਹਾ ਹੈ, ਉਹ ਜੁੱਤੀ ਦੀਆਂ ਕੁਝ ਕਿਸਮਾਂ ਜਿਵੇਂ ਪੁਸ਼ਾਕੀ ਜੁੱਤੀਆਂ ਆਦਿ ਲਈ ਤਾਂ ਪ੍ਰਯੋਗ ਹੁੰਦਾ ਰਹਿੰਦਾ ਹੈ, ਪਰ ਖੇਡਾਂ ਨਾਲ ਸੰਬੰਧਿਤ ਐਥਲੈਟਿਕ ਤੇ ਹੋਰ ਕਈ ਜੁੱਤੀਆਂ ਲਈ ਜ਼ਰੂਰੀ ਮਾਧਿਅਮ ਨਹੀਂ ਰਹਿੰਦਾ। ਅੱਜ ਬਹੁਤ ਸਾਰੀਆਂ ਜੁੱਤੀਆਂ ਦੇ ਅੰਦਰੂਨੀ ਤੇ ਬਾਹਰੀ ਤਲੇ ਚਮੜੇ ਦੇ ਨਹੀਂ ਹਨ। 20ਵੀਂ ਸਦੀ ਵਿਚ 'ਵਲਕਨਾਈਜ਼' ਰਬੜ ਦੀ ਵਰਤੋਂ ਵੱਡੀ ਮਾਤਰਾ ਵਿਚ ਕੀਤੀ ਜਾਣ ਲੱਗਦੀ ਹੈ। ਦੂਜੇ ਵਿਸ਼ਵ ਯੁੱਧ ਦੌਰਾਨ ਵਾਲਡੋ ਸਿਮੋਨ ਦੁਆਰਾ 'ਸਿੰਥੈਟਿਕ ਰਬੜ' ਦੀ ਖੋਜ ਕੀਤੀ ਜਾਂਦੀ ਹੈ ਜੋ ਜੁੱਤੀਆਂ ਬਣਾਉਣ ਲਈ ਇਕ ਮਹੱਤਵਪੂਰਨ ਪਦਾਰਥ ਹੋ ਨਿਬੜਦਾ ਹੈ। ਸਿੰਥੈਟਿਕ ਰਬੜ ਨਾਲ ਬਣਿਆ ਜੁੱਤੀ ਦਾ ਮਜ਼ਬੂਤ ਤਲਾ ਵਾਟਰਪਰੂਫ ਹੋਣ ਕਾਰਨ

ਲਾਭਦਾਇਕ ਰਹਿੰਦਾ ਹੈ।

ਰਬੜ ਤੋਂ ਇਲਾਵਾ, ਰੇਸ਼ੇਦਾਰ ਅਤੇ ਮਿਸ਼ਰਿਤ ਪਦਾਰਥ ਵੀ ਜੁੱਤੀ ਦੇ ਵੱਖ-ਵੱਖ ਭਾਗਾਂ ਲਈ ਵੱਡੀ ਮਾਤਰਾ ਵਿਚ ਵਰਤੇ ਜਾਂਦੇ ਹਨ। ਹੁਣ ਵੱਖ-ਵੱਖ ਤਰ੍ਹਾਂ ਦੇ ਰੇਸ਼ਿਆਂ ਤੋਂ ਤਿਆਰ ਕੱਪੜੇ ਦੀ ਵਰਤੋਂ ਜੁੱਤੀਆਂ ਬਣਾਉਣ ਲਈ ਕੀਤੀ ਜਾ ਰਹੀ ਹੈ। ਰੇਸ਼ੇ ਮੁੱਖ ਰੂਪ ਵਿਚ ਦੋ ਤਰ੍ਹਾਂ (ਕੁਦਰਤੀ ਅਤੇ ਬਣਾਉਟੀ) ਦੇ ਹੁੰਦੇ ਹਨ। ਕੁਦਰਤੀ ਰੇਸ਼ੇ ਪੌਦਿਆਂ ਅਤੇ ਜਾਨਵਰਾਂ ਤੋਂ ਮਿਲਦੇ ਹਨ ਜਦ ਕਿ ਬਣਾਉਟੀ ਰੇਸ਼ੇ ਆਦਮੀ ਦੁਆਰਾ ਬਣਾਏ ਗਏ ਰੇਸ਼ੇ ਹੁੰਦੇ ਹਨ। ਸੂਤ, ਰੇਸ਼ਮ, ਲਿਨਨ, ਨਾਈਲੋਨ ਆਦਿ ਕੁਦਰਤੀ ਅਤੇ ਬਣਾਉਟੀ ਰੇਸ਼ਿਆਂ ਨੂੰ ਕਈ ਤਰ੍ਹਾਂ ਦੇ ਰਸਾਇਣਕ ਪਦਾਰਥਾਂ ਦੀ ਸਹਾਇਤਾ ਨਾਲ ਉੱਚਿਤ ਰੂਪ ਦੇ ਕੇ ਜੁੱਤੀਆਂ ਉਪਰ ਅਨੇਕ ਡਿਜ਼ਾਈਨ ਬਣਾਏ ਜਾਂਦੇ ਹਨ। ਇਸੇ ਤਰ੍ਹਾਂ, ਵਰਤਮਾਨ ਸਮੇਂ ਵਿਚ ਜੁੱਤੀਆਂ ਦੀ ਨਿਰਮਾਣਕਾਰੀ ਲਈ ਪਲਾਸਟਿਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਪਲਾਸਟਿਕ ਦੀ ਵਧੇਰੇ ਵਰਤੋਂ ਜੱਤੀਆਂ ਦੇ ਤਲਿਆਂ (ਖੇਡਾਂ ਆਦਿ ਨਾਲ ਸੰਬੰਧਿਤ ਜੁੱਤੀਆਂ) ਲਈ ਕੀਤੀ ਜਾਂਦੀ ਹੈ। ਪਲਾਸਟਿਕ ਨੂੰ ਗਰਮ ਕਰਕੇ ਆਸਾਨੀ ਨਾਲ ਜੁੱਤੀਆਂ ਨੂੰ ਲੋੜੀਂਦਾ ਮੁੜਵਾਂ ਆਕਾਰ ਦੇਣ ਲਈ ਪਲਾਸਟਿਕ ਇਕ ਢੁਕਵਾਂ ਪਦਾਰਥ ਮੰਨਿਆ ਜਾਂਦਾ ਹੈ।

ਚਮੜਾ, ਰਬੜ, ਪਲਾਸਟਿਕ, ਕੁਦਰਤੀ ਅਤੇ ਬਣਾਉਟੀ ਰੇਸ਼ਿਆਂ ਆਦਿ ਪ੍ਰਮੁੱਖ ਸਮੱਗਰੀ ਤੋਂ ਇਲਾਵਾ, ਜੁੱਤੀਆਂ ਦੀ ਬਣਤਰ ਵਿਚ ਹੋਰ ਕਈ ਤਰ੍ਹਾਂ ਦੀ ਛੋਟੀ-ਛੋਟੀ ਸਮੱਗਰੀ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਮਸਲਨ, ਜੁੱਤੀਆਂ ਦੇ ਕਿਨਾਰਿਆਂ ਅਤੇ ਹੋਰ ਭਾਗਾਂ ਨੂੰ ਸਿਊਣ ਲਈ ਡੋਰ ਜਾਂ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ। ਕੁਝ ਜੁੱਤੀਆਂ ਉੱਪਰ ਖ਼ਾਸ ਤਰ੍ਹਾਂ ਦੇ ਸਿਲਵਰ ਜਾਂ ਸੁਨਹਿਰੀ ਰੰਗ ਦੇ ਧਾਗੇ ਜਾਂ ਤਾਰਾਂ ਨਾਲ ਕਢਾਈ ਕੀਤੀ ਜਾਦੀ ਹੈ। ਇਸੇ ਤਰ੍ਹਾਂ, ਜੁੱਤੀਆਂ ਦੀ ਕਢਾਈ ਜਾਂ ਸਜਾਵਟ ਲਈ ਸਿਤਾਰਿਆਂ, ਸ਼ੀਸ਼ਿਆਂ, ਮਣਕਿਆਂ, ਘੁੰਗਰੂਆਂ, ਹੀਰੇ-ਮੋਤੀਆਂ, ਹਾਥੀ-ਦੰਦ, ਸਿੱਪੀਆਂ ਆਦਿ ਸਮੱਗਰੀ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਜੁੱਤੀਆਂ ਲਈ ਪ੍ਰਯੋਗ ਕੀਤੇ ਜਾਂਦੇ ਚਮੜੇ ਨੂੰ ਵਿਸ਼ੇਸ਼ ਰੰਗਾਂ ਨਾਲ ਰੰਗਿਆ ਵੀ ਜਾਂਦਾ ਹੈ, ਜਿਵੇਂ ਧੌੜੀ ਜਾਂ ਨਰੀ ਦੇ ਚੰਮ ਨੂੰ ਲਾਏ ਜਾਣ ਵਾਲੇ ਰੰਗ ਜਾਂ ਪਦਾਰਥ ਨੂੰ 'ਗੁਲਾਨਾਰ' ਕਿਹਾ ਜਾਂਦਾ ਹੈ। ਜੁੱਤੀਆਂ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜਨ ਲਈ ਵੀ ਖ਼ਾਸ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਚਿਪਕੀਲਾ ਪਦਾਰਥ ਸਰੇਸ਼ ਜਾਂ ਗੂੰਦ ਆਦਿ। ਨਿਰਸੰਦੇਹ, ਜੁੱਤੀਆਂ ਬਣਾਉਣ ਲਈ ਬਹੁ-ਭਾਂਤੀ ਸਮੱਗਰੀ ਦਾ ਪ੍ਰਯੋਗ ਕੀਤਾ ਜਾਂਦਾ ਹੈ।

### ਜੁੱਤੀਆਂ ਬਣਾਉਣ ਦੀ ਪ੍ਰਕਿਰਿਆ ਜਾਂ ਜੁੱਤੀਆਂ ਕਿਵੇਂ ਬਣਾਈਆਂ ਜਾਂਦੀਆਂ ਹਨ?

ਜੁੱਤੀ ਦੇ ਅਲੱਗ-ਅਲੱਗ ਹਿੱਸਿਆਂ ਨੂੰ ਆਪਸ ਵਿਚ ਤਰਤੀਬ ਵਾਰ ਢੁਕਵੇਂ ਸਥਾਨ 'ਤੇ ਫ਼ਿੱਟ ਕਰਕੇ ਉਸ ਨੂੰ ਸੰਪੂਰਨ ਰੂਪ ਪ੍ਰਦਾਨ ਕੀਤਾ ਜਾਂਦਾ ਹੈ। ਵੱਖ-ਵੱਖ ਹਿੱਸਿਆਂ ਤੋਂ ਸੰਪੂਰਨ ਜੁੱਤੀ ਦਾ ਨਿਰਮਾਣ ਕਰਨ ਲਈ ਅਨੇਕ ਤਰੀਕੇ ਪ੍ਰਚਲਿਤ ਹਨ। ਬੇਸ਼ੱਕ ਤਰੀਕੇ ਜਾਂ ਵਿਧੀਆਂ ਜੁੱਤੀਆਂ ਦੀਆਂ ਕਿਸਮਾਂ 'ਤੇ ਨਿਰਭਰ ਕਰਦੇ ਹਨ, ਪਰ ਵਰਤਮਾਨ ਸਮੇਂ ਵਿਚ ਵਿਸ਼ਵ ਪੱਧਰ ਉਪਰ ਇਸ ਨੂੰ ਬਣਾਉਣ ਦੇ ਮੂਲ ਪੜਾਅ ਲਗਭਗ ਇਕੋ ਜਿਹੇ ਹਨ। ਪੁਰਾਤਨ ਸਮੇਂ ਵਿਚ ਜੁੱਤੀਆਂ ਬਣਾਉਣ ਦਾ ਸਾਰਾ ਕੰਮ ਤਕਰੀਬਨ ਹੱਥਾਂ ਨਾਲ ਕੀਤਾ ਜਾਂਦਾ ਸੀ।

**ਵਰਤਮਾਨ ਸਮੇਂ ਵਿਚ ਹਸਤ ਸ਼ਿਲਪਕਾਰੀ ਦਾ ਸਥਾਨ ਮਸ਼ੀਨ ਨੇ ਲੈ ਲਿਆ ਹੈ। 'ਕੰਪਟੋਨਜ਼ ਬਾਇ ਬ੍ਰਿਟੈਨਿਕਾ' ਵਿਚ ਕਿਹਾ ਗਿਆ ਹੈ ਕਿ ਜੁੱਤੀਆਂ ਦੇ ਇਕ ਜੋੜੇ ਨੂੰ ਬਣਾਉਣ ਲਈ 200 ਤੋਂ ਵੱਧ ਕਾਰਵਾਈਆਂ ਹੁੰਦੀਆਂ ਹਨ, ਪਰ ਆਧੁਨਿਕ ਮਸ਼ੀਨਰੀ ਦੀ ਵਰਤੋਂ ਨਾਲ ਜੁੱਤੀਆਂ ਦੇ ਇਕ ਜੋੜੇ ਨੂੰ ਇਕ ਆਦਮੀ ਇਕ ਘੰਟੇ ਤੋਂ ਵੀ ਘੱਟ ਸਮੇਂ ਵਿਚ ਬਣਾ ਸਕਦਾ ਹੈ। ਪਿਛਲੇ ਸਮੇਂ ਵਿਚ ਜਦੋਂ ਜੁੱਤੀਆਂ ਹੱਥਾਂ ਨਾਲ ਬਣਾਈਆਂ ਜਾਂਦੀਆਂ ਸਨ, ਉਦੋਂ ਇਕ ਦਿਨ ਵਿਚ ਇਕ ਕਰਮਚਾਰੀ ਦੁਆਰਾ ਜੁੱਤੀ ਦਾ ਇਕ ਜੋੜਾ ਵੀ ਨਹੀਂ ਬਣਦਾ ਸੀ। ਅੱਜ ਜੁੱਤੀਆਂ ਬਣਾਉਣ ਦੇ ਹਰੇਕ ਪੜਾਵਾਂ ਲਈ ਅਲੱਗ-ਅਲੱਗ ਮਸ਼ੀਨਾਂ ਹਨ। ਫਲਸਰੂਪ, ਗਿਣਾਤਮਕ ਪੱਖੋਂ ਰੋਜ਼ਾਨਾ ਵੱਡੀ ਮਾਤਰਾ ਵਿਚ ਜੁੱਤੀਆਂ ਦਾ ਨਿਰਮਾਣ ਹੋ ਰਿਹਾ ਹੈ।**

ਪੰਜਾਬੀ ਜੁੱਤੀ ਨੂੰ ਬਣਾਉਣ ਦੀ ਪ੍ਰਕਿਰਿਆ ਦੀ ਗੱਲ ਕਰੀਏ ਤਾਂ ਇਸ ਵਿਚ ਸਭ ਤੋਂ ਪਹਿਲਾਂ ਉਪਰਲਾ ਹਿੱਸਾ (ਪੰਨਾ) ਕੱਟਿਆ ਜਾਂਦਾ ਹੈ। ਇਸ ਤੋਂ ਬਾਅਦ, ਪਿਛਲਾ ਹਿੱਸਾ (ਅੱਡਾ) ਅਤੇ ਫਿਰ ਤਲੇ ਨੂੰ ਕੱਟਿਆ ਜਾਂਦਾ ਹੈ। ਅਖੀਰ ਵਿਚ ਸਿਲਾਈ ਦਾ ਕੰਮ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਉਸ ਸਥਿਤੀ ਨਾਲ ਸੰਬੰਧਿਤ ਹੈ, ਜਦੋਂ ਇਕ ਵਿਅਕਤੀ ਹੀ ਇਹ ਸਾਰੇ ਕਾਰਜ ਕਰਦਾ ਹੈ, ਭਾਵ ਸ਼ਿਲਪਕਾਰ ਹੀ ਆਰੰਭ ਤੋਂ ਅੰਤ ਤਕ ਜੁੱਤੀ ਨੂੰ ਮੁਕੰਮਲ ਰੂਪ ਪ੍ਰਦਾਨ ਕਰਦਾ ਹੈ। ਵਰਤਮਾਨ ਸਮੇਂ ਵਿਚ ਜਦੋਂ ਇਕ ਵਿਅਕਤੀ ਅਧੀਨ ਬਹੁਤ ਸਾਰੇ ਵਿਅਕਤੀ ਕੰਮ ਕਰਦੇ ਹਨ ਜਾਂ ਪਰਿਵਾਰ ਦੇ ਇਕ ਤੋਂ ਵਧੇਰੇ ਮੈਂਬਰ ਜੁੱਤੀਆਂ ਬਣਾਉਂਦੇ ਹਨ ਤਾਂ ਇਕ ਵਿਅਕਤੀ ਉਪਰਲੇ ਹਿੱਸਿਆਂ ਨੂੰ ਕੱਟਣ ਦਾ ਕੰਮ ਕਰਦਾ ਹੈ, ਦੂਸਰਾ ਪਿਛਲੇ ਹਿੱਸਿਆਂ ਨੂੰ, ਤੀਸਰਾ ਤਲਿਆਂ ਨੂੰ ਕੱਟਣ ਅਤੇ ਚੌਥਾ ਸਿਲਾਈ ਦਾ ਕੰਮ ਕਰਦਾ ਹੈ। ਜੁੱਤੀਆਂ ਉਪਰ ਕਢਾਈ ਦਾ ਕੰਮ ਵਧੇਰੇ ਕਰਕੇ ਔਰਤਾਂ ਦੁਆਰਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜੁੱਤੀ ਨਿਰਮਾਣਕਾਰੀ ਦੇ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਅੰਤ ਗਾਹਕ ਤਕ ਜਾ ਪੁੱਜਦੀ ਹੈ।

ਵਰਤਮਾਨ ਸਮੇਂ ਵਿਚ ਪਲਾਸਟਿਕ ਅਤੇ ਰਬੜ ਦੀ ਵਧੇਰੇ ਵਰਤੋਂ ਹੋਣ ਨਾਲ ਪਲਾਸਟਿਕ ਤੇ ਰਬੜ ਦੇ ਤਲੇ ਵਾਲੀਆਂ ਜੁੱਤੀਆਂ ਨੂੰ ਬਣਾਉਣ ਦੀ ਪ੍ਰਕਿਰਿਆ ਅਸਲੋਂ ਵੱਖਰੀ ਹੈ। ਮਸਲਨ ਪਲਾਸਟਿਕ ਦੇ ਤਲੇ ਦੀਆਂ ਜੁੱਤੀਆਂ ਨੂੰ ਬਣਾਉਣ ਦੀ ਪ੍ਰਕਿਰਿਆ ਜਿਸ ਨੂੰ 'ਇਨਜੈਕਸ਼ਨ ਮੋਲਡਿੰਗ' ਕਿਹਾ ਜਾਂਦਾ ਹੈ, ਉਸ ਵਿਚ ਤਲਾ ਅਤੇ ਅੱਡੀ ਵਾਲੇ ਭਾਗਾਂ ਨੂੰ ਇਕਹਿਰੀ ਕਾਰਵਾਈ ਨਾਲ ਮੋੜਿਆ ਤੇ ਜੋੜਿਆ ਜਾਂਦਾ ਹੈ। ਉਪਰਲੇ ਹਿੱਸੇ ਨੂੰ ਚਿਪਕੀਲੇ ਪਦਾਰਥ, ਕਿੱਲਾਂ ਜਾਂ ਸਟੇਪਲ ਦੀ ਮਦਦ ਨਾਲ ਅੰਦਰਲੇ ਤਲੇ ਨਾਲ ਜੋੜਿਆ ਜਾਂਦਾ ਹੈ। ਜੁੱਤੀ ਦੇ ਹੇਠਲੇ ਖੁਰਦਰੇ ਭਾਗ ਨੂੰ ਚਿਪਕੀਲੇ ਪਦਾਰਥ ਨਾਲ ਪੋਚਿਆ ਜਾਂ ਲਿੱਪਿਆ ਜਾਂਦਾ ਹੈ। ਫਿਰ ਉਪਰਲੇ ਹਿੱਸੇ ਨੂੰ ਜੁੱਤੀ ਦੇ ਹੇਠਲੇ ਭਾਗ ਨਾਲ ਇਕ ਇਨਜੈਕਸ਼ਨ ਮੋਲਡਿੰਗ ਮਸ਼ੀਨ ਵਿਚ ਰੱਖਿਆ ਜਾਂਦਾ ਹੈ। ਪਿਘਲੀ ਹੋਈ ਪਲਾਸਟਿਕ ਨਾਲ ਤਲੇ ਨੂੰ ਉਚਿਤ ਰੂਪ ਦਿਤਾ ਜਾਂਦਾ ਹੈ। ਇਸ ਰੂਪ ਦਾ ਪਲਾਸਟਿਕ ਤਲਾ ਪਹਿਨਣ ਵਾਲੇ ਦੇ ਪੈਰਾਂ ਨੂੰ ਖ਼ਾਸ ਸਹਾਰਾ ਦਿੰਦਾ ਹੈ। ਇਸੇ ਕਰਕੇ ਐਥਲੈਟਿਕ ਜੁੱਤੀਆਂ ਦਾ ਤਲਾ ਜ਼ਿਆਦਾਤਰ ਪਲਾਸਟਿਕ ਦਾ ਬਣਾਇਆ ਜਾਣ ਲੱਗ ਪਿਆ ਹੈ। ਇਸੇ ਤਰ੍ਹਾਂ, ਦੂਜੀਆਂ ਰਬੜ ਦੇ ਤਲੇ ਵਾਲੀਆਂ ਜੁੱਤੀਆਂ ਨੂੰ ਇਕ ਵੱਖਰੀ ਪ੍ਰਕਿਰਿਆ ਨਾਲ ਬਣਾਇਆ ਜਾਂਦਾ ਹੈ, ਜਿਸ ਵਿਚ ਤਲਾ ਅਤੇ ਹੀਲ ਨੂੰ ਬੰਦ ਕਰਕੇ ਇਕਹਿਰੀ ਕਾਰਵਾਈ

ਰਾਹੀਂ ਉਪਰਲੇ ਹਿੱਸੇ ਦੇ ਚਮੜੇ ਨਾਲ ਜੋੜਿਆ ਜਾਂਦਾ ਹੈ। ਰਬੜ ਨੂੰ ਪਿਘਲਾ ਕੇ ਜਾਂ ਉਸ ਵਿਚ ਗੰਧਕ ਮਿਲਾ ਕੇ ਅਜਿਹੀਆਂ ਜੁੱਤੀਆਂ ਦੇ ਤਲਿਆਂ ਨੂੰ ਮਜ਼ਬੂਤ ਤੇ ਹੰਢਣਸਾਰ ਬਣਾਇਆ ਜਾਂਦਾ ਹੈ।

## ਜੁੱਤੀ ਉਦਯੋਗ

ਜੁੱਤੀ ਮਨੁੱਖ ਦੀ ਇਕ ਅਹਿਮ ਲੋੜ ਹੋਣ ਅਤੇ ਮਨੁੱਖੀ ਪਹਿਰਾਵੇ ਦਾ ਇਕ ਮਹੱਤਵਪੂਰਨ ਹਿੱਸਾ ਬਣ ਜਾਣ ਦੇ ਨਤੀਜੇ ਵਜੋਂ ਵੱਖ-ਵੱਖ ਦੇਸ਼ਾਂ ਵਿਚ ਜੁੱਤੀ ਉਦਯੋਗ ਵੱਡੇ ਪੱਧਰ 'ਤੇ ਵਿਕਸਤ ਹੋਇਆ ਹੈ। ਉੱਤਰੀ ਅਮਰੀਕਾ ਵਿਚ ਇਕ ਧੰਦੇ ਦੇ ਤੌਰ ਤੇ ਜੁੱਤੀਆਂ ਬਣਾਉਣ ਦੀ ਸ਼ੁਰੂਆਤ 1629 ਈ. ਵਿਚ ਹੁੰਦੀ ਹੈ, ਜਦੋਂ ਥਾਮਸ ਬਿਅਰਡ ਨਾਂ ਦਾ ਇਕ ਜੁੱਤੀਆਂ ਬਣਾਉਣ ਵਾਲਾ ਜਾਂ ਮੋਚੀ ਲੰਡਨ ਤੋਂ ਇਥੇ ਪੁੱਜਦਾ ਹੈ। ਉਹ 'ਮਸੈਚਟਸ ਬੇ ਕਲੋਨੀ' ਦੇ ਇਕਰਾਰਨਾਮੇ/ਠੇਕੇ ਅਧੀਨ ਜੁੱਤੀਆਂ ਬਣਾਉਂਦਾ ਸੀ। ਅਨੇਕ ਆਰੰਭਿਕ ਬਸਤੀਵਾਦੀ ਚਮੜਾ ਕਮਾਉਣ ਅਤੇ ਜੁੱਤੀਆਂ ਬਣਾਉਣ ਦਾ ਕਾਰਜ ਕਰਦੇ ਸਨ। ਬਾਅਦ ਵਿਚ ਖ਼ਾਨਾਬਦੋਸ਼ ਜਾਂ ਘੁਮੱਕੜ ਮੋਚੀਆਂ ਨੇ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵਿਚ ਜਾਣ ਦਾ ਕੰਮ ਆਰੰਭਿਆ। ਉਹ ਚਾਂਦੀ ਦੇ ਬਕਲ ਦੀਆਂ ਅਜਿਹੀਆਂ ਜੁੱਤੀਆਂ ਬਣਾਉਂਦੇ ਸਨ ਜੋ ਦੋਵਾਂ ਵਿਚੋਂ ਕਿਸੇ ਵੀ ਪੈਰ ਵਿਚ ਪਹਿਨੀਆਂ ਜਾ ਸਕਦੀਆਂ ਸਨ। ਇਸ ਤੋਂ ਪਿੱਛੋਂ, ਮੋਚੀਆਂ ਨੇ ਪਿੰਡਾਂ ਵਿਚ ਦੁਕਾਨਾਂ ਸਥਾਪਿਤ ਕੀਤੀਆਂ ਅਤੇ ਹੌਲੀ-ਹੌਲੀ ਉਨ੍ਹਾਂ ਦਾ ਵਪਾਰ ਸਿਖਾਂਦਰੂ ਹੋ ਗਿਆ ਭਾਵ ਉਹ ਸ਼ਾਗਿਰਦਾਂ ਦੁਆਰਾ ਵਪਾਰ ਚਲਾਉਣ ਲੱਗੇ। ਫੈਕਟਰੀ ਸਿਸਟਮ ਦੇ ਤੌਰ ਤੇ ਜੁੱਤੀਆਂ ਦੀ ਪਹਿਲੀ ਦੁਕਾਨ 1750 ਈ. ਵਿਚ ਐਡਮ ਡੈਗਯਰ ਨਾਂ ਦੇ ਇਕ 'ਵੈੱਲਸਮੈਨ' ਨੇ ਚਲਾਈ। ਉਸ ਦੇ ਸਿਸਟਮ ਦੇ ਤਹਿਤ ਹਰੇਕ ਕਰਮਚਾਰੀ ਜੁੱਤੀ ਬਣਾਉਣ ਦੀ ਸਮੱਗਰ ਪ੍ਰਕਿਰਿਆ ਵਿਚੋਂ ਕੇਵਲ ਇਕ ਕਿਰਿਆ ਪ੍ਰਣਾਲੀ ਵਿਚ ਮੁਹਾਰਤ ਰੱਖਦਾ ਸੀ। ਇਸ ਤਰ੍ਹਾਂ ਜੁੱਤੀ ਬਣਾਉਣ ਦੀ ਪ੍ਰਕਿਰਿਆ ਵਿਚ ਗੁਣਵੱਤਾ ਦੇ ਪੱਖੋਂ ਬਹੁਤ ਸੁਧਾਰ ਹੋਇਆ। ਡੈਗਯਰ ਨੂੰ ਅਮਰੀਕਾ ਵਿਚ ਜੁੱਤੀਆਂ ਬਣਾਉਣ ਦਾ ਪਿਤਾਮਾ ਕਿਹਾ ਜਾਂਦਾ ਹੈ। 1800 ਈ. ਦੇ ਲਗਭਗ 'ਦਸ ਫੁੱਟ ਦੁਕਾਨਾਂ' ਹੋਂਦ ਵਿਚ ਆਈਆਂ, ਜਿਨ੍ਹਾਂ ਦਾ ਨਾਮ ਉਨ੍ਹਾਂ ਦੇ ਛੋਟੇ ਆਕਾਰ ਅਨੁਸਾਰ ਰੱਖਿਆ ਗਿਆ ਸੀ।

19ਵੀਂ ਸਦੀ ਦੇ ਅੱਧ ਤਕ ਜੁੱਤੀਆਂ ਬਣਾਉਣ ਦਾ ਕੰਮ ਨਿਪੁੰਨ ਸ਼ਿਲਪਕਾਰਾਂ ਦੁਆਰਾ ਹੱਥਾਂ ਨਾਲ ਕੀਤਾ ਜਾਂਦਾ ਸੀ। ਫਿਰ ਕੁਝ ਅਮਰੀਕੀ ਖੋਜੀਆਂ ਨੇ ਅਜਿਹੀਆਂ ਮਸ਼ੀਨਾਂ ਦਾ ਨਿਰਮਾਣ ਕੀਤਾ ਜੋ ਜੁੱਤੀਆਂ ਬਣਾਉਣ ਦੇ ਕੰਮ ਦੀ ਪੂਰਤੀ ਲਈ ਬਹੁਤ ਲਾਭਦਾਇਕ ਸਿੱਧ ਹੋਈਆਂ। ਪਹਿਲੀ ਕਾਢ 'ਰੋਲਿੰਗ ਮਸ਼ੀਨਾਂ' ਦੀ ਸੀ, ਜਿਸ ਦਾ ਈਜ਼ਾਦ 1845 ਈ. ਵਿਚ ਹੋਇਆ। ਇਹ ਮਸ਼ੀਨ ਹੋਰਨਾਂ ਕੰਮਾਂ ਦੇ ਨਾਲ-ਨਾਲ ਜੁੱਤੀ ਦੇ ਉਪਰਲੇ ਹਿੱਸਿਆਂ ਨੂੰ ਸਿਊਣ ਲਈ ਬਹੁਤ ਕਾਰਗਰ ਸਾਬਿਤ ਹੋਈ। 1858 ਈ. ਵਿਚ ਲਿਮਨ ਆਰ. ਬਲੇਕ ਨੇ ਇਕ ਅਜਿਹੀ ਮਸ਼ੀਨ ਦੀ ਕਾਢ ਕੱਢੀ ਜੋ ਤਲਿਆਂ ਅਤੇ ਉਪਰਲੇ ਹਿੱਸਿਆਂ ਨੂੰ ਇਕੱਠੇ ਸਿਊਣ ਦਾ ਕਾਰਜ ਕਰਦੀ। 1874 ਈ. ਦੇ ਕਰੀਬ ਮਸ਼ੀਨਾਂ ਰਾਹੀਂ ਬਿਹਤਰ ਢੰਗ ਨਾਲ ਜੁੱਤੀ ਦੇ ਕਿਨਾਰਿਆਂ ਨੂੰ ਟਾਂਕੇ ਲਗਾਉਣ ਜਾਂ ਉਨ੍ਹਾਂ ਨੂੰ ਸਿਊਂਣ ਦਾ ਕੰਮ ਸੰਭਵ ਹੋਇਆ, ਜਿਸ ਤਹਿਤ ਵੱਡੀ ਗਿਣਤੀ ਵਿਚ ਕਿਨਾਰਿਆਂ ਨੂੰ ਸਿਊਂ ਕੇ ਵਧੀਆ ਕਿਸਮ ਦੀਆਂ ਜੁੱਤੀਆਂ ਬਣਾਈਆਂ ਜਾਣ ਲੱਗੀਆਂ। 1896 ਈ. ਵਿਚ ਹਮਫ਼ੀ ਓ ਸੁਲਿਵਾਨ, ਜੋ ਇਕ ਛਾਪਾਕਾਰ ਦੇ ਕਿੱਤੇ ਵਜੋਂ ਕਾਰਜ ਕਰਦਾ ਸੀ, ਉਸ ਨੇ ਰਬੜ ਹੀਲ ਦੀ ਕਾਢ ਕੱਢੀ। ਰਬੜ ਦੀ ਚਟਾਈ 'ਤੇ ਖੜ੍ਹੇ ਹੋ ਕੇ ਥੱਕੇ ਹੋਏ ਪੈਰਾਂ ਨੂੰ ਆਰਮ ਦੇਣ ਦਾ ਉਸ ਦਾ ਆਪਣਾ ਇਕ ਢੰਗ-ਤਰੀਕਾ ਸੀ। ਚਟਾਈ ਨੂੰ ਥਾਂ ਪਰ ਥਾਂ ਲਿਜਾਉਣਾ ਸੌਖਾ ਨਹੀਂ ਸੀ, ਇਸ ਲਈ ਉਸ ਨੇ ਰਬੜ ਦੇ ਟੁਕੜਿਆਂ ਨੂੰ ਜੁੱਤੀਆਂ ਦੀਆਂ ਅੱਡੀਆਂ ਨਾਲ ਮੇਚ ਦਿਤਾ। ਹੌਲੀ-ਹੌਲੀ ਰਬੜ ਦੀ ਹੀਲ ਪਹਿਲਾਂ ਨਾਲੋਂ ਵਧੀਆ ਢੰਗ ਨਾਲ ਬਣਾਈ ਜਾਣ ਲੱਗ ਪਈ। ਰਬੜ ਦੀ ਬਣੀ ਹੀਲ ਲਚਕਦਾਰ ਅਤੇ ਹੰਢਣਸਾਰ ਹੁੰਦੀ ਹੈ। ਜੁੱਤੀ ਉਦਯੋਗ ਵਿਚ ਇਕ ਮਹੱਤਵਪੂਰਨ ਵਿਕਾਸ ਜਾਂ ਵਿਸਤਾਰ 1899 ਈ. ਵਿਚ 'ਸੰਯੁਕਤ ਜੁੱਤੀ ਮਸ਼ੀਨਰੀ ਕਾਰਪੋਰੇਸ਼ਨ' ਦੇ ਨਿਰਮਾਣ ਨਾਲ ਹੋਇਆ। ਇਸ ਨੇ ਜੁੱਤੀ ਮਸ਼ੀਨਰੀ ਦੀਆਂ ਕੁਝ ਪ੍ਰਮੁੱਖ ਕਾਰਵਾਈਆਂ ਲਈ ਮਸ਼ੀਨਾਂ ਬਣਾਉਣ ਲੱਗੀ। ਨਤੀਜੇ ਵਜੋਂ, ਕਾਢ ਦੇ ਅਧਿਕਾਰ ਦੇ ਕਾਨੂੰਨੀ ਝਗੜੇ ਵੀ ਘੱਟ ਹੋਏ ਅਤੇ ਜੁੱਤੀ ਮਸ਼ੀਨਰੀ ਦੇ ਕੰਮ-ਕਾਜ ਵਿਚ ਸੁਧਾਰ ਹੋਇਆ। ਇਸੇ ਤਰ੍ਹਾਂ 1928 ਈ. ਵਿਚ 'ਕਾਮਪੋ ਜੁੱਤੀ ਮਸ਼ੀਨਰੀ ਕਾਰਪੋਰੇਸ਼ਨ' ਦਾ ਸੰਗਠਨ ਹੋਇਆ, ਜਿਸ ਨੇ ਤਲਿਆਂ ਨਾਲ ਚਪਕਾਉਣ ਵਾਲੇ ਪਦਾਰਥ ਨੂੰ ਜੋੜਨ ਵਾਲੀਆਂ ਮਸ਼ੀਨਾਂ ਬਣਾਈਆਂ। ਇਹ ਪ੍ਰਕਿਰਿਆ ਭਾਵੇਂ ਉਸ ਸਮੇਂ ਤਕਰੀਬਨ 70 ਸਾਲ ਪੁਰਾਣੀ ਸੀ, ਪਰ ਇਹ ਹੱਥਾਂ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ ਸੀ। ਮਸ਼ੀਨ ਨਿਰਮਾਣ ਦੀ ਸਹਾਇਤਾ ਨਾਲ ਵੱਡੇ ਪੱਧਰ 'ਤੇ ਇਸ ਦੀ ਵਰਤੋਂ ਕੀਤੀ ਗਈ।

**ਵਰਤਮਾਨ ਸਮੇਂ ਵਿਚ, ਵਿਸ਼ਵ ਦੇ ਵਿਭਿੰਨ ਦੇਸ਼ਾਂ ਵਿਚ ਜੁੱਤੀ ਉਦਯੋਗ ਇਕ ਮਹੱਤਵਪੂਰਨ ਉਦਯੋਗ ਵਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ। ਇੰਗਲੈਂਡ, ਸਪੇਨ, ਇਟਲੀ, ਬਰਾਜ਼ੀਲ ਆਦਿ ਚਮੜੇ ਦੀਆਂ ਜੁੱਤੀਆਂ ਦੇ ਵੱਡੇ ਉਤਪਾਦਕ ਹਨ। ਜਪਾਨ ਅਤੇ ਹਾਂਗਕਾਂਗ ਰਬੜ ਅਤੇ ਕੈਨਵਸ ਦੀਆਂ ਜੁੱਤੀਆਂ ਵੱਡੀ ਮਾਤਰਾ ਵਿਚ ਸਪਲਾਈ ਕਰਨ ਵਾਲੇ ਦੇਸ਼ ਹਨ। ਸੰਯੁਕਤ ਰਾਜ ਅਮਰੀਕਾ ਲੰਮੇ ਸਮੇਂ ਤੋਂ ਸੰਸਾਰ ਦਾ ਇਕ ਪ੍ਰਮੁੱਖ ਜੁੱਤੀ ਉਤਪਾਦਕ ਤੇ ਖਪਤਕਾਰ ਦੇਸ਼ ਹੈ। ਅੱਜ 3/4 ਤੋਂ ਵੱਧ ਜੁੱਤੀਆਂ ਅਮਰੀਕਾ ਵਿਚ ਵਿਕਦੀਆਂ ਹਨ।**

ਪਿਛਲੇ ਕੁਝ ਸਮੇਂ ਤੋਂ ਭਾਰਤ ਵਿਸ਼ਵ ਦੀ ਇਕ ਵੱਡੀ ਆਰਥਿਕ ਤਾਕਤ ਵਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ। ਭਾਰਤ ਦੇ ਜਿਹੜੇ ਪ੍ਰਮੁੱਖ ਉਦਯੋਗ ਵਿਸ਼ਵ ਪੱਧਰ 'ਤੇ ਆਪਣੀ ਨਿਵੇਕਲੀ ਪਛਾਣ ਕਾਇਮ ਕਰ ਰਹੇ ਹਨ, ਉਨ੍ਹਾਂ ਵਿਚ ਇਕ ਜੁੱਤੀ ਉਦਯੋਗ ਵੀ ਹੈ। ਪਿਛਲੇ ਕੁਝ ਸਾਲਾਂ ਤੋਂ 'ਭਾਰਤੀ ਜੁੱਤੀ ਉਦਯੋਗ' 10 ਪ੍ਰਤਿਸ਼ਤ ਸਾਲਾਨਾ ਵਾਧੇ ਦੇ ਹਿਸਾਬ ਨਾਲ ਬੇਮਿਸਾਲ ਪ੍ਰਗਤੀ ਕਰ ਰਿਹਾ ਹੈ। ਅੱਜ ਭਾਰਤ ਸੰਸਾਰ ਦਾ ਦੂਜਾ ਵੱਡਾ ਜੁੱਤੀ ਉਤਪਾਦਕ ਦੇਸ਼ ਹੈ।

ਵਰਤਮਾਨ ਸਮੇਂ ਵਿਚ ਬਹੁਤ ਸਾਰੇ ਜੁੱਤੀ ਕਾਰੀਗਰ ਅਤੇ ਉਨ੍ਹਾਂ ਦੇ ਪਰਿਵਾਰ ਘਾਤਕ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪੰਜਾਬ ਦਾ ਮਲੋਟ ਸ਼ਹਿਰ ਜਿਥੇ ਜੁੱਤੀਆਂ ਬਣਾਉਣ ਦਾ ਧੰਦਾ ਕਾਫ਼ੀ ਪ੍ਰਸਿੱਧ ਹੈ, ਉਥੋਂ ਦੇ ਰਵਿਦਾਸ ਮੁਹੱਲੇ ਦੇ ਬਹੁਤ ਸਾਰੇ ਕਾਰੀਗਰ ਟੀ.ਬੀ., ਹੈਪੇਟਾਇਟਸ, ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦੇ ਲਪੇਟ ਵਿਚ ਆ ਗਏ ਹਨ। ਜੁੱਤੀ ਕਾਰੀਗਰ

ਆਪਣੀ ਰੋਜ਼ੀ-ਰੋਟੀ ਦੀ ਖਾਤਰ 10 ਤੋਂ 12 ਘੰਟੇ ਜੁੱਤੀਆਂ ਸਿਊਂਣ ਦਾ ਕੰਮ ਕਰਦੇ ਹਨ। "ਇਕ ਕਾਰੀਗਰ ਵਲੋਂ ਪੰਜਾਬੀ ਜੁੱਤੀ ਨੂੰ ਖ਼ੂਬਸੂਰਤ ਦਿੱਖ ਦੇਣ ਲਈ ਪੰਨੇ 'ਤੇ ਆਖਰੀ ਤੋਪਾ ਭਰਨ ਤੋਂ ਜੁੱਤੀ ਗੰਢਣ ਤਕ ਦੇ ਇਸ ਕਾਰਜ ਲਈ ਵਰਤੇ ਜਾਂਦੇ ਸੰਦ ਆਰ ਨਾਲ ਚਮੜੇ ਵਿਚੋਂ ਸੂਤਰੀ ਨੂੰ ਮੂੰਹ ਵਿਚ ਫੜ ਕੇ ਘੁੱਟਣ ਤੇ ਵਾਰ-ਵਾਰ ਲੰਘਾਉਣ ਦੀ ਪ੍ਰਕਿਰਿਆ ਦਿਨ ਵਿਚ ਸੈਂਕੜੇ ਵਾਰ ਦੁਹਰਾਈ ਜਾਂਦੀ ਹੈ। ਇਸ ਚਮੜੇ ਨੂੰ ਲੱਗੇ ਘਾਤਕ ਰਸਾਇਣਾਂ ਕਰਕੇ ਉਹ ਘਾਤਕ ਬੀਮਾਰੀਆਂ ਦੀ ਲਪੇਟ ਵਿਚ ਆਉਣਾ ਸ਼ੁਰੂ ਹੋ ਜਾਂਦੇ ਹਨ। ਜੁੱਤੀ ਸੱਨਅਤ ਨਾਲ ਜੁੜੇ ਇਸ ਮੁਹੱਲੇ ਦਾ ਕੋਈ ਪਰਿਵਾਰ ਅਜਿਹਾ ਨਹੀਂ ਜੋ ਇਨ੍ਹਾਂ ਨਾਮੁਰਾਦ ਬੀਮਾਰੀਆਂ ਤੋਂ ਬਚਿਆ ਹੋਵੇ। ਚਮੜਾ ਸੋਧਦੇ ਸਮੇਂ ਉਠਦੀਆਂ ਰਸਾਇਣਕ ਭਾਫ਼ਾਂ ਅਤੇ ਬੇਹੱਦ ਬਰੀਕ ਕਢਾਈ ਕਾਰਨ 50-60 ਪ੍ਰਤਿਸ਼ਤ ਕਾਰੀਗਰਾਂ ਦੇ ਨਜ਼ਰ ਦੀਆਂ ਐਨਕਾਂ ਲੱਗ ਗਈਆਂ ਹਨ।" ਨਿਰਸੰਦੇਹ, ਪੰਜਾਬੀ ਜੁੱਤੀ ਦੇ ਧੰਦੇ ਨਾਲ ਜੁੜੇ ਕਾਰੀਗਰ ਅਨੇਕ ਮੁਸੀਬਤਾਂ ਦਾ ਸਾਹਮਣੇ ਕਰ ਰਹੇ ਹਨ। ਇਸ ਧੰਦੇ ਨਾਲ ਸੰਬੰਧਿਤ ਪਰੰਪਰਾਗਤ ਸ਼ਿਲਪਕਾਰਾਂ ਅਤੇ ਪੰਜਾਬੀ ਚਮੜਾ ਉਦਯੋਗ ਨੂੰ ਸੰਕਟ ਦੇ ਦੌਰ ਵਿਚੋਂ ਕੱਢਣ ਲਈ ਨਿਮਨਲਿਖਤ ਪਹਿਲੂਆਂ ਵੱਲ ਧਿਆਨ ਦੇਣ ਦੀ ਲੋੜ ਹੈ :

- ਸਰਕਾਰ ਦੁਆਰਾ ਲਘੂ ਚਮੜਾ ਉਦਯੋਗਾਂ ਨੂੰ ਵੱਧ ਤੋਂ ਵੱਧ ਸਬਸਿਡੀ ਦਿਤੀ ਜਾਵੇ, ਤਾਂ ਜੋ ਬੰਦ ਹੋ ਚੁੱਕੇ ਜਾਂ ਬੰਦ ਹੋਣ ਕਿਨਾਰੇ ਖੜ੍ਹੇ ਉਦਯੋਗ ਆਪਣੇ ਪੈਰਾਂ 'ਤੇ ਖਲੋ ਸਕਣ।

- ਚਮੜਾ ਉਦਯੋਗ ਨੂੰ ਨਿਰੰਤਰ ਬਿਜਲੀ ਪੂਰਤੀ ਯਕੀਨੀ ਬਣਾਈ ਜਾਵੇ, ਤਾਂ ਜੋ ਉਹ ਮਿਲੇ ਆਰਡਰ ਅਨੁਸਾਰ ਆਪਣਾ ਮਾਲ ਸਮੇਂ ਸਿਰ ਤਿਆਰ ਕਰ ਸਕਣ।

- ਚਮੜਾ ਉਦਯੋਗ ਨੂੰ ਕੱਚੇ ਮਾਲ ਦੀ ਦਿੱਕਤ ਤੋਂ ਨਿਜਾਤ ਦਿਵਾਈ ਜਾਵੇ। ਪੰਜਾਬ ਵਿਚ ਡੇਅਰੀ ਫਾਰਮਿੰਗ ਦਾ ਧੰਦਾ ਘੱਟ ਹੋਣ ਕਾਰਨ ਮੱਝਾਂ, ਗਾਵਾਂ, ਭੇਡਾਂ, ਬੱਕਰੀਆਂ ਦਾ ਕੱਚਾ ਚੰਮ ਦੀ ਕਾਫ਼ੀ ਘੱਟ ਉਪਲਬਧ ਹੁੰਦਾ ਹੈ। ਇਸ ਲਈ ਪੰਜਾਬ ਵਿਚ ਡੇਅਰੀ ਫਾਰਮਿੰਗ ਦੇ ਧੰਦੇ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।

- ਕਈ ਤਰ੍ਹਾਂ ਦੇ ਟੈਕਸਾਂ ਅਤੇ ਕੱਚੇ ਮਾਲ ਦੀ ਸਮੱਸਿਆ ਕਾਰਨ ਚਮੜੇ ਦੀਆਂ ਕੀਮਤਾਂ ਪਹਿਲਾਂ ਨਾਲੋਂ ਬਹੁਤ ਵਧ ਗਈਆਂ ਹਨ। ਇਸ ਲਈ ਜੁੱਤੀਆਂ ਬੁਣਾਉਣ ਦੇ ਧੰਦੇ ਨਾਲ ਜੁੜੇ ਅਨੁਭਵੀ ਸ਼ਿਲਪਕਾਰਾਂ ਨੂੰ ਵੈਟ ਰਹਿਤ ਸਸਤਾ ਚਮੜਾ ਆਸਾਨੀ ਨਾਲ ਉਪਲਬਧ ਕਰਾਇਆ ਜਾਵੇ, ਤਾਂ ਜੋ ਉਨ੍ਹਾਂ ਨੂੰ ਆਰਥਿਕ ਪੱਖ ਤੋਂ ਵੱਡੇ ਅਮੀਰ ਦੁਕਾਨਦਾਰਾਂ ਦਾ ਦਿਹਾੜੀਦਾਰ ਗੁਲਾਮ ਬਣਨ ਲਈ ਮਜ਼ਬੂਰ ਨਾ ਹੋਣਾ ਪਵੇ।

***(ਲੇਖਕ 'ਜੁੱਤੀ' ਵਿਸ਼ੇ ਉਤੇ ਮਾਹਰ ਤੇ ਪੀ ਐਚ ਡੀ ਹੈ।)***

*ਸਫ਼ਾ 66 ਦੀ ਬਾਕੀ*

ਸਿਰਲੇਖ ਵਰਤਿਆ ਹੈ। ਜ਼ਾਕ ਦਿਆਂ ਪ੍ਰਯੋਗਾਂ ਨੇ ਦਰਸਾਇਆ ਹੈ ਕਿ ਪਰਉਪਕਾਰੀ ਅਮਲ ਕਾਰਨ ਮਨ ਨੂੰ ਹਲਕੀ ਜਿਹੀ ਮਸਤੀ ਦਾ ਅਨੁਭਵ ਹੁੰਦਾ ਹੈ ਅਤੇ ਅਜਿਹਾ ਆਕਸੀਟਾਸਿਨ ਦੇ ਦਿਮਾਗ਼ ਅੰਦਰ ਰਿਸਣ ਕਾਰਨ ਮਹਿਸੂਸ ਹੋਣ ਲਗਦਾ ਹੈ। ਇਸ ਹਾਰਮੋਨ ਦੇ ਪ੍ਰਭਾਵ ਅਧੀਨ ਮਾਂ ਬੱਚਿਆਂ ਉਪਰ ਨਿਛਾਵਰ ਤਾਂ ਹੁੰਦੀ ਹੀ ਰਹਿੰਦੀ ਹੈ, ਪਰ ਇਹ ਉਨ੍ਹਾਂ ਦੇ ਹਿੱਤ ਲਈ ਹੋਰਨਾਂ ਦਾ ਬੁਰਾ ਕਰਨੋਂ ਵੀ ਨਹੀਂ ਝਿਜਕਦੀ। ਇਸ ਲਈ, ਕਦਾਚਿਤ ਸੰਭਵ ਹੈ ਕਿ ਆਕਸੀਟਾਸਿਨ ਹੀ ਭਾਵੇਂ ਫਿਰਕਾਪ੍ਰਸਤੀ, ਕੌਮਪ੍ਰਸਤੀ ਅਤੇ ਨਸਲਵਾਦ ਦਾ ਆਧਾਰ ਬਣਦੀਆਂ ਰੁਚੀਆਂ ਦਾ ਸਰੋਤ ਹੋਵੇ। ਅਜਿਹੀ ਰੁਚੀ ਵਾਲੇ ਵਿਅਕਤੀ ਆਪਣਿਆਂ ਲਈ ਉਦਾਰ ਹੁੰਦੇ ਹਨ ਅਤੇ ਪਰਾਇਆਂ ਦੇ ਵੈਰੀ।

ਮਨੁੱਖ ਜੇ ਮਾਨਵ ਬਣਿਆ ਤਾਂ ਸਭਿਆਚਾਰ ਕਾਰਨ। ਸਭਿਆਚਾਰ ਸਰਬ ਸਾਂਝੀਵਾਲਤਾ ਦਾ ਪ੍ਰਸਤਾਰ ਹੈ ਅਤੇ ਅਜਿਹੇ ਸਮਾਜ ਦੀ ਸਿਰਜਣਾ ਇਸ ਦਾ ਮੰਤਵ ਹੈ, ਜਿਸ ਵਿਚ ਸਭ ਬਰਾਬਰ ਹੋਣ ਅਤੇ ਜਿਸ ਵਿਚ ਹਰ ਇਕ ਨੂੰ ਉਹ ਕੁਝ ਕਹਿਣ ਦੀ ਖੁੱਲ੍ਹ ਹੋਵੇ, ਜੋ ਕੁਝ ਉਹ ਮਹਿਸੂਸ ਕਰਦਾ ਹੈ। ਪਰ ਅਜਿਹਾ ਕੋਈ ਮੰਤਵ ਮਨੁੱਖ ਦੇ ਜੈਵਿਕ ਵਿਕਾਸ ਨਾਲ ਜੁੜਿਆ ਹੋਇਆ ਨਹੀਂ ਸੀ। ਜੀਵਨ ਦੇ ਵਿਕਾਸ ਲਈ ਬਦੀ ਅਤੇ ਨੇਕੀ ਨਿਰਅਰਥ ਹਨ ਅਤੇ ਜਿਸ ਦਾ ਉਦੇਸ਼ ਹਰ ਪ੍ਰਕਾਰ, ਜੀਵਨ ਨੂੰ ਚਲਦਿਆਂ ਰੱਖਣਾ ਹੈ। ਇਸ ਉਦੇਸ਼ ਦੀ ਪਾਲਣਾ ਲਈ ਜੋ ਵੀ ਲੋੜੀਂਦਾ ਹੁੰਦਾ ਹੈ, ਜੀਵ ਉਸੇ ਦੀ ਪੈਰਵੀ ਕਰਨ ਲਗਦੇ ਹਨ। ਆਪਣੇ ਜੀਵਨ ਨੂੰ ਬਣਾਈ ਰੱਖਣ ਲਈ ਜੀਵ ਦਾ ਸੁਆਰਥੀ ਹੋਣਾ ਜ਼ਰੂਰੀ ਹੈ। ਹੋਰ ਪ੍ਰਾਣੀਆਂ ਦਾ ਇਹ ਸੁਆਰਥ ਤਾਂ ਭੁੱਖ ਮਿਟਾਉਣ ਤਕ ਅਤੇ ਪ੍ਰਜਣਨ ਤਕ ਸੀਮਿਤ ਰਹਿ ਜਾਂਦਾ ਹੈ, ਜਦ ਕਿ ਮਨੁੱਖ ਦਾ ਸੁਆਰਥ ਸੀਮਾ ਬਾਹਰਾ ਛਲਕ ਰਿਹਾ ਹੈ।

ਵਿਕਸਤ ਹੋ ਰਹੇ ਮਨੁੱਖ ਦੀ ਜੰਗਲੀ ਜਾਨਵਰਾਂ ਦੀ ਭੁੱਖ ਦਾ ਸ਼ਿਕਾਰ ਹੋਣੋਂ ਬਚਣ ਲਈ ਇਕੱਠੇ ਵਿਚਰਨਾ ਇਕ ਮਜਬੂਰੀ ਸੀ। ਨਾ ਇਹ ਜਾਨਵਰਾਂ ਜਿੰਨਾ ਤੇਜ਼ ਨੱਠ ਸਕਦਾ ਸੀ, ਨਾ ਇਸ ਕੋਲ ਨਹੁੰਦਰਾਂ ਸਨ ਅਤੇ ਨਾ ਤਿੱਖੇ ਦੰਦ, ਜਦ ਕਿ ਸਰੀਰ ਦਾ ਵੀ ਇਹ ਦੁਰਬਲ ਸੀ। ਇਨ੍ਹੀਂ ਹਾਲੀਂ, ਇਕੇ-ਦੁੱਕੇ ਵਿਅਕਤੀ ਲਈ ਆਪਣੀ ਹੋਂਦ ਨੂੰ ਬਣਾਈ ਰਖਣਾ ਸੰਭਵ ਨਹੀਂ ਸੀ। ਮਨੁੱਖ ਬਚਿਆ ਰਹਿ ਸਕਿਆ ਤਾਂ ਇਕੱਠੇ ਵਿਚਰਨ ਕਰਕੇ ਅਤੇ ਇਸ ਨੂੰ ਇਕੱਠੇ ਵਿਚਰਨ ਲਈ ਸੁਆਰਥ ਵਿਰੋਧੀ ਸਦਾਚਾਰ ਦਾ ਆਸਰਾ ਲੈਣਾ ਪਿਆ ਅਤੇ ਸਭਿਆਚਾਰਕ ਰੁਚੀਆਂ ਨੂੰ ਪ੍ਰੋਸਾਹਿਤ ਕਰਨਾ ਪਿਆ। ਇਸੇ ਕਾਰਨ ਹੋਰਨਾਂ ਦੀ ਭਲਾਈ ਕਰਨ ਦੀ ਚਾਹ ਵੀ ਮਨੁੱਖ ਅੰਦਰ ਸੁਆਰਥ ਦੇ ਨਾਲ-ਨਾਲ ਵਿਕਸਤ ਹੁੰਦੀ ਰਹੀ ਅਤੇ ਹੋਰਨਾਂ ਦਾ ਦਰਦ ਮਹਿਸੂਸ ਕਰਨ ਦੇ ਯੋਗ ਵੀ ਇਹ ਬਣਦਾ ਰਿਹਾ। ਇਸੇ ਰੁਚੀ ਵਿਚੋਂ ਹਮਦਰਦੀ ਪੁੰਗਰੀ ਅਤੇ ਨਿਆਂਕਾਰ ਲਗਨ ਉਮਡੀ। ਜਿਹੜਾ ਵਿਅਕਤੀ ਵੀ ਇਨ੍ਹਾਂ ਰੁਚੀਆਂ ਦੀ ਪੈਰਵੀ ਕਰਦਾ ਸੀ, ਉਸ ਨੂੰ ਅਨੋਖੀ ਮਾਨਸਿਕ ਸੰਤੁਸ਼ਟੀ ਦਾ ਅਨੁਭਵ ਵੀ ਹੋਣ ਲੱਗ ਪਿਆ ਸੀ। ਇਸ ਪ੍ਰਕਾਰ ਸਦਾਚਾਰਕ ਸਭਿਆਚਾਰ ਦੇ ਵਿਕਾਸ ਦੀ ਦਿਸ਼ਾ ਨਿਰਧਾਰਤ ਹੋ ਗਈ ਹੈ।

ਪੱਖਪਾਤ ਅਤੇ ਅਤਿ ਦੀ ਜੋਸ਼ੀਲੀ ਅਤੇ ਉਬਲਵੀਂ ਉਪਾਸ਼ਨਾ ਕਰਦੇ ਉਪਾਸ਼ਕਾਂ ਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਅਸੀਂ ਸਾਰੇ ਸੰਸਾਰ ਵਾਸੀ ਉਸ ਇਕ ਮਾਂ ਦੀ ਸੰਤਾਨ ਹਾਂ ਜਿਹੜੀ ਅੱਜ ਤੋਂ ਇਕ ਲੱਖ ਪੰਜਾਹ ਹਜ਼ਾਰ ਵਰ੍ਹੇ ਪਹਿਲਾਂ ਅਫ਼ਰੀਕਾ ਦੀ ਇਕ ਨੁੱਕਰ ਵਿਚ ਰਹਿ ਰਹੀ ਸੀ। ਸਾਨੂੰ ਸਭਨਾਂ ਨੂੰ ਇਹ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਸਾਡੇ ਵਤੀਰੇ ਵਿਚੋਂ ਝਾਕਦੇ ਬਣਮਾਨਸ ਨੂੰ ਨਿਅੰਤ੍ਰਿਤ ਕਰਨ ਦੀ ਲੋੜ ਅੱਜ ਪਹਿਲਾਂ ਨਾਲੋਂ ਕਿਧਰੇ ਵੱਧ ਹੈ।

*ਤੂੰ ਸ਼ਾਹੀ (ਉਕਾਬ) ਹੈ, ਪਰਵਾਜ਼ ਹੈ ਕਾਮ ਤੇਰਾ,*

*ਤੇਰੇ ਸਾਮਨੇ ਆਸਮਾਂ ਔਰ ਭੀ ਹੈਂ। - ਇਕਬਾਲ*

***(ਲੇਖਕ ਸੇਵਾ-ਮੁਕਤ ਪ੍ਰੋਫੈਸਰ ਤੇ ਸੁਤੰਤਰ ਪੱਤਰਕਾਰ ਹੈ।)***

## ਕੀ ਤੁਸੀਂ ਜਾਣਦੇ ਹੋ?

### ਬੈਂਕਾਂ ਦਾ ਪੁਨਰ-ਪੂੰਜੀਕਰਨ

ਪੁਨਰ-ਪੂੰਜੀਕਰਨ ਉਹ ਪ੍ਰਕਿਰਿਆ ਹੈ ਜਿਸ ਵਿਚ ਅਸਾਸਿਆਂ ਦੀ ਮਾਤਰਾ ਅਤੇ ਕਿਸੇ ਖ਼ਾਸ ਵਸਤੂ ਦੇ ਕਰਜ਼ੇ ਨੂੰ ਪੁਨਰ-ਸਥਾਪਿਤ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਵਿੱਤੀ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਇਹ ਟੀਚਾ ਕਿਸੇ ਕੰਪਨੀ ਦੇ ਅਸਾਸਿਆਂ 'ਤੇ ਦਿਤੇ ਜਾਣ ਵਾਲੇ ਕਰਾਂ ਨੂੰ ਸੀਮਤ ਕਰਨਾ ਜਾਂ ਕਿਸੇ ਸੰਸਥਾ ਨੂੰ ਦਿਵਾਲੇ ਤੋਂ ਬਚਾਉਣਾ ਵੀ ਹੋ ਸਕਦਾ ਹੈ। ਪੁਨਰ-ਪੂੰਜੀਕਰਨ ਦੀ ਧਾਰਨਾ ਆਮ ਤੌਰ ਤੇ ਵਪਾਰ ਨਾਲ ਸੰਬੰਧਿਤ ਹੈ ਪਰ ਇਹੀ ਧਾਰਨਾ ਗ਼ੈਰ-ਲਾਭਕਾਰੀ ਸੰਗਠਨਾਂ, ਵਿੱਤੀ ਸੰਸਥਾਨਾਂ ਜਿਵੇਂ ਕਿ ਬੈਂਕਾਂ ਜਾਂ ਗਿਰਵੀ ਰੱਖਣ ਵਾਲੀਆਂ ਕੰਪਨੀਆਂ, ਇਥੋਂ ਤਕ ਕਿ ਨਿੱਜੀ ਵਿਅਕਤੀਆਂ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ, ਪੁਨਰ-ਪੂੰਜੀਕਰਨ ਵਿਚ ਇਕ ਪ੍ਰਮੁੱਖ ਬਦਲਾਅ ਸ਼ਾਮਿਲ ਹੁੰਦਾ ਹੈ ਜਿਸ ਵਿਚ ਇਕ ਬੈਂਕ ਨੂੰ ਪੈਸਾ ਮੁਹੱਈਆ ਕਰਾਉਣਾ ਹੁੰਦਾ ਹੈ। ਅਜਿਹਾ ਨਵੇਂ ਸ਼ੇਅਰ ਜਾਰੀ ਕਰ ਕੇ ਜਾਂ ਕਿਸੇ ਦੇਸ਼ ਦੀ ਸਰਕਾਰ ਕੋਲੋਂ ਕਰਜ਼ਾ ਲੈ ਕੇ ਕੀਤਾ ਜਾ ਸਕਦਾ ਹੈ। ਮੁੱਖ ਤੌਰ ਤੇ, ਪੁਨਰ-ਪੂੰਜੀਕਰਨ ਵਿਚ ਬੈਂਕਾਂ ਨੂੰ ਤਾਜ਼ਾ ਵਿੱਤ ਉਪਲਬਧ ਕਰਵਾਉਣਾ ਸ਼ਾਮਿਲ ਹੁੰਦਾ ਹੈ, ਮਿਸਾਲ ਵਜੋਂ, ਸਰਕਾਰ ਨਵੇਂ ਸ਼ੇਅਰ ਖਰੀਦਣ ਲਈ ਸਹਿਮਤ ਹੋ ਜਾਵੇ। ਇਸ ਨਾਲ ਬੈਂਕ ਦਾ ਸੰਤੁਲਨ ਸੁਧਰ ਜਾਂਦਾ ਹੈ ਅਤੇ ਇਸ ਦਾ ਵਿੱਤੀ ਢਾਂਚਾ ਢਹਿ-ਢੇਰੀ ਹੋਣ ਤੋਂ ਬਚ ਜਾਂਦਾ ਹੈ।

ਹਾਲ ਹੀ ਵਿਚ, ਭਾਰਤ ਵਿਚ ਜਨਤਕ ਖੇਤਰ ਦੇ ਬੈਂਕਾਂ ਨੂੰ, ਕੇਂਦਰ ਵਲੋਂ ਲੋੜ ਦੇ ਆਧਾਰ 'ਤੇ 2013-14 ਤੋਂ 2018-19 ਤਕ ਤਾਜ਼ਾ ਵਿੱਤ ਮੁਹੱਈਆ ਕਰਵਾਉਣ ਦੀ ਸਿਧਾਂਤਕ ਪ੍ਰਵਾਨਗੀ ਮਿਲੀ ਹੈ ਤਾਂ ਕਿ ਬੇਸਲ-3 ਦਿਸ਼ਾ-ਨਿਰਦੇਸ਼ਾਂ ਤਹਿਤ ਬੈਂਕਾਂ ਦਾ ਪੂੰਜੀ ਉਪਯੁਕਤ ਦਾ ਪਾਲਣ ਯਕੀਨੀ ਬਣਾਇਆ ਜਾ ਸਕੇ। ਇਸ ਨਾਲ ਆਰਥਿਕਤਾ ਦੇ ਉਤਪਾਦਿਕਤਾ ਖੇਤਰ ਦੀਆਂ ਕਰਜ਼ੇ ਦੀਆਂ ਲੋੜਾਂ ਪੂਰੀਆਂ ਹੋਣਗੀਆਂ ਅਤੇ ਬੈਂਕਾਂ ਨੂੰ ਆਰਥਿਕਤਾ ਵਿਚ ਆਏ ਖਿਚਾਅ ਦੇ ਪ੍ਰਭਾਵ 'ਤੇ ਕਾਬੂ ਪਾਉਣ 'ਚ ਮਦਦ ਮਿਲੇਗੀ। ਇਸ ਨਾਲ ਜਨਤਕ ਖੇਤਰ ਦੇ ਬੈਂਕਾਂ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕੰਮ ਵੀ ਮਜ਼ਬੂਤ ਹੋਣਗੇ, ਨਿਵੇਸ਼ਕਾਂ ਦਾ ਵਿਸ਼ਵਾਸ ਵਧੇਗਾ ਤੇ ਬਾਜ਼ਾਰ ਦੇ ਹਿਤ ਸੁਰੱਖਿਅਤ ਹੋ ਸਕਣਗੇ। ਜਨਤਕ ਖੇਤਰ ਦੇ ਬੈਂਕਾਂ ਵਿਚ ਪੂੰਜੀ ਦਾ ਸੰਚਾਰ ਨਾ ਸਿਰਫ਼ ਉਨ੍ਹਾਂ ਦੇ ਫ਼ੈਲਾਅ ਨੂੰ ਮਜ਼ਬੂਤ ਕਰੇਗਾ ਸਗੋਂ ਉਨ੍ਹਾਂ ਦੇ ਕਰਜ਼ੇ ਦੇ ਵਿਕਾਸ ਨੂੰ ਵੀ ਹੋਰ ਵਿਕਸਤ ਕਰੇਗਾ। ਕਰਜ਼ੇ ਦੀ ਇਹ ਪੂਰਕ ਉਪਲਬਧਤਾ ਆਰਥਿਕਤਾ ਦੀਆਂ ਕਰਜ਼ੇ ਦੀਆਂ ਲੋੜਾਂ ਪੂਰੀਆਂ ਕਰੇਗੀ ਅਤੇ ਰੁਜ਼ਗਾਰ ਮੁਖੀ ਖੇਤਰਾਂ, ਜਿਵੇਂ ਛੋਟੇ ਅਤੇ ਲਘੂ ਉਦਯੋਗ, ਖੇਤੀਬਾੜੀ, ਨਿਰਯਾਤ, ਉੱਦਮਾਂ ਆਦਿ ਲਈ ਵੀ ਫ਼ਾਇਦੇਮੰਦ ਹੋਵੇਗਾ ਤਾਂ ਕਿ ਉਨ੍ਹਾਂ ਦੀਆਂ ਆਰਥਿਕ ਸਰਗਰਮੀਆਂ ਨੂੰ ਹੁਲਾਰਾ ਦਿਤਾ ਜਾ ਸਕੇ ਜੋ ਅੱਗੇ ਦੇਸ਼ ਦੇ ਆਰਥਿਕ ਵਿਕਾਸ 'ਚ ਭਰਪੂਰ ਯੋਗਦਾਨ ਪਾਉਣਗੇ। ਪਿਛਲੇ ਸਮੇਂ ਵਿਚ ਹੀ, ਇਹ ਐਲਾਨ ਕੀਤਾ ਗਿਆ ਕਿ ਜਨਤਕ ਖੇਤਰ ਦੇ ਬੈਂਕਾਂ ਨੂੰ ਬੇਸਲ-3 ਨਿਯਮਾਂ ਦੇ ਅਨੁਸਾਰੀ ਬਣਾਉਣ ਲਈ, 2018 ਤਕ ਸਾਡੀਆਂ ਬੈਂਕਾਂ ਵਿਚ 2,40,000 ਕਰੋੜ ਰੁਪਿਆ ਸੰਚਾਰਿਤ ਕਰਨ ਦੀ ਲੋੜ ਹੈ। ਪੂੰਜੀ ਦੀ ਇਸ ਵੱਡੀ ਜ਼ਰੂਰਤ ਨੂੰ ਪੂਰਾ ਕਰਨ ਲਈ, ਸਮਾਂਬਧ ਤਰੀਕੇ ਨਾਲ ਜਨਤਕ ਹਿੱਸੇਦਾਰੀ ਵਧਾ ਕੇ ਇਨ੍ਹਾਂ ਬੈਂਕਾਂ ਦੀ ਪੂੰਜੀ ਨੂੰ ਵਧਾਇਆ ਜਾਵੇਗਾ ਜੋ ਮੁੱਖ ਤੌਰ ਤੇ ਪ੍ਰਚੂਨ ਦੁਆਰਾ ਇਸ ਦੇਸ਼ ਦੇ ਨਾਗਰਿਕਾਂ ਨੂੰ ਹਿੱਸੇਦਾਰੀ ਵੇਚ ਕੇ ਹਾਸਲ ਕੀਤਾ ਜਾਵੇਗਾ, ਇਸ ਗੱਲ ਦਾ ਖ਼ਿਆਲ ਰੱਖਦਿਆਂ ਕਿ ਜਨਤਕ ਮਾਲਕੀ ਬਣੀ ਰਹੇ, ਇਸ ਦੇ ਲਈ ਬੈਂਕਾਂ ਵਿਚ ਸਰਕਾਰ ਦੀ ਹਿੱਸੇਦਾਰੀ 51 ਪ੍ਰਤਿਸ਼ਤ ਤੋਂ ਉਪਰ ਰਹੇਗੀ।

### ਟਿਊਰਿੰਗ ਪ੍ਰਯੋਗ

ਟਿਊਰਿੰਗ ਪ੍ਰਯੋਗ ਜਾਂ ਬਨਾਉਟੀ ਚੌਕਸੀ ਦੇ ਪ੍ਰਯੋਗ ਇਕ ਅੰਗਰੇਜ਼ ਗਣਿਤ ਮਾਹਰ ਐਲਨ ਐੱਮ. ਟਿਊਰਿੰਗ ਵਲੋਂ ਈਜ਼ਾਦ ਕੀਤਾ ਗਿਆ ਸੀ ਤਾਂ ਕਿ ਇਹ ਪਰਖਿਆ ਜਾ ਸਕੇ ਕਿ ਕੀ ਇਕ ਕੰਪਿਊਟਰ ਮਾਨਵ ਦਿਮਾਗ਼ ਵਾਂਗ ਸੋਚ ਸਕਦਾ ਹੈ? ਇਹ ਨਿਰਧਾਰਤ ਕਰਨ ਲਈ ਕਿ ਅਸਲ ਵਿਚ 'ਸੋਚਣ' ਦੀ ਕੀ ਪਰਿਭਾਸ਼ਾ ਦਿਤੀ ਜਾ ਸਕਦੀ ਹੈ। ਇਸ ਸਵਾਲ ਦਾ ਜਵਾਬ ਜਾਣਨ ਲਈ ਉਸ ਨੇ ਇਕ ਅੰਤਰਮੁਖੀ ਪ੍ਰਯੋਗ ਦੀ ਕਾਢ ਕੱਢੀ – "ਕੀ ਮਸ਼ੀਨਾਂ ਸੋਚ ਸਕਦੀਆਂ ਹਨ?" ਅਤੇ ਉਸ ਨੇ ਕਿਹਾ ਕਿ ਕੰਪਿਊਟਰ ਨੂੰ ਸੰਵੇਦਨਸ਼ੀਲ ਆਖਿਆ ਜਾ ਸਕਦਾ ਹੈ ਜੇ ਇਸ ਦੇ ਕਰਮ, ਪ੍ਰਤਿਕਰਮ ਅਤੇ ਸੰਵਾਦ ਇਕ ਇਨਸਾਨ ਵਰਗੇ ਹੋਣ। ਇਹ ਪ੍ਰਯੋਗ ਬਹੁਤ ਅਸਾਨ ਅਤੇ ਸਾਦਾ ਜਿਹਾ ਹੈ। ਇਸ ਦੇ ਤਿੰਨ ਸਿਰੇ ਹਨ। ਦੋ ਸਿਰੇ ਮਾਨਵ ਦੁਆਰਾ ਸੰਚਾਲਿਤ ਹਨ ਅਤੇ ਤੀਜਾ ਕੰਪਿਊਟਰ ਦੁਆਰਾ। ਹਰੇਕ ਸਿਰਾ ਦੂਜੇ ਦੋ ਸਿਰਿਆਂ ਨਾਲੋਂ ਨਿਖੜਿਆ ਹੁੰਦਾ ਹੈ। ਇਕ ਮਾਨਵ ਨੂੰ ਸਵਾਲ ਕਰਨ ਵਾਲਾ ਨਿਯੁਕਤ ਕੀਤਾ ਜਾਂਦਾ ਹੈ। ਸਵਾਲ ਕਰਤਾ ਮਾਨਵ ਉੱਤਰਦਾਤਿਆਂ ਅਤੇ ਕੰਪਿਊਟਰ, ਦੋਨਾਂ ਨੂੰ ਇਕ ਖ਼ਾਸ ਸਰੂਪ, ਖ਼ਾਸ ਵਿਸ਼ੇ ਅਤੇ ਸੰਦਰਭ ਅਤੇ ਇਕ ਖ਼ਾਸ ਸਮੇਂ, ਕਹਿ ਲਈਏ ਦਸ ਮਿੰਟ ਤਕ ਸਵਾਲ ਕਰਦਾ ਹੈ। ਨਿਰਧਾਰਤ ਸਮੇਂ ਉਪਰੰਤ, ਸਵਾਲ ਕਰਤਾ ਇਹ ਪੱਕਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਹੜਾ ਸਿਰਾ ਮਾਨਵ ਉੱਤਰਦਾਤਾ ਦੁਆਰਾ ਸੰਚਾਲਿਤ ਸੀ ਅਤੇ ਕਿਹੜਾ ਕੰਪਿਊਟਰ ਦੁਆਰਾ। ਇਹ ਪਰਖ ਅਨੇਕ ਵਾਰ ਕੀਤੀ ਜਾਂਦੀ ਹੈ। ਮਾਨਵ ਜਾਂਚਕਰਤਾ ਨੂੰ ਵੱਖਰਿਆਂ ਕਰ ਦਿਤਾ ਜਾਂਦਾ ਹੈ ਅਤੇ ਸਵਾਲਾਂ ਦੇ ਉੱਤਰ ਦੇ ਆਧਾਰ 'ਤੇ ਮਾਨਵ ਅਤੇ ਕੰਪਿਊਟਰ ਵਿਚਾਲੇ ਫ਼ਰਕ ਕਰਨ ਲਈ ਆਖਿਆ ਜਾਂਦਾ ਹੈ। ਇਹ ਪਰਖ ਕੰਪਿਊਟਰ ਨੂੰ ਮਾਨਵ ਸਮਝਣ ਦੀ ਗਲਤੀ ਦੀ ਸੰਭਾਵਨਾ ਦੇ ਚਲਦਿਆਂ, ਇਸ ਦੀ ਸੋਚਣ ਦੀ ਸਮਰੱਥਾ ਨਿਰਧਾਰਤ ਕਰਨ ਲਈ ਕੀਤਾ ਜਾਂਦਾ ਹੈ। ਜੇ ਅੱਧੇ ਜਾਂ ਇਸ ਤੋਂ ਘੱਟ ਪ੍ਰਯੋਗਾਂ ਵਿਚ ਜਾਂਚ ਕਰਤਾ ਸਹੀ ਨਿਰਧਾਰਨ ਕਰਦਾ ਹੈ ਤਾਂ ਕੰਪਿਊਟਰ ਕੋਲ ਬਨਾਉਟੀ ਚੌਕਸੀ ਹੋਣਾ ਮੰਨਿਆ ਜਾਂਦਾ ਹੈ, ਕਿਉਂਕਿ ਇਸ ਨੂੰ ਇਕ ਮਾਨਵ ਵਾਂਗ ਹੀ ਸਮਝ ਲਿਆ ਜਾਂਦਾ ਹੈ ਜੋ ਪੁੱਛੇ ਗਏ ਸਵਾਲਾਂ ਦਾ ਮਾਨਵ ਉੱਤਰਦਾਤਾ ਵਾਂਗ ਜਵਾਬ ਦਿੰਦਾ ਹੈ। ਇਸ ਪ੍ਰਯੋਗ ਦੀ ਆਲੋਚਨਾ ਵੀ ਹੁੰਦੀ ਰਹੀ ਹੈ ਕਿਉਂਕਿ ਸਵਾਲ ਪੁੱਛਣ ਦੇ ਤਰੀਕੇ ਦੀ ਇਕ ਸੀਮਾ ਹੋਣੀ ਚਾਹੀਦੀ ਹੈ ਤਾਂ ਜੋ ਮਾਨਵੀ ਦਿਮਾਗ਼ ਵਰਗੀ ਬੁੱਧੀ ਇਕ ਕੰਪਿਊਟਰ ਕੋਲ ਹੋਵੇ। ਕੁੱਝ ਮਾਮਲਿਆਂ ਵਿਚ, ਕੰਪਿਊਟਰ ਜ਼ਿਆਦਾ ਨੰਬਰ ਵੀ ਪ੍ਰਾਪਤ ਕਰ ਸਕਦਾ ਹੈ ਜੇ ਸਵਾਲ ਕਰਤਾ ਅਜਿਹੇ ਸਵਾਲ ਪੁੱਛੇ ਜਿਨ੍ਹਾਂ ਦਾ ਜਵਾਬ 'ਹਾਂ' ਜਾਂ 'ਨਾਂਹ' ਵਿਚ ਹੀ ਹੋਵੇ। ਜਿਵੇਂ ਕਿ ਗਣਿਤਕ ਅੰਕ ਸਿਧਾਂਤ। ਪਰ ਗੱਲਬਾਤ ਵਾਲੇ ਸਵਾਲਾਂ ਦੇ ਮਾਮਲੇ ਵਿਚ, ਜੇ ਅੰਤਰਮੁਖੀ ਅਤੇ ਵਿਆਪਕ ਆਧਾਰ ਵਾਲੇ ਹੋਣ, ਇਕ ਕੰਪਿਊਟਰ ਕੋਲੋਂ ਇਕ ਮਾਨਵ ਵਾਂਗ ਕੰਮ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ, ਖ਼ਾਸ ਕਰਕੇ ਜੇ ਵਿਸ਼ਾ ਭਾਵਨਾਤਮਕ ਜਾਂ ਸਮਾਜਿਕ ਤੌਰ ਤੇ ਸੰਵੇਦਨਸ਼ੀਲ ਹੋਵੇ। ਇਸ ਦੇ ਉਲਟ, ਇਕ ਕੰਪਿਊਟਰ ਮਾਨਵ ਨਾਲੋਂ ਜ਼ਿਆਦਾ ਤੇਜ਼ ਅਤੇ ਬੇਹਤਰ ਕੰਮ ਕਰ ਸਕਦਾ ਹੈ, ਜਿਸ ਨਾਲ ਸਵਾਲ ਕਰਤਾ ਨੂੰ ਇਹ ਸਮਝਣਾ ਬਹੁਤ ਆਸਾਨ ਹੋ ਜਾਵੇਗਾ ਕਿ ਕਿਹੜਾ ਕੰਪਿਊਟਰ ਹੈ ਅਤੇ ਕਿਹੜਾ ਇਨਸਾਨ। ਕੰਪਿਊਟਰ ਐਪਲੀਕੇਸ਼ਨਾਂ, ਜਿਵੇਂ ਗੂਗਲ, ਯਾਹੂ ਅਤੇ ਆਲਟਾ ਵਿਸਟਾ ਵਿਚ, ਵੱਖ-ਵੱਖ ਜਾਣਕਾਰੀ ਦੇ ਆਧਾਰ 'ਤੇ, ਟਿਊਰਿੰਗ ਟੈਸਟ ਵਿਚ ਮਨੁੱਖ ਨੂੰ ਪਿੱਛੇ ਛੱਡਣ ਦੀਆਂ ਸੰਭਾਵਨਾਵਾਂ ਮੌਜੂਦ ਹਨ।

*(ਸੰਕਲਿਤ – ਵਾਟਿਕਾ ਚੰਦਰਾ, ਉਪ ਸੰਪਾਦਕ)*
*e-mail :vchandra.iis2014@gmail.com*

# ਪੁਸਤਕ ਪੜਚੋਲ

**ਪੁਸਤਕ : ਗ਼ਦਰੀ ਸ਼ਹੀਦ ਕਾਂਸ਼ੀ ਰਾਮ ਮੜੌਲੀ**
**ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ**
**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ,**
**ਪੰਨੇ :128, ਮੁੱਲ : 150 ਰੁਪਏ**

ਗ਼ਦਰੀ ਬਾਬਿਆਂ ਦੇ 'ਮੁਨਸ਼ੀ' ਵਜੋਂ ਜਾਣੇ ਜਾਂਦੇ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਵਲੋਂ ਸੰਪਾਦਿਤ ਐੱਚ ਐੱਸ ਦਿਲਗੀਰ ਦੀ ਪੁਸਤਕ 'ਗ਼ਦਰੀ ਸ਼ਹੀਦ ਕਾਂਸ਼ੀ ਰਾਮ ਮੜੌਲੀ' ਸਾਨੂੰ ਗ਼ਦਰੀ ਪਾਰਟੀ ਦੇ ਉਸ ਮਹਾਨ ਨਾਇਕ ਪੰਡਤ ਕਾਂਸ਼ੀ ਰਾਮ ਮੜੌਲੀ, ਜਿਨ੍ਹਾਂ ਨੂੰ ਬਰਤਾਨਵੀ ਹਕੂਮਤ ਵੱਲੋਂ 27 ਮਾਰਚ 1915 ਨੂੰ ਥਾਣੇਦਾਰ ਬਿਸ਼ਾਹਤ ਅਲੀ ਤੇ ਜ਼ੈਲਦਾਰ ਜਵਾਲਾ ਸਿੰਘ ਦੇ ਕਤਲ, ਰਾਜ ਵਿਰੁੱਧ ਬਗਾਵਤ ਕਰਨ, ਲੋਕਾਂ ਨੂੰ ਬਗਾਵਤ ਲਈ ਉਕਸਾਉਣ ਅਤੇ ਮੋਗੇ ਦਾ ਖਜ਼ਾਨਾ ਲੁੱਟਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਸੈਂਟਰਲ ਜੇਲ੍ਹ ਲਾਹੌਰ ਵਿਚ ਫ਼ਾਂਸੀ ਦਿਤੀ ਗਈ ਸੀ। ਇਹ ਪੁਸਤਕ ਉਨ੍ਹਾਂ ਦੇ ਜੀਵਨ, ਉਨ੍ਹਾਂ ਵੱਲੋਂ ਗ਼ਦਰ ਪਾਰਟੀ ਦੀ ਅਗਵਾਈ ਅਧੀਨ ਕੀਤੀਆਂ ਗਈਆਂ ਵੱਖ-ਵੱਖ ਕਾਰਵਾਈਆਂ ਅਤੇ ਗ਼ਦਰ ਪਾਰਟੀ ਦੇ ਫ਼ਲਸਫੇ, ਮੰਜ਼ਿਲ ਬਾਰੇ ਮਿਆਰੀ, ਦਸਤਾਵੇਜ਼ੀ ਅਤੇ ਵਿਸਥਾਰਤ ਜਾਣਕਾਰੀ ਪ੍ਰਦਾਨ ਕਰਦੀ ਹੈ।

ਪਹਿਲੀ ਵਾਰ ਹਥਲੀ ਪੁਸਤਕ ਸ਼ਹੀਦ ਕਾਂਸ਼ੀ ਰਾਮ ਟਰੱਸਟ ਨੇ 1982 ਵਿਚ ਸ਼ਹੀਦ ਕਾਂਸ਼ੀ ਰਾਮ ਦੀ ਜਨਮ ਸ਼ਤਾਬਦੀ ਸਮੇਂ ਪੰਜਾਬ ਦੇ ਉੱਘੇ ਸਾਹਿਤਕਾਰ ਅਤੇ ਕਲਾ ਪ੍ਰੇਮੀ ਪ੍ਰੋ. ਐੱਚ ਐੱਸ ਦਿਲਗੀਰ ਤੋਂ ਲਿਖਵਾ ਕੇ ਪ੍ਰਕਾਸ਼ਿਤ ਕੀਤੀ ਸੀ। 2013 ਵਿਚ ਇਸ ਪੁਸਤਕ ਵਿਚ ਉਨ੍ਹਾਂ ਤੱਥਾਂ ਨੂੰ ਸ਼ਾਮਿਲ ਕਰ ਕੇ ਜੋ ਉਸ ਵੇਲੇ ਉਪਲਬਧ ਨਹੀਂ ਸਨ, ਜਿਨ੍ਹਾਂ ਮਹਾਨ ਹਸਤੀਆਂ ਦਾ ਪੁਸਤਕ ਵਿਚ ਜ਼ਿਕਰ ਹੈ – ਉਨ੍ਹਾਂ ਦੀਆਂ ਤਸਵੀਰਾਂ ਅਤੇ ਇਤਿਹਾਸਕ ਤੱਥਾਂ ਸੰਬੰਧੀ ਅਤਿ-ਮਹੱਤਵਪੂਰਨ ਸੋਧਾਂ ਸ਼ਾਮਿਲ ਹਨ।

ਪੁਸਤਕ ਦਾ ਵਿਸ਼ਾ ਵਸਤੂ ਵਿਸ਼ਵਵਿਆਪੀ, ਗੋਂਦ ਬੱਝਵੀਂ ਅਤੇ ਭਾਸ਼ਾ ਸਰਲ ਤੇ ਕਾਵਿਕ ਹੈ। ਇਸ ਨੂੰ ਵੱਖ-ਵੱਖ ਕਾਂਡਾਂ-ਭੂਮਿਕਾ, ਗ਼ਦਰ ਲਹਿਰ ਦੀ ਪਿੱਠ-ਭੂਮੀ, ਹਿੰਦੀਆਂ ਦੀ ਕੈਨੇਡਾ-ਅਮਰੀਕਾ ਵਿਚ ਆਮਦ 'ਤੇ ਦੁਰਦਸ਼ਾ, ਗ਼ਦਰ ਲਹਿਰ ਦਾ ਵਿਕਾਸ, ਹਿੰਦ ਵਾਪਸੀ ਤੇ ਜੱਦੋ-ਜਹਿਦ, ਦੋ ਮੁਲਾਕਾਤਾਂ ਆਦਿ ਵਿਚ ਵੰਡ ਕੇ ਬਹੁਤ ਦੁਰਲਭ ਇਤਿਹਾਸਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। 'ਚਾਂਦ' ਦੇ ਫ਼ਾਂਸੀ ਅੰਕ ਵਿਚ ਸ਼ਹੀਦ ਭਗਤ ਸਿੰਘ ਦੀ ਕਲਮ ਤੋਂ 'ਬੰਦੀ' ਨਾਮ ਹੇਠ ਪ੍ਰਕਾਸ਼ਿਤ 'ਸ਼ਹੀਦ ਕਾਂਸ਼ੀ ਰਾਮ' ਬਾਰੇ ਲੇਖ ਅਤੇ ਭਾਈ ਨਾਹਰ ਸਿੰਘ ਅਤੇ ਕਿਰਪਾਲ ਸਿੰਘ ਵੱਲੋਂ ਸੰਪਾਦਿਤ 'ਗ਼ਦਰ ਡਾਇਰੈਕਟਰੀ' ਵਿਚ ਦਰਜ ਸ਼ਹੀਦ ਕਾਂਸ਼ੀ ਰਾਮ ਬਾਰੇ ਇੰਦਰਾਜ ਵੀ ਅੰਤਕਾ ਵਿਚ ਸ਼ਾਮਿਲ ਹੈ।

ਚਰਚਾ ਹੇਠਲੀ ਪੁਸਤਕ ਵਿਚ ਜਾਣਕਾਰੀ ਪ੍ਰਦਾਨ ਕਰਦਿਆਂ ਦੱਸਿਆ ਗਿਆ ਹੈ ਕਿ 26 ਨਵੰਬਰ 1914 ਨੂੰ ਫ਼ਿਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉੱਤੇ ਗ਼ਦਰੀਆਂ ਦਾ ਇਕ ਭਾਰੀ ਇਕੱਠ ਹੋਇਆ। ਅੰਮ੍ਰਿਤਸਰੋਂ ਸੁਨੇਹਾ ਆ ਗਿਆ ਕਿ ਮੀਆਂ ਮੀਰ ਉੱਤੇ ਹਮਲਾ ਨਹੀਂ ਹੋ ਸਕਿਆ ਅਤੇ ਫਿਰੋਜ਼ਪੁਰ ਦੀ ਇਕ ਪਠਾਣ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਬੰਦੋਬਸਤ ਕੀਤਾ ਗਿਆ ਹੈ। ਕੁਝ ਅਹਿਮ ਵਿਚਾਰਾਂ ਕਰਨ ਉਪਰੰਤ ਭਵਿੱਖ ਦੀ ਰਣਨੀਤੀ ਤੈਅ ਕਰ ਕੇ 27 ਨਵੰਬਰ ਨੂੰ ਬਹੁਤ ਸਾਰੇ ਗ਼ਦਰੀ, ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਹਰੀ ਸਿੰਘ ਨਥਾਣਾ ਆਦਿ ਸ਼ਾਮਿਲ ਸਨ, ਵਾਪਸ ਮੋਗੇ ਅਤੇ ਲੁਧਿਆਣੇ ਨੂੰ ਗੱਡੀ ਚੜ੍ਹ ਗਏ ਤੇ ਕੋਈ 18-20 ਗੱਡੀਉਂ ਰਹਿ ਗਏ। ਇਨ੍ਹਾਂ ਨੇ 3-4 ਟਾਂਗੇ ਕਰ ਲਏ ਅਤੇ ਮੋਗੇ ਨੂੰ ਤੁਰ ਪਏ। ਫੇਰੂ ਸ਼ਹਿਰ ਲਾਗੇ ਨਹਿਰ 'ਤੇ ਮਿਸਰੀਵਾਲੇ ਦੇ ਪੁਲ ਉਤੇ ਪੁਲਿਸ ਕਪਤਾਨ ਨੇ ਆਉਣ ਸੀ। ਵੱਡੇ ਇਕੱਠ ਵਿਚ ਟਾਂਗਿਆਂ ਨੂੰ ਰੋਕ ਕੇ ਥਾਣੇਦਾਰ ਨੇ ਰੋਅਬ ਜਮਾਉਣ ਲਈ ਗ਼ਦਰੀ ਰਹਿਮਤ ਅਲੀ ਵਜ਼ੀਦਕੇ ਦੇ ਚਪੇੜ ਮਾਰੀ। ਗ਼ਦਰੀ ਭਗਤ ਸਿੰਘ ਕਚਰਭੰਨ ਨੇ ਬੁੱਕਲ ਵਿਚੋਂ ਪਿਸਤੌਲ ਕੱਢਿਆ ਅਤੇ ਗੋਲੀ ਥਾਣੇਦਾਰ ਦੇ ਕੰਨਾਂ ਵਿਚ ਦੀ ਲੰਘਾ ਦਿਤੀ। ਦੂਜੀ ਗੋਲੀ ਜ਼ੈਲਦਾਰ ਦੀ ਛਾਤੀ ਵਿਚ ਠੋਕੀ। ਭਜਦੜ ਮੱਚਣ 'ਤੇ ਬਹੁਤ ਸਾਰੇ ਗ਼ਦਰੀ ਤਾਂ ਲੋਕਾਂ ਵਿਚ ਹੀ ਰਲ ਕੇ ਦੌੜ ਗਏ ਪਰ ਨੌਂ ਗ਼ਦਰੀ ਨਹਿਰ ਦੇ ਕੰਢੇ ਉਤਲੇ ਝੱਲ ਵਿਚ ਵੜ ਗਏ।

ਪੁਲਿਸ ਨੇ ਲਾਗਿਉਂ ਹੋਰ ਪੁਲਿਸ ਮੰਗਵਾ ਕੇ ਝੱਲ ਨੂੰ ਘੇਰ ਲਿਆ। ਦੋਵੇਂ ਪਾਸਿਉਂ ਲਗਾਤਾਰ ਗੋਲੀਆਂ ਚੱਲੀਆਂ। ਜਦ ਸੂਰਮੇ ਗ਼ਦਰੀਆਂ ਨੇ ਈਨ ਨਾ ਮੰਨੀ ਤਾਂ ਪੁਲਿਸ ਨੇ ਝੱਲ ਨੂੰ ਅੱਗ ਲਗਾ ਦਿਤੀ। ਬਾਹਰ ਨਿਕਲੇ ਗ਼ਦਰੀਆਂ ਪੰਡਤ ਕਾਂਸ਼ੀ ਰਾਮ ਮੜੌਲੀ, ਜੀਵਨ ਸਿੰਘ ਦੌਲਾ ਸਿੰਘਵਾਲਾ, ਬਖ਼ਸ਼ੀਸ਼ ਸਿੰਘ ਖ਼ਾਨਪੁਰ, ਲਾਲ ਸਿੰਘ ਸਹਿਬਾਨਾ, ਰਹਿਮਤ ਅਲੀ ਵਜ਼ੀਦਕੇ, ਜਗਤ ਸਿੰਘ ਬਿੰਝਲ, ਧਿਆਨ ਸਿੰਘ ਉਮਰਪੁਰ ਨੂੰ ਗ੍ਰਿਫ਼ਤਾਰ ਕਰ ਕੇ ਫਿਰੋਜ਼ਪੁਰ ਸੈਸ਼ਨ ਸਪੁਰਦ ਕਰ ਦਿਤਾ ਗਿਆ। ਵੱਖ-ਵੱਖ ਜੇਲ੍ਹਾਂ ਵਿਚ ਸਾਰਿਆਂ ਨੂੰ ਫ਼ਾਂਸੀ ਦਿਤੀ ਗਈ।

ਜਦੋਂ ਲਗਭਗ ਇਕ ਸਾਲ ਮਗਰੋਂ ਗੋਲੀ ਮਾਰਨ ਵਾਲਾ ਗ਼ਦਰੀ ਗਾਂਧਾ ਸਿੰਘ ਫੜਿਆ ਗਿਆ ਤਾਂ ਉਸ ਨੂੰ ਮੌਤ ਦੀ ਸਜ਼ਾ ਸੁਣਾਉਂਦੇ ਹੋਏ, ਸਪੈਸ਼ਲ ਟ੍ਰਿਬਿਊਨਲ ਨੇ ਕਿਹਾ, "ਅਸਲੀ ਦੋਸ਼ੀ ਤਾਂ ਇਹ ਹੈ। ਜਿਨ੍ਹਾਂ ਸੱਤ ਆਦਮੀਆਂ ਨੂੰ ਪਹਿਲਾਂ ਫ਼ਾਂਸੀ ਦੀ ਸਜ਼ਾ ਇਸੇ ਦੋਸ਼ ਵਿਚ ਦਿਤੀ ਗਈ ਸੀ, ਉਹ ਨਿਰਦੋਸ਼ ਸਨ।" ਸਰਕਾਰ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਦੇ ਨੌਂ ਜਥਿਆਂ 'ਤੇ ਵੱਖ-ਵੱਖ ਸਮੇਂ 'ਤੇ ਮੁਕੱਦਮੇ ਚਲਾਏ। 291 ਗ਼ਦਰੀਆਂ ਵਿਚੋਂ 42 ਨੂੰ ਫ਼ਾਂਸੀ, 114 ਨੂੰ ਦੇਸ਼ ਨਿਕਾਲਾ, 93 ਨੂੰ ਵੱਖ-ਵੱਖ ਮਿਆਦ ਦੀਆਂ ਜੇਲ੍ਹ ਸਜ਼ਾਵਾਂ ਦਿਤੀਆਂ ਗਈਆਂ।

ਪੁਸਤਕ ਵਿਚ ਵੱਖ-ਵੱਖ ਥਾਵਾਂ 'ਤੇ ਚਿੱਤਰਾਂ ਸਮੇਤ ਗ਼ਦਰੀਆਂ ਬਾਬਾ ਸੋਹਣ ਸਿੰਘ ਭਕਨਾ, ਮੌਲਵੀ ਬਰਕਤ ਉੱਲਾ, ਲਾਲਾ ਹਰਦਿਆਲ, ਜੀ.ਡੀ.ਕੁਮਾਰ, ਭਾਗ ਸਿੰਘ ਕੈਨੇਡੀਅਨ, ਸਚਿੰਦਰ ਨਾਥ ਸਨਿਆਲ, ਭਾਈ ਜਵਾਲਾ ਸਿੰਘ ਠੱਠੀਆਂ, ਈਸ਼ਰ ਸਿੰਘ ਮਰਹਾਣਾ, ਤਾਰਕਨਾਥ ਦਾਸ, ਬਾਬੂ ਹਰਨਾਮ ਸਿੰਘ ਕਾਹਰੀ, ਰਾਮ ਰੱਖਾ, ਊਧਮ ਸਿੰਘ ਕਸੇਲ, ਗੁਲਾਬ ਕੌਰ, ਬਾਬਾ ਕੇਸਰ ਸਿੰਘ ਠੱਠਗੜ੍ਹ, ਪ੍ਰਿਥਵੀ ਸਿੰਘ, ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਹਸਨ ਰਹੀਮ, ਭਾਈ ਬਲਵੰਤ ਸਿੰਘ, ਪਰਮਾਨੰਦ ਝਾਂਸੀ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਭਾਈ

ਪਰਮਾਨੰਦ ਆਦਿ ਦਾ ਜ਼ਿਕਰ ਮਿਲਦਾ ਹੈ।

ਭਾਰਤ ਵਿਚੋਂ ਬਰਤਾਨਵੀ ਹਕੂਮਤ ਦੇ ਖਾਤਮੇ ਲਈ ਉੱਠੀਆਂ ਵੱਖ-ਵੱਖ ਇਨਕਲਾਬੀ ਲਹਿਰਾਂ ਦੇ ਪ੍ਰਸੰਗ ਵਿਚ ਜਾਣਕਾਰੀ ਪ੍ਰਾਪਤ ਕਰਨ ਦੇ ਉਦੇਸ਼ ਲਈ ਹਰ ਵਰਗ ਦੇ ਪਾਠਕ ਨੂੰ ਇਹ ਪੁਸਤਕ ਪੜ੍ਹਨੀ ਜ਼ਰੂਰੀ ਹੈ।

– ਬਲਬੀਰ ਚੰਦ ਲੌਂਗੋਵਾਲ

**ਪੁਸਤਕ : 65 ਬਾਲ ਲੋਕ ਕਹਾਣੀਆਂ**
**ਲੇਖਕ : ਡਾ. ਹਰਬੰਸ ਸਿੰਘ ਚਾਵਲਾ**
**ਪ੍ਰਕਾਸ਼ਕ: ਮਨਪ੍ਰੀਤ ਪ੍ਰਕਾਸ਼ਨ, ਦਿੱਲੀ**
**ਪੰਨੇ : 285, ਮੁੱਲ : 590 ਰੁਪਏ**

ਡਾ. ਹਰਬੰਸ ਸਿੰਘ ਚਾਵਲਾ ਪੰਜਾਬੀ ਬਾਲ ਸਾਹਿਤ ਦਾ ਉਹ ਲੇਖਕ ਹੈ ਜਿਸ ਦੇ ਬਾਲ ਸਾਹਿਤ ਨੂੰ ਅਸੀਂ ਬਾਕੀ ਬਾਲ-ਸਾਹਿਤ ਲੇਖਕਾਂ ਨਾਲੋਂ ਵੱਖਰਾ ਅਤੇ ਅਨੋਖਾ ਆਖ ਸਕਦੇ ਹਾਂ।

ਪੰਜਾਬੀ ਬਾਲ ਸਾਹਿਤ ਨਾਲ ਜੁੜੀਆਂ ਕਲਮਾਂ ਦਾ ਕਾਫ਼ਲਾ ਅੱਜ ਚੋਖਾ ਲੰਮਾ ਹੋ ਗਿਆ ਹੈ ਅਤੇ ਇਨ੍ਹਾਂ ਕਲਮਾਂ ਨੇ ਪੰਜਾਬੀ ਬਾਲ-ਸਾਹਿਤ ਨੂੰ ਕਾਫ਼ੀ ਅਮੀਰ ਬਣਾਇਆ ਹੈ, ਖ਼ਾਸ ਕਰਕੇ ਪ੍ਰੋ. ਗੁਰਦਿਆਲ ਸਿੰਘ, ਜਸਬੀਰ ਭੁੱਲਰ, ਬਚਿੰਤ ਕੌਰ, ਡਾ. ਦਰਸ਼ਨ ਸਿੰਘ ਆਸ਼ਟ, ਗੁਰਬਚਨ ਸਿੰਘ ਭੁੱਲਰ, ਡਾ. ਕੁਲਬੀਰ ਸਿੰਘ ਸੂਰੀ ਆਦਿ ਨੇ। ਡਾ. ਸੂਰੀ ਦੇ ਬਾਲ ਸਾਹਿਤ ਨਾਵਲ 'ਦੁੱਧ ਦੀਆਂ ਧਾਰਾਂ' ਨੂੰ ਪਿਛੇ ਜਿਹੇ ਸਾਹਿਤ ਅਕਾਦਮੀ ਅਵਾਰਡ ਵੀ ਮਿਲਿਆ ਹੈ। ਉਪਰੋਕਤ ਸਾਹਿਤਕਾਰਾਂ ਸਮੇਤ ਹੋਰ ਵੀ ਲੇਖਕ ਹਨ ਜੋ ਪੰਜਾਬੀ ਬਾਲ ਸਾਹਿਤ ਵਿਚ ਨਿੱਗਰ ਵਾਧਾ ਲਗਾਤਾਰ ਕਰ ਰਹੇ ਹਨ।

ਖ਼ੈਰ, *65 ਬਾਲ ਲੋਕ ਕਹਾਣੀਆਂ* ਪੁਸਤਕ ਨੂੰ ਸ਼ਿੱਦਤ ਨਾਲ ਪੜ੍ਹਦਿਆਂ ਪਾਠਕ ਦੇ ਮਨ ਉੱਤੇ ਗਹਿਰ-ਗੰਭੀਰ ਪ੍ਰਭਾਵ ਪੈਂਦਾ ਹੈ। ਉਸ ਦੇ ਮਨ ਅੰਦਰ ਵੇਦਨਾ-ਸੰਵੇਦਨਾ ਦੀਆਂ ਤਰੰਗਾਂ ਸੁਭਾਵਿਕ ਹੀ ਉੱਠ ਪੈਂਦੀਆਂ ਹਨ। ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਕਹਾਣੀਆਂ ਤੋਂ ਪਾਠਕ ਬਹੁਤ ਕੁਝ ਸਿੱਖਦਾ ਵੀ ਹੈ। ਸਿਰਫ਼ ਮਨੋਰੰਜਨ ਲਈ ਹੀ ਨਹੀਂ ਪੜ੍ਹਦਾ ਸਗੋਂ ਇਨ੍ਹਾਂ ਤੋਂ ਜ਼ਿੰਦਗੀ ਵਿਚ ਬਹੁਤ ਕੁਝ ਢਾਲ ਲੈਣ ਦੀ ਤਮੰਨਾ ਰਖਦਾ ਹੈ। ਇਹ ਬਾਲ ਕਹਾਣੀਆਂ ਭਾਵੇਂ ਸਿਰਫ ਭਾਰਤ ਦੇਸ਼ ਦੀਆਂ ਕਹਾਣੀਆਂ ਨਹੀਂ, ਵਿਦੇਸ਼ ਤੋਂ ਵੀ ਹਨ ਪਰ ਪਾਠਕ ਹਰੇਕ ਕਹਾਣੀ ਤੋਂ ਸਿੱਖਿਆ ਲੈਂਦਾ ਹੋਇਆ ਆਪਣੀ ਸ਼ਖ਼ਸੀਅਤ ਨੂੰ ਇਨ੍ਹਾਂ ਕਹਾਣੀਆਂ ਵਿਚਲੀ ਸਚਾਈ ਈਮਾਨਦਾਰੀ, ਮਿਹਨਤ, ਨਿਮਰਤਾ ਆਦਿ ਗੁਣਾਂ ਨਾਲ ਸੁਤੇ ਸਿਧ ਬਹੁਤ ਖ਼ੂਬਸੂਰਤ ਵੀ ਬਣਾ ਸਕਦਾ ਹੈ।

ਕਹਾਣੀ, ਕਿਸਮਤ ਦਾ ਫ਼ਰਿਸ਼ਤਾ, ਸੁਨਹਿਰੀ ਬੱਤਖ਼, ਮੰਤਰੀ ਦੀ ਚੋਣ, ਹੀਰੇ ਮੋਤੀ ਤੇ ਕੀੜੇ ਮਕੌੜੇ, ਬੋਰਨੀਓ ਟਾਪੂ 'ਤੇ ਚੀਤੇ ਕਿਉਂ ਨਹੀਂ ਹੁੰਦੇ, ਮਰੀ ਹੋਈ ਪਤਨੀ, ਸ਼ੇਰ ਦੀ ਮੁੱਛ ਦਾ ਵਾਲ, ਗਹਿਣਿਆਂ ਦੀ ਰੋਟੀ, ਸਕਾਟੋ ਤੇ ਕੌਡੀ ਆਦਿ ਕਹਾਣੀਆਂ ਪਾਠਕ ਨੂੰ ਮਿਹਨਤ, ਸਚਾਈ, ਸਮਝਦਾਰੀ ਅਤੇ ਈਮਾਨਦਾਰੀ ਨਾਲ ਜੀਵਨ ਜੀਉਣ ਦੀ ਜਾਚ ਸਿਖਾਉਂਦੀਆਂ ਹਨ। ਦਰਅਸਲ ਇਨ੍ਹਾਂ ਕਹਾਣੀਆਂ ਦੀ ਵਰਗ ਵੰਡ ਕੀਤੀ ਜਾ ਸਕਦੀ ਹੈ। ਜਿਵੇਂ ਪਰੀ-ਕਥਾ, ਜਨੌਰ-ਕਥਾ, ਮਿਥ-ਕਥਾ, ਦੰਦ-ਕਥਾ, ਨੀਤੀ-ਕਥਾ, ਬੁਝਾਰਤ-ਕਥਾ, ਪ੍ਰੇਤ-ਕਥਾ, ਪਸ਼ੂ-ਕਥਾ ਆਦਿ। ਜੇ ਦੋ ਟੁੱਕ ਸ਼ਬਦਾਂ ਵਿਚ ਗੱਲ ਕਰਨੀ ਹੋਵੇ ਤਾਂ ਇਨ੍ਹਾਂ ਨੂੰ ਮਾਨਵ ਤੇ ਜਨੌਰ ਸੰਸਾਰ ਦੀਆਂ ਸਾਂਝੇ ਬਿਰਤਾਂਤ ਵਾਲੀਆਂ ਆਖਿਆ ਜਾ ਸਕਦਾ ਹੈ ਤੇ ਇਸ ਵੱਲ ਡਾ. ਦਰਸ਼ਨ ਸਿੰਘ ਆਸ਼ਟ ਨੇ ਵੀ ਸੰਕੇਤ ਕੀਤਾ ਹੈ।

ਚਰਚਾ ਹੇਠਲੀ ਪੁਸਤਕ ਦੀਆਂ ਕਈ ਕਹਾਣੀਆਂ ਅਜਿਹੀਆਂ ਹਨ ਕਿ ਪਾਠਕ ਇਨ੍ਹਾਂ ਦੇ ਧੁਰ ਸੱਚ ਨੂੰ ਸਮਝਦਾ ਹੋਇਆ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਨੂੰ ਭਲੀ-ਭਾਂਤੀ ਸਮਝ ਜਾਂਦਾ ਹੈ। ਜਿਸ ਨਾਲ ਪਾਠਕ ਆਪਣੇ ਜੀਵਨ ਨੂੰ ਵੀ ਇਕ ਨਵੀਂ ਸੇਧ ਨਾਲ ਜੋੜਦਾ ਹੈ। ਇਉਂ ਇਕ ਨਵੀਂ ਜੀਵਨ ਜਾਚ ਸਿਖਦਾ ਰਹਿੰਦਾ ਹੈ।

ਸਮੁੱਚੀਆਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਅਤਿ ਨਿੱਗਰ ਤੇ ਨਰੋਈ ਹੈ। ਇਨ੍ਹਾਂ ਵਿਚਲੀ ਮੁਹਾਵਰੇਦਾਰ ਸਿਰਜਣਾ ਪੁਸਤਕ ਨੂੰ ਹੋਰ ਮੁੱਲਵਾਨ ਬਣਾ ਦਿੰਦੀ ਹੈ ਤੇ ਪਾਠਕ ਨੂੰ ਆਪਣੇ ਨਾਲ-ਨਾਲ ਤੋਰ ਲੈਂਦੀ ਹੈ। ਇਸ ਵਿਚਲੀ ਬੋਲੀ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। ਕਹਾਣੀਆਂ ਵਿਚਲੀ ਸੂਝ, ਹਿੰਮਤ, ਨਿਮਰਤਾ, ਸਹਿਣ ਸ਼ਕਤੀ ਆਦਿ ਗੁਣ ਪਾਠਕ ਲਈ ਜੀਵਨ ਜੀਉਣ ਦੇ ਨਵੇਂ ਰਸਤੇ ਦਿਖਾਉਂਦੇ ਹਨ। ਜੇਕਰ ਬਾਲ-ਮਨ ਇਨ੍ਹਾਂ ਰਸਤਿਆਂ 'ਤੇ ਤੁਰਨਾ ਸਿਖ ਲਵੇ ਤਾਂ ਜ਼ਿੰਦਗੀ ਦਾ ਹਰ ਔਖਾ ਰਾਹ ਵੀ ਅਸਾਨੀ ਨਾਲ ਤਹਿ ਕਰ ਲੈਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਬਾਲ ਕਹਾਣੀਆਂ ਦਾ ਸੰਦੇਸ਼ ਸਿਰਫ਼ ਬਾਲ-ਮਨਾਂ ਤਕ ਸੀਮਤ ਨਾ ਹੋ ਕੇ ਵੱਡਿਆਂ ਨੂੰ ਵੀ ਮਨੁੱਖੀ ਜੀਵਨ-ਜਾਚ ਦਾ ਸੁਨੇਹਾ ਦਿੰਦੀਆਂ ਹਨ।

65 ਬਾਲ ਲੋਕ ਕਹਾਣੀਆਂ ਪੁਸਤਕ ਨੂੰ ਪੰਜਾਬੀ ਬਾਲ ਸਾਹਿਤ ਵਿਚ ਜੀ ਆਇਆਂ ਆਖਦਿਆਂ ਤੇ ਪਾਠਕਾਂ ਨੂੰ ਇਹ ਸੁਝਾਅ ਦੇਣਾ ਉੱਚਿਤ ਹੋਵੇਗਾ ਕਿ ਉਹ ਇਸ ਗਿਆਨ ਭਰਪੂਰ ਪੁਸਤਕ ਨੂੰ ਨੀਝ ਨਾਲ ਪੜ੍ਹਨ।

– ਬਚਿੰਤ ਕੌਰ


## ਯੋਜਨਾ (ਪੰਜਾਬੀ)

### ਦੇ ਅਗਲੇ ਅੰਕ

- **ਫ਼ਰਵਰੀ 2015 – ਇਹ ਅੰਕ *ਸੰਘਵਾਦ ਅਤੇ ਰਾਜਪ੍ਰਬੰਧ* ਉੱਤੇ ਕੇਂਦਰਿਤ ਹੋਵੇਗਾ।**
- **ਮਾਰਚ 2015 – ਇਹ *ਵਿਸ਼ੇਸ਼ ਅੰਕ ਬਜਟ 2015-16* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***
***ਇਕ ਸਾਲ :ਰੁ.100, ਦੋ ਸਾਲ : ਰੁ.180, ਤਿੰਨ ਸਾਲ : ਰੁ.250.***
***ਸਾਰਕ ਦੇਸ਼ਾਂ ਲਈ ਸਾਲਾਨਾ ਰੁ.530.***
***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਇਸ ਪਤੇ 'ਤੇ ਭੇਜੋ →**

**Business Manager (A&C)**
**Publications Division, Ministry of I&B**
**East Block-IV, Level-VII, R.K. Puram**
**New Delhi-110066. (Tel.011-26100207)**
*email-pdjucir@gmail.com*